11-SEP-PAGE-1.qxd 9/10/2025 9:28 PM Page 1

ਵੀਰਵਾਰ, 11 ਸਤੰਬਰ, 2025

27 ਭਾਦੋਂ { ਨਾਨਕਸ਼ਾਹੀ 557 / ਬਿਕਰਮੀ 2082

ਜਿਲਦ/VOL. : 74

ਅੰਕ/NO. : 101

ਰੋਜ਼ਾਨਾ

# ਨਵਾਂ ਜ਼ਮਾਨਾ

DAILY NAWAN ZAMANA • THURSDAY, 11 SEPTEMBER, 2025 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

## ਪੰਜਾਬ ਵਿਰੁੱਧ ਨਫਰਤ ਤੋਂ ਛੁਟਕਾਰਾ ਪਾਉਣ ਲਈ ਪ੍ਰਧਾਨ ਮੰਤਰੀ 'ਚਿੰਤਨ ਸ਼ਿਵਰ' 'ਚ ਜਾਣ : ਚੀਮਾ

**ਚੰਡੀਗੜ੍ਹ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**

ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਬੁੱਧਵਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਦੇ ਹਾਲੀਆ ਦੌਰੇ ਦੀ ਨਿੰਦਾ ਕੀਤੀ ਤੇ ਇਸ ਨੂੰ ਮਦਦ ਕਰਨ ਦੇ ਸੱਚੇ ਯਤਨ ਦੀ ਬਜਾਏ ਇੱਕ ਸਿਆਸੀ ਪ੍ਰਦਰਸ਼ਨ ਦਾ ਨਾਂਅ ਦਿੱਤਾ। ਚੀਮਾ ਨੇ ਪ੍ਰਧਾਨ ਮੰਤਰੀ ਨੂੰ ਅਪੀਲ ਕੀਤੀ ਕਿ ਉਹ ਪੰਜਾਬ ਅਤੇ ਇਸ ਦੇ ਲੋਕਾਂ ਪ੍ਰਤੀ ਆਪਣੀ 'ਨਫ਼ਰਤ' ਤੋਂ ਛੁਟਕਾਰਾ ਪਾਉਣ ਲਈ 'ਚਿੰਤਨ ਸ਼ਿਵਰ' (ਆਤਮ-ਨਿਰੀਖਣ ਜਾਂ ਚਿੰਤਨ ਲਈ ਸਮਾਂ ਬਿਤਾਉਣ) ਵਿੱਚ ਸ਼ਾਮਲ ਹੋਣ।



ਇੱਥੇ ਪੰਜਾਬ ਭਵਨ ਵਿਖੇ ਮੀਡੀਆ ਨੂੰ ਸੰਬੋਧਨ ਕਰਦੇ ਹੋਏ ਚੀਮਾ ਨੇ ਮੋਦੀ ਦੇ ਦੌਰੇ ਨੂੰ ਹਮਦਰਦੀ ਅਤੇ ਸਾਰਥਕਤਾ ਤੋਂ ਰਹਿਤ ਇੱਕ ਨਾਟਕੀ ਯਤਨ ਕਿਹਾ। ਉਨ੍ਹਾ ਪ੍ਰਧਾਨ ਮੰਤਰੀ ਮੋਦੀ ਦੀ ਅਫਗਾਨਿਸਤਾਨ ਪ੍ਰਤੀ ਤੁਰੰਤ ਹਮਦਰਦੀ ਅਤੇ 30 ਦਿਨਾਂ ਦੀ ਚੁੱਪੀ ਤੋਂ ਬਾਅਦ ਵੀ ਪੰਜਾਬ ਲਈ ਦੇਰੀ ਨਾਲ ਐਲਾਨੀ ਗਈ 1600 ਕਰੋੜ ਰੁਪਏ ਦੀ ਨਿਗੂਣੀ ਸਹਾਇਤਾ ਵਿਚਕਾਰ ਸਪੱਸ਼ਟ ਅੰਤਰ ਵੱਲ ਇਸ਼ਾਰਾ ਕੀਤਾ। ਉਨ੍ਹਾ ਕਿਹਾ ਕਿ ਪੰਜਾਬ ਦੇ ਲੋਕਾਂ, ਜਿਨ੍ਹਾਂ ਦੇਸ਼ ਲਈ ਬਹੁਤ ਕੁਰਬਾਨੀਆਂ ਦਿੱਤੀਆਂ ਹਨ, ਨੂੰ ਯਾਦ ਕਰਨ ਲਈ ਪ੍ਰਧਾਨ ਮੰਤਰੀ ਨੂੰ 30 ਦਿਨ ਲੱਗੇ, ਜਦੋਂ ਕਿ ਅਫਗਾਨਿਸਤਾਨ ਨੂੰ ਕੁਝ ਘੰਟਿਆਂ ਦੇ ਅੰਦਰ ਹੀ ਹਮਦਰਦੀ ਅਤੇ ਸਹਾਇਤਾ ਦੀ ਪੇਸ਼ਕਸ਼ ਕੀਤੀ ਗਈ।

ਚੀਮਾ ਨੇ ਪ੍ਰਧਾਨ ਮੰਤਰੀ ਵਿੱਚ ਹਮਦਰਦੀ ਦੀ ਘਾਟ ਵੱਲ ਇਸ਼ਾਰਾ ਕਰਦਿਆਂ ਕਿਹਾ ਕਿ ਦੁਖੀ ਪਰਵਾਰਾਂ, ਜਿਨ੍ਹਾਂ ਆਪਣੇ ਅਜ਼ੀਜ਼ਾਂ ਨੂੰ ਗੁਆ ਦਿੱਤਾ, ਕਿਸਾਨਾਂ ਜਿਨ੍ਹਾਂ ਦੀਆਂ ਫਸਲਾਂ ਤਬਾਹ ਹੋ ਗਈਆਂ, ਅਤੇ ਮਜ਼ਦੂਰ ਜਿਨ੍ਹਾਂ ਦੇ ਘਰ ਵਹਿ ਗਏ, ਨਾਲ ਮੁਲਾਕਾਤ ਕਰਨ ਦੀ ਬਜਾਏ ਪ੍ਰਧਾਨ ਮੰਤਰੀ ਵੱਲੋਂ ਉਨ੍ਹਾਂ ਦੇ ਜ਼ਖ਼ਮਾਂ 'ਤੇ ਲੂਣ ਛਿੜਕਿਆ ਗਿਆ। ਉਨ੍ਹਾ ਅਫਸੋਸ ਪ੍ਰਗਟ ਕੀਤਾ ਕਿ ਪ੍ਰਧਾਨ ਮੰਤਰੀ ਨੇ ਉਨ੍ਹਾਂ ਮਾਵਾਂ ਦੇ ਹੰਝੂ ਨਹੀਂ ਪੂੰਝੇ, ਜਿਨ੍ਹਾਂ ਦੇ ਪੁੱਤਰ ਮਾਰੇ ਗਏ, ਉਨ੍ਹਾਂ ਭੈਣਾਂ ਦੇ ਹੱਥ ਨਹੀਂ ਫੜੇ, ਜਿਨ੍ਹਾਂ ਦੇ ਭਰਾ ਮਾਰੇ ਗਏ, ਉਨ੍ਹਾਂ ਪਤਨੀਆਂ ਦੇ ਨਾਲ ਨਹੀਂ ਖੜ੍ਹੇ, ਜਿਨ੍ਹਾਂ ਹੜ੍ਹ ਵਿੱਚ ਪਤੀ ਗਵਾਏ ਅਤੇ ਉਨ੍ਹਾਂ ਬੱਚਿਆਂ ਦਾ ਸਹਾਰਾ ਨਹੀਂ ਬਣੇ, ਜਿਨ੍ਹਾਂ ਦੇ ਮਾਪੇ ਚਲੇ ਗਏ ਅਤੇ ਉਹ ਸਿਰਫ਼ ਆਪਣੀਆਂ ਸਿਆਸੀ ਰੋਟੀਆਂ ਸੇਕਣ ਪੰਜਾਬ ਆਏ ਸਨ।

ਵਿੱਤ ਮੰਤਰੀ ਨੇ ਉਸ ਘਟਨਾ 'ਤੇ ਵੀ ਸਖ਼ਤ ਪ੍ਰਤੀਕਿਰਿਆ ਦਿੱਤੀ, ਜਿੱਥੇ ਪ੍ਰਧਾਨ ਮੰਤਰੀ ਮੋਦੀ ਨੇ ਪੰਜਾਬ ਦੇ ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆਂ, ਜੋ 20,000 ਕਰੋੜ ਰੁਪਏ ਦੇ ਰਾਹਤ ਪੈਕੇਜ ਦੀ ਮੰਗ ਕਰ ਰਹੇ ਸਨ, ਨੂੰ ਕਿਹਾ, 'ਆਪਕੋ ਹਿੰਦੀ ਸਮਝ ਨਹੀਂ ਆਤੀ।' ਵਿੱਤ ਮੰਤਰੀ ਨੇ ਇਸ ਟਿੱਪਣੀ ਨੂੰ ਪੰਜਾਬ, ਇਸ ਦੇ ਲੋਕਾਂ ਅਤੇ ਪੰਜਾਬੀ ਭਾਸ਼ਾ ਦਾ ਜਾਣਬੁੱਝ ਕੇ ਕੀਤਾ ਗਿਆ ਅਪਮਾਨ ਐਲਾਨਿਆ। ਕੈਬਨਿਟ ਮੰਤਰੀ ਮੁੰਡੀਆਂ ਦੀਆਂ ਪ੍ਰਧਾਨ ਮੰਤਰੀ ਨਾਲ ਤਸਵੀਰਾਂ ਪ੍ਰਦਰਸ਼ਿਤ ਕਰਦੇ ਹੋਏ ਵਿੱਤ ਮੰਤਰੀ ਚੀਮਾ ਨੇ ਕਿਹਾ ਕਿ ਤਸਵੀਰ ਸਪੱਸ਼ਟ ਤੌਰ 'ਤੇ ਮੰਤਰੀ ਮੁੰਡੀਆਂ ਦੀ ਮਦਦ ਲਈ ਨਿਮਰ ਅਪੀਲ ਅਤੇ ਪ੍ਰਧਾਨ ਮੰਤਰੀ ਦੇ ਹੰਕਾਰ ਨੂੰ ਦਰਸਾਉਂਦੀ ਹੈ। ਉਨ੍ਹਾ ਕਿਹਾ ਕਿ ਪ੍ਰਧਾਨ • ਬਾਕੀ ਸਫਾ 2 'ਤੇ

## ਟਰੰਪ ਨਾਲ ਗੱਲਬਾਤ ਦੀ ਬੇਸਬਰੀ ਨਾਲ ਉਡੀਕ : ਮੋਦੀ

**ਨਵੀਂ ਦਿੱਲੀ** : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬੁੱਧਵਾਰ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਇਸ ਐਲਾਨ ਦਾ ਸਵਾਗਤ ਕੀਤਾ ਹੈ ਕਿ ਦੋਵੇਂ ਦੇਸ਼ ਵਪਾਰਕ ਅੜਿੱਕਿਆਂ ਨੂੰ ਦੂਰ ਕਰਨ ਲਈ ਗੱਲਬਾਤ ਜ਼ਰੀਏ ਅੱਗੇ ਵਧ ਰਹੇ ਹਨ। ਮੋਦੀ ਨੇ ਭਾਰਤ ਤੇ ਅਮਰੀਕਾ ਨੂੰ 'ਨਜ਼ਦੀਕੀ ਦੋਸਤ ਅਤੇ ਕੁਦਰਤੀ ਭਾਈਵਾਲ' ਦੱਸਿਆ। ਪ੍ਰਧਾਨ ਮੰਤਰੀ ਨੇ ਕਿਹਾ ਕਿ ਦੋਵੇਂ ਮੁਲਕ ਵਪਾਰ ਵਾਰਤਾ ਨੂੰ ਛੇਤੀ ਤੋਂ ਛੇਤੀ ਪੂਰਾ ਕਰਨ ਲਈ ਕੰਮ ਕਰ ਰਹੇ ਹਨ। ਉਨ੍ਹਾਂ ਕਿਹਾ, 'ਮੈਨੂੰ ਰਾਸ਼ਟਰਪਤੀ ਟਰੰਪ ਨਾਲ ਗੱਲਬਾਤ ਦੀ ਬੇਸਬਰੀ ਨਾਲ ਉਡੀਕ ਹੈ। ਅਸੀਂ ਦੋਵਾਂ ਮੁਲਕਾਂ ਦੇ ਲੋਕਾਂ ਲਈ ਉਜਲ ਤੇ ਖ਼ੁਸ਼ਹਾਲ ਭਵਿੱਖ ਯਕੀਨੀ ਬਣਾਉਣ ਲਈ ਮਿਲ ਕੇ ਕੰਮ ਕਰਾਂਗੇ।' ਪ੍ਰਧਾਨ ਮੰਤਰੀ ਨੇ ਕਿਹਾ ਕਿ ਉਨ੍ਹਾ ਨੂੰ ਵਿਸ਼ਵਾਸ ਹੈ ਕਿ ਇਹ ਗੱਲਬਾਤ ਭਾਰਤ-ਅਮਰੀਕਾ ਭਾਈਵਾਲੀ ਦੀਆਂ ਅਸੀਮ ਸੰਭਾਵਨਾਵਾਂ ਨੂੰ ਖੋਲ੍ਹਣ ਦਾ ਰਾਹ ਪੱਧਰਾ ਕਰੇਗੀ। ਇਸ ਤੋਂ ਪਹਿਲਾਂ ਟਰੰਪ ਨੇ ਕਿਹਾ ਸੀ ਕਿ ਉਨ੍ਹਾ ਨੂੰ ਭਰੋਸਾ ਹੈ ਕਿ ਭਾਰਤ ਅਤੇ ਅਮਰੀਕਾ ਵਿਚਕਾਰ ਵਪਾਰਕ ਗੱਲਬਾਤ ਦੇ 'ਸਫਲ ਸਿੱਟਿਆਂ' ਉਤੇ ਪਹੁੰਚਣ ਵਿੱਚ ਕੋਈ ਮੁਸ਼ਕਲ ਨਹੀਂ ਆਏਗੀ ਅਤੇ ਉਹ ਜਲਦੀ ਹੀ 'ਆਪਣੇ ਚੰਗੇ ਦੋਸਤ' ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਗੱਲਬਾਤ ਕਰਨਗੇ। ਉਨ੍ਹਾ ਕਿਹਾ, 'ਮੈਂ ਆਉਣ ਵਾਲੇ ਹਫ਼ਤਿਆਂ ਵਿੱਚ ਆਪਣੇ ਸਭ ਤੋਂ ਚੰਗੇ ਦੋਸਤ ਪ੍ਰਧਾਨ ਮੰਤਰੀ ਮੋਦੀ ਨਾਲ ਗੱਲ ਕਰਨ ਲਈ ਉਤਸੁਕ ਹਾਂ। ਮੈਨੂੰ ਵਿਸ਼ਵਾਸ ਹੈ ਕਿ ਸਾਡੇ ਦੋਵਾਂ ਮੁਲਕਾਂ ਵਿਚਕਾਰ ਗੱਲਬਾਤ ਸਹੀ ਢੰਗ ਨਾਲ ਪੂਰੀ ਹੋਵੇਗੀ ਤੇ ਕੋਈ ਮੁਸ਼ਕਲ ਨਹੀਂ ਆਏਗੀ।'

## ਨੇਪਾਲੀ ਫੌਜ ਵੱਲੋਂ ਦੇਸ਼ ਭਰ 'ਚ ਕਰਫਿਊ

**• ਸੁਸ਼ੀਲਾ ਕਾਰਕੀ ਨੂੰ ਪ੍ਰਧਾਨ ਮੰਤਰੀ ਬਣਾਉਣ ਲਈ ਦਬਾਅ**

**• ਜੇਲ੍ਹ 'ਚੋਂ 459 ਕੈਦੀ ਫਰਾਰ, ਭਾਰਤ ਨੇ ਚੌਕਸੀ ਵਧਾਈ**

**ਕਾਠਮੰਡੂ** : ਨੇਪਾਲੀ ਫੌਜ ਨੇ ਦੇਸ਼ ਵਿਆਪੀ ਪਾਬੰਦੀਆਂ ਲਾਗੂ ਕੀਤੀਆਂ ਹਨ ਅਤੇ ਹਿੰਸਾ 'ਤੇ ਉਤਾਰੂ ਪ੍ਰਦਰਸ਼ਨਕਾਰੀਆਂ ਨੂੰ ਸਖਤ ਚੇਤਾਵਨੀ ਦਿੱਤੀ ਗਈ ਹੈ। ਫੌਜ ਨੇ ਅਗਲੇ ਦਿਨ ਸਵੇਰੇ 6 ਵਜੇ ਤੱਕ ਕਰਫਿਊ ਲਗਾ ਦਿੱਤਾ ਹੈ, ਤਾਂ ਜੋ ਪ੍ਰਦਰਸ਼ਨ ਦੇ ਨਾਂਅ 'ਤੇ ਹੋਣ ਵਾਲੀ ਕਿਸੇ ਵੀ ਸੰਭਾਵਤ ਹਿੰਸਾ ਨੂੰ ਰੋਕਿਆ ਜਾ ਸਕੇ। ਪ੍ਰਦਰਸ਼ਨਕਾਰੀ ਸਾਬਕਾ ਚੀਫ ਜਸਟਿਸ ਸੁਸ਼ੀਲਾ ਕਾਰਕੀ (73) ਨੂੰ ਪ੍ਰਧਾਨ ਮੰਤਰੀ ਬਣਾਉਣ ਲਈ ਦਬਾਅ ਪਾ ਰਹੇ ਹਨ। ਹੁਣ ਤੱਕ ਹਿੰਸਾ ਵਿੱਚ 25 ਲੋਕਾਂ ਦੀ ਮੌਤ ਹੋ ਚੁੱਕੀ ਹੈ ਤੇ 600 ਤੋਂ ਵੱਧ ਜ਼ਖ਼ਮੀ ਹੋਏ ਹਨ।



ਇੱਕ ਬਿਆਨ ਵਿੱਚ ਫੌਜ ਨੇ ਚੇਤਾਵਨੀ ਦਿੱਤੀ ਕਿ ਇਸ ਸਮੇਂ ਦੌਰਾਨ ਵਿਅਕਤੀਆਂ ਅਤੇ ਜਾਇਦਾਦ ਨੂੰ ਨਿਸ਼ਾਨਾ ਬਣਾਉਣ ਵਾਲੇ ਕਿਸੇ ਵੀ ਤਰ੍ਹਾਂ ਦੇ ਪ੍ਰਦਰਸ਼ਨ, ਭੰਨਤੋੜ, ਅਗਜ਼ਨੀ ਜਾਂ ਹਮਲਿਆਂ ਨੂੰ ਅਪਰਾਧਿਕ ਗਤੀਵਿਧੀ ਮੰਨਿਆ ਜਾਵੇਗਾ ਅਤੇ ਉਸੇ ਅਨੁਸਾਰ ਕਾਰਵਾਈ ਕੀਤੀ ਜਾਵੇਗੀ। ਫੌਜ ਨੇ ਕਿਹਾ ਕਿ ਇਹ ਉਪਾਅ ਅੰਦੋਲਨ ਦੇ ਨਾਂਅ 'ਤੇ ਲੁੱਟ-ਖਸੁੱਟ, ਅਗਜ਼ਨੀ ਅਤੇ ਹੋਰ ਵਿਨਾਸ਼ਕਾਰੀ ਗਤੀਵਿਧੀਆਂ ਦੀਆਂ ਸੰਭਾਵਤ ਘਟਨਾਵਾਂ ਨੂੰ ਰੋਕਣ ਲਈ ਜ਼ਰੂਰੀ ਹਨ। ਬਿਆਨ ਵਿੱਚ ਕਿਹਾ ਗਿਆ ਹੈ, 'ਬਲਾਤਕਾਰ ਅਤੇ ਹਿੰਸਕ ਹਮਲਿਆਂ ਦੇ ਵੀ ਸੰਭਾਵਿਤ ਖਤਰੇ ਹਨ। ਦੇਸ਼ ਦੀ ਸੁਰੱਖਿਆ ਸਥਿਤੀ ਨੂੰ ਧਿਆਨ ਵਿੱਚ ਰੱਖਦੇ ਹੋਏ ਪਾਬੰਦੀਆਂ ਅਤੇ ਕਰਫਿਊ ਲਾਗੂ ਕੀਤੇ ਗਏ ਹਨ।' ਬਿਆਨ ਵਿੱਚ ਸਪੱਸ਼ਟ ਕੀਤਾ ਗਿਆ ਹੈ ਕਿ ਐਂਬੂਲੈਂਸ, ਫਾਇਰ ਇੰਜਣ, ਸਿਹਤ ਕਰਮਚਾਰੀਆਂ ਅਤੇ ਸੁਰੱਖਿਆ ਬਲਾਂ ਸਮੇਤ ਜ਼ਰੂਰੀ ਸੇਵਾਵਾਂ ਵਿੱਚ ਲੱਗੇ ਵਾਹਨਾਂ ਅਤੇ ਕਰਮਚਾਰੀਆਂ ਨੂੰ ਪਾਬੰਦੀਆਂ ਅਤੇ ਕਰਫਿਊ ਦੌਰਾਨ ਕੰਮ ਕਰਨ ਦੀ ਇਜਾਜ਼ਤ ਦਿੱਤੀ ਜਾਵੇਗੀ। ਪ੍ਰਧਾਨ ਮੰਤਰੀ ਕੇ ਪੀ ਸ਼ਰਮਾ ਓਲੀ ਨੇ ਮੰਗਲਵਾਰ ਨੂੰ ਹੀ ਅਸਤੀਫਾ ਦੇ ਦਿੱਤਾ ਸੀ, ਜਦੋਂ ਸੈਂਕੜੇ ਪ੍ਰਦਰਸ਼ਨਕਾਰੀ ਉਨ੍ਹਾ ਦੇ ਦਫ਼ਤਰ ਵਿੱਚ ਦਾਖਲ ਹੋਏ ਸਨ। ਸੋਸ਼ਲ ਮੀਡੀਆ 'ਤੇ ਪਾਬੰਦੀ ਸੋਮਵਾਰ ਰਾਤ ਨੂੰ ਹਟਾ ਦਿੱਤੀ ਗਈ ਸੀ। ਹਾਲਾਂ ਕਿ ਉਨ੍ਹਾ ਦੇ ਅਸਤੀਫੇ ਤੋਂ • ਬਾਕੀ ਸਫਾ 2 'ਤੇ

## ਅਮਨ ਅਰੋੜਾ ਨੇ ਮੋਦੀ ਦੇ 12,000 ਕਰੋੜ ਦੇ ਦਾਅਵੇ ਨੂੰ ਕੀਤਾ ਬੇਨਕਾਬ

**ਚੰਡੀਗੜ੍ਹ (ਗੁਰਜੀਤ ਬਿੱਲਾ/ਕ੍ਰਿਸ਼ਨ ਗਰਗ)**

ਪੰਜਾਬ ਦੇ ਹੜ੍ਹ ਸੰਕਟ ਪ੍ਰਤੀ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੇ ਉਦਾਸੀਨ ਰਵੱਈਏ 'ਤੇ ਤਿੱਖਾ ਹਮਲਾ ਕਰਦਿਆਂ ਕੈਬਨਿਟ ਮੰਤਰੀ ਅਤੇ 'ਆਪ' ਪੰਜਾਬ ਦੇ ਪ੍ਰਧਾਨ ਅਮਨ ਅਰੋੜਾ ਨੇ ਬੁੱਧਵਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ 1600 ਕਰੋੜ ਰੁਪਏ ਦੇ ਨਿਗੂਣੇ ਰਾਹਤ ਪੈਕੇਜ ਦੀ ਨਿੰਦਿਆ ਕਰਦਿਆਂ ਇਸ ਨੂੰ ਪੂਰੀ ਤਰ੍ਹਾਂ ਅਣਉਚਿਤ ਅਤੇ ਸੂਬੇ ਦੇ ਹੜ੍ਹ ਪ੍ਰਭਾਵਤ ਲੋਕਾਂ ਦੇ ਜ਼ਖ਼ਮਾਂ 'ਤੇ ਲੂਣ ਭੁੱਕਣ ਦੇ ਸਮਾਨ ਕਰਾਰ ਦਿੱਤਾ।



ਇੱਥੇ ਪੰਜਾਬ ਭਵਨ ਵਿਖੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਅਮਨ ਅਰੋੜਾ ਨੇ ਕੇਂਦਰ ਦੇ ਮੁੱਖ ਬਚਾਅ ਸਟੰਟ ਕਿ ਪੰਜਾਬ ਦੇ ਸਟੇਟ ਡਿਜ਼ਾਸਟਰ ਰਿਸਪਾਂਸ ਫੰਡ (ਐੱਸ ਡੀ ਆਰ ਐੱਫ) ਵਿੱਚ 12,000 ਕਰੋੜ ਰੁਪਏ ਹਨ, ਨੂੰ ਪੂਰੀ ਤਰ੍ਹਾਂ ਬੇਨਕਾਬ ਕਰ ਦਿੱਤਾ। ਉਨ੍ਹਾ ਕਿਹਾ ਕਿ ਪ੍ਰਧਾਨ ਮੰਤਰੀ ਐੱਸ ਡੀ ਆਰ ਐੱਫ ਵਿੱਚ 12,000 ਕਰੋੜ ਰੁਪਏ ਦੀ ਗੱਲ ਤਾਂ ਇਸ ਤਰ੍ਹਾਂ ਕਰ ਰਹੇ ਹਨ, ਜਿਵੇਂ ਇਹ ਸੂਬੇ ਲਈ ਕੋਈ ਬਲੈਂਕ ਚੈੱਕ ਹੋਵੇ। ਉਨ੍ਹਾ ਕਿਹਾ ਕਿ ਕੇਂਦਰ ਵੱਲੋਂ ਜਾਣਬੁੱਝ ਕੇ ਇਹ ਗਲਤ ਬਿਆਨਬਾਜ਼ੀ ਕੀਤੀ ਜਾ ਰਹੀ ਹੈ, ਜਿਸ ਦਾ ਇਕੋ-ਇਕ ਉਦੇਸ਼ ਦੇਸ਼ ਵਾਸੀਆਂ ਨੂੰ ਗੁੰਮਰਾਹ ਕਰਨਾ ਹੈ। ਉਨ੍ਹਾ ਦੱਸਿਆ ਕਿ ਅਸਲ ਵਿੱਚ ਇਹ ਫੰਡ ਕੇਂਦਰ ਦੇ ਆਪਣੇ ਨਿਯਮਾਂ ਦੀਆਂ ਬੇੜੀਆਂ ਨਾਲ ਜਕੜੇ ਹੋਏ ਹਨ, ਜੋ ਉਨ੍ਹਾਂ ਆਪਣਾ ਸਭ ਕੁਝ ਗੁਆਉਣ ਵਾਲੇ ਪੀੜਤਾਂ ਨੂੰ ਨਿਗੂਣੀ ਪੇਸ਼ਕਸ਼ ਕਰਦੇ ਹਨ।

ਇਸ ਵਿਤਕਰੇ ਬਾਰੇ ਗੱਲ ਕਰਦਿਆਂ ਅਮਨ ਅਰੋੜਾ ਨੇ ਦੱਸਿਆ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ 10 ਦਿਨ ਪਹਿਲਾਂ ਕੇਂਦਰ ਸਰਕਾਰ ਨੂੰ ਐੱਸ ਡੀ ਆਰ ਐੱਫ ਦੇ ਨਿਯਮਾਂ ਵਿੱਚ ਸੋਧ ਕਰਨ ਲਈ ਲਿਖਿਆ ਸੀ, ਜੋ ਹੜ੍ਹ ਪੀੜਤਾਂ ਲਈ ਨਿਗੂਣੀ ਸਹਾਇਤਾ ਦੀ ਪੇਸ਼ਕਸ਼ ਕਰਦੇ ਹਨ, ਜਿਸ ਵਿੱਚ ਜਾਨ ਗੁਆਉਣ ਵਾਲੇ ਲੋਕਾਂ ਲਈ 4 ਲੱਖ ਰੁਪਏ, ਸਰੀਰਕ ਅੰਗਾਂ ਦੇ ਨੁਕਸਾਨ ਜਾਂ ਨਕਾਰਾ ਹੋਣ ਉਤੇ 74000 ਰੁਪਏ, ਤਬਾਹ ਹੋਏ ਘਰੇਲੂ ਸਮਾਨ ਲਈ 2500 ਰੁਪਏ, ਪੂਰੀ ਤਰ੍ਹਾਂ ਨੁਕਸਾਨੇ ਗਏ • ਬਾਕੀ ਸਫਾ 2 'ਤੇ

## ਫਰਾਂਸ 'ਚ ਲੋਕ ਸਰਕਾਰ ਵਿਰੁੱਧ ਸੜਕਾਂ 'ਤੇ ਉੱਤਰੇ; 200 ਗ੍ਰਿਫ਼ਤਾਰ

**ਪੈਰਿਸ** : ਨੇਪਾਲ ਤੋਂ ਬਾਅਦ ਫਰਾਂਸ ਦੀ ਰਾਜਧਾਨੀ ਪੈਰਿਸ ਵੀ ਸੜਨ ਲੱਗ ਪਈ ਹੈ। ਵੱਡੀ ਗਿਣਤੀ ਵਿੱਚ ਪ੍ਰਦਰਸ਼ਨਕਾਰੀ ਸੜਕਾਂ 'ਤੇ ਨਿਕਲ ਆਏ ਹਨ। ਪੈਰਿਸ ਵਿੱਚ ਹਰ ਪਾਸੇ ਅਗਜ਼ਨੀ ਦੇਖਣ ਨੂੰ ਮਿਲ ਰਹੀ ਹੈ। ਪੁਲਸ ਨੇ 200 ਪ੍ਰਦਰਸ਼ਨਕਾਰੀਆਂ ਨੂੰ ਹਿਰਾਸਤ ਵਿੱਚ ਲੈ ਲਿਆ ਹੈ।

ਪੈਰਿਸ ਵਿੱਚ ਪ੍ਰਦਰਸ਼ਨਕਾਰੀਆਂ ਅਤੇ ਪੁਲਸ ਵਿਚਕਾਰ ਮੁਕਾਬਲਾ ਵੀ ਦੇਖਣ ਨੂੰ ਮਿਲਿਆ। ਪ੍ਰਦਰਸ਼ਨਕਾਰੀਆਂ ਨੇ ਪੈਰਿਸ ਦੀਆਂ ਸੜਕਾਂ ਬੰਦ ਕਰ ਦਿੱਤੀਆਂ ਅਤੇ ਕਈ ਥਾਵਾਂ 'ਤੇ ਅਗਜ਼ਨੀ ਦੀਆਂ ਘਟਨਾਵਾਂ ਵਾਪਰੀਆਂ ਹਨ। ਅਜਿਹੀ ਸਥਿਤੀ ਵਿੱਚ ਹਿੰਸਾ ਨੂੰ ਕਾਬੂ ਕਰਨ ਲਈ ਪੁਲਸ ਨੇ ਅੱਥਰੂ ਗੈਸ ਦੇ ਗੋਲੇ ਛੱਡੇ ਅਤੇ 200 ਤੋਂ ਵੱਧ ਲੋਕਾਂ ਨੂੰ ਹਿਰਾਸਤ ਵਿੱਚ ਲੈ ਲਿਆ।

## ਮੋਦੀ ਦੇ 1600 ਕਰੋੜ ਦੇ ਐਲਾਨ ਨੇ ਪੰਜਾਬ ਦੇ ਜਜ਼ਬਾਤ ਨੂੰ ਵਲੂੰਧਰਿਆ : ਬੰਤ ਬਰਾੜ

**ਭਾਜਪਾ ਸਰਕਾਰ ਫੈਡਰਲ ਪ੍ਰਣਾਲੀ ਨੂੰ ਬਰਬਾਦ ਕਰ ਰਹੀ**

**ਚੰਡੀਗੜ੍ਹ** : ਪੰਜਾਬ ਸੀ ਪੀ ਆਈ ਨੇ ਪ੍ਰਧਾਨ ਮੰਤਰੀ ਮੋਦੀ ਦੇ ਪੰਜਾਬ ਦੌਰੇ 'ਤੇ ਟਿੱਪਣੀ ਕਰਦਿਆਂ ਆਖਿਆ ਕਿ 1600 ਕਰੋੜ ਰੁਪਏ ਦੀ ਰਾਹਤ ਪੰਜਾਬ ਦੇ ਜ਼ਖਮਾਂ 'ਤੇ ਲੂਣ ਛਿੜਕਣ ਵਾਲੀ ਗੱਲ ਹੈ। ਮੋਦੀ ਨੇ ਇਸ ਨਿਗੂਣੀ ਰਾਹਤ ਨਾਲ ਪੰਜਾਬੀਆਂ ਦੇ ਜਜ਼ਬਾਤਾਂ ਨੂੰ ਵਲੂੰਧਰਿਆ ਹੈ। ਇਸ ਐਲਾਨ ਨੇ ਭਾਜਪਾ ਸਰਕਾਰ ਦਾ ਫੈਡਰਲ ਢਾਂਚੇ ਨੂੰ ਖਤਮ ਕਰਨ ਵਾਲਾ ਚਿਹਰਾ ਵੀ ਨੰਗਾ ਕੀਤਾ ਹੈ। ਪਹਿਲਾਂ ਹੀ ਪੰਜਾਬ ਦਾ 60,000 ਕਰੋੜ ਰੁਪਈਆ ਕੇਂਦਰ ਦੱਬੀ ਬੈਠਾ ਹੈ। ਇਸ ਪ੍ਰਕਾਰ ਮ੍ਰਿਤਕ ਦੇ ਪਰਵਾਰ ਨੂੰ 2 ਲੱਖ ਰੁਪਏ ਵੀ ਬਹੁਤ ਹੀ ਨਿਗੂਣੀ ਰਕਮ ਹੈ। ਸੂਬਾ ਸਕੱਤਰ ਬੰਤ ਸਿੰਘ ਬਰਾੜ ਨੇ ਕਿਹਾ ਕਿ ਸ਼ਹੀਦ ਫੌਜੀਆਂ ਲਈ 5 ਕਰੋੜ ਰੁਪਏ ਤੱਕ ਦਾ ਐਲਾਨ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਸ਼ਲਾਘਾਯੋਗ ਕਦਮ ਸੀ, ਪਰ ਹੁਣ ਪਰਵਾਰਾਂ ਦਾ ਸਭ ਕੁਝ ਬਰਬਾਦ ਹੋਣ ਅਤੇ ਹੜ੍ਹਾਂ ਵਿਚ ਵਿਅਕਤੀਆਂ ਦੀ ਮੌਤ ਹੋਣ 'ਤੇ ਨਾ ਤਾਂ ਕੇਂਦਰ ਅਤੇ ਨਾ ਹੀ ਪੰਜਾਬ ਸਰਕਾਰ ਨੇ ਲੋੜੀਂਦੀ ਰਕਮ ਦਾ ਐਲਾਨ ਕੀਤਾ ਹੈ। ਕੇਂਦਰ ਸਰਕਾਰ ਨੂੰ ਘੱਟੋ-ਘੱਟ ਫੌਰੀ ਤੌਰ 'ਤੇ 20,000 ਕਰੋੜ ਰੁਪਏ ਦੀ ਰਾਹਤ ਦਾ ਐਲਾਨ ਕਰਨਾ ਚਾਹੀਦਾ ਸੀ। ਪੰਜਾਬ ਸਰਕਾਰ ਨੂੰ ਸਾਰੀਆਂ ਕਿਸਾਨ ਅਤੇ ਖੇਤ ਮਜ਼ਦੂਰ ਜਥੇਬੰਦੀਆਂ ਦੀਆਂ ਮੰਗਾਂ ਮੁਤਾਬਕ ਪ੍ਰਤੀ ਏਕੜ ਫਸਲ ਦੀ ਬਰਬਾਦੀ ਲਈ 70,000 ਅਤੇ ਖੇਤ ਮਜ਼ਦੂਰਾਂ ਲਈ 50, 000 ਰੁਪਏ ਪ੍ਰਤੀ ਮਜ਼ਦੂਰ ਅਤੇ ਮਕਾਨਾਂ ਲਈ 5 ਲੱਖ ਰੁਪਏ ਦਾ ਐਲਾਨ ਕਰਨਾ ਚਾਹੀਦਾ ਹੈ। ਸਾਥੀ ਬਰਾੜ ਨੇ ਕੇਂਦਰ ਤੇ ਪੰਜਾਬ ਸਰਕਾਰ ਨੂੰ ਪੰਜਾਬ ਦੀ ਬਰਬਾਦੀ 'ਤੇ ਰਾਜਸੀ ਬਿਆਨਬਾਜ਼ੀ ਬੰਦ ਕਰਨ ਲਈ ਅਪੀਲ ਕੀਤੀ ਹੈ।



### ਪਾਰਟੀ ਮੀਟਿੰਗਾਂ 13-14 ਨੂੰ

**ਚੰਡੀਗੜ੍ਹ** : ਸੀ ਪੀ ਆਈ ਪੰਜਾਬ ਦੇ ਸਕੱਤਰ ਬੰਤ ਸਿੰਘ ਬਰਾੜ ਨੇ ਦੱਸਿਆ ਹੈ ਕਿ ਸੂਬਾ ਸਕੱਤਰੇਤ ਦੀ ਮੀਟਿੰਗ ਇੱਥੇ ਅਜੈ ਭਵਨ 'ਚ 13 ਸਤੰਬ ਨੂੰ 10 ਵਜੇ ਤੇ ਐਗਜ਼ੈਕਟਿਵ ਦੀ 12 ਵਜੇ ਹੋਵੇਗੀ। ਸੂਬਾ ਕੌਂਸਲ ਦੀ ਮੀਟਿੰਗ 14 ਸਤੰਬਰ ਨੂੰ ਸਵੇਰੇ 10 ਵਜੇ ਸ਼ੁਰੂ ਹੋਵੇਗੀ।

### ਵਾਂਗਚੁੱਕ ਮੁੜ ਭੁੱਖ ਹੜਤਾਲ 'ਤੇ

**ਨਵੀਂ ਦਿੱਲੀ** : ਜਲਵਾਯੂ ਕਾਰਕੁਨ ਸੋਨਮ ਵਾਂਗਚੁੱਕ ਤੇ ਲੇਹ ਅਪੈਕਸ ਬਾਡੀ ਨੇ ਲੱਦਾਖ ਨੂੰ ਸੰਵਿਧਾਨ ਦੀ ਛੇਵੀਂ ਸੂਚੀ ਵਿੱਚ ਸ਼ਾਮਲ ਕਰਨ ਤੇ ਰਾਜ ਦਾ ਰੁਤਬਾ ਦੇਣ ਸਮੇਤ ਹੋਰਨਾਂ ਮੰਗਾਂ ਨੂੰ ਲੈ ਕੇ ਬੁੱਧਵਾਰ ਤੋਂ ਲੇਹ ਵਿੱਚ 35 ਦਿਨਾ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ। ਵਾਂਗਚੁਕ ਨੇ ਪ੍ਰੈੱਸ ਕਾਨਫਰੰਸ ਵਿੱਚ ਕਿਹਾ ਕਿ ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਦੋ ਮਹੀਨਿਆਂ ਤੋਂ ਉਨ੍ਹਾਂ ਨਾਲ ਕੋਈ ਗੱਲ ਨਾ ਕਰਨ ਕਰਕੇ ਇਹ ਅੰਦੋਲਨ ਸ਼ੁਰੂ ਕੀਤਾ ਗਿਆ ਹੈ।

### 'ਸਾਡੇ ਹੰਝੂ ਅਜੇ ਸੁੱਕੇ ਨਹੀਂ'

**ਇੰਫਾਲ** : ਮਨੀਪੁਰ 'ਚ ਕੁੱਕੀ-ਜ਼ੋ ਭਾਈਚਾਰੇ ਦੀ ਨੁਮਾਇੰਦਗੀ ਕਰਦੀ ਜਥੇਬੰਦੀ ਨੇ ਮਈ 2023 ਦੀ ਹਿੰਸਾ ਤੋਂ ਬਾਅਦ ਪਹਿਲੀ ਵਾਰ 13 ਸਤੰਬਰ ਨੂੰ ਸੂਬੇ ਵਿੱਚ ਆ ਰਹੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸਵਾਗਤ ਵਿੱਚ ਡਾਂਸ ਪ੍ਰੋਗਰਾਮ ਰੱਖਣ ਦੀ ਕਰੜੀ ਨਿੰਦਾ ਕੀਤੀ ਹੈ। 'ਇੰਫਾਲ ਹਮਾਰ ਡਿਸਪਲੇਸਡ ਕਮੇਟੀ' ਨੇ ਕਿਹਾ ਹੈ ਕਿ ਪ੍ਰਧਾਨ ਮੰਤਰੀ ਨੂੰ ਸਵਾਗਤ ਕਰਾਉਣ ਦੀ ਥਾਂ ਨਸਲੀ ਹਿੰਸਾ ਦੇ ਪੀੜਤਾਂ ਨੂੰ ਮਿਲਣਾ ਚਾਹੀਦਾ ਹੈ। ਕਮੇਟੀ ਨੇ ਕਿਹਾ ਹੈ, 'ਪ੍ਰਧਾਨ ਮੰਤਰੀ ਦਾ ਸਵਾਗਤ ਕਰਾਂਗੇ, ਪਰ ਹੰਝੂਆਂ ਭਿੱਜੀਆਂ ਅੱਖਾਂ ਨਾਲ, ਡਾਂਸ ਨਹੀਂ ਕਰ ਸਕਦੇ। ਅਸੀਂ ਅਜੇ ਸਦਮੇ ਵਿੱਚੋਂ ਨਹੀਂ ਉਭਰੇ। ਸਾਡੇ ਹੰਝੂ ਅਜੇ ਸੁੱਕੇ ਨਹੀਂ। ਸਾਡੇ ਜ਼ਖ਼ਮ ਅਜੇ ਭਰੇ ਨਹੀਂ।'

### ਸੋਨੀਆ ਖਿਲਾਫ ਪਟੀਸ਼ਨ 'ਤੇ ਫ਼ੈਸਲਾ ਰਾਖਵਾਂ

**ਨਵੀਂ ਦਿੱਲੀ** : ਦਿੱਲੀ ਦੀ ਅਦਾਲਤ ਨੇ ਕਾਂਗਰਸ ਆਗੂ ਸੋਨੀਆ ਗਾਂਧੀ ਵਿਰੁੱਧ ਕਾਰਵਾਈ ਦੀ ਮੰਗ ਕਰਨ ਵਾਲੀ ਪਟੀਸ਼ਨ 'ਤੇ ਆਪਣਾ ਫੈਸਲਾ ਰਾਖਵਾਂ ਰੱਖ ਲਿਆ ਹੈ। ਪਟੀਸ਼ਨ ਵਿੱਚ ਦੋਸ਼ ਲਾਇਆ ਗਿਆ ਸੀ ਕਿ ਸੋਨੀਆ ਗਾਂਧੀ ਦਾ ਨਾਂਅ ਭਾਰਤੀ ਨਾਗਰਿਕ ਬਣਨ ਤੋਂ ਤਿੰਨ ਸਾਲ ਪਹਿਲਾਂ ਵੋਟਰ ਸੂਚੀਆਂ ਵਿੱਚ ਸ਼ਾਮਲ ਕੀਤਾ ਗਿਆ ਸੀ। ਵਧੀਕ ਮੁੱਖ ਨਿਆਂਇਕ ਮੈਜਿਸਟਰੇਟ ਵੈਭਵ ਚੌਰਸੀਆ ਨੇ ਕਿਹਾ, 'ਮੈਂ ਹੁਕਮ ਰਾਖਵਾਂ ਰੱਖ ਰਿਹਾ ਹਾਂ।'

## ਵਿਧਾਇਕ ਲਾਲਪੁਰਾ ਦੋਸ਼ੀ ਕਰਾਰ, ਸਜ਼ਾ ਕੱਲ੍ਹ

**ਤਰਨ ਤਾਰਨ** : ਖਡੂਰ ਸਾਹਿਬ ਤੋਂ 'ਆਪ' ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਸਮੇਤ 11 ਨੂੰ 12 ਸਾਲ ਇਕ ਪੁਰਾਣੇ ਮਾਮਲੇ ਵਿੱਚ ਤਰਨ ਤਾਰਨ ਦੇ ਵਧੀਕ ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ ਪ੍ਰੇਮ ਕੁਮਾਰ ਦੀ ਅਦਾਲਤ ਨੇ ਦੋਸ਼ੀ ਠਹਿਰਾਉਂਦਿਆਂ ਗੋਇੰਦਵਾਲ ਸਾਹਿਬ ਦੀ ਜੇਲ੍ਹ ਭੇਜ ਦਿੱਤਾ ਹੈ। ਅਦਾਲਤ ਵੱਲੋਂ ਸਜ਼ਾ ਦਾ ਐਲਾਨ 12 ਸਤੰਬਰ ਨੂੰ ਕੀਤਾ ਜਾਵੇਗਾ।



ਮੁਲਜ਼ਮਾਂ ਵਿੱਚ ਛੇ ਪੁਲਸ ਕਰਮਚਾਰੀ ਵੀ ਸ਼ਾਮਲ ਹਨ, ਪਰ ਇੱਕ ਪੁਲਸ ਕਰਮਚਾਰੀ ਦੀ ਅਦਾਲਤੀ ਕਾਰਵਾਈ ਦੌਰਾਨ ਮੌਤ ਹੋ ਚੁੱਕੀ ਹੈ। ਦੋਸ਼ੀਆਂ ਖ਼ਿਲਾਫ਼ ਸਥਾਨਕ ਥਾਣਾ ਸਿਟੀ ਦੀ ਪੁਲਸ ਨੇ ਐੱਸ ਸੀ/ ਐੱਸ ਟੀ ਸਮੇਤ ਕਈ ਹੋਰ ਸੰਗੀਨ ਧਾਰਾਵਾਂ ਅਧੀਨ ਇਕ ਕੇਸ ਦਰਜ ਕੀਤਾ ਸੀ । ਇਸ ਮਾਮਲੇ ਦੀ ਗੰਭੀਰਤਾ ਨੂੰ ਲੈਂਦਿਆਂ ਸੁਪਰੀਮ ਕੋਰਟ ਨੇ ਪੀੜਤ ਔਰਤ ਹਰਬਰਿੰਦਰ ਕੌਰ ਉਸਮਾਂ ਨੂੰ ਸਖ਼ਤ ਸੁਰੱਖਿਆ ਦੇਣ ਦੇ ਹੁਕਮ ਕੀਤੇ ਸਨ। ਸ਼ਿਕਾਇਤ ਅਨੁਸਾਰ ਉਨ੍ਹਾ 3 ਮਾਰਚ, 2013 ਨੂੰ ਤਰਨ ਤਾਰਨ ਦੀ ਗੋਇੰਦਵਾਲ ਸਾਹਿਬ ਸੜਕ 'ਤੇ ਸਥਿਤ ਇਕ ਪੈਲੇਸ ਵਿੱਚ ਪੀੜਤਾ ਦੀ ਸ਼ਰੇਆਮ ਮਾਰਕੁੱਟ ਕੀਤੀ ਅਤੇ ਉਸ ਦੇ ਕਪੜੇ ਤੱਕ ਪਾੜ ਦਿੱਤੇ ਸਨ। ਅਦਾਲਤ ਵੱਲੋਂ ਫ਼ੈਸਲਾ ਸੁਣਾਏ ਜਾਣ ਮੌਕੇ ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਸਮੇਤ ਸਾਰੇ ਮੁਲਜ਼ਮ ਮੌਕੇ 'ਤੇ ਹਾਜ਼ਰ ਸਨ। ਦੋਸ਼ੀ ਠਹਿਰਾਏ ਜਾਣ ਦੇ ਤੁਰੰਤ ਬਾਅਦ ਪੁਲਸ ਵੱਲੋਂ ਉਨ੍ਹਾ ਨੂੰ ਜੇਲ੍ਹ ਲਿਜਾਇਆ ਗਿਆ। ਮੁਦਈ ਧਿਰ ਵੱਲੋਂ ਪੇਸ਼ ਹੋਏ ਵਕੀਲ ਅਮਿਤ ਧਵਨ ਨੇ ਦੱਸਿਆ ਕਿ ਵਿਧਾਇਕ ਲਾਲਪੁਰਾ, ਪੁਲਸ ਮੁਲਾਜ਼ਮ ਦਵਿੰਦਰ ਕੁਮਾਰ, ਸਾਰਜ ਸਿੰਘ, ਅਸ਼ਵਨੀ ਕੁਮਾਰ, ਤਰਸੇਮ ਸਿੰਘ, ਹਰਜਿੰਦਰ ਸਿੰਘ ਤੋਂ ਇਲਾਵਾ ਹਰਵਿੰਦਰ ਸਿੰਘ ਸ਼ੋਸ਼ੀ ਅਤੇ ਕੰਵਲਦੀਪ ਸਿੰਘ ਨੂੰ ਹੋਰਨਾਂ ਧਾਰਾਵਾਂ ਸਮੇਤ ਐੱਸ ਸੀ/ ਐੱਸ ਟੀ ਆਦਿ ਅਧੀਨ ਮੁਲਜ਼ਮ ਐਲਾਨਿਆ ਗਿਆ ਹੈ, ਜਦ ਕਿ ਗਗਨਦੀਪ ਸਿੰਘ ਤੋਂ ਇਲਾਵਾ ਪੁਲਸ ਮੁਲਾਜ਼ਮ ਨਰਿੰਦਰਜੀਤ ਸਿੰਘ ਅਤੇ ਗੁਰਦੀਪ ਰਾਜ ਨੂੰ ਕੁੱਟਮਾਰ ਦੀਆਂ ਧਾਰਾਵਾਂ ਅਧੀਨ ਸਜ਼ਾ ਸੁਣਾਈ ਜਾਣੀ ਹੈ।

## ਅਗਵਾ ਕੀਤੇ 5 ਸਾਲ ਦੇ ਮਾਸੂਮ ਦਾ ਕਤਲ, ਲਾਸ਼ ਬਰਾਮਦ



**ਹੁਸ਼ਿਆਰਪੁਰ (ਬਲਬੀਰ ਸੈਣੀ)**-ਸਥਾਨਕ ਨਿਊ ਦੀਪ ਨਗਰ ਤੋਂ ਅਗਵਾ ਕੀਤੇ 5 ਸਾਲ ਦੇ ਬੱਚੇ ਦਾ ਕਤਲ ਕਰ ਦਿੱਤਾ ਗਿਆ ਹੈ। ਹੁਸ਼ਿਆਰਪੁਰ ਦੇ ਰਹੀਮਪੁਰ ਸਥਿਤ ਸ਼ਮਸ਼ਾਨ ਘਾਟ ਵਿੱਚੋਂ ਬੱਚੇ ਦੀ ਮ੍ਰਿਤਕ ਦੇਹ ਬਰਾਮਦ ਹੋਈ ਹੈ। ਪੁਲਸ ਵੱਲੋਂ ਮੌਕੇ 'ਤੇ ਪਹੁੰਚ ਕੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਬੱਚੇ ਦੀ ਮਾਂ ਨੇ ਦੱਸਿਆ ਕਿ ਪਹਿਲਾਂ ਅਸੀਂ ਫਗਵਾੜਾ ਰਹਿੰਦੇ ਸੀ ਤੇ ਹੁਣ 2 ਮਹੀਨੇ ਹੀ ਹੋਏ ਸੀ ਕਿ ਅਸੀਂ ਹੁਸ਼ਿਆਰਪੁਰ ਤਬਦੀਲ ਹੋਏ ਸੀ ਤੇ ਇਥੇ ਕਿਰਾਏ ਦੇ ਮਕਾਨ ਵਿਚ ਰਹਿੰਦੇ ਹਾਂ। ਬੀਤੇ ਮੰਗਲਵਾਰ ਉਨ੍ਹਾ ਦਾ ਪੁੱਤ ਹਰਮੀਤ ਸਿੰਘ ਆਪਣੀ ਭੈਣ ਜੈਸਮੀਨ ਕੌਰ ਨਾਲ ਇਹ ਕਹਿ ਕੇ ਘਰੋਂ ਗਏ ਸਨ ਕਿ ਅਸੀਂ ਖੇਡਣ ਲਈ ਗੁਰੂ ਘਰ ਜਾ ਰਹੇ ਹਾਂ, ਪਰ ਇਸ ਮਗਰੋਂ ਉਹ ਵਾਪਸ ਘਰ ਨਹੀਂ ਪਰਤੇ। ਜੈਸਮੀਨ ਵੱਲੋਂ ਕਿਹਾ ਗਿਆ ਕਿ ਉਸ ਨਾਲ ਭਰਾ ਵਾਪਸ ਨਹੀਂ ਆਇਆ। ਸੀ ਸੀ ਟੀ ਵੀ ਤਸਵੀਰਾਂ ਕੈਦ ਹੋਈਆਂ ਹਨ, ਜਿਸ ਵਿਚ ਇਕ ਵਿਅਕਤੀ ਦੇਖਿਆ ਗਿਆ, ਜੋ ਐਕਟਿਵਾ ਉਤੇ ਬੱਚੇ ਨੂੰ ਬਿਠਾ ਕੇ ਬੱਚੇ ਨੂੰ ਕਿਤੇ ਲਿਜਾ ਰਿਹਾ ਹੈ। ਬੁੱਧਵਾਰ ਸ਼ਮਸ਼ਾਨਘਾਟ ਵਿੱਚ ਹਰਮੀਤ ਸਿੰਘ ਦੀ ਮ੍ਰਿਤਕ ਦੇਹ ਮਿਲੀ ਤਾਂ ਲੋਕਾਂ ਵਿੱਚ ਸਨਸਨੀ ਫੈਲ ਗਈ। ਹੁਸ਼ਿਆਰਪੁਰ ਦੇ ਪੁਲਸ ਮੁਖੀ ਨੇ ਮੌਕੇ 'ਤੇ ਪਹੁੰਚ ਕੇ ਜਾਂਚ-ਪੜਤਾਲ ਕਰਨੀ ਸ਼ੁਰੂ ਕਰ ਦਿੱਤੀ ਹੈ।

## ਪ੍ਰਧਾਨ ਮੰਤਰੀ ਨੇ ਪੰਜਾਬੀਆਂ ਦਾ ਅਪਮਾਨ ਕੀਤਾ : ਮੁੰਡੀਆਂ

**ਚੰਡੀਗੜ੍ਹ** : ਭਿਆਨਕ ਹੜ੍ਹਾਂ ਨਾਲ ਪ੍ਰਭਾਵਤ ਹੋਏ ਪੰਜਾਬ ਲਈ ਰਾਹਤ ਰਾਸ਼ੀ ਵਧਾਉਣ ਦੀ ਮੰਗ ਕਰਨ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਕੀਤੇ, 'ਹਿੰਦੀ ਨਹੀਂ ਆਤੀ' ਜਿਹੇ ਵਿਅੰਗ ਬਾਰੇ ਸੂਬੇ ਦੇ ਮਾਲ, ਮੁੜ-ਵਸੇਬਾ ਅਤੇ ਆਫ਼ਤ ਪ੍ਰਬੰਧਨ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਬੁੱਧਵਾਰ ਕਿਹਾ ਕਿ ਅਜਿਹੀ ਟਿੱਪਣੀ ਕਰਕੇ ਪ੍ਰਧਾਨ ਮੰਤਰੀ ਨੇ ਪੰਜਾਬ ਦੀ ਆਵਾਜ਼ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਹੈ। ਉਨ੍ਹਾ ਕਿਹਾ ਕਿ ਪ੍ਰਧਾਨ ਮੰਤਰੀ ਦੀ ਫੇਰੀ ਦੌਰਾਨ ਪੰਜਾਬ ਦੇ ਲੋਕਾਂ ਦੀ ਪ੍ਰਤੀਨਿਧਤਾ ਕਰ ਰਹੇ ਪੰਜਾਬ ਦੇ ਕੈਬਨਿਟ ਮੰਤਰੀਆਂ ਲਈ ਵੱਖ ਪ੍ਰੋਟੋਕੋਲ ਅਪਣਾਇਆ ਗਿਆ, ਜਦਕਿ ਭਾਜਪਾ ਆਗੂਆਂ ਲਈ ਕੋਈ ਪ੍ਰੋਟੋਕੋਲ ਨਹੀਂ ਸੀ। ਉਨ੍ਹਾ ਦੱਸਿਆ ਕਿ ਮੁਲਾਕਾਤ ਵਾਲੇ ਸਥਾਨ ਤੋਂ ਕਾਫ਼ੀ ਪਿੱਛੇ ਹੀ ਸਾਨੂੰ ਗੱਡੀਆਂ ਵਿੱਚੋਂ ਉਤਾਰ ਦਿੱਤਾ ਗਿਆ, ਜਦਕਿ ਭਾਜਪਾ ਆਗੂ ਆਪਣੀਆਂ ਨਿੱਜੀ ਗੱਡੀਆਂ ਵਿੱਚ ਮੁਲਾਕਾਤ ਵਾਲੇ ਸਥਾਨ ਤੋਂ ਬਿਲਕੁਲ ਬਾਹਰ ਜਾ ਕੇ ਉੱਤਰੇ। ਉਨ੍ਹਾ ਦੱਸਿਆ ਕਿ ਇਸੇ ਤਰ੍ਹਾਂ ਸਾਡੇ ਫੋਨ ਬਾਹਰ ਜਮ੍ਹਾਂ ਕਰਵਾ ਲਏ ਗਏ, ਜਦਕਿ ਭਾਜਪਾ ਆਗੂ ਅਤੇ ਉੱਥੇ ਤਾਇਨਾਤ ਸੁਰੱਖਿਆ ਅਮਲਾ ਆਪਣੇ ਫੋਨ ਬਿਨਾਂ ਕਿਸੇ ਰੋਕ-ਟੋਕ ਤੋਂ ਵਰਤ ਰਹੇ ਸਨ।ਉਹਨਾ ਦੱਸਿਆ ਕਿ ਪ੍ਰਧਾਨ ਮੰਤਰੀ ਨੂੰ ਪੰਜਾਬ ਦੇ ਅਧਿਕਾਰੀਆਂ ਨੇ ਪਾਵਰ ਪੁਆਇੰਟ ਪ੍ਰੈਜ਼ੇਂਟੇਸ਼ਨ ਅਤੇ ਵੀਡੀਓਜ਼ ਰਾਹੀਂ ਸੂਬੇ ਵਿੱਚ ਆਏ ਹੜ੍ਹਾਂ ਬਾਰੇ ਜਾਣੂ ਕਰਵਾਇਆ, ਜਿਸ 'ਤੇ ਪ੍ਰਧਾਨ ਮੰਤਰੀ ਖ਼ੁਦ ਮੰਨੇ ਕਿ ਹਿਮਾਚਲ ਪ੍ਰਦੇਸ਼ ਨਾਲੋਂ ਕਿਤੇ ਜ਼ਿਆਦਾ ਨੁਕਸਾਨ ਪੰਜਾਬ ਵਿੱਚ ਹੋਇਆ ਹੈ, ਪਰ • ਬਾਕੀ ਸਫਾ 2 'ਤੇ

## ਮੋਦੀ ਵਿਸ਼ੇਸ਼ ਸਿਹਤ ਪੈਕੇਜ ਦਾ ਐਲਾਨ ਕਰਨ : ਆਈ ਡੀ ਪੀ ਡੀ

**ਲੁਧਿਆਣਾ (ਐੱਮ ਐੱਸ ਭਾਟੀਆ)**- ਇੰਡੀਅਨ ਡਾਕਟਰਜ਼ ਫ਼ਾਰ ਪੀਸ ਐਂਡ ਡਿਵੈੱਲਪਮੈਂਟ (ਆਈ ਡੀ ਪੀ ਡੀ) ਨੇ ਭਾਰਤ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਹਨਾਂ ਰਾਜਾਂ ਲਈ ਖਾਸ ਸਿਹਤ ਪੈਕੇਜ ਦਿੱਤੇ ਜਾਣ, ਜੋ ਹਾਲ ਹੀ ਦੇ ਹੜ੍ਹਾਂ ਨਾਲ ਤਬਾਹ ਹੋਏ ਹਨ। ਇਹਨਾਂ ਹੜ੍ਹਾਂ ਨੇ ਜੰਮੂ-ਕਸ਼ਮੀਰ, ਹਿਮਾਚਲ ਪ੍ਰਦੇਸ਼, ਉਤਰਾਖੰਡ ਅਤੇ ਪੰਜਾਬ ਵਿੱਚ ਬਹੁਤ ਨੁਕਸਾਨ ਕੀਤਾ ਹੈ। ਆਉਣ ਵਾਲੇ ਕੁਝ ਹਫ਼ਤਿਆਂ ਵਿੱਚ ਬਿਮਾਰੀਆਂ ਵਧਣ ਦਾ ਖ਼ਤਰਾ ਹੈ, ਇਸ ਲਈ ਰੋਕਥਾਮ ਅਤੇ ਇਲਾਜ ਦੇ ਨਾਲ-ਨਾਲ ਮਨੋਵਿਗਿਆਨਕ ਸਮੱਸਿਆਵਾਂ, ਜੋ ਅਜਿਹੇ ਹਾਲਾਤ ਵਿੱਚ ਪੈਦਾ ਹੁੰਦੀਆਂ ਹਨ, ਦੇ ਇਲਾਜ ਲਈ ਵੀ ਵਿਆਪਕ ਸਿਹਤ ਸੇਵਾਵਾਂ ਦੀ ਲੋੜ ਹੈ। ਬਿਆਨ 'ਚ ਡਾ. ਐੱਸ ਐੱਸ ਸੂਦਨ ਪੈਟਰਨ ਆਈ ਡੀ ਪੀ ਡੀ, ਡਾ. ਅਰੁਣ ਮਿਤਰਾ ਪ੍ਰਧਾਨ, ਡਾ. ਸ਼ਕੀਲ ਉਰ ਰਹਿਮਾਨ ਜਨਰਲ ਸਕੱਤਰ, ਡਾ. ਜੀ ਐੱਮ ਮਲਿਕ ਸੀਨੀਅਰ ਐਡਵਾਈਜ਼ਰ ਆਈ ਡੀ ਪੀ ਡੀ ਅਤੇ ਡਾ. ਮੋ. ਲਤੀਫ਼ ਪ੍ਰਧਾਨ ਆਈ ਡੀ ਪੀ ਡੀ ਜੰਮੂ-ਕਸ਼ਮੀਰ ਨੇ ਕਿਹਾ ਕਿ ਆਈ ਡੀ ਪੀ ਡੀ ਵੱਲੋਂ ਉਤਰਾਖੰਡ ਵਿੱਚ ਹੜ੍ਹਾਂ, ਕਸ਼ਮੀਰ ਵਿੱਚ ਭੁਚਾਲ ਅਤੇ ਫਿਰ ਹੜ੍ਹਾਂ, ਤਾਮਿਲਨਾਡੂ ਅਤੇ ਕੇਰਲ ਵਿੱਚ ਸੁਨਾਮੀ ਅਤੇ ਨੇਪਾਲ ਵਿੱਚ ਭੁਚਾਲ ਦੌਰਾਨ ਵੀ ਦੂਰ-ਦੁਰਾਡੇ ਇਲਾਕਿਆਂ ਵਿੱਚ ਮੈਡੀਕਲ ਸੇਵਾਵਾਂ ਅਤੇ ਹੋਰ ਰਾਹਤ ਮੁਹੱਈਆ ਕਰਵਾਈ ਗਈ ਹੈ, ਉਹ ਜਿੱਥੇ ਵੀ ਲੋੜ ਹੋਵੇਗੀ, ਪ੍ਰਭਾਵਤ ਇਲਾਕਿਆਂ ਵਿੱਚ ਮੈਡੀਕਲ ਸੇਵਾ ਦੇਣਗੇ।

## 12 ਪਰਵਾਰਾਂ ਨੂੰ 51-51 ਹਜ਼ਾਰ ਦੇ ਚੈੱਕ ਸੌਂਪੇ



**ਪਠਾਨਕੋਟ (ਦਵਿੰਦਰ ਸਿੰਘ)**-ਕੈਬਨਿਟ ਮੰਤਰੀ ਲਾਲ ਚੰਦ ਕਟਾਰੂ ਚੱਕ ਅਤੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਵਿਧਾਨ ਸਭਾ ਹਲਕਾ ਭੋਆ ਦੇ ਹੜ੍ਹ ਪ੍ਰਭਾਵਤ ਵੱਖ-ਵੱਖ ਪਿੰਡਾਂ ਦਾ ਦੌਰਾ ਕੀਤਾ ਅਤੇ 12 ਹੜ੍ਹ ਪੀੜਤ ਪਰਵਾਰਾਂ, ਜਿਨ੍ਹਾਂ ਦੇ ਮਕਾਨਾਂ ਦਾ ਬਹੁਤ ਜ਼ਿਆਦਾ ਨੁਕਸਾਨ ਹੋਇਆ, ਨੂੰ 51-51 ਹਜ਼ਾਰ ਰੁਪਏ ਦੀ ਰਾਸ਼ੀ ਦਿੱਤੀ। ਉਹ ਪਿੰਡ ਬਕਨੌਰ, ਪਿੰਡ ਪੰਮਾ, ਅੰਬੀ ਖੜਖੜਾ, ਕੋਹਲੀਆਂ ਅੱਡਾ ਅਤੇ ਅਨਿਆਲ ਵਿੱਚ ਪਹੁੰਚ ਕਰਕੇ ਲੋਕਾਂ ਨਾਲ ਮਿਲੇ ਅਤੇ ਹੜ੍ਹਾਂ ਦੀ ਮਾਰ ਹੇਠ ਆਏ ਇਨ੍ਹਾਂ ਲੋਕਾਂ ਦੇ ਘਰਾਂ ਦੀ • ਬਾਕੀ ਸਫਾ 2 'ਤੇ

## ਜ਼ਮਾਨਤ ਰੱਦ ਹੋਣ ਉਪਰੰਤ ਸੁਪਰੀਮ ਕੋਰਟ ਪੁੱਜਿਆ ਉਮਰ ਖਾਲਿਦ

**ਨਵੀਂ ਦਿੱਲੀ** : ਫਰਵਰੀ 2020 ਦੇ ਦਿੱਲੀ ਦੰਗਿਆਂ ਦੇ ਪਿੱਛੇ ਦੀ ਕਥਿਤ ਸਾਜ਼ਿਸ਼ ਨਾਲ ਸੰਬੰਧਤ ਗੈਰ-ਕਾਨੂੰਨੀ ਗਤੀਵਿਧੀਆਂ (ਰੋਕੂ) ਐਕਟ ਮਾਮਲੇ ਵਿੱਚ ਹਾਈ ਕੋਰਟ ਵੱਲੋਂ ਜ਼ਮਾਨਤ ਪਟੀਸ਼ਨ ਰੱਦ ਕੀਤੇ ਜਾਣ ਤੋਂ ਬਾਅਦ ਉਮਰ ਖਾਲਿਦ ਨੇ ਸੁਪਰੀਮ ਕੋਰਟ ਵਿੱਚ ਪਹੁੰਚ ਕੀਤੀ ਹੈ। ਹਾਈ ਕੋਰਟ ਨੇ 2 ਸਤੰਬਰ ਨੂੰ ਖਾਲਿਦ ਅਤੇ ਸ਼ਰਜੀਲ ਇਮਾਮ ਸਮੇਤ 9 ਵਿਅਕਤੀਆਂ ਦੀ ਜ਼ਮਾਨਤ ਪਟੀਸ਼ਨ ਰੱਦ ਕਰ ਦਿੱਤੀ ਸੀ। ਅਦਾਲਤ ਨੇ ਕਿਹਾ ਸੀ ਕਿ ਨਾਗਰਿਕਾਂ ਨੂੰ ਪ੍ਰਦਰਸ਼ਨਾਂ ਜਾਂ ਵਿਰੋਧ ਦੇ ਨਾਂਅ 'ਤੇ ਸਾਜ਼ਿਸ਼ੀ ਹਿੰਸਾ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ। ਜਿਨ੍ਹਾਂ ਦੀ ਜ਼ਮਾਨਤ ਰੱਦ ਕੀਤੀ ਗਈ ਹੈ, ਉਨ੍ਹਾਂ ਵਿੱਚ ਖਾਲਿਦ, ਇਮਾਮ, ਮੁਹੰਮਦ ਸਲੀਮ ਖਾਨ, ਸ਼ਿਫਾ ਉਰ ਰਹਿਮਾਨ, ਅਥਰ ਖਾਨ, ਮੀਰਾਂ ਹੈਦਰ, ਅਬਦੁਲ ਖਾਲਿਦ ਸੈਫੀ, ਗੁਲਫਿਸ਼ਾ ਫਾਤਿਮਾ ਅਤੇ ਸ਼ਾਦਾਬ ਅਹਿਮਦ ਸ਼ਾਮਲ ਹਨ। ਇੱਕ ਵੱਖਰੀ ਹਾਈ ਕੋਰਟ ਬੈਂਚ ਨੇ 2 ਸਤੰਬਰ ਨੂੰ ਤਸਲੀਮ ਅਹਿਮਦ ਦੀ ਜ਼ਮਾਨਤ ਪਟੀਸ਼ਨ ਵੀ ਰੱਦ ਕਰ ਦਿੱਤੀ ਸੀ। ਪਿਛਲੇ ਹਫ਼ਤੇ ਇਮਾਮ ਅਤੇ ਗੁਲਫਿਸ਼ਾ ਫਾਤਿਮਾ ਨੇ ਵੀ ਹਾਈ ਕੋਰਟ ਦੇ ਹੁਕਮਾਂ ਨੂੰ ਚੁਣੌਤੀ ਦਿੰਦੇ ਹੋਏ ਸੁਪਰੀਮ ਕੋਰਟ ਵਿੱਚ ਅਪੀਲ ਕੀਤੀ ਸੀ। ਨੌਂ ਮੁਲਜ਼ਮਾਂ ਦੀ ਜ਼ਮਾਨਤ ਰੱਦ ਕਰਨ ਦੇ ਆਪਣੇ ਹੁਕਮ ਵਿੱਚ ਹਾਈ ਕੋਰਟ ਨੇ ਕਿਹਾ ਕਿ ਸੰਵਿਧਾਨ ਨਾਗਰਿਕਾਂ ਨੂੰ ਪ੍ਰਦਰਸ਼ਨ ਕਰਨ, ਰੋਸ ਪ੍ਰਗਟਾਉਣ ਜਾਂ ਅੰਦੋਲਨ ਕਰਨ ਦਾ ਅਧਿਕਾਰ ਦਿੰਦਾ ਹੈ, ਬਸ਼ਰਤੇ ਕਿ ਉਹ ਵਿਵਸਥਿਤ, ਸ਼ਾਂਤੀਪੂਰਨ ਅਤੇ ਬਿਨਾਂ ਹਥਿਆਰਾਂ ਦੇ ਹੋਣ ਅਤੇ ਅਜਿਹੀਆਂ ਕਾਰਵਾਈਆਂ ਕਾਨੂੰਨ ਦੀਆਂ ਸੀਮਾਵਾਂ ਦੇ ਅੰਦਰ ਹੋਣੀਆਂ ਚਾਹੀਦੀਆਂ ਹਨ। ਦਿੱਲੀ ਦੰਗਿਆਂ ਵਿੱਚ 53 ਲੋਕ ਮਾਰੇ ਗਏ ਸਨ ਅਤੇ 700 ਤੋਂ ਵੱਧ ਜ਼ਖ਼ਮੀ ਹੋਏ ਸਨ।

## ਅੱਜ-ਨਾਮਾ

ਚੋਣ ਕਮਿਸ਼ਨ ਨਹੀਂ ਜ਼ਿਦ ਤੋਂ ਰੁਕੇ ਹਾਲੇ,
ਲੱਗਾ ਲਾਗੂ ਰਵੀਜ਼ਨ ਫਿਰ ਕਰਨ ਮੀਆਂ।
ਸਾਰੇ ਈ ਦੇਸ਼ ਵਿੱਚ ਪਿਆ ਵਿਰੋਧ ਹੁੰਦਾ,
ਤਰੀਕੇ ਉਹਦੇ ਨੂੰ ਲੋਕ ਨਾ ਜਰਨ ਮੀਆਂ।
ਬਹਿਸ ਕੋਰਟ ਸੁਪਰੀਮ ਵਿੱਚ ਹੋਈ ਜਾਂਦੀ,
ਜਾਂਦਾ ਕਮਿਸ਼ਨ ਵੀ ਹਾਜ਼ਰੀ ਭਰਨ ਮੀਆਂ।
ਇਹਦੀ ਨੀਤੀ ਦੀ ਜਿੱਦਾਂ ਦੀ ਝਲਕ ਡਿੱਠੀ,
ਸਾਊ ਲੋਕੀਂ ਸਭ ਇਹਦੇ ਤੋਂ ਡਰਨ ਮੀਆਂ।
ਚੱਲਦੇ ਵਿਰੋਧ ਦੀ ਕਰੇ ਪ੍ਰਵਾਹ ਕੋਈ ਨਹੀਂ,
ਛੱਡਣੀ ਉਹਨੇ ਨਾ ਕੀਤੀ ਆ ਅੜੀ ਮੀਆਂ।
ਉਸ ਨੂੰ ਛੱਡਣ ਦੀ ਲੋੜ ਵੀ ਜਾਪਦੀ ਨਹੀਂ,
ਉਸ ਦੇ ਮਗਰ ਸਰਕਾਰ ਜਦ ਖੜੀ ਮੀਆਂ।

-ਤੀਸ ਮਾਰ ਖਾਂ

## ਇਜ਼ਰਾਈਲੀ ਵਜ਼ੀਰ ਦੀ ਭਾਰਤ ਫੇਰੀ ਦਾ ਪੰਜਾਬ ਭਰ 'ਚ ਤਿੱਖਾ ਵਿਰੋਧ

**ਜਲੰਧਰ** : 'ਫਾਸ਼ੀ ਹਮਲਿਆਂ ਵਿਰੋਧੀ ਫਰੰਟ' ਵੱਲੋਂ ਇਜ਼ਰਾਈਲ ਦੇ ਵਿੱਤ ਮੰਤਰੀ ਬੇਜ਼ਾ ਲੇਲ ਸਮੋਟਰਿਚ ਦੇ ਤਿੰਨ ਰੋਜ਼ਾ ਭਾਰਤ ਦੌਰੇ ਮੌਕੇ ਤਿੱਖਾ ਵਿਰੋਧ ਕਰਦਿਆਂ ਜ਼ਿਲ੍ਹਾ ਕੇਂਦਰਾਂ ਉਪਰ ਵਿਰੋਧ ਪ੍ਰਦਰਸ਼ਨ ਕੀਤੇ ਗਏ।ਇਸ ਮੌਕੇ ਪ੍ਰਦਰਸ਼ਨਕਾਰੀਆਂ ਨੇ ਇਜ਼ਰਾਈਲੀ ਮੰਤਰੀ ਭਾਰਤ 'ਚੋਂ ਵਾਪਸ ਜਾਓ ਦੇ ਜ਼ੋਰਦਾਰ ਨਾਅਰੇ ਲਗਾਏ। ਜਲੰਧਰ, ਕਪੂਰਥਲਾ, ਸ਼ਹੀਦ ਭਗਤ ਸਿੰਘ ਨਗਰ, ਲੁਧਿਆਣਾ, ਅੰਮ੍ਰਿਤਸਰ, ਬਠਿੰਡਾ, ਮਾਨਸਾ, ਤਰਨ ਤਾਰਨ, ਖੇਮਕਰਨ, ਮੋਗਾ ਸਮੇਤ ਪੰਜਾਬ ਭਰ 'ਚ ਜ਼ਿਲ੍ਹਾ ਕੇਂਦਰਾਂ ਉਤੇ ਇਹ ਵਿਰੋਧ ਪ੍ਰਦਰਸ਼ਨ ਜਥੇਬੰਦ ਕੀਤੇ ਗਏ।ਇਸ ਮੌਕੇ ਫਰੰਟ 'ਚ ਸ਼ਾਮਲ ਪਾਰਟੀਆਂ/ਜੱਥੇਬੰਦੀਆਂ ਦੇ ਆਗੂਆਂ ਬੰਤ ਸਿੰਘ ਬਰਾੜ, ਮੰਗਤ ਰਾਮ ਪਾਸਲਾ, ਗੁਰਮੀਤ ਸਿੰਘ ਬਖਤਪੁਰਾ, ਅਜਮੇਰ ਸਿੰਘ, ਕੰਵਲਜੀਤ ਖੰਨਾ ਅਤੇ ਕਿਰਨਜੀਤ ਸੇਖੋਂ ਨੇ ਕਿਹਾ ਕਿ ਇਜ਼ਰਾਇਲ ਨੇ ਸਾਰੇ ਮਾਨਵੀ ਅਤੇ ਜੰਗੀ ਅਸੂਲਾਂ ਦੀ ਘੋਰ ਉਲੰਘਣਾ ਕਰਕੇ ਫਲਸਤੀਨ ਦੀ ਹੋਂਦ ਮਿਟਾਉਣ ਲਈ ਨਸਲਕੁਸ਼ੀ ਦੀ ਮੁਹਿੰਮ ਵਿੱਢੀ ਹੋਈ ਹੈ। ਬਾਹਰੋਂ ਜਾਣ ਵਾਲੀ ਮਾਨਵੀ ਸਹਾਇਤਾ, ਖੁਰਾਕੀ ਵਸਤਾਂ, ਦਵਾਈਆਂ ਅਤੇ




ਪੀਣ ਵਾਲੇ ਪਾਣੀ ਉਤੇ ਵੀ ਰੋਕਾਂ ਲਾਈਆਂ ਹੋਈਆਂ ਹਨ।ਇੱਥੋਂ ਤੱਕ ਕਿ ਹਸਪਤਾਲਾਂ ਉਪਰ ਵੀ ਬੰਬਾਰੀ ਕੀਤੀ ਜਾ ਰਹੀ ਹੈ।ਉਨ੍ਹਾਂ ਕੌਮਾਂਤਰੀ ਅਸੂਲਾਂ ਨੂੰ ਛਿੱਕੇ ਟੰਗ ਕੇ ਲੰਘੇ ਕੱਲ੍ਹ ਕਤਰ ਦੀ ਰਾਜਧਾਨੀ ਦੋਹਾ ਵਿਖੇ ਜੰਗਬੰਦੀ ਵਾਰਤਾ ਲਈ ਗਏ ਹਮਾਸ ਦੇ ਆਗੂਆਂ ਨੂੰ ਇਜ਼ਰਾਈਲੀ ਹਾਕਮਾਂ ਵੱਲੋਂ ਸ਼ਰੇਆਮ ਹਮਲੇ ਵਿੱਚ ਕਤਲ ਕਰਨ ਦੀ ਨਿੰਦਾ ਕਰਦਿਆਂ ਕਿਹਾ ਕਿ ਇਹ ਇਜ਼ਰਾਈਲੀ ਹਾਕਮਾਂ ਦੇ ਮਨੁੱਖਤਾ ਵਿਰੋਧੀ ਇਰਾਦਿਆਂ ਨੂੰ ਬੇਨਕਾਬ ਕਰਦਾ ਹੈ। ਉਨ੍ਹਾਂ ਕਿਹਾ ਕਿ ਅਮਰੀਕੀ ਸਾਮਰਾਜ ਦੇ ਇਸ਼ਾਰੇ ਉਤੇ ਇਜ਼ਰਾਈਲੀ ਹਾਕਮਾਂ ਵੱਲੋਂ ਕੀਤੇ ਜਾ ਰਹੇ ਹਮਲਿਆਂ ਦਾ ਬੱਚੇ, ਔਰਤਾਂ ਤੇ ਬਜ਼ੁਰਗ ਅਤੇ ਉਸ ਦੀ ਹਕੀਕਤ ਪੇਸ਼ ਕਰਨ ਵਾਲੇ ਪੱਤਰਕਾਰ ਨਿਸ਼ਾਨਾ ਬਣੇ ਹੋਏ ਹਨ। ਇੰਟਰਨੈਸ਼ਨਲ ਕੋਰਟ ਆਫ ਜਸਟਿਸ ਨੇ ਵੀ ਨੇਤਨਯਾਹੂ ਨੂੰ ਜੰਗੀ ਅਪਰਾਧੀ ਐਲਾਨਿਆ ਹੋਇਆ ਹੈ।ਇਜ਼ਰਾਈਲ ਦੇ ਇਹਨਾਂ ਘਿਨਾਉਣੇ ਕਾਰਨਾਮਿਆਂ ਖਿਲਾਫ਼ ਦੁਨੀਆ ਭਰ ਦੇ ਵੱਖ-ਵੱਖ ਸ਼ਹਿਰਾਂ ਵਿੱਚ ਲੱਖਾਂ ਦੀ ਗਿਣਤੀ 'ਚ ਲੋਕਾਂ ਨੇ ਵਿਰੋਧ ਪ੍ਰਦਰਸ਼ਨ ਕੀਤੇ ਹਨ। ਇਜ਼ਰਾਈਲ ਦੇ ਅੰਦਰ ਵੀ ਜੰਗ ਬੰਦ ਕਰਨ ਲਈ ਲੋਕ ਸੜਕਾਂ 'ਤੇ ਉਤਰੇ ਹਨ।

ਇਜ਼ਰਾਈਲ ਦਾ ਪ੍ਰਧਾਨ ਮੰਤਰੀ ਨੇਤਨਯਾਹੂ ਚੋਣਾਂ 'ਚ ਲੋਕਾਂ ਦਾ ਸਾਹਮਣਾ ਕਰਨੋਂ ਬਚਣ ਅਤੇ ਆਪਣੀ ਕੁਰੱਪਸ਼ਨ ਨੂੰ ਢਕਣ ਲਈ ਜੰਗ ਜਾਰੀ ਰੱਖਣ ਲਈ ਅੜਿਆ ਹੋਇਆ ਹੈ।ਅਜਿਹੀ ਸਥਿਤੀ 'ਚ ਇਜ਼ਰਾਈਲ ਦੇ ਵਿੱਤ ਮੰਤਰੀ ਦੀ ਭਾਰਤ ਫੇਰੀ ਅਤੇ ਦੁਵੱਲੇ ਵਪਾਰਕ ਸੰਬੰਧ ਨੂੰ ਮਜ਼ਬੂਤ ਕਰਨ ਦੀਆਂ ਵਾਰਤਾਵਾਂ ਉਹਨਾਂ ਦੇ ਅਪਰਾਧਿਕ ਮਨਸੂਬਿਆਂ ਦੇ ਪੱਖ ਵਿੱਚ ਖੜ੍ਹਨਾ ਹੈ। ਮੋਦੀ ਸਰਕਾਰ ਵੱਲੋਂ ਪਹਿਲਾਂ ਵੀ ਯੂ ਐੱਨ ਓ ਵਿੱਚ ਜੰਗਬੰਦੀ ਲਈ ਪੇਸ਼ ਮਤਿਆਂ ਸਮੇਂ ਗੈਰ-ਹਾਜ਼ਰ ਰਹਿਣਾ ਨਿੰਦਣਯੋਗ ਸੀ, ਪਰ ਹੁਣ ਦੁਵੱਲੀਆਂ ਮੀਟਿੰਗਾਂ ਰਾਹੀਂ ਇਜ਼ਰਾਇਲ ਨਾਲ ਸੰਬੰਧਾਂ ਨੂੰ ਮਜ਼ਬੂਤ ਕਰਨਾ ਫਲਸਤੀਨੀ ਲੋਕਾਂ ਦੇ ਵਿਰੋਧ 'ਚ ਭੁਗਤਣਾ ਹੈ।

ਉਨ੍ਹਾਂ ਕਿਹਾ ਕਿ ਇਜ਼ਰਾਈਲ ਫਲਸਤੀਨ ਦੇ ਗਾਜ਼ਾ ਪੱਟੀ ਅਤੇ ਪੱਛਮੀ ਕੰਢੇ 'ਚੋਂ ਆਪਣੀਆਂ ਫੌਜਾਂ ਨੂੰ ਤੁਰੰਤ ਬਾਹਰ ਕੱਢੇ ਤੇ ਜੰਗ ਬੰਦ ਕਰੇ।ਇਸ ਤੋਂ ਇਲਾਵਾ ਉਨ੍ਹਾਂ ਕਿਹਾ ਕਿ ਨੇਤਨਯਾਹੂ ਨੂੰ ਜੰਗੀ ਅਪਰਾਧਾਂ ਲਈ ਸਜ਼ਾ ਦਿੱਤੀ ਜਾਵੇ।ਫਾਸ਼ੀ ਹਮਲਿਆਂ ਵਿਰੋਧੀ ਫਰੰਟ ਵੱਲੋਂ ਸਥਾਨਕ ਦੇਸ਼ ਭਗਤ ਯਾਦਗਾਰ ਹਾਲ ਵਿਖੇ ਜ਼ਿਲ੍ਹਾ ਪੱਧਰੀ ਇਕੱਠ ਕਰਕੇ ਬੀ ਐੱਮ ਸੀ ਚੌਂਕ ਤੱਕ ਮੁਜ਼ਾਹਰਾ ਕਰਕੇ ਇਜ਼ਰਾਇਲੀ ਵਿੱਤ ਮੰਤਰੀ ਦੇ ਭਾਰਤ ਦੌਰੇ ਦਾ ਤਿੱਖਾ ਵਿਰੋਧ ਕੀਤਾ ਗਿਆ ਅਤੇ ਉਸ ਨੂੰ ਤੁਰੰਤ ਭਾਰਤ 'ਚੋਂ ਵਾਪਸ ਜਾਣ ਲਈ ਕਿਹਾ ਗਿਆ।ਇਸ ਮੌਕੇ ਫਾਸ਼ੀ ਹਮਲਿਆਂ ਵਿਰੋਧੀ ਫਰੰਟ 'ਚ ਸ਼ਾਮਲ ਪਾਰਟੀ ਆਰ ਐੱਮ ਪੀ ਆਈ ਦੇ ਕੌਮੀ ਜਨਰਲ ਸਕੱਤਰ ਮੰਗਤ ਰਾਮ ਪਾਸਲਾ, ਸੂਬਾ ਪ੍ਰਧਾਨ ਰਤਨ ਸਿੰਘ ਰੰਧਾਵਾ, ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ-ਲੈਨਿਨਵਾਦੀ) ਨਿਊ ਡੈਮੋਕ੍ਰੇਸੀ ਵੱਲੋਂ ਕਸ਼ਮੀਰ ਸਿੰਘ ਘੁਗਸ਼ੋਰ ਤੇ ਹੰਸ ਰਾਜ ਪੱਬਵਾਂ ਨੇ ਸੰਬੋਧਨ ਕੀਤਾ।ਇਸ ਮੌਕੇ ਪਰਗਟ ਸਿੰਘ ਜਾਮਾਰਾਏ, ਪ੍ਰੋ. ਜੈਪਾਲ ਸਿੰਘ, ਮਹੀਪਾਲ, ਡਾ. ਸਤਨਾਮ ਸਿੰਘ ਅਜਨਾਲਾ, ਦੇਸ਼ ਭਗਤ ਯਾਦਗਾਰ ਕਮੇਟੀ ਦੇ ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ, ਸੁਰਿੰਦਰ ਕੁਮਾਰੀ ਕੋਛੜ ਤੇ ਰਣਜੀਤ ਸਿੰਘ ਔਲਖ ਵੀ ਮੌਜੂਦ ਸਨ।

CMYK

# ਕੈਬਨਿਟ ਮੰਤਰੀ ਸੌਂਦ ਵੱਲੋਂ ਰਾਹਤ ਸਮੱਗਰੀ ਦਾ ਟਰੱਕ ਹਰੀ ਝੰਡੀ ਦਿਖਾ ਕੇ ਰਵਾਨਾ



**ਮੰਡੀ ਗੋਬਿੰਦਗੜ੍ਹ (ਪ੍ਰਮੋਦ ਭਾਰਦਵਾਜ)**-ਪੰਜਾਬ ਦੇ ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਔਂਚ ਔਂਚ ਸੁਪਰ ਮਿਲਕ ਪਲਾਂਟ ਮੰਡੀ ਗੋਬਿੰਦਗੜ੍ਹ ਤੋਂ ਰਾਹਤ ਸਮੱਗਰੀ ਦੇ ਟਰੱਕ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ।ਉਨ੍ਹਾਂ ਇਸ ਮੌਕੇ ਹੜ੍ਹ ਪੀੜਤ ਪਰਵਾਰਾਂ ਦੀ ਮਦਦ ਲਈ ਅੱਗੇ ਆਉਣ 'ਤੇ ਮਿਲਕ ਪਲਾਂਟ ਦੇ ਮਾਲਕ ਵਿਨੋਦ ਕੁਮਾਰ ਦੱਤ ਦਾ ਵਿਸ਼ੇਸ਼ ਧੰਨਵਾਦ ਕੀਤਾ। ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਕਿਹਾ ਕਿ ਰਾਹਤ ਸਮੱਗਰੀ ਵਿੱਚ ਲੋਕਾਂ ਦੀ ਮੁੱਢਲੀ ਜ਼ਰੂਰਤ ਦੇ ਅਨੁਸਾਰ ਵਸਤਾਂ ਸ਼ਾਮਲ ਕੀਤੀਆਂ ਗਈਆਂ ਹਨ, ਜਿਸ ਵਿੱਚ ਸੋਲਰ ਲਾਈਟਾਂ, ਤਰਪਾਲਾਂ ਵੀ ਸ਼ਾਮਲ ਹਨ।ਉਨ੍ਹਾਂ ਦੱਸਿਆ ਕਿ ਮਿਲਕ ਪਲਾਂਟ ਦੀ ਇੱਕ ਟੀਮ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਸਰਵੇ ਵੀ ਕਰੇਗੀ ਤਾਂ ਜੋ ਲੋੜਵੰਦਾਂ ਦੀਆਂ ਭਵਿੱਖੀ ਜ਼ਰੂਰਤਾਂ ਨੂੰ ਪੂਰਾ ਕੀਤਾ ਜਾ ਸਕੇ। ਇਸ ਮੌਕੇ ਵਿਨੋਦ ਕੁਮਾਰ ਦੱਤ ਨੇ ਦੱਸਿਆ ਕਿ ਉਹ ਕੁਦਰਤੀ ਆਫ਼ਤ ਸਮੇਂ ਪੰਜਾਬ ਦੇ ਲੋਕਾਂ ਦੇ ਨਾਲ ਖੜ੍ਹੇ ਹਨ। ਉਨ੍ਹਾਂ ਕਿਹਾ ਕਿ ਪਿਛਲੇ ਦਿਨਾਂ ਦੌਰਾਨ ਆਏ ਹੜ੍ਹਾਂ ਕਾਰਨ ਪੰਜਾਬ ਦੇ ਕਈ ਜ਼ਿਲ੍ਹਿਆਂ ਵਿੱਚ ਭਾਰੀ ਨੁਕਸਾਨ ਪਹੁੰਚਿਆ ਹੈ।ਉਨ੍ਹਾਂ ਦੱਸਿਆ ਕਿ ਕੁਦਰਤੀ ਆਫ਼ਤਾਂ ਦੌਰਾਨ ਉਨ੍ਹਾਂ ਦੀ ਕੰਪਨੀ, ਪਹਿਲਾਂ ਵੀ ਵੱਖ-ਵੱਖ ਰਾਜਾਂ ਵਿੱਚ ਰਾਹਤ ਸਮੱਗਰੀ ਭੇਜਦੀ ਰਹੀ ਹੈ ਅਤੇ ਭਵਿੱਖ ਵਿੱਚ ਵੀ ਲੋੜਵੰਦਾਂ ਦੀ ਮਦਦ ਲਈ ਉਹ ਕਾਰਜਸ਼ੀਲ ਰਹਿਣਗੇ।ਟਰੱਕ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕਰਨ ਮੌਕੇ ਜੀ ਐੱਮ ਵਿਨੋਦ ਢਿੱਲ੍ਹਣ, ਐੱਮ ਐੱਲ ਧੀਮਾਨ, ਐੱਸ ਡੀ ਬਾਤਿਸ਼, ਜਗਜੀਤ ਸਿੰਘ ਸਮੇਤ ਹੋਰ ਪਤਵੰਤੇ ਹਾਜ਼ਰ ਸਨ।

# ਪਰਮਿੰਦਰ ਭਲਵਾਨ ਤੇ ਜਤਿੰਦਰ ਗਰੇਵਾਲ ਦਾ ਨਸ਼ਿਆਂ ਖਿਲਾਫ ਕੰਮ ਸ਼ਲਾਘਾਯੋਗ : ਜੌੜੇਮਾਜਰਾ



**ਸਮਾਣਾ (ਗੁਰਦਿਆਲ ਸਿੰਘ, ਬੱਲ ਇਕਬਾਲ ਸਿੰਘ ਬੱਲ)**-ਪੰਜਾਬ ਤੇ ਪਟਿਆਲਾ ਜ਼ਿਲ੍ਹੇ ਦੀਆਂ ਨਾਮਵਰ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ ਤੇ ਪਾਵਰ ਹਾਊਸ ਯੂਥ ਕਲੱਬ, ਯੁਵਕ ਸੇਵਾਵਾਂ ਕਲੱਬ ਦੀਪਨਗਰ, ਜੋ ਕਿ ਲੰਮੇ ਸਮੇਂ ਤੋਂ ਨਸ਼ਿਆਂ ਵਿਰੁੱਧ ਕੰਮ ਕਰ ਰਹੀਆਂ ਹਨ, ਵੱਲੋਂ ਪੰਜਾਬ ਸਰਕਾਰ ਤੇ ਪੰਜਾਬ ਪੁਲਸ ਵੱਲੋਂ ਸ਼ੁਰੂ ਕੀਤੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਨਸ਼ਿਆਂ ਵਿਰੋਧੀ ਜਾਗਰੂਕਤਾ ਪ੍ਰੋਗਰਾਮ ਤਹਿਤ ਨਸ਼ਾ ਵਿਰੋਧੀ ਜਾਗਰੂਕਤਾ ਸੈਮੀਨਾਰ ਕਰਵਾਇਆ ਗਿਆ, ਜਿਸ ਵਿੱਚ ਮੁੱਖ ਮਹਿਮਾਨ ਚੇਤਨ ਸਿੰਘ ਜੌੜੇਮਾਜਰਾ ਸਾਬਕਾ ਮੰਤਰੀ ਤੇ ਐੱਮ ਐੱਲ ਏ ਸਮਾਣਾ ਨੇ ਸ਼ਿਰਕਤ ਕੀਤੀ। ਪ੍ਰੋਗਰਾਮ ਦੀ ਪ੍ਰਧਾਨਗੀ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਨੇ ਕੀਤੀ।ਪ੍ਰੋਗਰਾਮ ਦਾ ਉਦਘਾਟਨ ਗਵਰਨਰ ਐਵਾਰਡੀ ਜਤਿੰਦਰ ਗਰੇਵਾਲ ਨੇ ਕੀਤਾ।ਵਿਸ਼ੇਸ਼ ਤੌਰ 'ਤੇ ਵਿਨੋ ਸ਼ਰਮਾ ਰਿਟਾਇਰ ਐੱਸ ਡੀ ਓ ਬਿਜਲੀ ਬੋਰਡ, ਉਪਕਾਰ ਸਿੰਘ, ਰੁਦਰਪ੍ਰਤਾਪ ਸਿੰਘ ਪ੍ਰਧਾਨ ਯੂਥ ਕਲੱਬ ਸੇਵਾਵਾਂ ਕਲੱਬ ਦੀਪ ਨਗਰ, ਐੱਸ ਪੀ ਪਰਾਸ਼ਰ, ਗੁਰਜੀਤ ਸਿੰਘ ਲੱਕੀ ਹਰਦਾਸਪੁਰ, ਤਿੰਦਰ ਜਲਵੇੜਾ, ਹਰਮਨਜੀਤ ਸਿੰਘ ਰਾਇਪਾਲ ਨੇ ਵੀ ਭਰਪੂਰ ਸ਼ਿਰਕਤ ਕੀਤੀ।ਇਸ ਮੌਕੇ ਸੰਬੋਧਨ ਕਰਦਿਆਂ ਐੱਮ ਐੱਲ ਏ ਸਮਾਣਾ ਚੇਤਨ ਸਿੰਘ ਜੌੜੇਮਾਜਰਾ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਵੱਲੋਂ ਡਾਇਰੈਕਟਰ ਜਨਰਲ ਆਫ ਪੁਲਸ ਨੂੰ ਸਖ਼ਤ ਹਦਾਇਤਾਂ ਹਨ ਕਿ ਨਸ਼ਾ ਵੇਚਣ ਵਾਲੇ ਵਿਅਕਤੀਆਂ ਨੂੰ ਸਖ਼ਤ ਤੋਂ ਸਖ਼ਤ ਸਜ਼ਾਵਾਂ ਦਿੱਤੀਆਂ ਜਾਣ ਤੇ ਉਨ੍ਹਾਂ ਦੀਆਂ ਜਾਇਦਾਦਾਂ ਕੁਰਕ ਕੀਤੀਆਂ ਜਾਣ।ਉਨ੍ਹਾਂ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ ਤੇ ਪਾਵਰ ਹਾਊਸ ਯੂਥ ਕਲੱਬ ਵੱਲੋਂ ਬਹੁਤ ਲੰਮੇ ਸਮੇਂ ਤੋਂ ਨਸ਼ਿਆਂ ਵਿਰੁੱਧ ਕੀਤੇ ਜਾ ਰਹੇ ਕੰਮ ਪ੍ਰਸੰਸਾਯੋਗ ਹਨ।ਉਨ੍ਹਾਂ ਪਰਮਿੰਦਰ ਭਲਵਾਨ, ਜਤਿੰਦਰ ਗਰੇਵਾਲ ਤੇ ਉਨ੍ਹਾਂ ਦੀ ਟੀਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਨ੍ਹਾਂ ਵੱਲੋਂ ਜੋ ਨਸ਼ਿਆਂ ਵਿਰੁੱਧ ਮੁਹਿੰਮ ਛੇੜੀ ਹੋਈ ਹੈ, ਉਸ ਵਿੱਚ ਹੋਰਨਾਂ ਨੂੰ ਵੀ ਅੱਗੇ ਆ ਕੇ ਨਸ਼ਿਆਂ ਵਿਰੁੱਧ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ।ਉਨ੍ਹਾਂ ਕਿਹਾ ਕਿ ਸਮਾਜ ਸੇਵੀ ਕਾਰਜਾਂ 'ਤੇ ਖਾਸ ਕਰਕੇ ਨਸ਼ਿਆਂ ਵਿਰੁੱਧ ਜਾਗਰੂਕਤਾ ਪ੍ਰੋਗਰਾਮਾਂ ਲਈ, ਉਹ ਹਰ ਸੰਭਵ ਮਦਦ ਲਈ ਤਿਆਰ ਹਨ।ਇਸ ਮੌਕੇ ਯੂਥ ਆਗੂ ਰੁਦਰਪ੍ਰਤਾਪ ਸਿੰਘ ਵੱਲੋਂ ਡਰੱਗ ਫਰੀ ਵਰਲਡ ਕੈਲੇਫੋਰਨੀਆ ਅਮਰੀਕਾ ਦੇ ਸਹਿਯੋਗ ਨਾਲ ਪਬਲਿਕ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕਰਨ ਲਈ ਕਿਤਾਬਾਂ ਵੀ ਵੰਡੀਆਂ ਗਈਆਂ।

ਮਾਮਲਾ ਕਿਸਾਨ ਆਗੂ ਨੂੰ ਅਪਸ਼ਬਦ ਬੋਲਣ ਦਾ

# ਵਿਧਾਇਕਾ ਨੂੰ ਭਾਕਿਯੂ ਕਾਦੀਆਂ ਵੱਲੋਂ 7 ਦਿਨ ਦਾ ਅਲਟੀਮੇਟਮ

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਆਪ ਵਿਧਾਇਕਾ ਇੰਦਰਜੀਤ ਕੌਰ ਮਾਨ ਵੱਲੋਂ ਸਤਲੁਜ ਦਰਿਆ 'ਤੇ ਧੁੱਸੀ ਬੰਨ੍ਹ ਦੇ ਦੌਰੇ ਸਮੇਂ ਭਾਰਤੀ ਕਿਸਾਨ ਯੂਨੀਅਨ ਕਾਦੀਆਂ ਜ਼ਿਲ੍ਹਾ ਜਲੰਧਰ ਦੇ ਪ੍ਰਧਾਨ ਅਮਰੀਕ ਸਿੰਘ ਭਾਰਸਿੰਗ ਪੁਰ, ਜੋ ਕਿ ਹੜ੍ਹ ਪੀੜਤਾਂ ਦੀ ਮੱਦਦ ਕਰ ਰਹੇ ਸਨ, ਨੂੰ ਬੋਲੇ ਅਪਸ਼ਬਦਾਂ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦੇ ਹੋਏ ਜਥੇਬੰਦੀ ਦੇ ਆਗੂਆਂ ਸੂਬਾ ਮੀਤ ਪ੍ਰਧਾਨ ਗੁਰਨਾਮ ਸਿੰਘ ਠੀਕਰੀਵਾਲ, ਇਕਾਈ ਪ੍ਰਧਾਨ ਅਵਤਾਰ ਸਿੰਘ ਵਿੱਕੀ, ਖਜ਼ਾਨਚੀ ਮਲਕੀਤ ਸਿੰਘ ਮਾਲੀ, ਜਨਰਲ ਸਕੱਤਰ ਸਰਬਜੀਤ ਸਿੰਘ, ਮੇਜਾ ਸਿੰਘ ਸੀਨੀਅਰ ਮੀਤ ਪ੍ਰਧਾਨ, ਕੌਰ ਸਿੰਘ ਮੀਤ ਪ੍ਰਧਾਨ, ਅਵਤਾਰ ਸਿੰਘ ਪ੍ਰਚਾਰਕ ਸਕੱਤਰ, ਬਲਜੀਤ ਸਿੰਘ ਮੀਤ ਪ੍ਰਧਾਨ ਆਦਿ ਨੇ ਕਿਹਾ ਕਿ ਧੁੱਸੀ ਬੰਨ੍ਹ ਦੇ ਦੌਰੇ ਦੌਰਾਨ ਕਿਸਾਨ ਆਗੂ ਵੱਲੋਂ ਕੀਤੇ ਸਵਾਲਾਂ ਦੇ ਜਵਾਬ ਨਾ ਦਿੰਦੇ ਹੋਏ ਘਬਰਾਹਟ ਵਿੱਚ ਆ ਕੇ ਵਿਧਾਇਕਾ ਨੇ ਆਪਣੇ ਅਹੁਦੇ ਦੀ ਮਰਿਆਦਾ ਨੂੰ ਅੱਖੋਂ ਪਰੋਖੇ ਕਰਦੇ ਹੋਏ, ਜੋ ਇੱਕ ਜ਼ਿੰਮੇਵਾਰ ਆਗੂ ਨਾਲ ਦੁਰਵਿਹਾਰ ਕੀਤਾ ਹੈ, ਇਹ ਬਹੁਤ ਨਿੰਦਣਯੋਗ ਹੈ।ਇਸ ਵਿਧਾਇਕਾ ਨੇ ਇਹ ਅਪਸ਼ਬਦ ਇਹ ਇੱਕ ਆਗੂ ਨੂੰ ਹੀ ਨਹੀਂ ਬੋਲੇ, ਬਲਕਿ ਸੰਯੁਕਤ ਕਿਸਾਨ ਮੋਰਚੇ ਤੇ ਸਮੁੱਚੇ ਕਿਸਾਨਾਂ ਨੂੰ ਅਪਮਾਨਤ ਕੀਤਾ ਹੈ।ਕਿਸਾਨ ਆਗੂਆਂ ਨੇ ਵਿਧਾਇਕਾ ਇੰਦਰਜੀਤ ਕੌਰ ਮਾਨ ਨੂੰ ਅਲਟੀਮੇਟਮ ਦਿੰਦੇ ਹੋਏ ਕਿਹਾ ਕਿ ਉਹ ਆਪਣੀ ਇਸ ਗਲਤੀ ਬਾਰੇ 7 ਦਿਨਾਂ ਦੇ ਅੰਦਰ ਅੰਦਰ ਜਨਤਕ ਤੌਰ 'ਤੇ ਮੁਆਫੀ ਮੰਗਣ।

# ਹੜ੍ਹ ਨਾਲ ਖੇਤਾਂ 'ਚ ਆਇਆ ਰੇਤਾ ਕਿਸਾਨ ਵੇਚਣਗੇ : ਜਗਮੋਹਨ ਕੰਗ



**ਮੋਗਾ (ਇਕਬਾਲ ਸਿੰਘ ਖਹਿਰਾ)**-ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਦੇ ਜ਼ਿਲ੍ਹਾ ਪ੍ਰੈੱਸ ਸਕੱਤਰ ਜਗਮੋਹਨ ਸਿੰਘ ਕੰਗ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਹੜ੍ਹ ਕੁਦਰਤ ਦੀ ਕਰੋਪੀ ਨਹੀਂ, ਸਰਕਾਰੀ ਕਰੋਪੀ ਵੱਡਾ ਕਾਰਨ ਹੈ।ਮਾੜੇ ਪ੍ਰਬੰਧ ਤੇ ਕੁਦਰਤ ਨਾਲ ਛੇੜਛਾੜ, ਵੱਡੀ ਪੱਧਰ 'ਤੇ ਰੇਤ ਮਾਫੀਆ ਵੱਲੋਂ ਰੇਤੇ ਦੀ ਮਾਈਨਿੰਗ, ਸਮੇਂ ਸਿਰ ਡਰੇਨ-ਨਾਲਿਆਂ ਦੀ ਸਫਾਈ ਨਾ ਕਰਨਾ, ਪਿਛਲੇ ਸਮੇਂ ਕੱਸੀਆਂ-ਨਹਿਰਾਂ ਨੂੰ ਸੁੱਕੀਆਂ ਰੱਖਣਾ ਤੇ ਹੁਣ ਇਕਦਮ ਡੈਮਾਂ ਦੇ ਫਾਟਕ ਖੋਲ੍ਹ ਦੇਣਾ ਆਦਿ ਕਾਰਨਾਂ ਕਰਕੇ ਹੜ੍ਹ ਆਏ ਹਨ।ਹੁਣ ਹੜ੍ਹਾਂ ਨਾਲ ਕਿਸਾਨਾਂ ਦੇ ਖੇਤਾਂ ਵਿੱਚ ਜੋ ਰੇਤਾ ਭਰ ਗਿਆ ਹੈ, ਉਸ ਨੂੰ ਉਠਾਉਣ ਲਈ ਕਿਸਾਨਾਂ ਨੂੰ ਲੱਖਾਂ ਰੁਪਏ ਖਰਚ ਕਰਨੇ ਪੈਣੇ ਹਨ, ਫੇਰ ਹੀ ਕਣਕ ਦੀ ਬਿਜਾਈ ਹੋ ਸਕੇਗੀ।ਆਗੂ ਨੇ ਕਿਹਾ ਕਿ ਕਿਸਾਨ ਖੁਦ ਆਪ ਰੇਤਾ ਵੇਚਣਗੇ, ਜੇਕਰ ਸਰਕਾਰ ਜਾਂ ਮਾਈਨਿੰਗ ਵਿਭਾਗ ਨੇ ਇਸ ਵਿੱਚ ਕੋਈ ਅੜਿੱਕਾ ਖੜ੍ਹਾ ਕੀਤਾ ਤਾਂ ਕਿਸਾਨ ਯੂਨੀਅਨਾਂ ਇਸ ਦਾ ਸਖ਼ਤ ਵਿਰੋਧ ਕਰਨਗੀਆਂ। ਬਿਪਤਾ ਸਮੇਂ ਲੋਕ ਹੀ ਲੋਕਾਂ ਦੇ ਕੰਮ ਆਏ ਹਨ।ਪੰਜਾਬ, ਹਰਿਆਣਾ, ਯੂ ਪੀ ਤੇ ਰਾਜਸਥਾਨ ਦੇ ਲੋਕਾਂ, ਗੀਤਕਾਰਾਂ, ਫਿਲਮੀ ਕਲਾਕਾਰਾਂ, ਵਿਦੇਸ਼ਾਂ 'ਚ ਬੈਠੇ ਪੰਜਾਬੀਆਂ ਵੱਲੋਂ ਹੜ੍ਹ ਪੀੜਤਾਂ ਦੇ ਹੱਕ ਵਿੱਚ ਜੰਗੀ ਪੱਧਰ 'ਤੇ ਨਿੱਤਰਨਾ ਹੀ ਬਹੁਤ ਸਲਾਹੁਣਯੋਗ ਹੈ।ਪੰਜਾਬ ਦੀ ਜਵਾਨੀ ਇਸ ਔਖੀ ਘੜੀ ਹੜ੍ਹ ਪੀੜਤਾਂ ਦੇ ਹੱਕ ਵਿੱਚ ਇਤਿਹਾਸਕ ਰੋਲ ਨਿਭਾਅ ਰਹੀ ਹੈ।ਕੇਂਦਰ ਸਰਕਾਰ ਦੀ ਆਲੋਚਨਾ ਕਰਦਿਆਂ ਕਿਹਾ ਗਿਆ ਕਿ ਪੰਜਾਬ ਮੁਲਕ ਦਾ ਢਿੱਡ ਭਰਨ ਵਾਲਾ ਸੂਬਾ ਹੈ ਏਡੀ ਵੱਡੀ ਬਿਪਤਾ ਦੇ ਬਾਵਜੂਦ ਹੜ੍ਹਾਂ ਦੀ ਕਰੋਪੀ ਨੂੰ ਕੌਮੀ ਆਫਤ ਨਾ ਐਲਾਨਣਾ ਪੰਜਾਬ ਨਾਲ ਸਰਾਸਰ ਧੱਕਾ ਹੈ।ਉਨ੍ਹਾਂ ਮੰਗ ਕੀਤੀ ਕਿ ਹੜ੍ਹਾਂ ਨੂੰ ਕੌਮੀ ਆਫਤ ਐਲਾਨਿਆ ਜਾਵੇ ਅਤੇ 20 ਹਜ਼ਾਰ ਕਰੋੜ ਦਾ ਫੰਡ ਜਾਰੀ ਕਰੇ। ਉਨ੍ਹਾਂ ਪੰਜਾਬ ਸਰਕਾਰ ਦੀ ਸਖ਼ਤ ਆਲੋਚਨਾ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਇਸ ਮਾਮਲੇ 'ਚ ਫੇਲ੍ਹ ਸਾਬਤ ਹੋਈ ਹੈ।ਸਰਕਾਰ ਨੂੰ ਜਗਾਉਣ ਲਈ 12 ਸਤੰਬਰ ਨੂੰ ਹੜ੍ਹਾਂ 'ਚ ਹੋਏ ਨੁਕਸਾਨ ਦੀ ਭਰਪਾਈ ਲਈ ਕਿਸਾਨ ਮਜ਼ਦੂਰ ਮੋਰਚੇ ਵੱਲੋਂ ਪੰਜਾਬ ਦੇ ਸਾਰੇ ਡਿਪਟੀ ਕਮਿਸ਼ਨਰਾਂ ਨੂੰ ਮੰਗ ਪੱਤਰ ਸੌਂਪੇ ਜਾਣਗੇ।

# ਕੇਂਦਰ ਵੱਲੋਂ ਜੀ ਐੱਸ ਟੀ ਸਲੈਬ ਦਰਾਂ 'ਚ ਕਟੌਤੀ ਦਾ ਸਵਾਗਤ



**ਫਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)**-ਪੰਜਾਬ ਵਪਾਰ ਮੰਡਲ ਦੇ ਸੂਬਾ ਐਗਜ਼ੈਕਟਿਵ ਮੈਂਬਰ ਕਾਮਰੇਡ ਸ਼ਾਮ ਸੁੰਦਰ ਕਾਠਪਾਲ ਨੇ ਕੇਂਦਰ ਸਰਕਾਰ ਵੱਲੋਂ ਜੀ.ਐੱਸ.ਟੀ. ਸਲੈਬ ਦਰਾਂ ਵਿੱਚ ਕੀਤੀ ਗਈ ਕਟੌਤੀ ਦਾ ਵਪਾਰੀਆਂ ਵੱਲੋਂ ਤਹਿ ਦਿਲੋਂ ਸਵਾਗਤ ਕੀਤਾ ਹੈ।ਵਪਾਰ ਮੰਡਲ ਲੰਮੇ ਸਮੇਂ ਤੋਂ ਮੰਗ ਕਰ ਰਿਹਾ ਸੀ ਕਿ ਜੀ.ਐੱਸ.ਟੀ. ਦਰਾਂ ਵਿੱਚ ਰਾਹਤ ਦਿੱਤੀ ਜਾਵੇ ਤਾਂ ਜੋ ਵਪਾਰ ਕਰਨਾ ਆਸਾਨ ਹੋ ਸਕੇ ਤੇ ਖਪਤਕਾਰਾਂ ਨੂੰ ਵੀ ਲਾਭ ਮਿਲ ਸਕੇ।ਕਾਮਰੇਡ ਸ਼ਾਮ ਸੁੰਦਰ ਕਾਠਪਾਲ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਵਾਰ-ਵਾਰ ਸਲੈਬ ਵਿੱਚ ਸੋਧ ਕਰਕੇ ਵਪਾਰੀਆਂ ਨੂੰ ਹੌਸਲਾ ਦਿੱਤਾ ਜਾ ਰਿਹਾ ਹੈ।ਪਹਿਲਾਂ ਕਾਪੀ ਤੇ ਪੈਨਸਿਲ 'ਤੇ 18 ਪ੍ਰਤੀਸ਼ਤ ਜੀ.ਐੱਸ.ਟੀ. ਸੀ, ਜਿਸ ਨੂੰ ਘਟਾ ਕੇ 5 ਪ੍ਰਤੀਸ਼ਤ ਕੀਤਾ ਗਿਆ।ਇਹ ਕਦਮ ਕਾਬਲੇ-ਤਾਰੀਫ ਸੀ।ਹੁਣ ਤਾਂ ਸਰਕਾਰ ਵੱਲੋਂ ਸਿੱਖਿਆ ਖੇਤਰ 'ਤੇ ਟੈਕਸ ਮੁਆਫ ਕੀਤਾ ਗਿਆ ਹੈ, ਜੋ ਬਹੁਤ ਹੀ ਸ਼ਲਾਘਾਯੋਗ ਫੈਸਲਾ ਹੈ।ਉਨ੍ਹਾਂ ਕਿਹਾ ਕਿ ਦਵਾਈਆਂ 'ਤੇ ਲੱਗਣ ਵਾਲੀਆਂ ਦਰਾਂ ਤੇ ਕੰਪਨੀਆਂ ਵੱਲੋਂ ਰੇਟ ਵਧਾ ਕੇ ਲਿਖਣ ਦੇ ਰੁਝਾਨ 'ਤੇ ਸਰਕਾਰ ਨੂੰ ਖਾਸ ਧਿਆਨ ਦੇਣ ਦੀ ਲੋੜ ਹੈ, ਤਾਂ ਜੋ ਆਮ ਲੋਕਾਂ ਨੂੰ ਭਾਰੀ ਮੁਸ਼ਕਲਾਂ ਤੋਂ ਰਾਹਤ ਮਿਲ ਸਕੇ।ਕਾਠਪਾਲ ਨੇ ਕਿਹਾ ਕਿ ਟੈਕਸ ਦਰਾਂ ਵਿੱਚ ਕੀਤੀ ਕਟੌਤੀ ਦੀ ਜਿੰਨੀ ਵੀ ਤਾਰੀਫ ਕੀਤੀ ਜਾਵੇ, ਉਹ ਘੱਟ ਹੈ।

# ਮੰਦਰ ਦੀ ਰਿਪੇਅਰ ਦੌਰਾਨ 102 ਜੰਗਾਲੇ ਰੌਂਦ ਮਿਲੇ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਕੁੱਲਗੜ੍ਹੀ ਦੇ ਅਧੀਨ ਆਉਂਦੇ ਬਸਤੀ ਝਾਲ ਵਾਲੀ ਵਿਖੇ ਮੰਦਰ ਰਿਪੇਅਰ ਕਰ ਰਹੇ ਮਜ਼ਦੂਰਾਂ ਨੂੰ 102 ਪੁਰਾਣੇ ਜੰਗਾਲੇ ਰੌਂਦ ਮਿਲਣ ਦੀ ਖ਼ਬਰ ਮਿਲੀ ਹੈ।ਕੁੱਲਗੜ੍ਹੀ ਪੁਲਸ ਨੇ ਅਣਪਛਾਤੇ ਵਿਅਕਤੀਆਂ ਖਿਲਾਫ ਅਸਲਾ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਕਾਰਜ ਸਿੰਘ ਮੌਜੂਦਾ ਸਰਪੰਚ ਪੁੱਤਰ ਜਗਸੀਰ ਸਿੰਘ ਵਾਸੀ ਬਸਤੀ ਝਾਲ ਵਾਲੀ ਨੇ ਦੱਸਿਆ ਕਿ ਉਨ੍ਹਾਂ ਦੀ ਬਸਤੀ ਵਿਚ ਭਗਵਾਨ ਵਾਲਮੀਕ ਸਵਾਮੀ ਦਾ ਇਕ ਮੰਦਰ ਹੈ। ਇਸ ਮੰਦਰ ਵਿਚ ਕੋਈ ਪਾਠੀ ਪੁਜਾਰੀ ਨਹੀਂ ਹੈ। ਇਹ ਮੰਦਰ ਕਰੀਬ ਇਕ ਸਾਲ ਤੋਂ ਬੰਦ ਪਿਆ ਹੈ।ਮੰਦਰ ਦੀ ਹਾਲਤ ਕਾਫੀ ਖਸਤਾ ਹੈ। ਪਿੰਡ ਵਾਸੀਆਂ ਨੇ ਹੁਣ ਮੰਦਰ ਦੀ ਰਿਪੇਅਰ ਦਾ ਕੰਮ ਸ਼ੁਰੂ ਕੀਤਾ ਹੈ। ਕਾਰਜ ਸਿੰਘ ਨੇ ਦੱਸਿਆ ਕਿ ਰੋਜ਼ ਦੀ ਤਰ੍ਹਾਂ ਅੱਜ ਵੀ ਮਿਸਤਰੀ ਤੇ ਮਜ਼ਦੂਰ ਕੰਮ ਕਰ ਰਹੇ ਸਨ ਕਿ ਮੰਦਰ ਦੇ ਪਿੱਛੇ ਇੱਟਾਂ ਪਏ ਸਨ, ਜਿਨ੍ਹਾਂ ਨੂੰ ਅਸੀਂ ਚੁੱਕ ਰਹੇ ਸੀ ਤਾਂ ਅਚਾਨਕ ਇਕ ਮੋਮੀ ਲਿਫ਼ਾਫ਼ੇ ਵਿਚ ਪੁਰਾਣੇ ਜੰਗਾਲੇ ਹੋਏ 102 ਰੌਂਦ ਮਿਲੇ। ਇਹ ਰੌਂਦ ਕਿਸੇ ਅਣਪਛਾਤੇ ਵਿਅਕਤੀ ਵੱਲੋਂ ਇੱਟਾਂ-ਰੋੜਿਆਂ ਦੇ ਥੱਲੇ ਲੁਕਾ ਕੇ ਰੱਖੇ ਹੋਏ ਹਨ। ਇਸ ਮਾਮਲੇ ਦੀ ਜਾਂਚ ਕਰ ਰਹੇ ਐੱਸਆਈ ਨਿਰਮਲ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਅਣਪਛਾਤੇ ਵਿਅਕਤੀ ਖਿਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ।

# ਖੇਡ ਟੂਰਨਾਮੈਂਟ ਪੰਜਾਬ ਦੀ ਸ਼ਾਨ : ਵਿਧਾਇਕ ਰਾਏ

ਮੁੱਲਾਂਪੁਰ ਖੁਰਦ ਦਾ ਟੂਰਨਾਮੈਂਟ ਸ਼ਾਨੋ ਸ਼ੌਕਤ ਨਾਲ ਸੰਪੰਨ



**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸੰਤ ਬਾਬਾ ਅਤਰ ਦਾਸ ਮੈਮੋਰੀਅਲ ਸਪੋਰਟਸ ਕਲੱਬ ਪਿੰਡ ਮੁੱਲਾਂਪੁਰ ਖੁਰਦ ਵੱਲੋਂ ਮਹੰਤ ਹਰਵਿੰਦਰ ਦਾਸ ਦੀ ਅਗਵਾਈ 'ਚ ਚਾਰ ਰੋਜ਼ਾ ਕਬੱਡੀ ਟੂਰਨਾਮੈਂਟ ਸ਼ਾਨੋ ਸ਼ੌਕਤ ਦੇ ਨਾਲ ਸੰਪੰਨ ਹੋ ਗਿਆ।ਇਸ ਮੌਕੇ ਹਲਕਾ ਫਤਿਹਗੜ੍ਹ ਸਾਹਿਬ ਦੀ ਸ਼ਾਨ ਵਿਧਾਇਕ ਲਖਵੀਰ ਸਿੰਘ ਰਾਏ ਨੇ ਸ਼ਿਰਕਤ ਕਰਦਿਆਂ ਇਨਾਮਾਂ ਦੀ ਵੰਡ ਕੀਤੀ।ਇਸ ਮੌਕੇ ਵਿਧਾਇਕ ਰਾਏ ਨੇ ਸੰਬੋਧਨ ਕਰਦਿਆਂ ਕਿਹਾ ਕਿ ਖੇਡਾਂ ਪੰਜਾਬ ਦੀ ਸ਼ਾਨ ਹਨ।ਪਿੰਡਾਂ ਨਾਲ ਸੰਬੰਧਤ ਨੌਜਵਾਨਾਂ ਵੱਲੋਂ ਟੂਰਨਾਮੈਂਟ ਕਰਵਾਏ ਜਾਂਦੇ ਹਨ ਤਾਂ ਜੋ ਇਸ ਵਿਰਾਸਤੀ ਖੇਡਾਂ ਨੂੰ ਤਾਜ਼ਾ ਰੱਖਿਆ ਜਾ ਸਕੇ।ਪਿੱਛੇ ਜਿਹੇ ਸੂਬਾ ਸਰਕਾਰ ਵੱਲੋਂ ਵੀ ਖੇਡਾਂ ਵਤਨ ਪੰਜਾਬ ਦੀ ਮੁਹਿੰਮ ਸ਼ੁਰੂ ਕੀਤੀ ਗਈ, ਜਿਸ ਤਹਿਤ ਸੂਬੇ ਦੇ ਇੱਕ ਬੱਚੇ ਤੋਂ ਲੈ ਕੇ ਬਜ਼ੁਰਗ ਤੱਕ ਵਿਅਕਤੀਆਂ ਨੇ ਖੇਡਾਂ ਵਿੱਚ ਹਿੱਸਾ ਲਿਆ।ਉਨ੍ਹਾਂ ਕਿਹਾ ਕਿ ਪੰਜਾਬ ਦੇ ਨੌਜਵਾਨਾਂ ਨੇ ਖੇਡਾਂ ਰਾਹੀਂ ਹੀ ਦੇਸ਼ ਵਿਦੇਸ਼ ਦੇ ਵਿੱਚ ਆਪਣਾ ਲੋਹਾ ਮਨਵਾਇਆ ਹੈ।ਇਸ ਲਈ ਸਾਨੂੰ ਆਪਣੀਆਂ ਵਿਰਾਸਤੀ ਖੇਡਾਂ ਨੂੰ ਹਮੇਸ਼ਾ ਹੀ ਜਿਉਂਦਾ ਰੱਖਣਾ ਚਾਹੀਦਾ ਹੈ।ਅਜਿਹਾ ਕਰਨ ਦੇ ਨਾਲ ਜਿੱਥੇ ਅਸੀਂ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਵਰਗੀਆਂ ਲਾਹਨਤਾਂ ਤੋਂ ਬਚਾ ਸਕਾਂਗੇ, ਉਥੇ ਹੀ ਮਾਨਸਿਕ ਤੌਰ 'ਤੇ ਤੰਦਰੁਸਤ ਵੀ ਬਣਾਵਾਂਗੇ।ਇਸ ਮੌਕੇ ਪ੍ਰਧਾਨ ਨਿਰਮਲ ਸਿੰਘ ਨਿਮਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕਲੱਬ ਵੱਲੋਂ ਹਰ ਸਾਲ ਇਹ ਖੇਡ ਟੂਰਨਾਮੈਂਟ ਕਰਵਾਇਆ ਜਾਂਦਾ ਹੈ, ਜਿਸ ਦੇ ਵਿੱਚ ਦੂਰ ਨੇੜੇਓਂ ਨਾਮੀ ਟੀਮਾ ਹਿੱਸਾ ਲੈਂਦੀਆਂ ਹਨ।ਇਸ ਮੌਕੇ ਹੋਰਨਾਂ ਤੋਂ ਇਲਾਵਾ ਮਹੰਤ ਹਰਵਿੰਦਰ ਦਾਸ ਡੇਰਾ ਰਾਮ ਤਲਾਈ ਸਰਪ੍ਰਸਤ, ਪ੍ਰਧਾਨ ਨਿਰਮਲ ਸਿੰਘ ਨਿੰਮਾ, ਦਲਵੀਰ ਸਿੰਘ ਗੋਗੀ, ਪ੍ਰੀਤਮ ਸਿੰਘ, ਜਸਵੰਤ ਸਿੰਘ, ਨੰਬਰਦਾਰ ਕੁਲਦੀਪ ਸਿੰਘ, ਅਮਰਜੀਤ ਸਿੰਘ, ਪ੍ਰਗਟ ਸਿੰਘ, ਕੁਲਦੀਪ ਸਿੰਘ ਸਰਪੰਚ ਸਾਗਰ ਸਿੰਘ, ਬਿੰਦਰ ਸਿੰਘ, ਰਛਪਾਲ ਸਿੰਘ, ਅਮਨਦੀਪ ਸਿੰਘ, ਅਵਤਾਰ ਸਿੰਘ ਲੌਟੇ, ਪ੍ਰੀਤ ਬਾਜਵਾ, ਅਮਰਜੀਤ ਸਿੰਘ ਵਜ਼ੀਰ ਨਗਰ, ਮਸਤਾਨ ਸਿੰਘ, ਗੁਰਮੀਤ ਸਿੰਘ ਭਮਾਰਸੀ, ਜੀਤਾ ਭਮਾਰਸੀ, ਹਰਦੇਵ ਸਿੰਘ, ਬਿੰਦਰ ਸਿੰਘ, ਸੁਰਜੀਤ ਸਿੰਘ, ਸਤਨਾਮ ਸਿੰਘ, ਗੁਰਦੀਪ ਸਿੰਘ, ਸੁਖਮਨਜੋਤ ਸਿੰਘ, ਦੀਪਾ, ਜਸਵੀਰ ਸਿੰਘ, ਗੁਰਸੇਵਕ ਸਿੰਘ, ਦਰਬਾਰਾ ਸਿੰਘ ਜੱਸੀ ਆਦਿ ਹਾਜ਼ਰ ਸਨ।

# ਸਰਬੱਤ ਦਾ ਭਲਾ ਦੀਆਂ ਟੀਮਾਂ ਨੇ ਹੜ੍ਹ ਪੀੜਤਾਂ ਨੂੰ ਸੁੱਕਾ ਰਾਸ਼ਨ ਵੰਡਿਆ

ਡਾ. ਬਲਜੀਤ ਕੌਰ ਕੈਬਨਿਟ ਮੰਤਰੀ ਪੰਜਾਬ ਨੇ ਦਿੱਤੀ ਹਰੀ ਝੰਡੀ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)**-ਡਾਕਟਰ ਐੱਸ ਪੀ ਸਿੰਘ ਓਬਰਾਏ ਵੱਲੋਂ ਮਾਨਵਤਾ ਦੀ ਭਲਾਈ ਲਈ ਜਿੱਥੇ ਬਹੁਤ ਵਡਮੁੱਲਾ ਯੋਗਦਾਨ ਪਾਇਆ ਜਾ ਰਿਹਾ ਹੈ, ਉੱਥੇ ਹੜ੍ਹਾਂ ਨਾਲ ਪ੍ਰਭਾਵਿਤ ਲੋਕਾਂ ਦੀ ਬਾਂਹ ਫੜ੍ਹ ਕੇ ਉਨ੍ਹਾਂ ਨੂੰ ਬਹੁਤ ਹੀ ਵੱਡੀ ਗਿਣਤੀ ਵਿੱਚ ਹਰਾ ਚਾਰਾ, ਪਸ਼ੂਆਂ ਦੀ ਫੀਡ, ਤਰਪਾਲਾਂ, ਮੱਛਰਦਾਨੀਆਂ, ਸੈਨਟਰੀ ਪੈਡ, ਦਵਾਈਆਂ, ਸੁੱਕਾ ਰਾਸ਼ਨ ਤੇ ਮੰਗ ਅਨੁਸਾਰ ਹਰ ਚੀਜ਼ ਖੁੱਲ੍ਹੀ ਮਾਤਰਾ ਵਿੱਚ ਦਿੱਤੀ ਜਾ ਰਹੀ ਹੈ।ਅਮਰਜੀਤ ਕੌਰ ਪ੍ਰਧਾਨ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਜ਼ਿਲ੍ਹਾ ਫਿਰੋਜ਼ਪੁਰ ਤੇ ਅਰਵਿੰਦਰ ਪਾਲ ਸਿੰਘ ਚਾਹਲ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਪਿੰਡ ਕੁਤਬਦੀਨ ਤੇ ਇਸ ਦੇ ਆਸ-ਪਾਸ ਪਿੰਡਾਂ ਦੇ ਹੜ੍ਹਾਂ ਤੋਂ ਪ੍ਰਭਾਵਿਤ ਲੋਕਾਂ ਨੂੰ 100 ਕੁਇੰਟਲ ਸੁੱਕਾ ਰਾਸ਼ਨ ਦਿੱਤਾ ਗਿਆ ਹੈ। ਡਾਕਟਰ ਬਲਜੀਤ ਕੌਰ ਕੈਬਨਿਟ ਮੰਤਰੀ ਪੰਜਾਬ ਸਰਕਾਰ ਵੱਲੋਂ ਹਰੀ ਝੰਡੀ ਦੇ ਕੇ ਡਾਕਟਰ ਓਬਰਾਏ ਵੱਲੋਂ ਭੇਜੇ 100 ਕੁਇੰਟਲ ਸੁੱਕੇ ਰਾਸ਼ਨ ਨੂੰ ਰਵਾਨਾ ਕੀਤਾ ਗਿਆ ਸੀ ਅਤੇ ਇਸ ਤੋਂ ਕੁਝ ਦਿਨ ਪਹਿਲਾਂ ਪਸ਼ੂਆਂ ਨੂੰ ਵੱਡੀ ਪੱਧਰ ਤੇ ਫੀਡ ਵੀ ਦਿੱਤੀ ਜਾ ਚੁੱਕੀ ਹੈ। ਟਰੱਸਟ ਤੋਂ ਮਿਲੀ ਜਾਣਕਾਰੀ ਅਨੁਸਾਰ ਜਿੱਥੇ ਕਿਤੇ ਵੀ ਹੜ੍ਹਾਂ ਤੋਂ ਪ੍ਰਭਾਵਿਤ ਲੋਕਾਂ ਨੂੰ ਕੋਈ ਵੀ ਲੋੜ ਮਹਿਸੂਸ ਹੁੰਦੀ ਹੈ ਤਾਂ ਡਾਕਟਰ ਓਬਰਾਏ ਵੱਲੋਂ ਤੁਰੰਤ ਉਸ ਨੂੰ ਪੂਰਾ ਕੀਤਾ ਜਾਂਦਾ ਹੈ।ਇਸ ਮੌਕੇ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਟੀਮ ਵੱਲੋਂ ਜਸਬੀਰ ਸਿੰਘ ਰਿਟਾ. ਏ ਐੱਸ ਆਈ ਚਰਨਜੀਤ ਸਿੰਘ, ਸੁਖਬੀਰ ਸਿੰਘ ਜੈਲਦਾਰ, ਬਲਦੇਵ ਸਿੰਘ ਤੇ ਟਰੱਸਟ ਦੀ ਫਿਰੋਜ਼ਪੁਰ ਟੀਮ ਵੱਲੋਂ ਦਵਿੰਦਰ ਸਿੰਘ ਛਾਬੜਾ ਮੀਤ ਪ੍ਰਧਾਨ, ਵਿਜੇ ਕੁਮਾਰ ਬਹਿਲ ਕੈਸ਼ੀਅਰ, ਰਣਜੀਤ ਸਿੰਘ ਰਾਏ ਸਲਾਹਕਾਰ, ਮਹਾਂਵੀਰ ਸਿੰਘ, ਜਸਪ੍ਰੀਤ ਕੌਰ ਇਚਾਰਜ ਤਲਵੰਡੀ ਭਾਈ ਆਦਿ ਹਾਜ਼ਰ ਸਨ।

# ਸਪੀਕਰ ਸੰਧਵਾਂ ਨੇ ਖ਼ੂਨਦਾਨ ਕੈਂਪ 'ਚ ਕੀਤੀ ਸ਼ਿਰਕਤ



**ਕੋਟਕਪੂਰਾ (ਰਛਪਾਲ ਭੁੱਲਰ)**-ਸਪੀਕਰ ਪੰਜਾਬ ਵਿਧਾਨ ਸਭਾ ਸ. ਕੁਲਤਾਰ ਸਿੰਘ ਸੰਧਵਾਂ ਨੇ ਕੋਟਕਪੂਰਾ ਦੇ ਅਗਰਵਾਲ ਭਵਨ ਜਾਜਪਤ ਨਗਰ ਵਿਖੇ ਲਗਾਏ ਖ਼ੂਨਦਾਨ ਕੈਂਪ ਵਿੱਚ ਸ਼ਿਰਕਤ ਕੀਤੀ।ਇਹ ਖ਼ੂਨਦਾਨ ਕੈਂਪ ਲਾਲਾ ਜਗਤ ਨਰਾਇਣ ਜੀ ਦੀ 44ਵੀਂ ਬਰਸੀ ਨੂੰ ਸਮਰਪਤ ਲਗਾਇਆ ਗਿਆ ਸੀ।ਇਸ ਮੌਕੇ ਸਪੀਕਰ ਸ. ਸੰਧਵਾਂ ਨੇ ਕਿਹਾ ਕਿ ਲਾਲਾ ਜਗਤ ਨਰਾਇਣ ਜੀ ਦਾ ਜੀਵਨ ਲੋਕਤੰਤਰਿਕ ਮੁੱਲਾਂ ਦੀ ਰੱਖਿਆ ਤੇ ਸਮਾਜ ਨੂੰ ਸੱਚਾਈ, ਹਿੰਮਤ ਅਤੇ ਨਿਰਪੱਖ ਪੱਤਰਕਾਰਿਤਾ ਵੱਲ ਪ੍ਰੇਰਿਤ ਕਰਨ ਵਾਲਾ ਹੈ।ਉਨ੍ਹਾਂ ਕਿਹਾ ਕਿ ਅਸੀਂ ਸਮਾਜ ਸੇਵਾ ਦੇ ਕਾਰਜ ਕਰਕੇ ਨੌਜਵਾਨ ਪੀੜ੍ਹੀ ਨੂੰ ਸੱਚਾਈ, ਸੇਵਾ ਤੇ ਸਮਰਪਣ ਦਾ ਸਨੇਹਾ ਦੇ ਸਕਦੇ ਹਾਂ।ਸ. ਸੰਧਵਾਂ ਨੇ ਖ਼ੂਨਦਾਨ ਕਰਨ ਵਾਲੇ ਸੇਵਾਦਾਰਾਂ ਦੀ ਹੌਸਲਾ ਅਫ਼ਜ਼ਾਈ ਕਰਦਿਆਂ ਕਿਹਾ ਕਿ ਖ਼ੂਨਦਾਨ ਸਭ ਤੋਂ ਵੱਡੀ ਸੇਵਾ ਹੈ, ਜੋ ਕਿਸੇ ਮਨੁੱਖ ਦੀ ਜ਼ਿੰਦਗੀ ਬਚਾ ਸਕਦੀ ਹੈ।ਉਨ੍ਹਾਂ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਸਮਾਜਿਕ ਕਾਰਜਾਂ ਵਿੱਚ ਅੱਗੇ ਆਉਣ ਤੇ ਖ਼ੂਨਦਾਨ ਵਰਗੇ ਉੱਚੇ ਉਪਰਾਲਿਆਂ ਵਿੱਚ ਹਿੱਸਾ ਲੈਣ।ਇਸ ਮੌਕੇ ਵੱਡੀ ਗਿਣਤੀ ਵਿੱਚ ਸਥਾਨਕ ਲੋਕ, ਸਮਾਜ ਸੇਵੀ ਸੰਸਥਾਵਾਂ ਦੇ ਮੈਂਬਰ ਤੇ ਨੌਜਵਾਨ ਮੌਜੂਦ ਸਨ, ਜਿਨ੍ਹਾਂ ਨੇ ਖ਼ੂਨਦਾਨ ਕਰਕੇ ਆਪਣਾ ਵੱਡਮੁੱਲਾ ਯੋਗਦਾਨ ਪਾਇਆ।

# ਸਾਰੇ ਅਧਿਆਪਕਾਂ ਨੂੰ ਬਦਲੀਆਂ ਦਾ ਇੱਕ ਮੌਕਾ ਹੋਰ ਦੇਵੇ ਸਰਕਾਰ : ਸ਼ਰਮਾ



ਆਪਸੀ ਬਦਲੀ 'ਚ ਠਹਿਰ ਦੀ ਸ਼ਰਤ ਹੋਵੇ ਖਤਮ : ਧੂਲਕਾ

**ਮਾਨਸਾ/ਬੁਢਲਾਡਾ (ਆਤਮਾ ਸਿੰਘ ਪਮਾਰ/ਅਸ਼ੋਕ ਲਾਕੜਾ)**-ਮੁੱਖ ਅਧਿਆਪਕ ਜਥੇਬੰਦੀ ਪੰਜਾਬ ਨੇ ਸਿੱਖਿਆ ਮੰਤਰੀ ਪੰਜਾਬ ਤੋਂ ਮੰਗ ਕਰਦਿਆਂ ਕਿਹਾ ਕਿ ਪੰਜਾਬ ਭਰ ਦੇ ਸਮੁੱਚੇ ਅਧਿਆਪਕਾਂ ਨੂੰ ਬਦਲੀ ਦਾ ਇੱਕ ਹੋਰ ਮੌਕਾ ਦੇਣਾ ਚਾਹੀਦਾ ਹੈ।ਜਥੇਬੰਦੀ ਦੇ ਸੂਬਾਈ ਪ੍ਰਧਾਨ ਅਮਨਦੀਪ ਸ਼ਰਮਾ ਨੇ ਕਿਹਾ ਕਿ ਜ਼ਿਲ੍ਹਾ ਕਾਡਰ ਬਦਲੀਆਂ, ਸਟੇਟ ਕਾਡਰ ਬਦਲੀਆਂ ਤੋਂ ਬਾਅਦ ਜਿਹੜੇ ਸਟੇਸ਼ਨ ਖਾਲੀ ਹੋਏ ਹਨ, ਉਥੋਂ ਦੂਰ ਦਰਾਡੇ ਬੈਠੇ ਅਧਿਆਪਕ ਆਪਣੀ ਬਦਲੀ ਕਰਵਾ ਕੇ ਆਪਣੇ ਘਰਾਂ ਦੇ ਨੇੜੇ ਆ ਸਕਦੇ ਹਨ।ਉਨ੍ਹਾਂ ਕਿਹਾ ਕਿ ਜਿਨ੍ਹਾਂ ਅਧਿਆਪਕਾਂ ਨੂੰ ਤਰੱਕੀਆਂ ਸਮੇਂ ਦੂਰ ਦਰਾਡੇ ਸਟੇਸ਼ਨ ਅਲਾਟ ਕੀਤੇ ਗਏ ਸਨ, ਉਨ੍ਹਾਂ ਨੂੰ ਵੀ ਇੱਕ ਵਾਰ ਬਦਲੀ ਦਾ ਮੌਕਾ ਦੇਣਾ ਬਣਦਾ ਹੈ।ਅਧਿਆਪਕ ਆਗੂ ਨੇ ਕਿਹਾ ਕਿ ਇਸ ਮਸਲੇ ਸਬੰਧੀ 26 ਜੂਨ ਨੂੰ ਮਾਨਯੋਗ ਸਿੱਖਿਆ ਸਕੱਤਰ ਪੰਜਾਬ ਨਾਲ ਵੀ ਮੀਟਿੰਗ ਹੋਈ ਸੀ।ਮਾਸਟਰ ਕਾਡਰ, ਲੈਕਚਰਾਰ ਦੀਆਂ ਤਰੱਕੀਆਂ ਸਮੇਂ ਦੂਰ ਦੁਰਾਡੇ ਸਟੇਸ਼ਨਾਂ ਤੇ ਜੁਆਇਨ ਕਰਨ ਵਾਲੇ ਅਧਿਆਪਕਾਂ ਨੂੰ ਬਦਲੀਆਂ ਦਾ ਮੌਕਾ ਦੇਣ ਦੀ ਮੰਗ ਕਰਦਿਆਂ ਸ਼ਰਮਾ ਨੇ ਕਿਹਾ ਕਿ ਉਸ ਸਮੇਂ ਵੱਖ-ਵੱਖ ਜ਼ਿਲ੍ਹਿਆਂ ਵਿੱਚ ਸਟੇਸ਼ਨ ਨਹੀਂ ਖੋਲੇ ਗਏ ਸਨ, ਜਦੋਂਕਿ ਬਦਲੀਆਂ ਵਿੱਚ ਹੁਣ ਸਟੇਸ਼ਨ ਵਿਖਾਏ ਗਏ ਹਨ। ਉਨ੍ਹਾਂ ਕਿਹਾ ਕਿ 6635 ਅਧਿਆਪਕਾਂ ਦਾ ਬਦਲੀਆਂ ਦੇ ਪਹਿਲੇ ਗੇੜ 'ਚ ਪਰਖਕਾਲ ਪੂਰਾ ਨਹੀਂ ਹੋਇਆ ਸੀ ਤੇ ਹੁਣ ਇਹ ਪਰਖ ਕਾਲ ਵੀ ਪੂਰਾ ਹੋ ਚੁੱਕਾ ਹੈ।ਇਸ ਲਈ ਸਮੁੱਚੇ ਅਧਿਆਪਕਾਂ ਨੂੰ ਬਦਲੀ ਦਾ ਇੱਕ ਮੌਕਾ ਹੋਰ ਦੇਣ ਦੀ ਮੰਗ ਕੀਤੀ।ਜਥੇਬੰਦੀ ਦੇ ਸੂਬਾਈ ਮੀਤ ਪ੍ਰਧਾਨ ਰਘਵਿੰਦਰ ਸਿੰਘ ਧੂਲਕਾ ਨੇ ਕਿਹਾ ਕਿ ਆਪਸੀ ਬਦਲੀਆਂ ਵਿੱਚ ਠਹਿਰ ਦੀ ਸ਼ਰਤ ਖਤਮ ਕਰਕੇ ਅਧਿਆਪਕਾਂ ਦੀਆਂ ਆਪਸੀ ਬਦਲੀਆਂ ਤੁਰੰਤ ਕੀਤੀਆਂ ਜਾਣ, ਕਿਉਂਕਿ ਆਪਸੀ ਬਦਲੀਆਂ ਨਾਲ ਬੱਚਿਆਂ ਦੀ ਪੜ੍ਹਾਈ ਦਾ ਵੀ ਕੋਈ ਨੁਕਸਾਨ ਨਹੀਂ ਹੁੰਦਾ।

# 'ਆਸ਼ਾ ਵਰਕਰਾਂ' ਲਈ ਛੇ ਮਹੀਨੇ ਦੀ ਜਣੇਪਾ ਛੁੱਟੀ

**ਚੰਡੀਗੜ੍ਹ (ਗੁਰਜੀਤ ਬਿੱਲਾ)**-ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਬੁੱਧਵਾਰ ਇਥੇ ਐਲਾਨ ਕੀਤਾ ਕਿ ਰਾਸ਼ਟਰੀ ਸਿਹਤ ਮਿਸ਼ਨ (ਐੱਨ ਐੱਚ ਐੱਮ) ਅਧੀਨ ਸਿਹਤ ਅਤੇ ਪਰਵਾਰ ਭਲਾਈ ਵਿਭਾਗ ਵਿੱਚ ਕੰਮ ਕਰਨ ਵਾਲੇ ਮਾਨਤਾ ਪ੍ਰਾਪਤ ਸਮਾਜਿਕ ਸਿਹਤ ਕਾਰਕੁਨ (ਏ ਐੱਸ ਐੱਚ ਏ) ਅਤੇ ਆਸ਼ਾ ਫੈਸੀਲੀਟੇਟਰ ਹੁਣ ਛੇ ਮਹੀਨੇ ਦੀ ਜਣੇਪਾ ਛੁੱਟੀ ਦੇ ਹੱਕਦਾਰ ਹੋਣਗੇ। ਇਹ ਲਾਭ ਜਣੇਪਾ ਲਾਭ ਐਕਟ, 1961 ਦੇ ਉਪਬੰਧਾਂ ਅਧੀਨ ਦਿੱਤਾ ਜਾਵੇਗਾ।

ਉਨ੍ਹਾ ਸਪੱਸ਼ਟ ਕੀਤਾ ਕਿ ਇਹ ਛੁੱਟੀ ਕਿਸੇ ਹੋਰ ਛੁੱਟੀ ਦੇ ਖਾਤਿਆਂ ਵਿੱਚੋਂ ਨਹੀਂ ਕੱਟੀ ਜਾਵੇਗੀ। ਵਿੱਤ ਮੰਤਰੀ ਨੇ ਦੱਸਿਆ ਕਿ ਮੈਟਰਨਿਟੀ ਬੈਨੀਫਿਟ ਐਕਟ, 1961, ਅਤੇ 12 ਅਪ੍ਰੈਲ, 2017 ਦਾ ਇੱਕ ਸਰਕੂਲਰ ਪਹਿਲਾਂ ਹੀ ਸਾਰੀਆਂ ਮਹਿਲਾ ਕਰਮਚਾਰੀਆਂ ਨੂੰ ਕਵਰ ਕਰਦਾ ਹੈ, ਭਾਵੇਂ ਉਹ ਠੇਕੇ ਦੇ ਆਧਾਰ 'ਤੇ ਕੰਮ ਕਰ ਰਹੀਆਂ ਹੋਣ, ਸਲਾਹਕਾਰਾਂ ਵਜੋਂ ਜਾਂ ਕਿਸੇ ਏਜੰਸੀ ਰਾਹੀਂ। ਉਨ੍ਹਾ ਕਿਹਾ ਕਿ ਵਿੱਤ ਵਿਭਾਗ ਨੇ ਪਹਿਲਾਂ ਹੀ ਠੇਕੇ, ਸਲਾਹਕਾਰ ਅਤੇ ਆਊਟਸੋਰਸ ਕੀਤੇ ਕਰਮਚਾਰੀਆਂ ਨੂੰ ਮੈਟਰਨਿਟੀ ਬੈਨੀਫਿਟ ਲਈ ਪ੍ਰਵਾਨਗੀ ਦੇ ਦਿੱਤੀ ਹੈ।

# ਸਮਰਾਲਾ ਹਾਕੀ ਕਲੱਬ ਨੇ ਵਿਦਿਆਰਥਣਾਂ ਦੀ ਫ਼ੀਸ ਲਈ ਦਿੱਤੇ 22 ਹਜ਼ਾਰ



**ਸਮਰਾਲਾ (ਸੁਰਜੀਤ ਸਿੰਘ)**-ਵਾਤਾਵਰਨ ਨੂੰ ਸਮਰਪਤ ਸੰਸਥਾ ਸਮਰਾਲਾ ਹਾਕੀ ਕਲੱਬ ਵੱਲੋਂ ਧੀਆਂ, ਰੁੱਖਾਂ ਤੇ ਪਾਣੀ ਦੀ ਸੰਭਾਲ ਅਤੇ ਸੰਵੇਦਨਸ਼ੀਲ ਸੋਚ ਦੀ ਦਿਸ਼ਾ ਵਿੱਚ ਇੱਕ ਹੋਰ ਕਦਮ ਅੱਗੇ ਵਧਾਉਂਦਿਆਂ ਅੱਜ ਲੜਕੀਆਂ ਦੇ ਸਥਾਨਕ ਸੀਨੀਅਰ ਸੈਕੰਡਰੀ ਸਕੂਲ ਵਿੱਚ ਲੋੜਵੰਦ ਵਿਦਿਆਰਥਣਾਂ ਦੀ ਪੜ੍ਹਾਈ ਲਈ 22 ਹਜ਼ਾਰ ਰੁਪਏ ਦਾ ਚੈੱਕ ਪ੍ਰਿੰਸੀਪਲ ਰਾਜਿੰਦਰ ਸਿੰਘ ਦੇ ਹਵਾਲੇ ਕੀਤਾ।ਹਾਕੀ ਕਲੱਬ ਦੇ ਪ੍ਰਧਾਨ ਗੁਰਪ੍ਰੀਤ ਸਿੰਘ ਬੇਦੀ ਨੇ ਕਿਹਾ ਕਿ ਉਨ੍ਹਾਂ ਦੀ ਸੰਸਥਾ, ਜਿੱਥੇ ਥਾਂ ਥਾਂ 'ਤੇ ਰੁੱਖ ਲਗਾ ਕੇ ਵਾਤਾਵਰਨ ਨੂੰ ਹਰਾ ਭਰਾ ਰੱਖਣ ਲਈ ਯਤਨਸ਼ੀਲ ਹੈ, ਉਥੇ ਵੱਖ ਵੱਖ ਸਕੂਲਾਂ ਤੇ ਕਾਲਜਾਂ ਵਿੱਚ ਸੈਮੀਨਾਰ ਕਰਕੇ ਲੜਕੀਆਂ ਨੂੰ ਪੜ੍ਹਾਈ ਪ੍ਰਤੀ ਜਾਗਰੂਕ ਕਰਦੀ ਹੈ।ਇਸ ਮੌਕੇ ਗੁਰਪ੍ਰੀਤ ਸਿੰਘ ਬੇਦੀ ਤੇ ਕੈਸ਼ੀਅਰ ਮਨਦੀਪ ਸਿੰਘ ਰਿਐਤ ਨੇ ਆਪਣੀ ਵਚਨਬੱਧਤਾ ਦੁਹਰਾਉਂਦਿਆਂ ਕਿਹਾ ਕਿ ਇਲਾਕੇ ਵਿੱਚ ਲੋੜਵੰਦ ਵਿਦਿਆਰਥਣਾਂ, ਜੋ ਉੱਚ ਸਿੱਖਿਆ ਹਾਸਲ ਕਰਨ ਦੀਆਂ ਚਾਹਵਾਨ ਹਨ, ਪ੍ਰੰਤੂ ਫੀਸ ਪੱਖੋਂ ਪੜ੍ਹਾਈ ਜਾਰੀ ਰੱਖਣ ਵਿੱਚ ਅਸਮਰੱਥ, ਉਨ੍ਹਾਂ ਦੀ ਹਾਕੀ ਕਲੱਬ ਹਰ ਤਰ੍ਹਾਂ ਦੀ ਮਦਦ ਕਰੇਗਾ।ਸਕੂਲ ਪ੍ਰਿੰਸੀਪਲ ਤੇ ਸਟਾਫ਼ ਨੇ ਇਸ ਨੇਕ ਕਾਰਜ ਲਈ ਕਲੱਬ ਦਾ ਧੰਨਵਾਦ ਕੀਤਾ।ਉਨ੍ਹਾਂ ਹਾਕੀ ਕਲੱਬ ਦੇ ਸਮੂਹ ਅਹੁਦੇਦਾਰਾਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਅਜਿਹੀ ਸਮਾਜ ਸੇਵਾ ਨਾਲ ਭਵਿੱਖ ਵਿੱਚ ਸਿੱਖਿਆ ਸੰਸਥਾਵਾਂ ਨੂੰ ਹੋਰ ਹੱਲਾਸ਼ੇਰੀ ਮਿਲੇਗੀ।ਸਮਾਜ ਨੂੰ ਇੱਕ ਪੜ੍ਹਿਆ ਲਿਖਿਆ ਵਰਗ ਮਿਲੇਗਾ, ਜੋ ਵਿੱਤੀ ਸਾਧਨਾਂ ਤੋਂ ਬੇਸ਼ੱਕ ਕਮਜ਼ੋਰ ਹੈ, ਪ੍ਰੰਤੂ ਪੜ੍ਹਾਈ ਵਿੱਚ ਅੱਗੇ ਵਧਣ ਲਈ ਤਤਪਰ ਹੈ।ਅਜਿਹੀਆਂ ਸੰਸਥਾਵਾਂ ਵੱਲੋਂ ਕੀਤੇ ਕੰਮ ਸਮਾਜ ਲਈ ਉਸਾਰੂ ਸਾਬਿਤ ਹੋਣਗੇ।ਇਸ ਮੌਕੇ ਅਮਰੀਕ ਸਿੰਘ, ਪੂਰਨ ਸਿੰਘ, ਪ੍ਰਵੀਨ ਕੁਮਾਰ, ਸਤਿੰਦਰ ਸਿੰਘ, ਜਸਵੰਤ ਸਿੰਘ, ਡਾ. ਸੁੱਖਪਾਲ ਕੌਰ, ਰੀਤੂ ਮਿੱਤਲ ਤੇ ਅਵਤਾਰ ਸਿੰਘ ਆਦਿ ਹਾਜ਼ਰ ਸਨ।

# ਪੰਜਾਬ ਨੂੰ 1600 ਕਰੋੜ ਦੀ ਹੜ੍ਹ ਰਾਹਤ ਲਈ ਪ੍ਰਨੀਤ ਕੌਰ ਵੱਲੋਂ ਪ੍ਰਧਾਨ ਮੰਤਰੀ ਦਾ ਧੰਨਵਾਦ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਸਾਬਕਾ ਸੰਸਦ ਮੈਂਬਰ ਸ਼੍ਰੀਮਤੀ ਪ੍ਰਨੀਤ ਕੌਰ ਨੇ ਪੰਜਾਬ ਲਈ 1600 ਕਰੋੜ ਰੁਪਏ ਦੇ ਰਾਹਤ ਪੈਕੇਜ ਦਾ ਐਲਾਨ ਕਰਨ ਲਈ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਦਾ ਤਹਿ ਦਿਲੋਂ ਧੰਨਵਾਦ ਕੀਤਾ।ਉਨ੍ਹਾਂ ਕਿਹਾ ਕਿ ਇਹ ਰਾਸ਼ੀ ਪਹਿਲਾਂ ਹੀ ਮਨਜ਼ੂਰ ਹੋਏ 12,000 ਕਰੋੜ ਰੁਪਏ ਤੋਂ ਇਲਾਵਾ ਦਿੱਤੀ ਗਈ ਹੈ, ਪ੍ਰਧਾਨ ਮੰਤਰੀ ਦੇ ਇਸ ਐਲਾਨ ਨਾਲ ਪੰਜਾਬ ਦੇ ਲੋਕਾਂ ਨੂੰ ਭਰੋਸਾ ਮਿਲਿਆ ਹੈ ਕਿ ਕੇਂਦਰ ਸਰਕਾਰ ਮੁਸ਼ਕਲ ਸਮੇਂ ਵਿੱਚ ਉਨ੍ਹਾਂ ਦੇ ਨਾਲ ਖੜ੍ਹੀ ਹੈ।ਪਟਿਆਲਾ ਜ਼ਿਲ੍ਹੇ ਦੀ ਸਥਿਤੀ ਬਾਰੇ ਗੱਲ ਕਰਦਿਆਂ ਪ੍ਰਨੀਤ ਕੌਰ ਨੇ ਪ੍ਰਧਾਨ ਮੰਤਰੀ ਨੂੰ ਦੱਸਿਆ ਕਿ ਲਗਾਤਾਰ ਮੀਂਹ ਤੇ ਹੜ੍ਹਾਂ ਕਾਰਨ ਲਗਭਗ 133 ਪਿੰਡ ਤਬਾਹ ਹੋ ਗਏ ਹਨ ਅਤੇ 42,000 ਏਕੜ ਤੋਂ ਵੱਧ ਉਪਜਾਊ ਖੇਤੀਬਾੜੀ ਜ਼ਮੀਨ ਨੂੰ ਨੁਕਸਾਨ ਪਹੁੰਚਿਆ ਹੈ।ਉਨ੍ਹਾਂ ਪਟਿਆਲਾ ਵੱਲ ਵਿਸ਼ੇਸ਼ ਧਿਆਨ ਦੇਣ ਦੀ ਅਪੀਲ ਕੀਤੀ, ਕਿਉਂਕਿ ਘੱਗਰ, ਟਾਂਗਰੀ ਤੇ ਮਾਰਕੰਡਾ ਦਰਿਆਵਾਂ ਦੇ ਕਾਰਨ ਇਹ ਜ਼ਿਲ੍ਹਾ ਲਗਭਗ ਹਰ ਸਾਲ ਹੜ੍ਹਾਂ ਦਾ ਸ਼ਿਕਾਰ ਹੁੰਦਾ ਹੈ।ਪ੍ਰਨੀਤ ਕੌਰ ਨੇ ਪ੍ਰਧਾਨ ਮੰਤਰੀ ਨੂੰ ਕਿਹਾ ਹੈ ਕਿ ਉਹ ਕੇਂਦਰੀ ਜਲ ਕਮਿਸ਼ਨ ਨੂੰ ਘੱਗਰ ਨਦੀ ਬਾਰੇ ਪੂਰੀ ਜਾਂਚ ਕਰਨ ਤੇ ਪੱਕਾ ਹੱਲ ਲੱਭਣ ਦਾ ਹੁਕਮ ਦੇਣ, ਤਾਂ ਜੋ ਪਟਿਆਲਾ ਤੇ ਨੇੜਲੇ ਇਲਾਕਿਆਂ ਦੇ ਲੋਕਾਂ ਨੂੰ ਵਾਰ-ਵਾਰ ਆਉਂਦੇ ਹੜ੍ਹਾਂ ਤੋਂ ਰਾਹਤ ਮਿਲ ਸਕੇ।

# ਸਕੂਲ 'ਚ ਬੱਚਿਆਂ ਨੇ ਪਲਾਸਟਿਕ ਪਲੇਟਾਂ ਦੀ ਬਜਾਏ ਪੱਤਿਆਂ 'ਤੇ ਖਾਧਾ ਖਾਣਾ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਲਾਲਾ ਕਸਤੂਰੀ ਲਾਲ ਸਰਵਹਿਤਕਾਰੀ ਸੀਨੀਅਰ ਸੈਕੰਡਰੀ ਵਿੱਦਿਆ ਮੰਦਰ ਵਿਖੇ ਐੱਨ ਐੱਸ ਐੱਸ ਵਲੰਟੀਅਰਾਂ ਵੱਲੋਂ ਵਾਤਾਵਰਨ ਦੇ ਸਬੰਧ ਵਿੱਚ ਗਤੀਵਿਧੀਆਂ ਦੀ ਮੀਟਿੰਗ ਲੈਣ ਤੋਂ ਬਾਅਦ ਦੁਪਹਿਰ ਦਾ ਖਾਣਾ ਵਰਤਾਇਆ ਗਿਆ।ਇਸ ਮੌਕੇ ਬੱਚਿਆਂ ਨੇ ਵਾਤਾਵਰਣ ਸੁਰੱਖਿਆ ਵੱਲ ਇੱਕ ਸ਼ਲਾਘਾਯੋਗ ਕਦਮ ਚੁੱਕਿਆ ਤੇ ਪਲਾਸਟਿਕ ਦੀਆਂ ਪਲੇਟਾਂ ਦੀ ਬਜਾਏ ਰਵਾਇਤੀ ਪਲਾਸ਼ ਦੇ ਪੱਤਿਆਂ 'ਤੇ ਖਾਣਾ ਖਾਧਾ।ਐੱਨ ਐੱਸ ਐੱਸ ਇੰਚਾਰਜ ਦੀਦੀ ਨਿਰਮਲਜੀਤ ਕੌਰ ਨੇ ਇਸ ਮੌਕੇ ਕਿਹਾ ਕਿ ਛੋਟੀਆਂ ਆਦਤਾਂ ਨੂੰ ਬਦਲ ਕੇ ਸਮਾਜ ਵਿੱਚ ਵੱਡੇ ਬਦਲਾਅ ਲਿਆਂਦੇ ਜਾ ਸਕਦੇ ਹਨ। ਬੱਚਿਆਂ ਦੀ ਇਹ ਪਹਿਲ ਵਾਤਾਵਰਣ ਪ੍ਰਤੀ ਸਕਾਰਾਤਮਕ ਸੋਚ ਨੂੰ ਦਰਸਾਉਂਦੀ ਹੈ ਤੇ ਭਵਿੱਖ ਵਿੱਚ ਇਹ ਸੋਚ ਸਮਾਜ ਵਿੱਚ ਬਦਲਾਅ ਲਿਆਏਗੀ।ਪ੍ਰੋਗਰਾਮ ਦੇ ਅੰਤ ਵਿੱਚ ਵਿੱਦਿਆ ਭਾਰਤੀ ਪੰਜਾਬ ਰਾਜ ਵਾਤਾਵਰਣ ਪ੍ਰਮੁੱਖ ਤੇ ਪ੍ਰਿੰਸੀਪਲ ਰਪਿੰਦਰ ਪਟਿਆਲ ਨੇ ਵੀ ਬੱਚਿਆਂ ਦੇ ਯਤਨਾਂ ਦੀ ਪ੍ਰਸੰਸਾ ਕੀਤੀ ਅਤੇ ਕਿਹਾ ਕਿ ਵਾਤਾਵਰਣ ਪ੍ਰਤੀ ਜਾਗਰੂਕਤਾ ਦਾ ਇਹ ਛੋਟਾ ਜਿਹਾ ਕਦਮ ਆਉਣ ਵਾਲੇ ਸਮੇਂ ਵਿੱਚ ਇੱਕ ਵੱਡਾ ਸੰਦੇਸ਼ ਦੇਵੇਗਾ।

# ਹੜ੍ਹ ਨਾਲ ਪਹਾੜਾਂ ਤੋਂ ਰੁੜ੍ਹ ਕੇ ਆਈ ਮਿੱਟੀ ਦੀ ਪੀ ਏ ਯੂ ਮੁਫਤ ਕਰੇਗੀ ਜਾਂਚ : ਵੀ ਸੀ

**ਪਟਿਆਲ਼ਾ (ਰਾਜਿੰਦਰ ਸਿੰਘ ਥਿੰਦ)**-ਹੜ੍ਹ ਨਾਲ ਆਈ ਮਿੱਟੀ ਨੂੰ ਲੈ ਕੇ ਪੀ ਏ ਯੂ ਵੱਲੋਂ ਵੱਡਾ ਐਲਾਨ ਕੀਤਾ ਗਿਆ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਵੀ ਸੀ ਨੇ ਕਿਹਾ ਕਿ ਪੀ ਏ ਯੂ ਹੜ੍ਹਾਂ 'ਚ ਪਹਾੜਾਂ ਤੋਂ ਹੜ੍ਹ ਕੇ, ਜੋ ਮਿੱਟੀ ਕਿਸਾਨਾਂ ਦੇ ਖੇਤਾਂ ਵਿੱਚ ਆਈ ਹੈ, ਉਸ ਦੀ ਮੁਫ਼ਤ ਜਾਂਚ ਕੀਤੀ ਜਾਵੇਗੀ। ਪੰਜਾਬ ਵਿੱਚ ਹੜ੍ਹ ਕਾਰਨ ਖੇਤ 'ਚ ਰੇਤ, ਸਿਲਟ ਤੇ ਕਲੇ ਹੜ੍ਹ ਕੇ ਆਈ ਹੈ।ਇਸ ਨੂੰ ਲੈ ਕੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਸਤਬੀਰ ਗੋਸਲ ਨੇ ਇੱਕ ਵੱਡਾ ਐਲਾਨ ਕੀਤਾ ਹੈ।ਉਨ੍ਹਾਂ ਕਿਹਾ ਕਿ ਸਤੰਬਰ 27 ਕਿਸਾਨ ਮੇਲੇ ਦੀ ਸ਼ੁਰੂਆਤ ਹੋਣ ਜਾ ਰਹੀ ਹੈ ਤੇ ਇਨ੍ਹਾਂ ਮੇਲਿਆਂ ਦੇ ਦੌਰਾਨ ਵਿਸ਼ੇਸ਼ ਕੈਂਪ ਰਾਹੀਂ ਕਿਸਾਨਾਂ ਦੀ ਜ਼ਮੀਨਾਂ ਦੀ ਮਿੱਟੀ ਦੀ ਪਰਖ ਕੀਤੀ ਜਾਂਦੀ ਹੈ, ਜਿਸ ਦੀ ਕੀਮਤ ਲਗਭਗ 50 ਰੁਪਏ ਹੁੰਦੀ ਹੈ, ਪਰ ਅਸੀਂ ਹੜ੍ਹ ਦੇ ਮੱਦੇਨਜ਼ਰ ਇਹ ਫੈਸਲਾ ਕੀਤਾ ਹੈ ਕਿ ਇਹ ਮਿੱਟੀ ਦੀ ਜਾਂਚ ਪੂਰੀ ਤਰ੍ਹਾਂ ਮੁਫਤ ਕੀਤੀ ਜਾਵੇਗੀ।ਕਿਸਾਨ ਆਪਣੇ ਖੇਤ ਤੋਂ ਮਿੱਟੀ ਲਿਆ ਕੇ ਉਸ ਦੀ ਪਰਖ ਜ਼ਰੂਰ ਕਰਵਾ ਸਕਦੇ ਹਨ।ਉਨ੍ਹਾਂ ਕਿਹਾ ਕਿ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਹਮੇਸ਼ਾ ਹੀ ਕਿਸਾਨਾਂ ਦੇ ਨਾਲ ਖੜ੍ਹੀ ਹੈ ਤੇ ਖੜ੍ਹੀ ਰਹੇਗੀ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਉਮੀਦ ਵਿਗਿਆਨ ਦੇ ਮੁਖੀ ਡਾਕਟਰ ਰਾਜੇਸ਼ ਸਿੱਕਾ ਨੇ ਕਿਹਾ ਕਿ ਇਹ ਮਿੱਟੀ ਚਾਰ ਧਾਤਾਂ ਦੇ ਨਾਲ ਬਣੀ ਹੈ, ਜਿਸ ਦੇ ਵਿੱਚ ਸੈਂਡ ਭਾਵ ਰੇਤਾ ਸਿਲਟ ਲਾਲ ਮਿੱਟੀ ਅਤੇ ਕਲੇ, ਚਿਕਣੀ ਮਿੱਟੀ ਤੇ ਨਾਲ ਹੀ ਔਰਗੈਨਿਕ ਤੱਤ ਹੁੰਦੇ ਹਨ।ਉਨ੍ਹਾਂ ਕਿਹਾ ਕਿ ਜੇਕਰ ਕਿਸੇ ਜ਼ਮੀਨ ਦੇ ਵਿੱਚ ਅਜਿਹੇ ਤੱਤ ਆ ਜਾਂਦੇ ਹਨ ਤਾਂ ਤੁਸੀਂ ਹਰੀਆਂ ਖਾਦਾਂ ਇਸ ਦੇ ਬਾਵਜੂਦ ਜ਼ਰੂਰ ਪਾਉਣੀਆਂ ਹਨ ਭਾਵੇਂ ਉਹ ਰੂੜੀ ਦੀ ਖਾਦ ਹੈ ਜਾਂ ਫਿਰ ਕੋਈ ਹੋਰ ਥਾਂ ਹੈ, ਉਸ ਦਾ ਇਸਤੇਮਾਲ ਕਰਨ ਦੀ ਲੋੜ ਹੈ।ਇਸ ਮਿੱਟੀ ਦੇ ਨਾਲ ਕੋਈ ਨੁਕਸਾਨ ਵੀ ਹੁੰਦਾ ਹੈ ਤਾਂ ਅਜਿਹੀ ਖਾਦ ਤੇ ਤੱਤ ਪਾਉਣ ਦੇ ਨਾਲ ਇਸ ਦਾ ਜ਼ਮੀਨ ਚੰਗਾ ਹੀ ਪ੍ਰਭਾਵ ਪਵੇਗਾ।

## ...ਸ.ਫਾ 1 ਦੇ ਬਾਕੀ

### ਪੰਜਾਬ ਵਿਰੁੱਧ ਨਫਰਤ...

ਮੰਤਰੀ ਵੱਲੋਂ ਪੰਜਾਬੀ ਭਾਸ਼ਾ ਦਾ ਅਪਮਾਨ ਕਰਨਾ ਅਤੇ ਹੜ੍ਹ ਪੀੜਤਾਂ ਪ੍ਰਤੀ ਅੱਖਾਂ ਮੀਟਣਾ, ਪੰਜਾਬ ਪ੍ਰਤੀ ਉਨ੍ਹਾਂ ਦੀ ਨਫ਼ਰਤ ਨੂੰ ਦਰਸਾਉਂਦਾ ਹੈ।ਉਨ੍ਹਾ ਕਿਹਾ ਕਿ ਅਸੀਂ ਹਿੰਦੀ ਭਾਸ਼ਾ ਦਾ ਸਤਿਕਾਰ ਕਰਦੇ ਹਾਂ, ਜੋ ਸਾਡੇ ਵਿੱਚੋਂ ਜ਼ਿਆਦਾਤਰ ਲੋਕਾਂ ਨੇ ਸਕੂਲਾਂ ਵਿੱਚ ਸਿੱਖੀ ਹੈ, ਪਰ ਭਾਸ਼ਾਈ ਆਧਾਰ 'ਤੇ ਚੁਣੀ ਹੋਈ ਰਾਜ ਸਰਕਾਰ ਦੇ ਕੈਬਨਿਟ ਮੰਤਰੀ ਨੂੰ ਨੀਵਾਂ ਦਿਖਾਉਣਾ ਸਿਰਫ਼ ਹੰਕਾਰ ਨਹੀਂ, ਇਹ ਸੰਘੀ ਢਾਂਚੇ ਨਾਲ ਧਰੋਹ ਹੈ। ਉਹਨਾ ਕਿਹਾ ਕਿ ਪ੍ਰਧਾਨ ਮੰਤਰੀ ਅਜੇ ਵੀ ਤਿੰਨ ਕਾਲੇ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਪ੍ਰਤੀ ਨਾਰਾਜ਼ਗੀ ਰੱਖਦੇ ਹਨ, ਜੋ ਪੰਜਾਬ ਦੇ ਕਿਸਾਨਾਂ ਦੇ ਲੰਮੇ ਵਿਰੋਧ ਤੋਂ ਬਾਅਦ ਵਾਪਸ ਲਏ ਗਏ ਸਨ। ਉਨ੍ਹਾ ਕਿਹਾ ਕਿ ਗਲਤੀ ਨਾਲ ਬਣਾਏ ਕਾਨੂੰਨਾਂ ਨੂੰ ਵਾਪਸ ਲੈਣਾ ਕੋਈ ਵੱਡੀ ਗੱਲ ਨਹੀਂ ਅਤੇ ਇਸ ਕਾਰਨ ਕਿਸੇ ਨੂੰ ਆਪਣੇ ਲੋਕਾਂ ਪ੍ਰਤੀ ਨਫ਼ਰਤ ਨਹੀਂ ਰੱਖਣੀ ਚਾਹੀਦੀ। ਉਨ੍ਹਾ ਪ੍ਰਧਾਨ ਮੰਤਰੀ ਨੂੰ ਬੇਨਤੀ ਕੀਤੀ ਕਿ ਉਹ ਆਪਣੇ ਦਿਲ ਅਤੇ ਦਿਮਾਗ ਵਿੱਚੋਂ ਪੰਜਾਬੀਆਂ ਪ੍ਰਤੀ ਨਫ਼ਰਤ ਨੂੰ ਦੂਰ ਕਰਨ ਲਈ 10 ਦਿਨ ਦਾ ਪਸ਼ਚਾਤਾਪ ਕਰਨ।ਚੀਮਾ ਨੇ ਅਸਲ ਹੜ੍ਹ ਪ੍ਰਭਾਵਤ ਨਾਗਰਿਕਾਂ ਦੀ ਬਜਾਏ ਭਾਰਤੀ ਜਨਤਾ ਪਾਰਟੀ ਦੇ ਪ੍ਰਤੀਨਿਧੀਆਂ ਅਤੇ ਵਰਕਰਾਂ ਨਾਲ ਮੁਲਾਕਾਤ ਕਰਨ ਦੇ ਪ੍ਰਧਾਨ ਮੰਤਰੀ ਦੇ ਫੈਸਲੇ ਦੀ ਨਿੰਦਾ ਕੀਤੀ। ਉਨ੍ਹਾ ਭਾਜਪਾ ਆਗੂਆਂ ਦੀਆਂ ਤਸਵੀਰਾਂ ਸਾਂਝੀਆਂ ਕੀਤੀਆਂ, ਜਿਨ੍ਹਾਂ ਨੂੰ ਮੀਟਿੰਗ ਦੌਰਾਨ ਹੜ੍ਹ ਪੀੜਤਾਂ ਵਜੋਂ ਦਰਸਾਇਆ ਗਿਆ ਸੀ। ਵਿੱਤ ਮੰਤਰੀ ਨੇ ਕਿਹਾ ਕਿ ਜੇਕਰ ਪ੍ਰਧਾਨ ਮੰਤਰੀ ਸਿਰਫ਼ ਆਪਣੇ ਪਾਰਟੀ ਵਰਕਰਾਂ ਨਾਲ ਹੀ ਮਿਲਣਾ ਚਾਹੁੰਦੇ ਸਨ ਤਾਂ ਉਹ ਪੰਜਾਬ ਆਉਣ ਅਤੇ ਇਸ ਨਾਟਕੀ ਸ਼ੋਅ ਨੂੰ ਪੇਸ਼ ਕਰਨ ਦੀ ਬਜਾਏ ਉਨ੍ਹਾਂ ਨੂੰ ਚਾਹ ਪਾਰਟੀ ਲਈ ਦਿੱਲੀ ਬੁਲਾ ਸਕਦੇ ਸਨ।

### ਨੇਪਾਲੀ ਫੌਜ ਵੱਲੋਂ...

ਬਾਅਦ ਵੀ ਅੰਦੋਲਨ ਜਾਰੀ ਰਿਹਾ। ਨੇਪਾਲ ਵਿਚ ਵਿਰੋਧ ਦੀ ਅੱਗ ਦਾ ਸੇਕ ਭਾਰਤ ਦੇ ਸਰਹੱਦੀ ਜ਼ਿਲ੍ਹਿਆਂ ਵਿੱਚ ਦੇਖਿਆ ਜਾ ਰਿਹਾ ਹੈ। ਚਾਰੇ ਪਾਸੇ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਗਏ ਹਨ। ਸਰਹੱਦ ਉਤੇ ਤਾਇਨਾਤ ਸੁਰੱਖਿਆ ਬਲ ਅਲਰਟ ਹਨ। ਇਸ ਦੌਰਾਨ ਨੇਪਾਲ ਦੀ ਕਪਿਲਵਸਤੂ ਜ਼ਿਲ੍ਹਾ ਜੇਲ੍ਹ ਤੋਂ 459 ਕੈਦੀ ਫਰਾਰ ਹੋ ਗਏ ਹਨ। ਬੁੱਧਵਾਰ ਸਵੇਰੇ ਪ੍ਰਦਰਸ਼ਨਕਾਰੀਆਂ ਨੇ ਕਪਿਲਵਸਤੂ ਜੇਲ੍ਹ ਉਤੇ ਹਮਲਾ ਕਰ ਦਿੱਤਾ। ਇਸ ਦੌਰਾਨ ਸਾਰੇ ਕੈਦੀ ਫਰਾਰ ਹੋ ਗਏ। ਕੈਦੀਆਂ ਦੇ ਭੱਜਣ ਤੋਂ ਬਾਅਦ ਭਾਰਤ ਵਿੱਚ ਘੁਸਪੈਠ ਦੀ ਸੰਭਾਵਨਾ ਤੋਂ ਬਾਅਦ ਸੁਰੱਖਿਆ ਫੋਰਸਾਂ ਅਲਰਟ ਹੋ ਗਈਆਂ ਹਨ। ਸਰਹੱਦ ਉਤੇ ਸ਼ੱਕੀਆਂ ਦੀ ਜਾਂਚ ਚੱਲ ਰਹੀ ਹੈ। ਨੇਪਾਲ ਵਿੱਚ ਫਸੇ ਭਾਰਤੀਆਂ ਅਤੇ ਭਾਰਤ ਵਿੱਚ ਫਸੇ ਨੇਪਾਲੀ ਨਾਗਰਿਕਾਂ ਨੂੰ ਸਰਹੱਦ ਉਤੇ ਉਨ੍ਹਾਂ ਦੇ ਆਈ ਡੀ ਅਤੇ ਉਨ੍ਹਾਂ ਦੇ ਸਮਾਨ ਦੀ ਜਾਂਚ ਕਰਨ ਤੋਂ ਬਾਅਦ ਅੱਗੇ ਜਾਣ ਦਿੱਤਾ ਜਾ ਰਿਹਾ ਹੈ। ਸ਼ਸਤਰ ਸੀਮਾ ਬਲ ਦੇ ਜਵਾਨਾਂ ਅਤੇ ਯੂ ਪੀ ਪੁਲਸ ਨੇ ਸਰਹੱਦ 'ਤੇ ਸੁਰੱਖਿਆ ਦੀ ਜ਼ਿੰਮੇਵਾਰੀ ਸੰਭਾਲ ਲਈ ਹੈ। ਹਰ ਰੋਜ਼ 35 ਤੋਂ 40 ਹਜ਼ਾਰ ਲੋਕ ਇਥੇ ਚੈੱਕ ਪੋਸਟ ਰਾਹੀਂ ਯਾਤਰਾ ਕਰਦੇ ਸਨ, ਪਰ ਨੇਪਾਲ ਵਿੱਚ ਹਿੰਸਾ ਤੋਂ ਬਾਅਦ ਚੈੱਕ ਪੋਸਟ ਉਤੇ ਸੰਨਾਟਾ ਹੈ। ਸਰਹੱਦੀ ਚੈੱਕ ਪੋਸਟ ਉਤੇ ਨੇਪਾਲੀ ਨਾਗਰਿਕਾਂ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਫਿਰ ਉਨ੍ਹਾਂ ਨੂੰ ਨੇਪਾਲ ਜਾਣ ਦੀ ਆਗਿਆ ਦਿੱਤੀ ਜਾ ਰਹੀ ਹੈ।

### ਅਮਨ ਅਰੋੜਾ ਨੇ ...

ਮਕਾਨ ਲਈ 1.20 ਲੱਖ ਰੁਪਏ, ਘੱਟ ਨੁਕਸਾਨੇ ਪੱਕੇ ਮਕਾਨ ਲਈ 6500 ਰੁਪਏ ਸ਼ਾਮਲ ਹਨ।ਉਨ੍ਹਾ ਸਵਾਲ ਕੀਤਾ ਕਿ ਕੀ 2500 ਰੁਪਏ ਹੜ੍ਹਾਂ 'ਚ ਵਹਿ ਗਏ ਸਮਾਨ ਦੀ ਪੂਰਤੀ ਕਰ ਸਕਦੇ ਹਨ? ਕੀ ਭਾਜਪਾ ਸਰਕਾਰ ਇੱਕ ਪੰਜਾਬੀ ਦੀ ਜ਼ਿੰਦਗੀ ਅਤੇ ਸਨਮਾਨ ਦੀ ਇਹੀ ਕੀਮਤ ਸਮਝਦੀ ਹੈ।ਕੇਂਦਰ ਦੇ 1600 ਕਰੋੜ ਰੁਪਏ ਦੇ ਪੈਕੇਜ ਨੂੰ ਕੋਝਾ ਮਜ਼ਾਕ ਕਰਾਰ ਦਿੰਦਿਆਂ ਅਮਨ ਅਰੋੜਾ ਨੇ ਕਿਹਾ ਕਿ ਇਹ ਪੈਕੇਜ ਹੜ੍ਹਾਂ 'ਚ ਬਰਬਾਦ ਹੋਏ 4.80 ਲੱਖ ਏਕੜ ਫ਼ਸਲੀ ਰਕਬੇ ਦੇ ਨੁਕਸਾਨ ਨੂੰ ਵੀ ਪੂਰਾ ਨਹੀਂ ਕਰ ਸਕਦਾ।

ਉਨ੍ਹਾ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੂੰ ਯਾਦ ਦਿਵਾਇਆ ਕਿ ਭਾਜਪਾ ਦੇ ਸੂਬਾਈ ਆਗੂਆਂ ਸੁਨੀਲ ਜਾਖੜ, ਰਵਨੀਤ ਬਿੱਟੂ ਅਤੇ ਅਸ਼ਵਨੀ ਸ਼ਰਮਾ ਨੇ ਪੰਜਾਬ ਸਰਕਾਰ ਤੋਂ ਫਸਲਾਂ ਦੇ ਨੁਕਸਾਨ ਲਈ 50,000 ਰੁਪਏ ਪ੍ਰਤੀ ਏਕੜ ਮੁਆਵਜ਼ੇ ਦੀ ਮੰਗ ਕੀਤੀ ਸੀ ਅਤੇ ਇਸ ਹਿਸਾਬ ਨਾਲ ਹੁਣ ਤੱਕ 4.80 ਲੱਖ ਏਕੜ ਫ਼ਸਲੀ ਰਕਬੇ ਦੇ ਨੁਕਸਾਨ ਦਾ ਕੁੱਲ ਮੁਆਵਜ਼ਾ 24,000 ਕਰੋੜ ਰੁਪਏ ਤੋਂ ਵੱਧ ਬਣਦਾ ਹੈ, ਜੋ ਕਿ ਕੇਂਦਰ ਦੇ ਇਸ ਰਾਹਤ ਪੈਕੇਜ ਤੋਂ ਕਿਤੇ ਵੱਧ ਹੈ। ਇਸ ਤਰ੍ਹਾਂ ਕੇਂਦਰ ਵੱਲੋਂ ਲੋਕਾਂ ਦੇ ਜਾਨ-ਮਾਲ ਦੇ ਨੁਕਸਾਨ, ਨੁਕਸਾਨੇ ਗਏ ਮਕਾਨਾਂ, ਪ੍ਰਭਾਵਤ ਅਤੇ ਮਾਰੇ ਗਏ ਪਸ਼ੂਆਂ 'ਤੇ ਵੀ ਵਿਚਾਰ ਨਹੀਂ ਕੀਤਾ ਗਿਆ।ਉਨ੍ਹਾ ਕਿਹਾ ਕਿ ਗੁਰਦਾਸਪੁਰ ਵਿਖੇ ਪ੍ਰਧਾਨ ਮੰਤਰੀ ਨੂੰ ਪੰਜਾਬ ਦੇ ਦੋ ਕੈਬਨਿਟ ਮੰਤਰੀਆਂ ਅਤੇ ਸੀਨੀਅਰ ਅਧਿਕਾਰੀਆਂ ਵੱਲੋਂ ਸੂਬੇ ਦੇ ਹਾਲਾਤ ਬਾਰੇ ਦਿੱਤੀ ਗਈ ਵਿਸਥਾਰਤ ਰਿਪੋਰਟ ਦੇ ਬਾਵਜੂਦ ਇਹ ਨਿਗੂਣਾ ਰਾਹਤ ਪੈਕੇਜ ਸੂਬੇ ਦੇ ਵੱਡੇ ਨੁਕਸਾਨ ਨੂੰ ਪੂਰਾ ਕਰਨਾ ਤੋਂ ਕੋਹਾਂ ਦੂਰ ਹੈ।ਸੂਬੇ ਦੇ ਵੱਡ-ਆਕਾਰੀ ਨੁਕਸਾਨ ਦੇ ਮੱਦੇਨਜ਼ਰ ਇਸ ਮਾਮੂਲੀ ਰਾਹਤ ਪੈਕੇਜ ਨੂੰ ਨਾਕਾਫ਼ੀ ਅਤੇ ਅਪਮਾਨਜਨਕ ਦੱਸਦਿਆਂ ਅਰੋੜਾ ਨੇ ਕਿਹਾ ਕਿ ਸੂਬਾ ਸਰਕਾਰ ਨੇ 20,000 ਕਰੋੜ ਰੁਪਏ ਦੇ ਰਾਹਤ ਪੈਕੇਜ ਅਤੇ 60,000 ਕਰੋੜ ਰੁਪਏ ਦੇ ਬਕਾਇਆ ਫੰਡ ਤੁਰੰਤ ਜਾਰੀ ਕਰਨ ਦੀ ਮੰਗ ਕੀਤੀ ਸੀ, ਪਰ ਪੰਜਾਬ ਦੀ ਦੁਰਦਸ਼ਾ ਪ੍ਰਤੀ ਕੇਂਦਰ ਦਾ ਰਵੱਈਆ ਮਤਰੇਈ ਮਾਂ ਵਾਲਾ ਹੈ, ਜਿਸ ਨਾਲ ਕਈ ਲੋਕ ਪੰਜਾਬ ਪ੍ਰਤੀ ਭਾਜਪਾ ਦੇ ਇਰਾਦਿਆਂ 'ਤੇ ਸਵਾਲ ਖੜ੍ਹੇ ਕਰ ਰਹੇ ਹਨ।ਕਾਰਪੋਰੇਟ ਘਰਾਣਿਆਂ ਦੀ ਕਰਜ਼ਾ ਮੁਆਫ਼ੀ ਅਤੇ ਸੂਬੇ ਦੀ ਦੁਰਦਸ਼ਾ ਦੇ ਵੱਡੇ ਅਤੇ ਸਪੱਸ਼ਟ ਅੰਤਰ ਨੂੰ ਉਜਾਗਰ ਕਰਦਿਆਂ ਅਮਨ ਅਰੋੜਾ ਨੇ ਕਿਹਾ ਕਿ ਪਿਛਲੇ ਸਾਢੇ ਗਿਆਰਾਂ ਸਾਲਾਂ ਵਿੱਚ ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੇ ਲਗਭਗ 15 ਲੱਖ ਕਰੋੜ ਰੁਪਏ ਦੇ ਕਾਰਪੋਰੇਟ ਕਰਜ਼ੇ ਮੁਆਫ਼ ਕੀਤੇ ਹਨ, ਜਿਸ ਦਾ 43 ਕਾਰਪੋਰੇਟ ਘਰਾਣਿਆਂ ਨੂੰ ਫਾਇਦਾ ਹੋਇਆ ਹੈ ਅਤੇ ਕੁਝ ਕਾਰਪੋਰੇਟ ਘਰਾਣਿਆਂ ਨੂੰ 20,000 ਕਰੋੜ ਰੁਪਏ ਤੋਂ ਵੱਧ ਦੀ ਕਰਜ਼ਾ ਰਾਹਤ ਵੀ ਮਿਲੀ ਹੈ। ਇਸ ਦੇ ਉਲਟ ਪੰਜਾਬ ਦੇ ਲੱਖਾਂ ਹੜ੍ਹ ਪੀੜਤਾਂ ਲਈ ਦਿੱਤਾ ਗਿਆ ਰਾਹਤ ਪੈਕੇਜ ਮਹਿਜ਼ 1600 ਕਰੋੜ ਰੁਪਏ ਹੈ, ਜੋ ਸਪੱਸ਼ਟ ਤੌਰ 'ਤੇ ਕੇਂਦਰ ਦੇ ਪੱਖਪਾਤੀ ਰਵੱਈਏ ਨੂੰ ਬੇਨਕਾਬ ਕਰਦਾ ਹੈ।ਉਨ੍ਹਾ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਹੜ੍ਹ ਪ੍ਰਭਾਵਤ ਲੋਕਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੀ ਹੈ। ਮੁੱਖ ਮੰਤਰੀ ਨੂੰ ਇੱਕ ਜਾਂ ਦੋ ਦਿਨਾਂ ਵਿੱਚ ਹਸਪਤਾਲ ਤੋਂ ਛੁੱਟੀ ਮਿਲ ਜਾਵੇਗੀ, ਜਿਸ ਉਪਰੰਤ ਪੰਜਾਬ ਸਰਕਾਰ ਹਰ ਹੜ੍ਹ ਪੀੜਤਾਂ ਦੀ ਸਹਾਇਤਾ ਦੇ ਕਾਰਜ 'ਚ ਹੋਰ ਵੀ ਸਰਗਰਮੀ ਨਾਲ ਜੁਟ ਜਾਵੇਗੀ।

### ਪ੍ਰਧਾਨ ਮੰਤਰੀ ਨੇ ਪੰਜਾਬ...

ਜਦੋਂ ਮੈਂ ਉਨ੍ਹਾ ਨੂੰ ਹੱਥ ਜੋੜ ਕੇ 1600 ਕਰੋੜ ਦੀ ਥਾਂ ਵੱਧ ਰਾਹਤ ਰਾਸ਼ੀ ਐਲਾਨਣ ਦੀ ਮੰਗ ਕੀਤੀ ਤਾਂ ਉਨ੍ਹਾ ਮੇਰੀ ਗੱਲ ਨੂੰ ਦਰਕਿਨਾਰ ਕਰਦਿਆਂ ਮਜ਼ਾਕੀਆ ਅੰਦਾਜ਼ ਵਿੱਚ ਕਿਹਾ, 'ਆਪ ਕੋ ਹਿੰਦੀ ਨਹੀਂ ਆਤੀ, ਮੈਨੇ 1600 ਕਰੋੜ ਦੇਨੇ ਕੀ ਘੋਸ਼ਣਾ ਤੋ ਕੀ ਹੈ।' ਜਦੋਂ ਮੈਂ ਕਿਹਾ ਕਿ ਇਹ ਰਾਹਤ ਰਾਸ਼ੀ ਨੁਕਸਾਨ ਦੇ ਮੁਕਾਬਲੇ ਬਹੁਤ ਘੱਟ ਹੈ ਤਾਂ ਉਨ੍ਹਾ ਫਿਰ ਕਹਿਣਾ ਸ਼ੁਰੂ ਕਰ ਦਿੱਤਾ, 'ਇਸ ਕੋ ਹਿੰਦੀ ਸਿਖਾਓ' ਅਤੇ ਨਾਲ ਹੀ ਪੰਜਾਬ ਦੇ ਭਾਜਪਾ ਆਗੂ ਵੀ ਉਨ੍ਹਾ ਦੀ ਹਾਂ ਵਿੱਚ ਹਾਂ ਮਿਲਾਉਂਦਿਆਂ ਮੈਨੂੰ ਹੀ ਚੁੱਪ ਕਰਨ ਲਈ ਆਖਣ ਲੱਗੇ।ਮਾਲ ਮੰਤਰੀ ਨੇ ਕਿਹਾ ਕਿ ਜਦੋਂ ਮੈਂ ਪ੍ਰਧਾਨ ਮੰਤਰੀ ਨੂੰ ਰਾਹਤ ਰਾਸ਼ੀ ਵਧਾਉਣ ਦੀ ਬੇਨਤੀ ਕਰ ਰਿਹਾ ਸੀ ਤਾਂ ਕੇਂਦਰੀ ਮੰਤਰੀ ਰਵਨੀਤ ਸਿੰਘ ਬਿੱਟੂ ਮੇਰਾ ਹੱਥ ਘੁੱਟ ਕੇ ਮੈਨੂੰ ਚੁੱਪ ਕਰ ਜਾਣ ਲਈ ਕਹਿ ਰਹੇ ਸਨ, ਜਿਸ ਤੋਂ ਸਪੱਸ਼ਟ ਪਤਾ ਚਲਦਾ ਹੈ ਕਿ ਉਹ ਪੰਜਾਬ ਦਾ ਬਿਲਕੁਲ ਵੀ ਭਲਾ ਨਹੀਂ ਚਾਹੁੰਦੇ। ਬਿੱਟੂ ਨਾਲ ਮੌਜੂਦ ਪੰਜਾਬ ਭਾਜਪਾ ਦੇ ਕਾਰਜਕਾਰੀ ਪ੍ਰਧਾਨ ਅਸ਼ਵਨੀ ਸ਼ਰਮਾ ਵੀ ਚੁੱਪ ਧਾਰੀ ਖੜ੍ਹੇ ਰਹੇ।

### 12 ਪਰਵਾਰਾਂ ਨੂੰ...

ਮੌਜੂਦਾ ਸਥਿਤੀ ਬਾਰੇ ਜਾਣਿਆ। ਇਸ ਮੌਕੇ ਡਾ. ਆਦਿੱਤੀ ਸਲਾਰੀਆ, ਡਾ. ਸੁਨੀਤਾ, ਡਾ. ਪ੍ਰਿਯੰਕਾ, ਨਰੇਸ਼ ਸੈਣੀ ਜ਼ਿਲ੍ਹਾ ਪ੍ਰਧਾਨ ਬੀ ਸੀ ਵਿੰਗ ਪਠਾਨਕੋਟ, ਪਵਨ ਕੁਮਾਰ ਫੌਜੀ ਬਲਾਕ ਪ੍ਰਧਾਨ, ਰਾਜਾ ਬਕਨੌਰ, ਭੁਪਿੰਦਰ ਸਿੰਘ ਅਤੇ ਹੋਰ ਆਮ ਆਦਮੀ ਪਾਰਟੀ ਦੇ ਕਾਰਜਕਰਤਾ ਵੀ ਸਨ।ਕਟਾਰੂਚੱਕ ਨੇ ਕਿਹਾ ਕਿ ਬਹੁਤ ਖੁਸ਼ੀ ਦੀ ਗੱਲ ਹੈ ਕਿ ਸਿਹਤ ਮੰਤਰੀ ਡਾ. ਬਲਬੀਰ ਸਿੰਘ ਵੱਲੋਂ ਇੱਕ ਐੱਨ ਜੀ ਓ ਦੇ ਮਾਧਿਅਮ ਨਾਲ ਹੜ੍ਹ ਪੀੜਤ 12 ਪਰਵਾਰਾਂ ਨੂੰ ਪ੍ਰਤੀ ਪਰਵਾਰ 51000 ਰੁਪਏ ਦੀ ਆਰਥਕ ਸਹਾਇਤਾ ਰਾਸ਼ੀ ਦੇ ਚੈੱਕ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਉਹ ਐੱਨ ਜੀ ਓ ਇੰਡੀਅਨ ਮੈਡੀਕਲ ਐਸੋਸੀਏਸ਼ਨ ਦਾ ਵੀ ਧੰਨਵਾਦ ਕਰਦੇ ਹਾਂ, ਜਿਨ੍ਹਾਂ ਸਹਿਯੋਗ ਕਰਕੇ ਇਹ ਰਾਸ਼ੀ ਇਕੱਠੀ ਕੀਤੀ। ਡਾ. ਬਲਬੀਰ ਸਿੰਘ ਨੇ ਕਿਹਾ ਕਿ ਬਹੁਤ ਸਾਰੇ ਦਾਨੀ ਸੱਜਣ, ਜਿਨ੍ਹਾਂ ਵਿੱਚ ਡਾਕਟਰ ਅਤੇ ਐੱਨ ਆਰ ਆਈ ਪਰਵਾਰ ਵੀ ਹਨ, ਹਰ ਤਰ੍ਹਾਂ ਦਾ ਸਹਿਯੋਗ ਕਰਨ ਲਈ ਤਿਆਰ ਹਨ, ਪਰ ਉਹ ਕਹਿੰਦੇ ਹਨ ਇਹ ਆਰਥਕ ਸਹਾਇਤਾ ਅਸਲੀ ਹੱਕਦਾਰ ਤੱਕ ਪਹੁੰਚਣੀ ਚਾਹੀਦੀ ਹੈ। ਉਨ੍ਹਾ ਭਰੋਸਾ ਦਿੱਤਾ ਕਿ ਹਰ ਤਰ੍ਹਾਂ ਦੀ ਸਹਾਇਤਾ ਉਸ ਹੱਕਦਾਰ ਤੱਕ ਪਹੁੰਚੇਗੀ, ਜੋ ਇਸ ਸਹਾਇਤਾ ਦੇ ਯੋਗ ਹੈ।

# ਫਤਿਹ ਗਰੁੱਪ ਦੇ ਕੰਪਿਊਟਰ ਵਿਭਾਗ ਵੱਲੋਂ ਐਪ ਡਿਵੈਲਪਮੈਂਟ ਵਰਕਸ਼ਾਪ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਫਤਿਹ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਰਾਮਪੁਰਾ ਫੂਲ ਦੇ ਕੰਪਿਊਟਰ ਸਾਇੰਸ ਵਿਭਾਗ ਵੱਲੋਂ ਇੱਕ ਦਿਨਾ ਐਪ ਡਿਵੈਲਪਮੈਂਟ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ।ਵਰਕਸ਼ਾਪ ਦੀ ਰਹਿਨੁਮਾਈ ਲੈਕਚਰਾਰ ਸੋਨੀਆ ਨੇ ਕੀਤੀ।ਇਸ ਮੌਕੇ ਡੀਨ ਡਾ. ਜਗਵਿੰਦਰ ਸਿੰਘ, ਸਹਾਇਕ ਡਾਇਰੈਕਟਰ ਹਰਪ੍ਰੀਤ ਸ਼ਰਮਾ ਤੇ ਵਿਭਾਗ ਮੁਖੀ ਸੋਨਵਿੰਦਰ ਸਿੰਘ ਖ਼ਾਸ ਤੌਰ 'ਤੇ ਹਾਜ਼ਰ ਰਹੇ।ਉਨ੍ਹਾਂ ਵਿਦਿਆਰਥੀਆਂ ਨੂੰ ਤਕਨਾਲੋਜੀ ਨਾਲ ਨਿੱਜੀ ਤੌਰ 'ਤੇ ਜੁੜਨ ਤੇ ਨਵੀਆਂ ਸਿੱਖਿਆਵਾਂ ਅਪਣਾਉਣ ਲਈ ਉਤਸ਼ਾਹਤ ਕੀਤਾ।ਵਰਕਸ਼ਾਪ ਵਿੱਚ ਕਰੀਬ 40 ਵਿਦਿਆਰਥੀਆਂ ਨੇ ਭਾਗ ਲਿਆ।ਉਨ੍ਹਾਂ ਨੂੰ ਐਪ ਡਿਵੈਲਪਮੈਂਟ ਦੀਆਂ ਬੁਨਿਆਦੀ ਜਾਣਕਾਰੀਆਂ, ਬਲੌਕ-ਆਧਾਰਤ ਕੋਡਿੰਗ ਤੇ ਪ੍ਰਯੋਗਾਤਮਕ ਕਾਰਜਾਂ ਬਾਰੇ ਵਿਸਥਾਰ ਨਾਲ ਜਾਣੂ ਕਰਵਾਇਆ ਗਿਆ।ਵਿਦਿਆਰਥੀਆਂ ਨੇ ਆਪਣੇ ਛੋਟੇ-ਛੋਟੇ ਪ੍ਰਾਜੈਕਟ ਤਿਆਰ ਕਰਕੇ ਆਪਣੀ ਕਾਬਲੀਅਤ ਦਾ ਪ੍ਰਦਰਸ਼ਨ ਕੀਤਾ।ਸਿਖਿਆਰਥੀਆਂ ਵੱਲੋਂ ਪੁੱਛੇ ਗਏ ਸਵਾਲਾਂ ਦੇ ਸੰਤੋਸ਼ਜਨਕ ਉੱਤਰ ਵੀ ਦਿੱਤੇ ਗਏ।ਡੀਨ ਡਾ. ਜਗਵਿੰਦਰ ਸਿੰਘ ਨੇ ਕਿਹਾ ਕਿ ਇਸ ਤਰ੍ਹਾਂ ਦੇ ਵਰਕਸ਼ਾਪ ਵਿਦਿਆਰਥੀਆਂ ਨੂੰ ਨਵੀਆਂ ਤਕਨੀਕਾਂ ਸਿੱਖਣ ਤੇ ਅਭਿਆਸ ਕਰਨ ਦਾ ਮੌਕਾ ਦਿੰਦੇ ਹਨ।ਪ੍ਰੋ. ਸੋਨਵਿੰਦਰ ਸਿੰਘ ਨੇ ਕਿਹਾ ਕਿ ਇਸ ਵਰਕਸ਼ਾਪ ਰਾਹੀਂ ਵਿਦਿਆਰਥੀ ਭਵਿੱਖ ਦੀਆਂ ਜ਼ਰੂਰਤਾਂ ਅਨੁਸਾਰ ਆਪਣੇ ਆਪ ਨੂੰ ਤਿਆਰ ਕਰਨ ਵਿੱਚ ਸਫਲ ਹੋਣਗੇ।

# ਭਾਰਤੀ ਕਿਸਾਨ ਯੂਨੀਅਨ ਖੋਸਾ ਦੀ ਮਹੀਨਾਵਾਰ ਮੀਟਿੰਗ



**ਬੱਧਨੀ ਕਲਾਂ (ਲਵਲੀ ਕੁਮਾਰ)**-ਭਾਰਤੀ ਕਿਸਾਨ ਯੂਨੀਅਨ ਖੋਸਾ ਦੀ ਮਹੀਨਾਵਾਰ ਮੀਟਿੰਗ ਬਲਾਕ ਪ੍ਰਧਾਨ ਮਹਿੰਦਰ ਸਿੰਘ ਦੀਨਾ ਮੀਤ ਪ੍ਰਧਾਨ ਦਵਿੰਦਰ ਸਿੰਘ ਖੋਟੇ ਜ਼ਿਲ੍ਹਾ ਪ੍ਰਧਾਨ ਸੁਖਮੰਦਰ ਸਿੰਘ ਉੱਗੋਕੇ ਸੁਖਦਰਸ਼ਨ ਸਿੰਘ ਕਾਲੇਕੇ ਸੂਬਾ ਮੀਤ ਪ੍ਰਧਾਨ ਦੀ ਪ੍ਰਧਾਨਗੀ ਹੇਠ ਹੋਈ।ਇਸ ਮੀਟਿੰਗ ਵਿੱਚ ਹੜ੍ਹ ਪੀੜਤਾਂ, ਕਿਸਾਨੀ, ਫ਼ਸਲਾਂ, ਗਰੀਬਾਂ ਤੇ ਮਜ਼ਦੂਰਾਂ ਦੇ ਨੁਕਸਾਨੇ ਗਏ ਮਕਾਨਾਂ ਦਾ ਵੱਧ ਤੋਂ ਵੱਧ ਮੁਆਵਜ਼ਾ ਦਿੱਤਾ ਜਾਵੇ ਅਤੇ 50 ਹਜ਼ਾਰ ਪ੍ਰਤੀ ਏਕੜ ਦੇ ਹਿਸਾਬ ਨਾਲ ਕਿਸਾਨਾਂ ਨੂੰ ਮੁਆਵਜ਼ਾ ਦਿੱਤਾ ਜਾਵੇ।ਖੋਟੇ ਪਿੰਡ ਤੋਂ ਲੈ ਕੇ ਪਿੰਡ ਭਾਗੀਕੇ ਦੀ ਸੜਕ ਨਵੀਂ ਬਣਾਈ ਜਾਵੇ। ਉਨ੍ਹਾਂ ਪੰਜਾਬ ਮੰਡੀ ਬੋਰਡ ਤੋਂ ਮੰਗ ਕੀਤੀ ਕਿ ਅਗੇਤੇ ਝੋਨੇ ਦੀ ਫ਼ਸਲ ਪੱਕ ਚੁੱਕੀ ਹੈ, ਮੰਡੀਆਂ ਦੀ ਸਫ਼ਾਈ ਪਹਿਲ ਦੇ ਅਧਾਰ 'ਤੇ ਕਰਵਾਈ ਜਾਵੇ। ਪੰਜਾਬ ਬਿਜਲੀ ਬੋਰਡ ਪੱਤੋਂ ਹੀਰਾ ਸਿੰਘ ਗਰਿੱਡ ਅਧੀਨ ਪੈਂਦੇ ਪਿੰਡਾਂ ਵਿੱਚ ਬਹੁਤ ਸਾਰੀਆਂ ਪੁਰਾਣੀਆਂ ਤਾਰਾਂ ਖੰਭੇ ਜਿਨ੍ਹਾਂ ਦੀ ਹਾਲਤ ਬਹੁਤ ਹੀ ਖਸਤਾ ਹੈ, ਨਵੀਆਂ ਤਾਰਾਂ ਪਾਈਆਂ ਜਾਣ ਤੇ ਟੁੱਟੇ ਹੋਏ ਖੰਭੇ ਬਦਲੇ ਜਾਣ ਤਾਂ ਜੋ ਜਾਨੀ ਮਾਲੀ ਨੁਕਸਾਨ ਹੋਣ ਤੋਂ ਬਚਤ ਰਹੇ।ਖੋਸਾ ਚਿੱਪ ਵਾਲੇ ਮੀਟਰ ਪਿੰਡਾਂ ਵਿੱਚ ਨਾ ਲਾਏ ਜਾਣ, ਜਿਹੜੇ ਮੀਟਰ ਚਿੱਪ ਵਾਲੇ ਲੱਗੇ ਹਨ, ਪਿੰਡਾਂ ਵਿੱਚ ਲੱਗੇ ਹੋਏ ਉਕਤ ਬਿਜਲੀ ਮੀਟਰ ਲਾਹੇ ਜਾਣ, ਨਹੀਂ ਤਾਂ ਖੋਸਾ ਯੂਨੀਅਨ ਮੀਟਰ ਲਾਹ ਕੇ ਜਮ੍ਹਾਂ ਕਰਵਾਏ ਜਾਣਗੇ।ਇਸ ਮੌਕੇ ਬਲਾਕ ਪ੍ਰਧਾਨ ਮਹਿੰਦਰ ਸਿੰਘ ਦੀਨਾ ਸਾਹਿਬ, ਦਵਿੰਦਰ ਸਿੰਘ ਖੋਟੇ, ਖੁਸ਼ਪ੍ਰੀਤ ਸਿੰਘ ਮਾਣੂੰਕੇ, ਧਰਮਪਾਲ ਸਿੰਘ ਸੈਦੋਕੇ, ਸੁਰਿੰਦਰ ਸਿੰਘ ਰਾਮਾਂ, ਸਲਾਹਕਾਰ ਜੀਤ ਸਿੰਘ ਬਾਠ ਪੱਤੋ, ਪ੍ਰੈੱਸ ਸਕੱਤਰ ਹਿੰਦਰੀ ਬਰਾੜ ਪੱਤੋ, ਹਰਵਿੰਦਰ ਸਿੰਘ, ਗੁਰਪ੍ਰੀਤ ਸਿੰਘ, ਜਗਦੇਵ ਸਿੰਘ, ਗੁਰਜੀਤ ਸਿੰਘ, ਜਗਤਾਰ ਸਿੰਘ ਪ੍ਰਦੀਪ ਸਿੰਘ ਤੇ ਸਮੂਹ ਕਿਸਾਨ ਯੂਨੀਅਨ ਦੇ ਆਗੂ ਹਾਜ਼ਰ ਸਨ।

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Printer, Publisher and Editor : Chand Singh @ Chand Fatehpuri for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.

ਪ੍ਰਕਾਸ਼ਕ, ਛਾਪਕ ਤੇ ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

11 Sep Page 3.qxd 9/10/2025 10:28 PM Page 1



# ਲੋਕਾਂ ਨੂੰ ਦਾਨ-ਪੁੰਨ, ਸੇਵਾ ਕਰਨ ਦੀਆਂ ਨਸੀਹਤਾਂ ਦੇਣ ਵਾਲੇ ਯੋਗੀ, ਬਾਬੇ ਤੇ ਸਾਧ ਕਿੱਥੇ ਲੁਕੇ : ਤਰਕਸ਼ੀਲ ਸੁਸਾਇਟੀ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਤਰਕਸ਼ੀਲ ਸੁਸਾਇਟੀ ਪੰਜਾਬ ਨੇ ਕਰੋੜਾਂ, ਅਰਬਾਂ ਰੁਪਏ ਦੀ ਸੰਪਤੀ ਦੇ ਮਾਲਕ ਬਣੇ ਦੇਸ਼ ਦੇ ਮਹਿਲਨੁਮਾ ਡੇਰਿਆਂ, ਮੱਠਾਂ, ਪੀਠਾਂ ਦੇ ਬਾਬਿਆਂ, ਯੋਗੀਆਂ, ਆਚਾਰੀਆਂ, ਜਗਤ ਗੁਰੂਆਂ, ਕਥਾਵਾਚਕਾਂ ਅਤੇ ਧਰਮ ਪ੍ਰਚਾਰਕਾਂ ਵੱਲੋਂ ਉੱਤਰੀ ਭਾਰਤ ਦੇ ਸੂਬਿਆਂ ਵਿੱਚ ਹੋਈ ਹੜ੍ਹਾਂ ਦੀ ਤਬਾਹੀ ਤੋਂ ਪੀੜਤ ਪਰਿਵਾਰਾਂ ਦੀ ਕੋਈ ਮਦਦ ਨਾ ਕਰਨ ਉਤੇ ਉਨ੍ਹਾਂ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ ਅਤੇ ਕਿਸੇ ਵੀ ਜੋਤਸ਼ੀ ਵੱਲੋਂ ਇਸ ਕੁਦਰਤੀ ਅਤੇ ਗੈਰ-ਕੁਦਰਤੀ ਆਫ਼ਤ ਬਾਰੇ ਕਦੇ ਕੋਈ ਵੀ ਭਵਿੱਖਬਾਣੀ ਨਾ ਕਰਨ ਦਾ ਪਰਦਾਫਾਸ਼ ਕਰਦਿਆਂ ਲੋਕਾਂ ਨੂੰ ਇਨ੍ਹਾਂ ਢੋਂਗੀ ਬਾਬਿਆਂ, ਪ੍ਰਚਾਰਕਾਂ ਅਤੇ ਜੋਤਸ਼ੀਆਂ ਦੇ ਝਾਂਸਿਆਂ ਤੋਂ ਬਚਣ ਦੀ ਜ਼ੋਰਦਾਰ ਅਪੀਲ ਕੀਤੀ ਹੈ।ਤਰਕਸ਼ੀਲ ਸੁਸਾਇਟੀ ਦੇ ਸੂਬਾ ਕਮੇਟੀ ਆਗੂਆਂ ਮਾਸਟਰ ਰਾਜਿੰਦਰ ਭਦੌੜ, ਸੁਖਵਿੰਦਰ ਬਾਗਪੁਰ, ਸੁਮੀਤ ਅੰਮ੍ਰਿਤਸਰ ਸੁਰਜੀਤ ਟਿੱਬਾ, ਜੋਗਿੰਦਰ ਕੁੱਲੇਵਾਲ ਅਤੇ ਜਸਵਿੰਦਰ ਫਗਵਾੜਾ ਨੇ ਕਿਹਾ ਕਿ ਭੋਲੇ ਭਾਲੇ ਲੋਕਾਂ ਦੀ ਹੱਕ ਹਲਾਲ ਦੀ ਕਮਾਈ ਉਤੇ ਐਸ਼ੋ ਅਰਾਮ ਕਰਨ ਵਾਲੇ ਯੋਗੀ, ਸਾਧ ਅਤੇ ਬਾਬੇ ਭੋਲੇ ਭਾਲੇ ਲੋਕਾਂ ਨੂੰ ਅਖੌਤੀ ਅਗਲੇ ਪਿਛਲੇ ਜਨਮ, ਸਵਰਗ ਨਰਕ ਅਤੇ ਕਰਾਮਾਤਾਂ ਦੇ ਝੂਠੇ ਸਬਜ਼ਬਾਗ ਵਿਖਾ ਕੇ ਉਨ੍ਹਾਂ ਤੋਂ ਕਰੋੜਾਂ ਰੁਪਏ ਦੀ ਕਮਾਈ ਕਰਦੇ ਆ ਰਹੇ ਹਨ ਪਰ ਉਨ੍ਹਾਂ ਨੇ ਪੰਜਾਬ,ਹਿਮਾਚਲ ਪ੍ਰਦੇਸ਼, ਜੰਮੂ-ਕਸ਼ਮੀਰ, ਉੱਤਰਾਖੰਡ, ਹਰਿਆਣਾ ਸੂਬਿਆਂ ਦੇ ਇਲਾਕਿਆਂ ਵਿੱਚ ਮੌਜੂਦਾ ਹੜ੍ਹਾਂ ਦੌਰਾਨ ਜਾਨੀ ਅਤੇ ਮਾਲੀ ਨੁਕਸਾਨ ਨਾਲ ਬਰਬਾਦ ਹੋਏ ਲੱਖਾਂ ਆਮ ਲੋਕਾਂ ਦੀ ਕੋਈ ਵਿੱਤੀ ਮਦਦ ਜਾਂ ਆਪਣੇ ਸਾਧਨਾਂ ਰਾਹੀਂ ਮੌਕੇ ਤੇ ਸੇਵਾ ਕਰਨ ਤੋਂ ਬਿਲਕੁੱਲ ਟਾਲਾ ਵੱਟਿਆ ਹੈ ਜਦਕਿ ਤਰਕਸ਼ੀਲ ਸੁਸਾਇਟੀ ਪੰਜਾਬ ਸਮੇਤ ਹੋਰ ਕਈ ਸਮਾਜ ਸੇਵੀ ਜੱਥੇਬੰਦੀਆਂ ਆਪਣੇ ਤੌਰ ਤੇ ਵੱਖ ਵੱਖ ਜ਼ਿਲ੍ਹਿਆਂ ਵਿੱਚ ਹੜ੍ਹ ਪੀੜਤਾਂ ਦੀ ਮਦਦ ਕਰਨ ਦੇ ਲਗਾਤਾਰ ਯਤਨ ਕਰ ਰਹੀਆਂ ਹਨ। ਸੂਬਾ ਕਮੇਟੀ ਆਗੂਆਂ ਨੇ ਦੋਸ਼ ਲਾਇਆ ਕਿ ਇਹ ਮੁਫ਼ਤਖੋਰ ਅਤੇ ਵਿਹਲੜ ਰੋਜ਼ਾਨਾ ਆਪਣੇ ਸੰਬੋਧਨ ਵਿੱਚ ਸ਼ਰਧਾਲੂਆਂ ਨੂੰ ਡੇਰਿਆਂ ਤੇ ਧਾਰਮਿਕ ਸਥਾਨਾਂ ਵਿੱਚ ਢੁੱਕ ਕੇ ਦਾਨ ਪੁੰਨ ਦੇਣ ਅਤੇ ਦੀਨੀ ਸੇਵਾ ਕਰਨ ਦੀਆਂ ਨਸੀਹਤਾਂ ਦਿੰਦੇ ਹਨ ਪਰ ਆਪਣੇ ਪੈਰੋਕਾਰਾਂ ਉੱਤੇ ਆਈ ਕਿਸੇ ਵੀ ਕੁਦਰਤੀ ਜਾਂ ਗੈਰ ਕੁਦਰਤੀ ਆਫ਼ਤ ਸਮੇਂ ਖੁਦ ਵਿੱਤੀ ਮਦਦ ਅਤੇ ਸੇਵਾ ਕਰਨ ਤੋਂ ਦੂਰ ਭੱਜਦੇ ਹਨ ਜਿਸਤੋਂ ਸੁਚੇਤ ਹੋ ਕੇ ਲੋਕਾਂ ਨੂੰ ਭਵਿੱਖ ਵਿੱਚ ਇਨ੍ਹਾਂ ਮੁਫ਼ਤਖੋਰ, ਅਨਪੜ੍ਹ ਅਤੇ ਵਿਹਲੜ ਬਾਬਿਆਂ, ਸਾਧਾਂ ਤੋਂ ਖਹਿੜਾ ਛੁਡਾਉਣਾ ਚਾਹੀਦਾ ਹੈ।ਤਰਕਸ਼ੀਲ ਆਗੂਆਂ ਸੰਦੀਪ ਧਾਰੀਵਾਲ ਭੋਜਾਂ, ਜਸਪਾਲ ਬਾਸਰਕੇ, ਪ੍ਰਿੰ. ਮੇਲਾ ਰਾਮ, ਅਜੀਤਪ੍ਰਦੀਪ ਅਜਰਾਮ ਬਾਈ, ਮਾਸਟਰ ਬਲਦੇਵ ਰਾਜ ਵੇਰਕਾ ਅਤੇ ਦਮਨਜੀਤ ਕੌਰ ਨੇ ਆਮ ਲੋਕਾਂ ਨੂੰ ਜ਼ਿੰਦਗੀ ਵਿੱਚ ਵਿਗਿਆਨਕ ਸੋਚ ਅਤੇ ਇਨਸਾਨੀਅਤ ਅਪਣਾਉਣ ਦਾ ਸੁਨੇਹਾ ਦਿੰਦਿਆਂ ਸੁਚੇਤ ਕੀਤਾ ਕਿ ਭਾਰਤ ਸਮੇਤ ਦੁਨੀਆ ਦੇ ਕਿਸੇ ਵੀ ਜੋਤਸ਼ੀ ਜਾਂ ਕਥਿਤ ਦੈਵੀ ਸ਼ਕਤੀ ਦੇ ਦਾਅਵੇਦਾਰ ਬਾਬੇ ਨੇ ਉੱਤਰੀ ਭਾਰਤ ਵਿੱਚ ਆਏ ਮੌਜੂਦਾ ਹੜ੍ਹਾਂ ਅਤੇ ਅਫ਼ਗਾਨਿਸਤਾਨ ਵਿੱਚ ਆਏ ਭੂਚਾਲ ਸਮੇਤ ਕਦੇ ਵੀ ਕਿਸੇ ਵੱਡੀ ਕੁਦਰਤੀ ਜਾਂ ਗੈਰ-ਕੁਦਰਤੀ ਆਫ਼ਤ-ਘਟਨਾ ਵਾਪਰਨ ਦੀ ਅਗਾਊਂ ਭਵਿੱਖਬਾਣੀ ਨਹੀਂ ਕੀਤੀ ਜੋਕਿ ਜੋਤਿਸ਼ ਦੇ ਖੋਖਲੇਪਣ ਦਾ ਸਪੱਸ਼ਟ ਸਬੂਤ ਹੈ।ਉਨ੍ਹਾਂ ਸਪੱਸ਼ਟ ਕੀਤਾ ਕਿ ਮੌਜੂਦਾ ਹੜ੍ਹਾਂ ਨਾਲ ਹੋਈ ਤਬਾਹੀ ਕੋਈ ਕੁਦਰਤੀ ਕਰੋਪੀ ਨਹੀਂ ਹੈ ਸਗੋਂ ਮੌਜੂਦਾ ਸਾਮਰਾਜ ਪੱਖੀ ਹਕੂਮਤਾਂ ਦੀਆਂ ਕੁਦਰਤੀ ਵਾਤਾਵਰਣ ਵਿਰੋਧੀ, ਕਾਰਪੋਰੇਟ ਪੱਖੀ ਅਤੇ ਲੋਕ ਉਜਾੜੂ ਨੀਤੀਆਂ ਦੇ ਇਲਾਵਾ ਹੜ੍ਹਾਂ ਦੀ ਅਗਾਊਂ ਰੋਕਥਾਮ ਵਿੱਚ ਵਿਖਾਈ ਘੋਰ ਨਲਾਇਕੀ ਦਾ ਨਤੀਜਾ ਹੈ ਜਿਸ ਲਈ ਪੰਜਾਬ ਅਤੇ ਕੇਂਦਰ ਸਰਕਾਰਾਂ ਵੱਲੋਂ ਪੀੜ੍ਹਤ ਪਰਿਵਾਰਾਂ ਨੂੰ ਤੁਰੰਤ ਮਨੁੱਖੀ ਮਦਦ ਅਤੇ ਯੋਗ ਮੁਆਵਜ਼ਾ ਦਿੱਤਾ ਜਾਣਾ ਚਾਹੀਦਾ ਹੈ।

**● ਕਿਸੇ ਵੀ ਜੋਤਸ਼ੀ ਨੇ ਨਹੀਂ ਕੀਤੀ ਸੀ ਉੱਤਰੀ ਭਾਰਤ ਵਿੱਚ ਹੜ੍ਹਾਂ ਦੀ ਭਵਿੱਖ ਬਾਣੀ**

# ਤਰਸਿੱਕਾ ਬਲਾਕ ਰੱਦ ਕਰਨ ਦੇ ਵਿਰੋਧ 'ਚ ਸਰਕਾਰ ਖਿਲਾਫ ਸੰਘਰਸ਼ ਤੇਜ਼ ਕਰਨ ਦੀ ਚੇਤਾਵਨੀ



**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**- ਤਰਸਿੱਕਾ ਬਲਾਕ ਨੂੰ ਖਤਮ ਕਰਨ ਦੇ ਫੈਸਲੇ ਵਿਰੁੱਧ ਬਚਾਓ ਤਰਸਿੱਕਾ ਬਲਾਕ ਮੋਰਚਾ ਵੱਲੋਂ ਬਲਾਕ ਤਰਸਿੱਕਾ ਵਿਖੇ ਇੱਕ ਵਿਸ਼ਾਲ ਇਕੱਠ ਕੀਤਾ ਗਿਆ।ਇਸ ਮੌਕੇ ਮੌਜੂਦਾ ਸਰਕਾਰ ਤੋਂ ਨਿਰਾਸ਼ ਹੋਏ ਲੋਕਾਂ ਨੇ ਹਿੱਸਾ ਲਿਆ।ਇਸ ਸਮੇਂ ਸਰਕਾਰ ਖਿਲਾਫ ਸੰਘਰਸ਼ ਨੂੰ ਹੋਰ ਤੇਜ਼ ਕਰਨ ਦਾ ਐਲਾਨ ਕੀਤਾ ਗਿਆ। ਪ੍ਰਭਾਵਿਤ ਪਿੰਡਾਂ ਦੇ ਲੋਕਾਂ, ਸਾਬਕਾ ਅਤੇ ਮੌਜੂਦਾ ਸਰਪੰਚਾਂ, ਜਥੇਬੰਦੀਆਂ ਦੇ ਆਗੂਆਂ ਅਤੇ ਵੱਖ-ਵੱਖ ਸਿਆਸੀ ਪਾਰਟੀਆਂ ਦੇ ਆਗੂਆਂ ਨੇ ਸਰਕਾਰ ਦੇ ਇਸ ਫੈਸਲੇ ਨੂੰ ਧੱਕੇਸ਼ਾਹੀ ਕਰਾਰ ਦਿੱਤਾ। ਮੋਰਚੇ ਨੂੰ ਸੰਬੋਧਨ ਕਰਦਿਆਂ ਸਮੂਹ ਆਗੂਆਂ ਨੇ ਸਰਕਾਰ ਨੂੰ ਚੇਤਾਵਨੀ ਦਿੱਤੀ ਕਿ ਜੇਕਰ ਇਹ ਫੈਸਲਾ ਤੁਰੰਤ ਵਾਪਸ ਨਾ ਲਿਆ ਗਿਆ ਤਾਂ ਆਉਣ ਵਾਲੇ ਸਮੇਂ ਵਿੱਚ ਇਸ ਤੋਂ ਵੀ ਵੱਡੇ ਪ੍ਰਦਰਸ਼ਨ ਕੀਤੇ ਜਾਣਗੇ। ਬਲਾਕ ਬਚਾਓ ਤਰਸਿੱਕਾ ਕਮੇਟੀ ਨੇ ਇਕੱਠ ਵਿੱਚ ਮਤੇ ਵੀ ਪਾਸ ਕਰਵਾਏ।ਇਨ੍ਹਾਂ ਮਤਿਆਂ ਵਿੱਚ ਆਉਣ ਵਾਲੇ ਦਿਨਾਂ ਵਿੱਚ ਪੂਰੇ ਹਲਕੇ ਵਿੱਚ ਇੱਕ ਵਿਸ਼ਾਲ ਟਰੈਕਟਰ ਮਾਰਚ ਕੱਢਣ ਅਤੇ ਪਿੰਡ-ਪਿੰਡ ਲੋਕਾਂ ਨੂੰ ਲਾਮਬੰਦ ਕਰਕੇ ਗ੍ਰਾਮ ਸਭਾ ਦੇ ਇਜਲਾਸ ਸੱਦਣ ਦਾ ਫੈਸਲਾ ਕੀਤਾ ਗਿਆ।ਅਗਲੇ ਮਤਿਆਂ ਵਿੱਚ ਆਗੂਆਂ ਨੇ ਹੱਥ ਖੜ੍ਹੇ ਕਰਕੇ ਸਰਕਾਰ ਨੂੰ ਸਿੱਧੀ ਚੇਤਾਵਨੀ ਦਿੱਤੀ।ਉਨ੍ਹਾਂ ਕਿਹਾ ਕਿ ਜੇਕਰ ਇਹ ਫੈਸਲਾ ਵਾਪਸ ਨਾ ਲਿਆ ਗਿਆ ਤਾਂ ਆਗਾਮੀ ਚੋਣਾਂ ਵਿੱਚ ਮੰਤਰੀ ਹਰਭਜਨ ਸਿੰਘ ਈਟੀਓ ਦਾ ਮੁਕੰਮਲ ਬਾਈਕਾਟ ਕੀਤਾ ਜਾਵੇਗਾ।ਇਸ ਤੋਂ ਇਲਾਵਾ ਪਿੰਡਾਂ ਦੇ ਬਾਹਰਵਾਰ ਫਲੈਕਸੀਆਂ ਲਗਾਈਆਂ ਜਾਣਗੀਆਂ।ਸਮੂਹ ਲੋਕਾਂ ਅਤੇ ਆਗੂਆਂ ਨੇ ਹੱਥ ਖੜ੍ਹੇ ਕਰਕੇ ਇਸ ਫੈਸਲੇ ਦੀ ਹਮਾਇਤ ਕੀਤੀ।ਇਸ ਵਿਸ਼ਾਲ ਇਕੱਠ ਨੇ ਸਪੱਸ਼ਟ ਸੰਦੇਸ਼ ਦਿੱਤਾ ਹੈ ਕਿ ਲੋਕ ਆਪਣੇ ਹੱਕਾਂ ਲਈ ਲੜਾਈ ਜਾਰੀ ਰੱਖਣਗੇ ਅਤੇ ਸਰਕਾਰ ਦੇ ਫੈਸਲੇ ਅੱਗੇ ਝੁਕਣ ਲਈ ਤਿਆਰ ਨਹੀਂ ਹਨ।

# ਵੇਬਲ ਡਿਸਪਲੇਅ ਵੱਲੋਂ ਭਾਰਤ ਦਾ ਸਭ ਤੋਂ ਵੱਡਾ 116.5" ਗੂਗਲ ਟੀਵੀ 5.0 ਲਾਂਚ

**ਬਠਿੰਡਾ :** ਇੰਡਸ ਟੈਕਨਾਲੋਜੀਜ਼ ਦੇ ਇਨ-ਹਾਊਸ ਬ੍ਰਾਂਡ ਵੇਬਲ ਡਿਸਪਲੇਅ ਨੇ ਮੈਕਸੀਮਸ ਸੀਰੀਜ਼ 116.5-ਇੰਚ ਗੂਗਲ ਟੀਵੀ 5.0 ਲਾਂਚ ਕੀਤਾ ਹੈ।ਮੈਕਸਿਮਸ ਇਸ ਆਕਾਰ ਵਿੱਚ ਦੇਸ਼ ਦਾ ਪਹਿਲਾ ਕਿਊਐਲਈਡੀ + ਮਿਨੀ ਐਲਈਡੀ ਟੀਵੀ ਹੈ, ਜੋ ਕਿ ਬੇਮਿਸਾਲ ਤਸਵੀਰ ਗੁਣਵੱਤਾ ਲਈ ਮਿਨੀ-ਐਲਈਡੀ ਬੈਕਲਾਈਟਿੰਗ ਦੇ ਨਾਲ ਉਨਤ ਕੁਆਂਟਮ ਡੌਟ ਰੰਗ ਨੂੰ ਜੋੜਦਾ ਹੈ।ਇਸ ਵਿੱਚ ਐਂਡਰਾਇਡ ਦੇ ਨਾਲ ਗੂਗਲ ਟੀਵੀ 5.0 ਦੀ ਵਿਸ਼ੇਸ਼ਤਾ ਹੈ।ਆਡੀਓ ਲਈ ਟੀਵੀ ਇੱਕ 240 6.2.2 ਚੈਨਲ ਸਿਸਟਮ ਨੂੰ ਦੋਹਰੇ ਵੂਫਰਾਂ ਦੇ ਨਾਲ ਪੈਕ ਕਰਦਾ ਹੈ, ਜੋ ਘਰ ਵਿੱਚ ਇੱਕ ਸਿਨੇਮੈਟਿਕ 3ਡੀ ਸਰਾਊਂਡ ਸਾਊਂਡ ਅਨੁਭਵ ਪ੍ਰਦਾਨ ਕਰਵਾਉਂਦਾ ਹੈ।ਇੰਡਕੈਲ ਟੈਕਨਾਲੋਜੀਜ਼ ਦੇ ਸੀਈਓ ਆਨੰਦ ਦੂਬੇ ਨੇ ਕਿਹਾ ਕਿ ਲਾਂਚ ਭਾਰਤੀ ਖਪਤਕਾਰ ਇਲੈਕਟ੍ਰਾਨਿਕਸ ਵਿੱਚ ਇੱਕ ਇਤਿਹਾਸਕ ਪਲ ਹੈ।

# ਬਜ਼ੁਰਗਾਂ ਦੇ ਵਿਹੜੇ 'ਚ ਲੱਗਾ ਮੁਫਤ ਮੈਡੀਕਲ ਚੈੱਕਅਪ ਕੈਂਪ



**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**- ਬਜ਼ੁਰਗਾਂ ਦਾ ਵਿਹੜਾ ਆਦਰਸ਼ ਬਿਰਧ ਆਸ਼ਰਮ ਝਾਖੋਲਾੜੀ ਪਠਾਨਕੋਟ ਵਿਖੇ ਸਿਵਲ ਹਸਪਤਾਲ ਪਠਾਨਕੋਟ ਅਤੇ ਸੀਐੱਚਐੱਸਸੀ ਹਸਪਤਾਲ ਘਰੋਟਾ ਦੀ ਟੀਮ ਨੇ ਮਿਲ ਕੇ ਜਨਰਲ ਮੈਡੀਕਲ ਕੈਂਪ ਲਗਾਇਆ ਜਿਸ ਵਿੱਚ ਡਾ. ਸੰਦੀਪ ਬਾਲਾ, ਡਾ. ਤਨਵੀ ਅਤੇ ਮਮਤਾ ਮਹਾਜਨ ਅਤੇ ਸੀਮਾ ਚੌਧਰੀ ਵੀ ਪਹੁੰਚੇ ਹੋਏ ਸਨ।ਸ਼ੂਗਰ ਅਤੇ ਬੀ ਪੀ ਦੇ ਟੈਸਟ ਵੀ ਕੀਤੇ ਗਏ।ਡਾ. ਸੰਦੀਪ ਬਾਲਾ ਨੇ ਬਜ਼ੁਰਗਾਂ ਨੂੰ ਕਿਹਾ ਕਿ ਤੁਹਾਡਾ ਵੀ ਨਿੱਜੀ ਫਰਜ਼ ਬਣਦਾ ਹੈ ਕਿ ਤੁਸੀਂ ਸਮੇਂ-ਸਮੇਂ 'ਤੇ ਦਵਾਈ ਲਓ ਅਤੇ ਤੰਦਰੁਸਤ ਰਹੋ।ਉਨ੍ਹਾਂ ਕਿਹਾ ਕਿ ਅਸੀਂ ਪੰਜਾਬ ਦੇ ਹੋਰ ਵੀ ਬਹੁਤ ਸਾਰੇ ਬਿਰਧ ਘਰਾਂ ਵਿੱਚ ਜਾਂਦੇ ਹਾਂ ਪਰ ਜੋ ਖੁਸ਼ੀ ਸਾਨੂੰ ਇਸ ਬਿਰਧ ਘਰ ਵਿੱਚ ਆ ਕੇ ਮਿਲ਼ਦੀ ਹੈ ਅਸੀਂ ਉਸਨੂੰ ਆਪਣੇ ਸ਼ਬਦਾਂ ਰਾਹੀਂ ਬਿਆਨ ਨਹੀਂ ਕਰ ਸਕਦੇ।ਆਈ ਮੈਡੀਕਲ ਟੀਮ ਦਾ ਆਸ਼ਰਮ ਪ੍ਰਬੰਧਕ/ਸੁਪਰਡੈਂਟ ਮੈਡਮ ਅੰਜਲੀ ਸ਼ਰਮਾ ਅਤੇ ਪ੍ਰਧਾਨ ਸਤਨਾਮ ਸਿੰਘ ਸਤਨਾਮ ਸਿੰਘ ਨੇ ਤਹਿ ਦਿਲੋਂ ਧੰਨਵਾਦ ਕੀਤਾ।ਇਸ ਮੌਕੇ ਆਸ਼ਰਮ ਦੇ ਕੁਆਰਡੀਨੇਟਰ ਮੈਡਮ ਇੰਦਰਜੀਤ ਕੌਰ, ਸਵਿਤਾ, ਰੂਪ ਰਾਣੀ, ਰਾਜ ਰਾਣੀ, ਪੂਜਾ ਦੇਵੀ, ਕਮਲੇਸ਼ ਕੁਮਾਰੀ, ਰਮੇਸ਼ ਚੰਦਰ ਅਤੇ ਵਿਪਨ ਕੁਮਾਰ ਆਦਿ ਮੌਜੂਦ ਸਨ।

# ਹੜ੍ਹ ਪ੍ਰਭਾਵਿਤ ਖੇਤਰਾਂ 'ਚ ਲੋਕਾਂ ਨੂੰ ਕੋਈ ਸਮੱਸਿਆ ਨਹੀਂ ਆਉਣ ਦਿੱਤੀ ਜਾਵੇਗੀ : ਜਸਵੀਰ ਸਿੰਘ ਗੜ੍ਹੀ

**ਬਟਾਲਾ (ਡਾ. ਮਲਵਿੰਦਰ ਸਿੰਘ)**- ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਪੰਜਾਬ ਸਰਕਾਰ ਇਸ ਸੰਕਟ ਦੀ ਘੜੀ ਵਿੱਚ ਲੋਕਾਂ ਦੇ ਨਾਲ ਖੜ੍ਹੀ ਹੈ ਅਤੇ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਲੋਕਾਂ ਨੂੰ ਕੋਈ ਸਮੱਸਿਆ ਨਹੀਂ ਆਉਣ ਦਿੱਤੀ ਜਾਵੇਗੀ। ਚੇਅਰਮੈਨ ਗੜ੍ਹੀ ਫ਼ਤਿਹਗੜ੍ਹ ਚੂੜੀਆਂ ਦੇ ਇਕ ਨਿੱਜੀ ਹਸਪਤਾਲ ਵਿਖੇ ਪਹੁੰਚੇ ਸਨ, ਜਿੱਥੇ ਉਨ੍ਹਾਂ ਨੇ ਵੱਖ-ਵੱਖ ਸਿੱਖ ਜਥੇਬੰਦੀਆਂ ਅਤੇ ਐੱਸ. ਸੀ. ਭਾਈਚਾਰੇ ਦੇ ਲੋਕਾਂ ਨਾਲ ਮੁਲਾਕਾਤ ਕੀਤੀ, ਜਿਸਦੇ ਮਗਰੋਂ ਉਹ ਡੇਰਾ ਬਾਬਾ ਨਾਨਕ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਲਈ ਰਾਹਤ ਸਮੱਗਰੀ ਜਿਸ ਵਿੱਚ ਰਾਸ਼ਨ, ਸੁੱਕੀ ਰਸਦ ਅਤੇ ਦਵਾਈਆਂ ਆਦਿ ਸਨ, ਰਵਾਨਾ ਹੋ ਗਏ।ਉਨ੍ਹਾਂ ਨਾਲ ਤਪ ਅਸਥਾਨ ਖੁਰਾਲਗੜ੍ਹ ਸਾਹਿਬ ਤੋਂ ਮੁੱਖ ਸੇਵਾਦਾਰ ਬਾਬਾ ਕੇਵਲ ਸਿੰਘ ਚਾਕਰ (ਡਾ.), ਭਾਈ ਦਵਿੰਦਰ ਸਿੰਘ ਖਾਲਸਾ, ਸੰਤ ਸਿਪਾਹੀ ਸੁਸਾਇਟੀ ਲੁਧਿਆਣਾ, ਤਹਿਸੀਲਦਾਰ ਲਛਮਣ ਸਿੰਘ, ਸੁਖਵਿੰਦਰ ਸਿੰਘ ਜ਼ਿਲ੍ਹਾ ਭਲਾਈ ਅਫ਼ਸਰ, ਐੱਸਐੱਚਓ ਪ੍ਰਭਜੋਤ ਸਿੰਘ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ।ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਨੇ



ਕਿਹਾ ਕਿ ਲੱਗਭਗ 8 ਜ਼ਿਲ੍ਹਿਆਂ ਦੇ ਵੱਖ-ਵੱਖ ਪਿੰਡ ਹੜ੍ਹਾਂ ਦੀ ਮਾਰ ਹੇਠਾਂ ਆਏ ਹਨ, ਜਿਸ ਵਿੱਚ ਲੋਕਾਂ ਦਾ ਬਹੁਤ ਵੱਡਾ ਨੁਕਸਾਨ ਹੋਇਆ ਹੈ।ਉਨ੍ਹਾਂ ਕਿਹਾ ਕਿ ਅੱਜ ਸਮੁੱਚੇ ਪੰਜਾਬੀ ਆਪਣੇ ਪੰਜਾਬ ਦੇ ਪੀੜ੍ਹਤ ਲੋਕਾਂ ਦੀ ਸੇਵਾ ਵਿੱਚ ਲੱਗੇ ਹੋਏ ਹਨ।ਉਨ੍ਹਾਂ ਕਿਹਾ ਕਿ ਉਹ ਲੋਕਾਂ ਦੇ ਦੁੱਖ ਦਰਦ ਵੰਡਾਉਣ ਅਤੇ ਉਨ੍ਹਾਂ ਦੀ ਪੀੜਾ ਜਾਨਣ ਲਈ ਉਹ ਵੱਖ-ਵੱਖ ਪਿੰਡਾਂ ਵਿੱਚ ਸੰਤਾਂ-ਮਹਾਂਪੁਰਖਾਂ ਦੀ ਅਗਵਾਈ ਵਿੱਚ ਰਾਹਤ ਸਮੱਗਰੀ ਲੈ ਕੇ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਅੱਜ ਹਰ ਪੰਜਾਬੀ ਫਿਕਰਮੰਦ ਹੈ ਕਿ ਉਹ ਸੇਵਾ ਕਰਨ ਤੋਂ ਪਿੱਛੇ ਨਹੀਂ ਹਟੇ, ਜਿਸ ਤਹਿਤ ਉਹ ਵੀ ਸੇਵਾ ਲਈ ਇਥੇ ਪਹੁੰਚੇ ਹਨ।ਉਨ੍ਹਾਂ ਕਿਹਾ ਕਿ ਉਹ ਵੱਖ-ਵੱਖ ਸਮਾਜ ਸੇਵੀ ਜਥੇਬੰਦੀਆਂ, ਸੁਸਾਇਟੀਆਂ ਅਤੇ ਪੰਜਾਬੀ ਗਾਇਕਾਂ ਦੀ ਸ਼ਲਾਘਾ ਕਰਦੇ ਹਨ, ਜੋ ਇਸ ਸਮੇਂ ਪੰਜਾਬੀਆਂ ਦੇ ਦਰਦ ਨੂੰ ਵੰਡਾ ਰਹੇ ਹਨ।ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਸਾਨੂੰ ਕਿਸਾਨਾਂ ਅਤੇ ਆਮ ਲੋਕਾਂ ਦੀ ਵਧੇਰੇ ਮਦਦ ਕਰਨ ਦੀ ਜ਼ਰੂਰਤ ਪਵੇਗੀ।ਇਸ ਮੌਕੇ ਹਰਵਿੰਦਰ ਸਿੰਘ ਰੰਧਾਵਾ, ਸੁਖਦੀਪ ਸਿੰਘ, ਹਰਦੇਵ ਸਿੰਘ, ਜਸਬੀਰ ਸਿੰਘ ਤਰਨਾ ਦਲ, ਗੁਰਮੀਤ ਸਿੰਘ ਢੰਡ, ਜਸਪਾਲ ਸਿੰਘ ਢੰਡ, ਅੰਗ੍ਰੇਜ਼ ਸਿੰਘ, ਬਿਕਰਮਜੀਤ ਸਿੰਘ ਰੰਧਾਵਾ ਜ਼ਿਲ੍ਹਾ ਪ੍ਰੀਸ਼ਦ ਮੈਂਬਰ, ਸਾਹਿਬ ਸਿੰਘ ਸਰਪੰਚ, ਹਰਦੇਵ ਸਿੰਘ ਖ਼ਾਲਸਾ, ਜਤਿੰਦਰ ਸਿੰਘ, ਰਛਪਾਲ ਸਿੰਘ ਮਾਹਲਾ ਆਦਿ ਹਾਜ਼ਰ ਸਨ।

# ਇਕਬਾਲ ਸਿੰਘ ਸ਼ੈਰੀ ਸਮਾਜ ਸੇਵਾ ਲਈ ਆਨਰੇਰੀ ਡਾਕਟਰੇਟ ਐਵਾਰਡ ਨਾਲ ਸਨਮਾਨਿਤ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਭਾਰਤ ਸਰਕਾਰ ਤੋਂ ਮਨਜ਼ੂਰਸ਼ੁਦਾ ਵਰਲਡ ਕਲਚਰਲ ਅਤੇ ਐਜੂਕੇਸ਼ਨਲ ਆਰਗੇਨਾਈਜੇਸ਼ਨ ਵੱਲੋਂ ਚੀਫ਼ ਖ਼ਾਲਸਾ ਦੀਵਾਨ ਦੇ ਮੈਂਬਰ ਅਤੇ ਉੱਘੇ ਸਮਾਜ ਸੇਵੀ ਇਕਬਾਲ ਸਿੰਘ ਸ਼ੈਰੀ ਨੂੰ ਉਨ੍ਹਾਂ ਦੀਆਂ ਵਿਲੱਖਣ ਸਮਾਜ ਸੇਵਾਵਾਂ ਦੇ ਮੱਦੇਨਜ਼ਰ ਆਨਰੇਰੀ ਡਾਕਟਰੇਟ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਸੰਸਥਾ ਦੇ ਮੁਲਾਂਕਣ ਕਮੇਟੀ ਵੱਲੋਂ ਸ੍ਰ ਇਕਬਾਲ ਸਿੰਘ ਦੇ ਲੋਕ ਭਲਾਈ ਕਾਰਜਾਂ ਅਤੇ ਸਮਾਜ ਸੇਵਾ ਪ੍ਰਤੀ ਸਮਰਪਣ ਨੂੰ ਦੇਖਦਿਆਂ ਹੋਇਆਂ ਉਨ੍ਹਾਂ ਨੂੰ ਇਹ ਸਨਮਾਨ ਦਿੱਤਾ ਗਿਆ। ਚੀਫ਼ ਖ਼ਾਲਸਾ ਦੀਵਾਨ ਪ੍ਰਬੰਧਕਾਂ ਵੱਲੋਂ ਇਕਬਾਲ ਸਿੰਘ ਜੋ ਕਿ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਸੁਲਤਾਨਵਿੰਡ ਲਿੰਕ ਰੋਡ ਦੇ ਮੈਂਬਰ ਇੰਚਾਰਜ ਵੀ ਹਨ, ਨੂੰ ਸਨਮਾਨਿਤ ਕਰਦਿਆਂ ਇਸ ਉਪਲਬਧੀ ਤੇ ਵਧਾਈ ਦਿੱਤੀ ਗਈ। ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ. ਇੰਦਰਬੀਰ ਨਿੱਜਰ ਨੇ ਕਿਹਾ ਕਿ ਇਹ ਮਾਣ ਸਿਰਫ ਇਕਬਾਲ ਸਿੰਘ ਦਾ ਹੀ ਨਹੀਂ ਹੈ ਸਗੋਂ ਚੀਫ਼ ਖ਼ਾਲਸਾ ਦੀਵਾਨ ਲਈ ਵੀ ਇਹ ਸਨਮਾਨ ਵਾਲੀ ਗੱਲ ਹੈ। ਉਨ੍ਹਾਂ ਨੇ ਕਿਹਾ ਕਿ ਮਨੁੱਖਤਾ ਦੀ ਸੇਵਾ ਅਤੇ ਲੋਕ ਭਲਾਈ ਕਾਰਜਾਂ ਨੂੰ ਆਪਣੇ ਜੀਵਨ ਦਾ ਅੰਗ ਬਣਾਉਣ ਵਾਲੇ ਇਕਬਾਲ ਸਿੰਘ ਨੌਜੁਆਨ ਪੀੜ੍ਹੀ ਲਈ ਵੀ ਪ੍ਰੇਰਨਾ ਸਰੋਤ ਹੈ। ਇਸ ਮੌਕੇ



ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ. ਇੰਦਰਬੀਰ ਸਿੰਘ ਨਿੱਜਰ, ਸਥਾਨਕ ਪ੍ਰਧਾਨ ਕੁਲਜੀਤ ਸਿੰਘ ਸਾਹਨੀ, ਐਡੀ. ਆਨਰੇਰੀ ਸਕੱਤਰ ਜਸਪਾਲ ਸਿੰਘ ਢਿੱਲੋਂ, ਐਡੀ. ਆਨਰੇਰੀ ਸਕੱਤਰੇਤ ਮੁੱਖ ਦਫ਼ਤਰ ਮੈਂਬਰ ਇੰਚਾਰਜ ਹਰਵਿੰਦਰ ਪਾਲ ਸਿੰਘ ਚੁੱਘ, ਏ. ਪੀ. ਐੱਸ ਮਾਨ, ਡਾ. ਆਤਮਜੀਤ ਸਿੰਘ ਬਸਰਾ, ਹਰਜਿੰਦਰ ਸਿੰਘ ਤੁੰਗ ਅਤੇ ਜਗੀਰ ਸਿੰਘ ਆਦਿ ਮੈਂਬਰ ਹਾਜ਼ਰ ਸਨ।

# ਸੰਤ ਬਾਬਾ ਕੁੰਦਨ ਸਿੰਘ ਪੰਜਵੜ ਵਾਲਿਆਂ ਦੇ 31ਵੇਂ ਸਾਲਾਨਾ ਬਰਸੀ ਸਮਾਗਮ 12 ਨੂੰ

**ਝਬਾਲ (ਹਰਜਿੰਦਰ ਸਿੰਘ ਸੋਨੀ)**- ਸੱਚਖੰਡ ਵਾਸੀ ਮਹਾਨ ਬ੍ਰਹਮ ਗਿਆਨੀ ਸੰਤ ਮਹਾਂਪੁਰਸ਼ ਬਾਬਾ ਕੁੰਦਨ ਸਿੰਘ ਪੰਜਵੜ ਵਾਲਿਆਂ ਦੇ 31ਵੇਂ ਸਾਲਾਨਾ ਬਰਸੀ ਸਮਾਗਮ 12 ਸਤੰਬਰ 28 ਭਾਦਰੋਂ ਦਿਨ ਸ਼ੁੱਕਰਵਾਰ ਨੂੰ ਜਥੇਦਾਰ ਬਾਬਾ ਸੁਲੱਖਣ ਸਿੰਘ ਪੰਜਵੜ ਕਾਰ ਸੇਵਾ ਸੰਪ੍ਰਦਾਇ ਪੰਜਵੜ ਵਾਲਿਆਂ ਦੀ ਅਗਵਾਈ ਹੇਠ ਦੇਸ਼ ਵਿਦੇਸ਼ ਅਤੇ ਨਗਰ ਪੰਜਵੜ ਦੀਆਂ ਸਮੂਹ ਸੰਗਤਾਂ ਦੇ ਪੂਰਨ ਸਹਿਯੋਗ ਨਾਲ ਬੜੀ ਸ਼ਰਧਾ ਭਾਵਨਾ ਤੇ ਧੂਮ ਧਾਮ ਨਾਲ ਮਨਾਏ ਜਾ ਰਹੇ ਹਨ।ਮਨਾਏ ਜਾ ਰਹੇ ਬਰਸੀ ਸਮਾਗਮ ਸਬੰਧੀ ਜਾਣਕਾਰੀ ਦਿੰਦਿਆਂ ਸੰਤ ਬਾਬਾ ਸੁਲੱਖਣ ਸਿੰਘ ਪੰਜਵੜ ਵਾਲਿਆਂ ਨੇ ਦੱਸਿਆ ਕਿ 10 ਸਤੰਬਰ ਦਿਨ ਬੁੱਧਵਾਰ 26 ਭਾਦਰੋਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਆਰੰਭਤਾ ਹੋਵੇਗੀ, 11 ਸਤੰਬਰ ਦਿਨ ਵੀਰਵਾਰ ਰਾਤ ਨੂੰ ਰੈਣ ਸਬਾਈ ਕੀਰਤਨ ਦਰਬਾਰ ਹੋਵੇਗਾ, ਜਦ ਕਿ 12 ਸਤੰਬਰ ਦਿਨ ਸ਼ੁੱਕਰਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣ ਉਪਰੰਤ ਸਜਾਏ ਗਏ ਧਾਰਮਿਕ ਦੀਵਾਨ ਵਿੱਚ ਜਿੱਥੇ ਪੰਥ ਦੇ ਪ੍ਰਸਿੱਧ ਰਾਗੀ ਢਾਡੀ ਤੇ ਕਵੀਸ਼ਰੀ ਜਥੇ ਸੰਗਤਾਂ ਨੂੰ ਗੁਰੂ ਜੱਸ ਨਾਲ ਨਿਹਾਲ ਕਰਨਗੇ।ਉੱਥੇ ਹੀ ਤਖਤ ਸਹਿਬਾਨ ਦੇ ਸਿੰਘ ਸਹਿਬਾਨ, ਕਾਰ ਸੇਵਾ ਦੇ ਪੰਥੀ, ਨਿਰਮਲੇ ਭੇਖ ਨਿਹੰਗ ਸਿੰਘ ਜਥੇਬੰਦੀਆਂ, ਸਮੂਹ ਸੰਪਰਦਾਵਾਂ ਦੇ ਮੁਖੀ ਸੰਤ ਮਹਾਂਪੁਰਸਾ ਤੋਂ ਇਲਾਵਾ ਪੰਥ ਦੀਆਂ ਪ੍ਰਮੁੱਖ ਧਾਰਮਿਕ ਸਖਸ਼ੀਅਤਾਂ ਹਾਜ਼ਰੀਆਂ ਭਰਨਗੀਆ, ਜਦਕਿ ਠੰਡੇ ਮਿੱਠੇ ਜਲ ਦੀਆਂ ਛਬੀਲਾਂ ਅਤੇ ਵੱਖ-ਵੱਖ ਪਕਵਾਨਾਂ ਦੇ ਗੁਰੂ ਦੇ ਅਤੁੱਟ ਲੰਗਰ ਵਰਤਾਏ ਜਾਣਗੇ। ਸ਼ਾਮ ਨੂੰ ਮਾਝਾ ਅਤੇ ਦੁਆਬਾ ਦੀਆਂ ਨਾਮਵਰ ਕਬੱਡੀ ਟੀਮਾਂ ਵਿਚਕਾਰ ਕਬੱਡੀ ਦਾ ਪ੍ਰਦਰਸ਼ਨੀ ਮੈਚ ਕਰਵਾਇਆ ਜਾਵੇਗਾ ਤੇ 60 ਸਾਲ ਤੋਂ ਉਤੇ ਬਜ਼ੁਰਗਾਂ ਦੀ ਕਬੱਡੀ ਵੀ ਹੋਵੇਗੀ।ਇਸ ਮੌਕੇ ਬਾਬਾ ਦੀਦਾਰ ਸਿੰਘ ਪੰਜਵੜ, ਬਾਬਾ ਗੁਲਾਬਬੀਰ ਸਿੰਘ ਪੰਜਵੜ, ਸੰਤੋਖ ਸਿੰਘ ਝਬਾਲ, ਹਰਦੇਵ ਸਿੰਘ ਝਬਾਲ ਸਮੇਤ ਸੰਗਤਾਂ ਵੀ ਹਾਜ਼ਰ ਸਨ।



# ਬਾਬਾ ਬੰਦਾ ਸਿੰਘ ਬਹਾਦਰ ਸਕੂਲ ਦੇ ਵਿਦਿਆਰਥੀਆਂ ਨੇ ਧਾਰਮਿਕ ਪ੍ਰੀਖਿਆਵਾਂ 'ਚ ਮਾਰੀਆਂ ਮੱਲਾਂ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਧਾਰੀਵਾਲ ਵਿਖੇ ਡਾਇਰੈਕਟਰ ਸਰਦਾਰ ਅਮਰਜੀਤ ਸਿੰਘ ਚਾਹਲ ਸਕੱਤਰ ਮੈਡਮ ਪਰਮਿੰਦਰ ਕੌਰ ਚਾਹਲ ਅਤੇ ਪ੍ਰਿੰਸੀਪਲ ਕਿਰਨ ਕੇਸਰ ਦੀ ਅਗਵਾਈ ਹੇਠ ਸਕੂਲ ਦੇ ਵਿਦਿਆਰਥੀਆਂ ਵੱਲੋਂ ਸਿੱਖ ਮਿਸ਼ਨਰੀ ਕਾਲਜ ਵੱਲੋਂ ਕਰਵਾਈ ਗਈ ਧਾਰਮਿਕ ਪ੍ਰੀਖਿਆ ਵਿੱਚ ਹਿੱਸਾ ਲਿਆ ਗਿਆ ਜਿਸ ਵਿੱਚ ਸਕੂਲ ਦੇ ਵਿਦਿਆਰਥੀ ਹਰਮਨਜੋਤ ਕੌਰ ਸਪੁੱਤਰੀ ਗੁਰਪ੍ਰੀਤ ਸਿੰਘ ਜਮਾਤ ਨੌਵੀਂ, ਗੁਰਪ੍ਰੀਤ ਸਿੰਘ ਸਪੁੱਤਰ ਸਤਨਾਮ ਸਿੰਘ ਜਮਾਤ ਨੌਵੀਂ, ਸੇਜਲਪ੍ਰੀਤ ਕੌਰ ਸਪੁੱਤਰੀ ਗੁਰਪ੍ਰੀਤ ਸਿੰਘ ਜਮਾਤ ਅੱਠਵੀਂ, ਰਵਨੀਤ ਕੌਰ ਸਪੁੱਤਰੀ ਸੁੱਖਪ੍ਰੀਤ ਸਿੰਘ ਜਮਾਤ ਅੱਠਵੀਂ, ਮਨਸੀਰਤ ਕੌਰ ਸਪੁੱਤਰੀ ਗੁਰਪ੍ਰੀਤ ਸਿੰਘ ਜਮਾਤ ਅੱਠਵੀਂ ਨੇ ਵਧੀਆ ਕਾਰਗੁਜ਼ਾਰੀ ਕਰਦੇ ਹੋਏ ਇਨਾਮ ਅਤੇ ਸਰਟੀਫਿਕੇਟ ਪ੍ਰਾਪਤ ਕੀਤੇ ।ਇਸ ਤੋਂ ਇਲਾਵਾ ਸਕੂਲ ਦੇ ਹੋਰ 16 ਵਿਦਿਆਰਥੀਆਂ ਨੇ ਵੀ ਸਰਟੀਫਿਕੇਟ ਪ੍ਰਾਪਤ ਕੀਤੇ ।ਸਕੂਲ ਦੇ ਪ੍ਰਿੰਸੀਪਲ ਕਿਰਨ ਕੇਸਰ ਨੇ ਦੱਸਿਆ ਕਿ ਸਿੱਖ ਮਿਸ਼ਨਰੀ ਕਾਲਜ ਵੱਲੋਂ ਧਾਰਮਿਕ ਪ੍ਰੀਖਿਆ ਕਰਵਾਈ ਗਈ ਇਹ ਪ੍ਰੀਖਿਆ ਨਵੀਂ ਪੀੜ੍ਹੀ ਵਿੱਚ ਗੁਰਮਿਤ ਦਾ ਪ੍ਰਚਾਰ ਕਰਨ ਲਈ ਵਿਦਿਆਰਥੀਆਂ ਦੀ ਨੀਂਹ ਨੂੰ ਹੋਰ ਮਜ਼ਬੂਤ ਬਣਾਉਣ ਲਈ ਅਜਿਹੇ ਉਪਰਾਲੇ ਲਗਾਤਾਰ ਕਰਦੀ ਹੈ ਜੋ ਕਿ ਬਹੁਤ ਹੀ ਸ਼ਲਾਘਾਯੋਗ ਕਾਰਜ ਹਨ। ਸਕੂਲ ਪ੍ਰਿੰਸੀਪਲ ਕਿਰਨ ਕੇਸਰ ਦੁਆਰਾ ਵਿਦਿਆਰਥੀਆਂ ਨੂੰ ਸਵੇਰ ਦੀ ਸਭਾ ਵਿੱਚ ਭਾਗ ਲੈਣ ਵਾਲੇ ਸਾਰੇ ਵਿਦਿਆਰਥੀਆਂ ਨੂੰ ਇਨਾਮ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ ਅਤੇ ਉਨ੍ਹਾਂ ਨੇ ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ ਕਿ ਉਨ੍ਹਾਂ ਨੂੰ ਵੱਧ ਤੋਂ ਵੱਧ ਅਜਿਹੇ ਮੁਕਾਬਲਿਆਂ ਵਿੱਚ ਭਾਗ ਲੈਣਾ ਚਾਹੀਦਾ ਹੈ ਤਾਂ ਜੋ ਵਿਦਿਆਰਥੀਆਂ ਦਾ ਮਾਨਸਿਕ ਅਤੇ ਬੌਧਿਕ ਵਿਕਾਸ ਹੋ ਸਕੇ।



# ਐਕਸਿਸ ਬੈਂਕ ਵੱਲੋਂ 'ਸਪਾਰਸ਼ ਵੀਕ 2025' ਦੀ ਸ਼ੁਰੂਆਤ

**ਚੰਡੀਗੜ੍ਹ :** ਭਾਰਤ ਦੇ ਸਭ ਤੋਂ ਵੱਡੇ ਨਿੱਜੀ ਖੇਤਰ ਦੇ ਬੈਂਕਾਂ ਵਿੱਚੋਂ ਇੱਕ ਐਕਸਿਸ ਬੈਂਕ ਨੇ ਸਪਾਰਸ਼ ਵੀਕ 2025 ਦੀ ਸ਼ੁਰੂਆਤ ਕੀਤੀ ਹੈ, ਜੋ ਕਿ ਇੱਕ ਪ੍ਰਮੁੱਖ ਪਹਿਲ ਹੈ ਜੋ 5,868 ਸ਼ਾਖਾਵਾਂ ਵਿੱਚ 1 ਲੱਖ ਤੋਂ ਵੱਧ ਕਰਮਚਾਰੀਆਂ ਨੂੰ ਇੱਕਜੁੱਟ ਕਰਦੀ ਹੈ।'ਰਾਈਜ਼ਿੰਗ ਦਿ ਬਾਰ' ਥੀਮ ਵਾਲਾ ਹਫ਼ਤਾ ਭਰ ਚੱਲਣ ਵਾਲਾ ਇਹ ਪ੍ਰੋਗਰਾਮ 1-5 ਸਤੰਬਰ ਤੱਕ ਚੱਲੇਗਾ ਜੋ ਕਿ ਬ੍ਰਾਂਡ ਮਾਲਕੀ, ਗਾਹਕ ਮਾਲਕੀ, ਗਤੀ ਅਤੇ ਜ਼ੀਰੋ ਪੈਂਡੈਂਸੀ- ਐਕਸਿਸ ਬੈਂਕ ਦੇ ਸੱਭਿਆਚਾਰ ਦੇ ਚਾਰ ਮੰਤਰਾਂ 'ਤੇ ਕੇਂਦ੍ਰਿਤ ਹੈ।ਐੱਮਡੀ ਅਤੇ ਸੀਈਓ ਅਮਿਤਾਭ ਚੌਧਰੀ ਸਮੇਤ 40 ਤੋਂ ਵੱਧ ਸੀਨੀਅਰ ਨੇਤਾ, ਸੈਸ਼ਨਾਂ ਦੀ ਅਗਵਾਈ ਕਰਨ ਅਤੇ ਗਾਹਕਾਂ ਨਾਲ ਸਿੱਧੇ ਤੌਰ 'ਤੇ ਗੱਲਬਾਤ ਕਰਨ ਲਈ 40 ਸ਼ਹਿਰਾਂ ਵਿੱਚ ਯਾਤਰਾ ਕਰਨਗੇ।ਲਾਂਚ 'ਤੇ ਬੋਲਦੇ ਹੋਏ ਚੌਧਰੀ ਨੇ ਕਿਹਾ ਕਿ ਇਹ ਸਿਰਫ਼ ਇੱਕ ਜਸ਼ਨ ਨਹੀਂ ਹੈ, ਸਗੋਂ ਇੱਕ ਯਾਦ ਦਿਵਾਉਂਦਾ ਹੈ ਕਿ ਹਰ ਗੱਲਬਾਤ ਮੁੱਲਵਾਨ ਅਤੇ ਵਿਲੱਖਣ ਅਨੁਭਵ ਪ੍ਰਦਾਨ ਕਰਨ ਦਾ ਮੌਕਾ ਹੈ।

# ਪੰਜਾਬ ਸਰਕਾਰ ਦੀ ਸਾਰੀ ਮਸ਼ੀਨਰੀ ਆਪਣੀ ਪੂਰੀ ਸਮਰੱਥਾ ਨਾਲ ਰਾਹਤ ਕਾਰਜਾਂ 'ਚ ਲੱਗੀ ਹੋਈ ਹੈ : ਅਮਰਪਾਲ ਸਿੰਘ

**ਬਟਾਲਾ (ਡਾ. ਮਲਵਿੰਦਰ ਸਿੰਘ)**- ਸ੍ਰੀ ਹਰਗੋਬਿੰਦਪੁਰ ਸਾਹਿਬ ਦੇ ਵਿਧਾਇਕ ਐਡਵੋਕੇਟ ਅਮਰਪਾਲ ਸਿੰਘ ਨੇ ਪਿੰਡ ਬੁੱਲਪੁਰ , ਬਹਾਦਰਪੁਰ ਰਜੋਆ ਅਤੇ ਸੰਤੋਸ਼ ਨਗਰ ਵਿੱਖੇ ਹੜ੍ਹ ਨਾਲ ਹੋਏ ਨੁਕਸਾਨ ਦਾ ਜਾਇਜ਼ਾ ਲਿਆ ਅਤੇ ਪਿੰਡ ਵਾਸੀਆਂ ਨਾਲ ਗੱਲਬਾਤ ਕੀਤੀ।ਪਿੰਡ ਵਾਸੀਆਂ ਨਾਲ ਗੱਲ ਕਰਦਿਆਂ ਐਡਵੋਕੇਟ ਅਮਰਪਾਲ ਸਿੰਘ ਨੇ ਕਿਹਾ ਕਿ ਹੜ੍ਹਾਂ ਦੇ ਇਸ ਸੰਕਟ ਵਿੱਚ ਪੰਜਾਬ ਸਰਕਾਰ ਆਪਣੇ ਲੋਕਾਂ ਦੇ ਨਾਲ ਹੈ ਅਤੇ ਇਸ ਸੰਕਟ ਨਾਲ ਨਜਿੱਠਣ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੀ ਸਾਰੀ ਮਸ਼ੀਨਰੀ ਆਪਣੀ ਪੂਰੀ ਸਮਰੱਥਾ ਨਾਲ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਰਾਹਤ ਕਾਰਜਾਂ ਵਿੱਚ ਲੱਗੀ ਹੋਈ ਹੈ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਸਮੁੱਚੀ ਟੀਮ ਪ੍ਰਭਾਵਿਤ ਖੇਤਰਾਂ ਵਿੱਚ ਜਾ ਕੇ ਜਿੱਥੇ ਜ਼ਮੀਨੀ ਪੱਧਰ 'ਤੇ ਹੋਏ ਨੁਕਸਾਨ ਦਾ ਜਾਇਜ਼ਾ ਲੈ ਰਹੇ ਹਨ ਉਥੇ ਰਾਹਤ ਤੇ ਬਚਾਅ ਕਾਰਜਾਂ ਵਿੱਚ ਵੀ ਆਪਣਾ ਯੋਗਦਾਨ ਪਾ ਰਹੇ ਹਨ।ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਆਮ ਆਦਮੀ ਪਾਰਟੀ ਦੇ ਸਮੂਹ ਵਲੰਟੀਅਰ ਵੀ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਰਾਹਤ ਕਾਰਜਾਂ 'ਚ ਦਿਨ-ਰਾਤ ਲੱਗੇ ਹੋਏ ਹਨ।ਉਨ੍ਹਾਂ ਕਿਹਾ ਕਿ ਇਸ ਦੇ ਨਾਲ ਹੀ ਸਮਾਜ ਸੇਵੀ ਸੰਸਥਾਵਾਂ ਵੱਲੋਂ ਵੀ ਹੜ੍ਹ ਪੀੜਤਾਂ ਦੀ ਸਹਾਇਤਾ ਵਿੱਚ ਵੱਡਾ ਯੋਗਦਾਨ ਪਾਇਆ ਜਾ ਰਿਹਾ ਹੈ, ਜਿਸ ਲਈ ਪੰਜਾਬ ਸਰਕਾਰ ਉਨ੍ਹਾਂ ਦੀ ਧੰਨਵਾਦੀ ਹੈ ।



# ਦਿਵਿਆ ਜੋਤੀ ਜਾਗ੍ਰਿਤੀ ਸੰਸਥਾਨ ਨੂਰਮਹਿਲ ਵੱਲੋਂ ਰਾਹਤ ਕਾਰਜ ਮੁਹਿੰਮ ਸ਼ੁਰੂ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**- ਪੰਜਾਬ ਹੜ੍ਹ ਪੀੜਤਾਂ ਲਈ ਦਿਵਿਆ ਜੋਤੀ ਜਾਗ੍ਰਿਤੀ ਸੰਸਥਾਨ ਦੀ ਪਹਿਲ - 'ਸਮਾਧਾਨ'



ਪੰਜਾਬ ਵਿੱਚ ਆਏ ਹੜ੍ਹਾਂ ਤੋਂ ਪ੍ਰਭਾਵਿਤ ਹਜ਼ਾਰਾਂ ਪਰਿਵਾਰਾਂ ਦੀ ਸਹਾਇਤਾ ਲਈ ਦਿਵਿਆ ਜੋਤੀ ਜਾਗ੍ਰਿਤੀ ਸੰਸਥਾਨ, ਨੂਰਮਹਿਲ ਵੱਲੋਂ ਆਪਣੇ ਪ੍ਰਕਲਪ 'ਸਮਾਧਾਨ' ਦੇ ਅਧੀਨ ਰਾਹਤ ਅਭਿਆਨ ਸ਼ੁਰੂ ਕੀਤਾ ਹੈ। ਸੰਸਥਾਨ ਦੇ ਸੇਵਾਦਾਰ ਪ੍ਰਭਾਵਿਤ ਖੇਤਰਾਂ ਵਿੱਚ ਪਹੁੰਚ ਕੇ ਪੀੜਤ ਪਰਿਵਾਰਾਂ ਨੂੰ ਖਾਦ ਪਦਾਰਥ, ਕੱਪੜੇ, ਦਵਾਈਆਂ ਅਤੇ ਲੋੜੀਂਦੀ ਰਾਹਤ ਸਮੱਗਰੀ ਉਪਲਬਧ ਕਰਵਾ ਰਹੇ ਹਨ।ਸੰਸਥਾਨ ਵੱਲੋਂ ਮੋਬਾਈਲ ਮੈਡੀਕਲ ਕੈਂਪਾਂ ਰਾਹੀਂ ਬਿਮਾਰ ਅਤੇ ਜ਼ਖ਼ਮੀ ਲੋਕਾਂ ਨੂੰ ਚਿਕਿਤਸਾ ਸੇਵਾਵਾਂ ਦਿੱਤੀਆਂ ਜਾ ਰਹੀਆਂ ਹਨ।ਇਸਦੇ ਨਾਲ ਹੀ ਮਾਨਸਿਕ ਤੌਰ 'ਤੇ ਪ੍ਰਭਾਵਿਤ ਹੋਏ ਲੋਕਾਂ ਲਈ ਕਾਊਂਸਲਿੰਗ ਵੀ ਕੀਤੀ ਜਾ ਰਹੀ ਹੈ ਤਾਂ ਜੋ ਉਹ ਇਸ ਮੁਸ਼ਕਲ ਵੇਲੇ ਵਿੱਚ ਆਤਮਬਲ ਪ੍ਰਾਪਤ ਕਰ ਸਕਣ।ਸੰਸਥਾਨ ਦੇ ਰਾਹਤ ਸਟਾਲਾਂ 'ਤੇ ਸ਼ਿਵਰਾਜ ਸਿੰਘ ਚੌਹਾਨ (ਕੇਂਦਰੀ ਖੇਤੀਬਾੜੀ ਅਤੇ ਕਿਸਾਨ ਕਲਿਆਣ ਅਤੇ ਪੇਂਡੂ ਵਿਕਾਸ ਮੰਤਰੀ), ਰਵਨੀਤ ਸਿੰਘ ਬਿੱਟੂ (ਕੇਂਦਰੀ ਰਾਜ ਮੰਤਰੀ-ਰੇਲਵੇ ਅਤੇ ਖਾਦ ਪ੍ਰਸੰਸਕਰਨ ਉਦਯੋਗ), ਤਰੁਣ ਚੁਘ (ਰਾਸ਼ਟਰੀ ਮਹਾਂਸਚਿਵ, ਭਾਰਤੀ ਜਨਤਾ ਪਾਰਟੀ) ਅਤੇ ਸੁਨੀਲ ਜਾਖੜ (ਪ੍ਰਧਾਨ, ਭਾਰਤੀ ਜਨਤਾ ਪਾਰਟੀ ਪੰਜਾਬ) ਨੇ ਵੀ ਸ਼ਿਰਕਤ ਕੀਤੀ।

# ਸਿੱਖ ਜਥੇਬੰਦੀਆਂ ਤੇ ਸਮਾਜਿਕ ਸੰਸਥਾਵਾਂ ਦੀ ਹੜ੍ਹ ਪੀੜਤਾਂ ਲਈ ਸੇਵਾ ਸ਼ਲਾਘਾਯੋਗ : ਜਥੇ. ਗੜਗੱਜ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਪੰਜਾਬ ਇਸ ਸਮੇਂ ਹੜ੍ਹਾਂ ਦੀ ਗੰਭੀਰ ਸਥਿਤੀ ਵਿੱਚੋਂ ਗੁਜ਼ਰ ਰਿਹਾ ਹੈ ਅਤੇ ਸੂਬੇ ਦੇ ਲੋਕਾਂ ਨੂੰ ਫੌਰੀ ਰਾਹਤ ਦੇਣ ਲਈ ਸਮੂਹ ਸਿੱਖ ਜਥੇਬੰਦੀਆਂ, ਸੰਸਥਾਵਾਂ, ਸਮੂਹਾਂ, ਸ਼ਖ਼ਸੀਅਤਾਂ ਤੇ ਪੰਜਾਬੀ ਅਦਾਕਾਰਾਂ ਤੇ ਕਲਾਕਾਰਾਂ ਨੇ ਚੰਗੀ ਭੂਮਿਕਾ ਨਿਭਾਈ ਹੈ, ਉਹ ਸ਼ਲਾਘਾਯੋਗ ਹੈ ਅਤੇ ਇਸ ਨਾਲ ਸਿੱਖ ਗੁਰੂ ਸਾਹਿਬਾਨ ਦੇ ਨਾਮ ਉੱਤੇ ਵੱਸਦੀ ਧਰਤ ਪੰਜਾਬ ਦੀ ਚੜ੍ਹਦੀ ਕਲਾ ਦਾ ਸੰਦੇਸ਼ ਦੇਸ਼ ਦੁਨੀਆ ਵਿੱਚ ਗਿਆ ਹੈ। ਉਨ੍ਹਾਂ ਕਿਹਾ ਕਿ ਰਾਹਤ ਕਾਰਜਾਂ ਦੇ ਚੱਲਦਿਆਂ ਜਿੱਥੇ ਪੰਜਾਬੀਆਂ ਤੇ ਸਾਡੇ ਸ਼ੁੱਭਚਿੰਤਕਾਂ ਨੇ ਵੱਡੀਆਂ ਸੇਵਾਵਾਂ ਕੀਤੀਆਂ ਹਨ, ਉੱਥੇ ਹੀ ਹੁਣ ਲੋੜ ਹੈ ਕਿ ਸੇਵਾਵਾਂ ਕਰ ਰਹੀਆਂ ਸੰਸਥਾਵਾਂ ਸੰਗਠਤ ਹੋ ਕੇ ਸਾਰਥਕ ਢੰਗ ਨਾਲ ਰਾਹਤ ਸਮੱਗਰੀ ਦੀ ਵੰਡ ਕਰਨ ਤੇ ਲੰਮੇ ਸਮੇਂ ਤੱਕ ਸੇਵਾਵਾਂ ਜਾਰੀ ਰੱਖਣ ਦੇ ਹਿਸਾਬ ਨਾਲ ਕਾਰਜ ਕਰਨ ਤਾਂ ਜੋ ਸੇਵਾ ਕਾਰਜਾਂ ਵਿੱਚ ਸਹਿਯੋਗੀਆਂ ਤੇ ਸ਼ੁੱਭਚਿੰਤਕਾਂ ਦਾ ਦਸਵੰਧ ਵਿਅਰਥ ਨਾ ਜਾਵੇ ਅਤੇ ਇਸ ਦੀ ਦੁਰਵਰਤੋਂ ਨਾ ਹੋਵੇ। ਪੰਜਾਬ ਵਿੱਚ ਵੱਡੇ ਪੱਧਰ ਉੱਤੇ ਲੋਕਾਂ ਦੇ ਘਰਾਂ, ਜਾਨ ਮਾਲ, ਪਸ਼ੂਆਂ, ਫ਼ਸਲਾਂ ਤੇ ਜ਼ਮੀਨਾਂ ਦਾ ਨੁਕਸਾਨ ਹੋਇਆ ਹੈ, ਇਸ ਲਈ ਪ੍ਰਭਾਵਿਤ ਲੋਕਾਂ ਖ਼ਾਸਕਰ ਲੋੜਵੰਦਾਂ ਦੇ ਮੁੜ ਵਸੇਬੇ, ਸਿੱਖਿਆ, ਸਿਹਤ, ਖੇਤੀਬਾੜੀ, ਪਸ਼ੂ-ਪਾਲਣ ਨੂੰ ਮੁੜ ਸੁਰਜੀਤ ਕਰਨ ਵਾਸਤੇ ਲੰਮੇ ਸਮੇਂ ਤੱਕ ਨੀਤੀਗਤ ਢੰਗ ਨਾਲ ਰਾਹਤ ਸੇਵਾਵਾਂ ਮੁਹੱਈਆ ਕਰਵਾਉਣੀਆਂ ਅਤਿ ਜ਼ਰੂਰੀ ਹਨ। ਉਨ੍ਹਾਂ ਕਿਹਾ ਕਿ ਹੜ੍ਹਾਂ ਦੇ ਕਾਰਨਾਂ ਦੀ ਸੰਜੀਦਗੀ ਨਾਲ ਜਾਂਚ ਵੀ ਅਤਿ ਜ਼ਰੂਰੀ ਹੈ ਕਿ ਪੰਜਾਬ ਅੰਦਰ ਵਾਰ-ਵਾਰ ਇਹ ਹੜ੍ਹ ਕਿਉਂ ਆ ਰਹੇ ਹਨ ਤਾਂ ਜੋ ਸਮੂਹ ਪੰਜਾਬ ਵਾਸੀ ਸੁਚੇਤ ਹੋ ਸਕਣ। ਜਥੇਦਾਰ ਗੜਗੱਜ ਨੇ ਕਿਹਾ ਕਿ ਪੰਜਾਬ ਅੰਦਰ ਮੌਜੂਦਾ ਹੜ੍ਹਾਂ ਦੀ ਸਥਿਤੀ ਵਿੱਚ ਰਾਹਤ ਕਾਰਜ ਤੇ ਸੇਵਾਵਾਂ ਨਿਭਾਅ ਰਹੀਆਂ ਸਮੂਹ ਸਿੱਖ ਜਥੇਬੰਦੀਆਂ, ਸੰਸਥਾਵਾਂ, ਸਮੂਹਾਂ, ਸ਼ਖ਼ਸੀਅਤਾਂ, ਪੰਜਾਬੀ ਅਦਾਕਾਰਾਂ ਤੇ ਕਲਾਕਾਰਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਇਸ ਮਸਲੇ ਉੱਤੇ ਸੰਜੀਦਾ ਵਿਚਾਰ ਲਈ ਇੱਕ ਵਿਸ਼ੇਸ਼ ਇਕੱਤਰਤਾ ਦਾ ਖੁੱਲ੍ਹਾ ਸੱਦਾ ਦਿੱਤਾ ਗਿਆ ਹੈ। ਇਕੱਤਰਤਾ ਬਾਰੇ ਜਾਣਕਾਰੀ ਦਿੰਦਿਆਂ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਇੰਚਾਰਜ ਬਗੀਚਾ ਸਿੰਘ ਨੇ ਕਿਹਾ ਕਿ ਇਹ ਇਕੱਤਰਤਾ 13 ਸਤੰਬਰ ਨੂੰ ਦੁਪਹਿਰ 12 ਵਜੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਦਫ਼ਤਰ ਸ੍ਰੀ ਅੰਮ੍ਰਿਤਸਰ ਵਿਖੇ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਹਰ ਸੰਸਥਾ ਇਕੱਤਰਤਾ ਵਿੱਚ ਆਪਣਾ ਕੇਵਲ ਇੱਕ ਨੁਮਾਇੰਦਾ ਹੀ ਭੇਜੇ ਤਾਂ ਜੋ ਲੋੜ ਅਨੁਸਾਰ ਸਮੁੱਚੇ ਸੇਵਾ ਤੇ ਰਾਹਤ ਕਾਰਜ ਸੁਚਾਰੂ ਤੇ ਸੰਗਠਤ ਰੂਪ ਵਿੱਚ ਜਾਰੀ ਰਹਿਣ।

# ਬੀਬੀ ਜਸਬੀਰ ਕੌਰ ਵੱਲੋਂ ਪਾਠੀ ਸਿੰਘਾਂ ਨੂੰ ਆਪਣੇ ਕੋਲੋਂ 43 ਹਜ਼ਾਰ ਭੇਟਾ ਦੇਣ 'ਤੇ ਗੁ: ਦਾ ਪ੍ਰਧਾਨ ਹੋਇਆ ਤੱਤਾ

**ਝਬਾਲ (ਹਰਜਿੰਦਰ ਸਿੰਘ ਸੋਨੀ)**- ਪਾਠੀ ਸਿੰਘਾਂ ਨੂੰ ਘੱਟ ਭੇਟਾ ਦੇਣ 'ਤੇ ਬੀਬੀ ਜਸਬੀਰ ਕੌਰ ਵੱਲੋਂ ਪਾਠੀ ਸਿੰਘਾਂ ਨੂੰ ਆਪਣੇ ਕੋਲੋਂ 43 ਹਜ਼ਾਰ ਭੇਟਾ ਦੇਣ 'ਤੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਵੱਲੋਂ ਬੀਬੀ ਨੂੰ ਗਲਤ ਸ਼ਬਦਾਵਲੀ ਵਰਤ ਕੇ ਉਸਦੀ ਰਿਕਾਰਡਿੰਗ ਸੋਸ਼ਲ ਮੀਡੀਆ ਤੇ ਵਾਇਰਲ ਕਰਨ ਦੇ ਸਬੰਧ ਵਿੱਚ ਮਾਮਲਾ ਭਿੱਖੀਵਿੰਡ ਥਾਣੇ ਪੁੱਜਾ ਹੈ, ਜਿਸ ਸਬੰਧੀ ਬੀਤੇ ਦਿਨ ਥਾਣਾ ਭਿੱਖੀਵਿੰਡ ਵਿਖੇ ਭਾਈ ਤਰਲੋਚਨ ਸਿੰਘ ਸੋਹਲ ਪੰਜਾਬ ਪ੍ਰਧਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ ਦੀ ਅਗਵਾਈ ਹੇਠ ਬੀਬੀ ਜਸਬੀਰ ਕੌਰ ਪਤਨੀ ਦਿਆਲ ਸਿੰਘ ਵਾਸੀ ਪਿੰਡ ਕਾਲੇ ਤਹਿਸੀਲ ਪੱਟੀ ਜ਼ਿਲਾ ਤਰਨਤਾਰਨ ਵੱਲੋਂ ਗੁ. ਪ੍ਰਧਾਨ ਦੇ ਖਿਲਾਫ ਦਿੱਤੀ ਗਈ ਸ਼ਿਕਾਇਤ 'ਤੇ ਕਾਰਵਾਈ ਕਰਵਾਉਣ ਲਈ ਬੀਬੀ ਦੇ ਹੱਕ 'ਚ ਉਤਰਦਿਆਂ ਥਾਣਾ ਭਿੱਖੀਵਿੰਡ ਦਾ ਘਿਰਾਓ ਕੀਤਾ ਗਿਆ।ਇਸ ਸਬੰਧੀ ਬੀਬੀ ਜਸਬੀਰ ਕੌਰ ਵੱਲੋਂ ਸ਼ਿਕਾਇਤ ਅਨੁਸਾਰ ਪਿੰਡ ਕਾਲੇ ਵਿਖੇ ਗੁਰਦੁਆਰਾ ਨਾਨਕ ਪ੍ਰਕਾਸ਼ ਵਿਖੇ 43 ਸ੍ਰੀ ਅਖੰਡ ਪਾਠ ਸਾਹਿਬ ਰਖਵਾਏ ਗਏ ਸਨ ਤੇ ਉਨ੍ਹਾਂ ਦੇ ਭੋਗ ਪਾਏ ਜਾਣ ਉਪਰੰਤ ਪਾਠੀ ਸਿੰਘਾਂ ਨੂੰ ਬਣਦੀ ਪੂਰੀ ਭੇਟਾ ਦੇਣ ਦੀ ਜਗ੍ਹਾ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਵੱਲੋਂ 43 ਹਜ਼ਾਰ ਰੁਪਏ ਘੱਟ ਦਿੱਤੇ ਗਏ ਜਿਸ 'ਤੇ ਪਾਠੀ ਸਿੰਘਾਂ ਵੱਲੋਂ ਰੌਲਾ ਪਾਏ ਜਾਣ 'ਤੇ ਬੀਬੀ ਜਸਬੀਰ ਕੌਰ ਦਾ ਭਰਾ ਵਿਦੇਸ਼ ਵਿਚ ਲਾਈਵ ਦੇਖ ਰਿਹਾ ਸੀ।ਉਨ੍ਹਾਂ ਆਪਣੀ ਭੈਣ ਜਸਬੀਰ ਕੌਰ ਨੂੰ ਪਿੰਡ ਦੀ ਬਦਨਾਮੀ ਨਾ ਹੋਣ ਦੀ ਵਜ੍ਹਾ ਦੱਸ ਕੇ ਆਪਣੇ ਕੋਲੋਂ ਪਾਠੀ ਸਿੰਘਾਂ ਦੀ ਰਹਿੰਦੀ 43 ਹਜ਼ਾਰ ਭੇਟਾ ਦੇਣ ਲਈ ਕਹੇ ਜਾਣ 'ਤੇ ਬੀਬੀ ਨੇ ਆਪਣੇ ਕੋਲੋਂ ਭੇਟਾ ਦੇ ਦਿੱਤੀ।ਇਸ ਗੱਲ ਤੋਂ ਖਫਾ ਹੋਏ ਗੁਰਦੁਆਰਾ ਦੇ ਪ੍ਰਧਾਨ ਲਖਬੀਰ ਸਿੰਘ ਲੱਖਾ ਵੱਲੋਂ ਬੀਬੀ ਜਸਬੀਰ ਕੌਰ ਨੂੰ ਕਿਹਾ ਕਿ ਜੇ ਤੁਹਾਨੂੰ ਏਨੀ ਪਿੰਡ ਦੀ ਬਦਨਾਮੀ ਦਾ ਡਰ ਹੈ ਤਾਂ ਮੇਲੇ ਦਾ ਬਾਕੀ ਸਾਰਾ ਖਰਚਾ ਵੀ ਦੇ ਦਿੰਦੇ ਤੇ ਨਾਲ ਹੀ ਬੀਬੀ ਨੂੰ ਅਪਸ਼ਬਦ ਬੋਲਦਿਆਂ ਉਸ ਦੀ ਰਿਕਾਰਡਿੰਗ ਵੀ ਸੋਸ਼ਲ ਮੀਡੀਆ 'ਤੇ ਵਾਇਰਲ ਕਰ ਦਿੱਤੀ ਗਈ, ਜਿਸ 'ਤੇ ਪ੍ਰਧਾਨ ਲਖਬੀਰ ਸਿੰਘ ਲੱਖਾ 'ਤੇ ਕਾਰਵਾਈ ਕਰਵਾਉਣ ਲਈ ਸਿੰਘਾਂ ਵੱਲੋਂ ਥਾਣੇ ਦਾ ਘਿਰਾਓ ਕੀਤਾ ਗਿਆ।ਇਸ ਸਬੰਧੀ ਥਾਣਾ ਭਿੱਖੀਵਿੰਡ ਦੇ ਐੱਸਐੱਚਓ ਨਾਲ ਸੰਪਰਕ ਨਾ ਹੋਣ 'ਤੇ ਥਾਣਾ ਮੁਨਸ਼ੀ ਇੰਦਰਜੀਤ ਸਿੰਘ ਨਾਲ ਸੰਪਰਕ ਕਰਨ ਤੇ ਉਨ੍ਹਾਂ ਦੱਸਿਆ ਕਿ ਮਾਮਲੇ ਦੀ ਤਫਤੀਸ਼ ਕਰ ਰਹੇ ਪੁਲਸ ਅਫ਼ਸਰ ਜਸਪਾਲ ਸਿੰਘ ਵੱਲੋਂ ਦੋਸ਼ੀ ਖਿਲਾਫ ਪਰਚਾ ਦਰਜ ਕਰ ਲਿਆ ਗਿਆ।



**● ਬੀਬੀ ਲਈ ਮੰਦੀ ਸ਼ਬਦਾਵਲੀ ਵਰਤਣ 'ਤੇ ਪੁਲਸ ਨੇ ਪ੍ਰਧਾਨ ਖਿਲਾਫ ਕੀਤਾ ਪਰਚਾ ਦਰਜ**

# ਗੁਰੂ ਰਾਮਦਾਸ ਚੈਰੀਟੇਬਲ ਸੋਸਾਇਟੀ ਵੱਲੋਂ ਹੜ੍ਹਾਂ ਦੀ ਲਪੇਟ 'ਚ ਆਏ ਪਿੰਡਾਂ ਤੇ ਕਸਬਿਆਂ 'ਚ ਸੇਵਾ ਲਗਾਤਾਰ ਜਾਰੀ

**ਫਤਹਿਗੜ੍ਹ ਚੂੜੀਆਂ (ਜਸਦੇਵ ਮਾਨ)**- ਸ੍ਰੀ ਗੁਰੂ ਰਾਮਦਾਸ ਚੈਰੀਟੇਬਲ ਸੋਸਾਇਟੀ ਪਿਛਲੇ 12 ਦਿਨਾਂ ਤੋਂ ਹਾਲ ਹੀ ਵਿੱਚ ਆਏ ਹੜ੍ਹਾਂ ਤੋਂ ਬੁਰੀ ਤਰ੍ਹਾਂ ਪ੍ਰਭਾਵਿਤ ਪਿੰਡਾਂ ਅਤੇ ਕਸਬਿਆਂ ਵਿੱਚ ਮੁਫ਼ਤ ਡਾਕਟਰੀ ਸਹਾਇਤਾ ਪ੍ਰਦਾਨ ਕੀਤੀ ਜਾ ਰਹੀ ਹੈ।ਸੁਸਾਇਟੀ ਵੱਲੋਂ ਸੇਵਾ ਨੂੰ ਸਮਰਪਿਤ ਹੁੰਦਿਆਂ ਇਸਦੇ ਅਧੀਨ ਚੱਲ ਰਹੇ ਸ੍ਰੀ ਗੁਰੂ ਰਾਮਦਾਸ ਫਾਰਮੇਸੀ ਕਾਲਜ ਅਤੇ ਸ੍ਰੀ ਗੁਰੂ ਰਾਮਦਾਸ ਨਰਸਿੰਗ ਕਾਲਜ ਪੰਧੇਰ, ਅੰਮ੍ਰਿਤਸਰ ਦੇ ਵਿਦਿਆਰਥੀਆਂ ਵਲੋਂ ਸੇਵਾ ਕੀਤੀ ਜਾ ਰਹੀ ਹੈ।ਸ੍ਰੀ ਗੁਰੂ ਰਾਮਦਾਸ ਚੈਰੀਟੇਬਲ ਸੋਸਾਇਟੀ ਫ਼ਤਿਹਗੜ੍ਹ ਚੂੜੀਆਂ ਇਹ ਯਕੀਨੀ ਬਣਾਉਣ ਲਈ ਅਣਥੱਕ ਮਿਹਨਤ ਕਰ ਰਹੀ ਹੈ ਕਿ ਜ਼ਰੂਰੀ ਸਿਹਤ ਸੰਭਾਲ ਲੋੜਵੰਦਾਂ ਤੱਕ ਪਹੁੰਚੇ ਅਤੇ ਹੜ੍ਹ ਤੋਂ ਪ੍ਰਭਾਵਿਤ ਹਰੇਕ ਪਿੰਡ, ਘਰ ਅਤੇ ਵਿਅਕਤੀ ਤੱਕ ਜ਼ਰੂਰੀ ਮੈਡੀਸਨ ਪੁਹੰਚੇ।ਇਸ ਲਈ ਵਿਦਿਆਰਥੀ ਹਰੇਕ ਪਿੰਡ ਦੇ ਘਰ ਘਰ ਪੁੱਜ ਕਿ ਬੀ ਪੀ ਅਤੇ ਸ਼ੂਗਰ ਦੀ ਜਾਂਚ ਕਰਕੇ ਡਾਕਟਰ ਵੱਲੋ ਦੱਸੀ ਮੈਡੀਸਨ ਦੇ ਰਹੇ ਹਨ।ਸੋਸਾਇਟੀ ਵੱਲੋ 12 ਦਿਨਾਂ ਦੌਰਾਨ ਹੜ੍ਹ ਤੋ ਪ੍ਰਭਾਵਿਤ ਰਮਦਾਸ ਅਤੇ ਅਜਨਾਲਾ ਖੇਤਰ ਦੇ ਲੱਗਭਗ ਸਾਰੇ ਪਿੰਡਾਂ ਦਾ ਦੌਰਾ ਕਰਕੇ ਮੈਡੀਸਨ ਦਿੱਤੀ ਗਈ ਹੈ।ਇਸਦੇ ਨਾਲ ਹੀ ਰੋਜ਼ਾਨਾ ਪੱਕਾ ਮੈਡੀਕਲ ਕੈਂਪ ਗੁਰਦਵਾਰਾ ਸਮਾਧ ਸਾਹਿਬ ਰਮਦਾਸ ਵਿੱਚ ਚਲਾਇਆ ਜਾ ਰਿਹਾ ਹੈ।ਇਸ ਕੈਂਪ ਵਿੱਚ ਬਤੌਰ ਵਲੰਟੀਅਰ ਡਾ. ਗੁਲਵਤਨ ਸਿੰਘ ਕੰਗ ਅਤੇ ਹੋਰ ਕਈ ਡਾਕਟਰ ਸੇਵਾ ਦੇ ਰਹੇ ਹਨ।ਇਸ ਕੈਂਪ ਵਿੱਚ ਬਲੱਡ ਪ੍ਰੈਸ਼ਰ (ਬੀਪੀ) ਅਤੇ ਸ਼ੂਗਰ (ਸ਼ੂਗਰ) ਲਈ ਦਵਾਈਆਂ, ਫੰਗਲ ਇਨਫੈਕਸ਼ਨਾਂ ਅਤੇ ਹੋਰ ਲਾਗਾਂ ਲਈ ਦਵਾਈਆਂ, ਔਰਤਾਂ ਲਈ ਸੈਨੇਟਰੀ ਪੈਡ, ਬੱਚਿਆਂ ਲਈ ਡਾਇਪਰ, ਚਮੜੀ ਦੀ ਸੁਰੱਖਿਆ ਲਈ ਕਰੀਮ, ਮੱਛਰ ਵਾਸਤੇ ਓਡੋਮੋਸ ਕਰੀਮ, ਅਤੇ ਹੋਰ ਲੋੜੀਂਦੀਆਂ ਦਵਾਈਆਂ ਦਿੱਤੀਆਂ ਜਾ ਰਹੀਆਂ ਹਨ।ਇਸ ਕੈਂਪ ਵਿੱਚ ਡਾ. ਗੁਲਵਤਨ ਸਿੰਘ ਕੰਗ (ਐੱਮ.ਡੀ. ਐਨਸਥੀਸੀਆ) ਅਤੇ ਸਾਰੇ ਵਲੰਟੀਅਰਾਂ, ਵਿਦਿਆਰਥੀਆਂ ਅਤੇ ਸਿਹਤ ਸੰਭਾਲ ਪ੍ਰਦਾਤਾਵਾਂ ਦਾ ਵਿਸ਼ੇਸ਼ ਤੌਰ ਤੇ ਯੋਗਦਾਨ ਦੇਣ ਲਈ ਸੋਸਾਇਟੀ ਵੱਲੋਂ ਧੰਨਵਾਦ ਕੀਤਾ ਜਾਂਦਾ ਹੈ ਜਿਨ੍ਹਾਂ ਦਾ ਅਟੁੱਟ ਸਮਰਥਨ ਇਸ ਪਹਿਲ ਨੂੰ ਸੰਭਵ ਬਣਾ ਰਿਹਾ ਹੈ।ਸ੍ਰੀ ਗੁਰੂ ਰਾਮਦਾਸ ਚੈਰੀਟੇਬਲ ਸੋਸਾਇਟੀ ਇਨ੍ਹਾਂ ਮੁਸ਼ਕਿਲ ਸਮਿਆਂ ਵਿੱਚ ਮਨੁੱਖਤਾ ਦੀ ਸੇਵਾ ਲਈ ਵਚਨਬੱਧ ਹੈ।



# ਹੜ੍ਹ ਪੀੜਤਾਂ ਦੀ ਮਦਦ ਵਿੱਚ ਤੇਜ਼ੀ ਲਿਆਉਣ ਲਈ ਜਮਹੂਰੀ ਕਿਸਾਨ ਸਭਾ ਦਾ ਵਫਦ ਡਿਪਟੀ ਕਮਿਸ਼ਨਰ ਗੁਰਦਾਸਪੁਰ ਨੂੰ ਮਿਲਿਆ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਜਮਹੂਰੀ ਕਿਸਾਨ ਸਭਾ ਦੇ ਸੱਦੇ 'ਤੇ ਪੰਜਾਬ ਭਰ ਦੇ ਡਿਪਟੀ ਕਮਿਸ਼ਨਰਾਂ ਨੂੰ ਹੜ ਪੀੜਤਾ ਨੋ ਮੁਆਵਜ਼ਾ ਦੇਣ ਦੀ ਮੰਗ ਨੂੰ ਲੈ ਕੇ ਅਤੇ ਇਸ ਵਿੱਚ ਵਿੱਚ ਤੇਜ਼ੀ ਲਿਆਉਣ ਦੀ ਮੰਗ ਨੂੰ ਲੈ ਕੇ ਸਾਰੇ ਡਿਪਟੀ ਕਮਿਸ਼ਨਰਾਂ ਨੂੰ ਮਿਲਣ ਦੇ ਪ੍ਰੋਗਰਾਮ ਤਹਿਤ ਜਮੂਹੂਰੀ ਕਿਸਾਨ ਸਭਾ ਜ਼ਿਲ੍ਹਾ ਗੁਰਦਾਸਪੁਰ ਦਾ ਇੱਕ ਵੱਡਾ ਵਫਦ ਡਿਪਟੀ ਕਮਿਸ਼ਨ ਗੁਰਦਾਸਪੁਰ ਨੂੰ ਮਿਲਿਆ। ਮੰਗ ਪੱਤਰ ਦੇਣ ਦੇ ਸੱਦੇ ਤੇ ਜਿਲਾ ਗੁਰਦਾਸਪੁਰ ਦੇ ਜਮਹੂਰੀ ਕਿਸਾਨ ਸਭਾ ਦੇ ਆਗੂ ਤੇ ਵਰਕਰ ਵੱਡੀ ਗਿਣਤੀ ਵਿੱਚ ਡੀਸੀ ਦਫਤਰ ਗੁਰਦਾਸਪੁਰ ਪਹੁੰਚੇ ।ਡੀਸੀ ਗੁਰਦਾਸਪੁਰ ਨੂੰ ਮੰਗ ਪੱਤਰ ਸੌਂਪਿਆ ।ਮੰਗ ਪੱਤਰ ਸੌਂਪਣ ਤੋਂ ਪਹਿਲੋਂ ਜਮਹੂਰੀ ਵਿਧਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਹਰਜੀਤ ਸਿੰਘ ਕਾਹਲੋਂ ਨੇ ਜ਼ੋਰ ਦੇ ਕੇ ਕਿਹਾ ਕਿ ਸਰਕਾਰ ਮੰਗ ਪੱਤਰ ਵਿੱਚ ਸ਼ਾਮਿਲ ਮੰਗਾਂ ਜਿਵੇਂ ਕਿ ਹੜਾਂ ਨਾਲ ਹੋਈ ਮੌਤ ਦਾ 10 ਲੱਖ ਰੁਪਏ ਮੁਆਵਜ਼ਾ, 70 ਹਜਾਰ ਪ੍ਰਤੀ ਏਕੜ ਖਰਾਬ ਫਸਲ ਦਾ ਮੁਆਵਜ਼ਾ ਮੱਝ ਜਾਂ ਗਾਂ ਮਰਨ ਦੀ ਸੂਰਤ ਵਿੱਚ ਇਕ ਲੱਖ ਰੁਪਏ ਜਲਦੀ ਤੋਂ ਜਲਦੀ ਕਿਸਾਨਾਂ ਨੂੰ ਦਿੱਤਾ ਜਾਵੇ ਤਾਂ ਕਿ ਕਿਸਾਨ ਅਗਲੀ ਫਸਲ ਬੀਜਣ ਦੇ ਸਮਰੱਥ ਹੋ ਸਕਣ।ਉਨ੍ਹਾਂ ਜ਼ੋਰਦਾਰ ਸ਼ਬਦਾਂ ਵਿੱਚ ਮੰਗ ਕੀਤੀ ਕਿ ਬੇਜ਼ਮੀਨੇ ਮਜ਼ਦੂਰਾਂ ਨੂੰ ਜਿਨ੍ਹਾਂ ਦੇ ਘਰ ਬਾਹਰ ਢਹਿ ਗਏ ਹਨ ਅਤੇ ਕਈ ਚਿਰ ਕੰਮ ਤੇ ਨਹੀਂ ਜਾ ਸਕੇ ਉਨ੍ਹਾਂ ਨੂੰ ਵੀ ਇਸੇ ਤਰਜ਼ ਤੇ ਮੁਆਵਜ਼ਾ ਦਿੱਤਾ ਜਾਵੇ। ਇਸ ਮੌਕੇ ਅਜੀਤ ਸਿੰਘ ਹੁੰਦਲ, ਰਘਬੀਰ ਸਿੰਘ ਚਾਹਲ, ਮੱਖਣ ਸਿੰਘ ਤਿੱਬੜ, ਕੁਲਜੀਤ ਸਿੰਘ ਰੰਧਾਵਾ, ਵੀਰ ਸਿੰਘ ਕਲਾਨੌਰ, ਗੁਰਮੀਤ ਸਿੰਘ ਥਾਣੇਵਾਲ ਆਦਿ ਨੇ ਵੀ ਸੰਬੋਧਨ ਕਰਦਿਆਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਜਿਨ੍ਹਾਂ ਕਿਸਾਨਾਂ ਦੀ ਫਸਲ ਦਾ ਨੁਕਸਾਨ ਨਹੀਂ ਹੋਇਆ ਉਹ ਵੱਧ ਚੜ੍ਹ ਕੇ ਰਾਹਤ ਕਾਰਜਾਂ ਵਿੱਚ ਮਦਦ ਕਰਨ ਅਤੇ ਇਹ ਯਕੀਨੀ ਬਣਾਉਣ ਕਿ ਇਹ ਮਦਦ ਪੀੜਤ ਕਿਸਾਨਾਂ, ਮਜ਼ਦੂਰਾਂ ਤੱਕ ਪਹੁੰਚੇ।ਬੁਲਾਰਿਆਂ ਨੇ ਪੰਜਾਬ ਸਰਕਾਰ ਵੱਲੋਂ ਸਿਰਫ 20 ਹਜ਼ਾਰ ਰੁਪਏ ਪ੍ਰਤੀ ਏਕੜ ਦੀ ਮਦਦ ਦਾ ਜਿੱਥੇ ਵਿਰੋਧ ਕੀਤਾ ਉਥੇ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਹੋਰਾਂ ਵੱਲੋਂ ਹੜ੍ਹ ਪੀੜਤਾਂ ਲਈ ਸਿਰਫ 1600 ਕਰੋੜ ਦੀ ਮਦਦ ਦੀ ਪੁਰਜ਼ੋਰ ਨਿਖੇਧੀ ਕੀਤੀ ਅਤੇ ਮੰਗ ਕੀਤੀ ਕਿ ਕੇਂਦਰ ਸਰਕਾਰ ਘੱਟੋ ਘੱਟ 50 ਹਜ਼ਾਰ ਕਰੋੜ ਮਦਦ ਦੇਵੇ। ਆਗੂਆਂ ਇਹ ਵੀ ਕਿਹਾ ਕਿ ਪੰਜਾਬ ਵਿੱਚ ਬੇਸ਼ੱਕ ਨਜਾਇਜ਼ ਮਾਈਨਿੰਗ ਹੋਈ ਹੈ ਪ੍ਰੰਤੂ ਹੜ੍ਹਾਂ ਦਾ ਕਾਰਨ ਬੀਬੀਐੱਮਬੀ ਵੱਲੋਂ ਅਤੇ ਹੋਰ ਡੈਮਾਂ ਵੱਲੋਂ ਗਲਤ ਢੰਗ ਨਾਲ ਪਾਣੀ ਛੱਡੇ ਜਾਣਾ ਹੈ। ਉਨ੍ਹਾਂ ਮੰਗ ਕੀਤੀ ਕਿ ਸਮੁੱਚੇ ਡੈਮਾਂ ਤੋਂ ਪਾਣੀ ਛੱਡਣ ਦੇ ਢੰਗ ਤਰੀਕੇ ਦੀ ਮੁਕੰਮਲ ਜਾਂਚ ਕੀਤੀ ਜਾਵੇ ਅਤੇ ਜ਼ਿੰਮੇਵਾਰ ਦੋਸ਼ੀ ਅਧਿਕਾਰੀਆਂ ਨੂੰ ਬਣਦੀ ਸਜ਼ਾ ਦਿੱਤੀ ਜਾਵੇ।ਆਗੂਆਂ ਕਿਹਾ ਕਿ ਨਰਿੰਦਰ ਮੋਦੀ ਪੰਜਾਬ ਨਾਲ ਵਿਤਕਰਾ ਕਰ ਰਹੇ ਹਨ ਅਤੇ ਮੁਆਵਜ਼ੇ ਪ੍ਰਤੀ ਵੀ ਸ਼ਰਤਾਂ ਲਾ ਰਹੇ ਹਨ ਉਹ ਹੜ੍ਹ ਪੀੜਤਾਂ ਲਈ ਹਮਦਰਦੀ ਦੀ ਥਾਂ ਪੰਜਾਬ ਦੇ ਜ਼ਖਮਾਂ 'ਤੇ ਲੂਣ ਛਿੜਕ ਕੇ ਗਏ ਹਨ।ਡੀਸੀ ਗੁਰਦਾਸਪੁਰ ਤੋਂ ਮੰਗ ਕੀਤੀ ਗਈ ਕਿ ਬਣਦਾ ਮੁਆਵਜ਼ਾ ਜਲਦੀ ਤੋਂ ਜਲਦੀ ਅਦਾ ਕੀਤਾ ਜਾਵੇ ।ਇਸ ਮੌਕੇ ਹੋਰਨਾਂ ਤੋਂ ਇਲਾਵਾ ਬਲਜੀਤ ਸਿੰਘ ਕਾਲਾਨੌਰ, ਕੁਲਵਿੰਦਰ ਸਿੰਘ ਤਿਬੜ, ਦਵਿੰਦਰ ਸਿੰਘ ਸੋਨਾ ਘਰਾਲਾ, ਬਲਪ੍ਰੀਤ ਸਿੰਘ, ਰਣਜੀਤ ਸਿੰਘ ਰਾਣਾ ਘਰਾਲਾ ਅਤੇ ਹੋਰ ਬਹੁਤ ਸਾਰੇ ਆਗੂ ਹਾਜ਼ਰ ਸਨ।

**ਬੇਜ਼ਮੀਨੇ ਮਜ਼ਦੂਰਾਂ ਦੀ ਵੱਧ ਤੋਂ ਵੱਧ ਮਦਦ ਨੂੰ ਯਕੀਨੀ ਬਣਾਉਣ ਦੀ ਕੀਤੀ ਮੰਗ**



ਨਵਾਂ ਜ਼ਮਾਨਾ
ਵੀਰਵਾਰ 11 ਸਤੰਬਰ 2025

# ਨੇਪਾਲ ਦੇ ਨੌਜਵਾਨ

*ਨੇਪਾਲ ਦੀ ਸਿਆਸਤ ਲੰਮੇ ਸਮੇਂ ਤੋਂ ਬਾਹਰੀ ਪ੍ਰਭਾਵਾਂ 'ਤੇ ਟਿਕੀ ਰਹੀ ਹੈ। ਲੋਕਤੰਤਰ ਦਾ ਢਾਂਚਾ ਵਿਦੇਸ਼ਾਂ ਤੋਂ ਲਿਆ ਗਿਆ, ਸੰਵਿਧਾਨ ਵਿੱਚ ਅਧਿਕਾਰ ਤਾਂ ਦਿੱਤੇ ਗਏ, ਪਰ ਆਮ ਲੋਕਾਂ ਤੇ ਖਾਸਕਰ ਆਦਿਵਾਸੀ ਸਮਾਜ ਦੀ ਭਾਗੀਦਾਰੀ ਸਿਰਫ ਦਿਖਾਵੇ ਤੱਕ ਸੀਮਤ ਰਹਿ ਗਈ। ਫੈਸਲੇ ਰਾਜਧਾਨੀ ਵਿੱਚ ਲਏ ਜਾਂਦੇ ਸਨ ਤੇ ਦੂਰ-ਦੁਰਾਡੇ ਰਹਿੰਦੇ ਲੋਕ ਦਰਸ਼ਕ ਬਣੇ ਰਹਿੰਦੇ ਸਨ। ਹੁਣ ਇਹ ਤਸਵੀਰ ਬਦਲਦੀ ਨਜ਼ਰ ਆ ਰਹੀ ਹੈ। ਜੈੱਨਜ਼ੀ (ਜੈੱਨ ਜ਼ੈੱਡ) ਯਾਨਿ ਨਵੀਂ ਪੀੜ੍ਹੀ, ਜੋ ਸੋਸ਼ਲ ਮੀਡੀਆ 'ਤੇ ਜਾਗਰੂਕ ਹੈ, ਸਵਾਲ ਪੁੱਛ ਰਹੀ ਹੈ ਤੇ ਬਦਲਾਅ ਦੀ ਆਵਾਜ਼ ਬਣ ਰਹੀ ਹੈ। ਇਹ ਯੁਵਾ ਅੰਦੋਲਨ ਨੇਪਾਲ ਦੀ ਸਿਆਸਤ ਲਈ ਨਵਾਂ ਮੋੜ ਸਾਬਤ ਹੋ ਸਕਦਾ ਹੈ। ਨੇਪਾਲ ਵਿੱਚ ਰਾਜਸ਼ਾਹੀ ਦੇ ਖਾਤਮੇ ਤੋਂ ਬਾਅਦ ਪਿਛਲੇ ਵਰ੍ਹਿਆਂ 'ਚ ਜਿਹੜਾ ਸਿਆਸੀ ਢਾਂਚਾ ਬਣਿਆ, ਉਸ ਵਿੱਚ ਬਾਹਰੀ ਮਦਦ ਤੇ ਵੱਡੇ ਆਗੂਆਂ ਦੀ ਨੀਤੀ ਵਧ ਰਹੀ ਹੈ। ਸਥਾਨਕ ਲੋੜਾਂ, ਸੰਸਕ੍ਰਿਤੀ ਤੇ ਵਿਵਧਤਾਵਾਂ ਨੂੰ ਸਮਝੇ ਬਿਨਾਂ ਯੋਜਨਾਵਾਂ ਲਾਗੂ ਕੀਤੀਆਂ ਗਈਆਂ। ਇਸ ਨਾਲ ਨੌਜਵਾਨਾਂ ਵਿੱਚ ਬੇਚੈਨੀ ਵਧੀ। ਸਿੱਖਿਆ ਤੇ ਰੁਜ਼ਗਾਰ ਦੀ ਕਮੀ, ਸਿਆਸੀ ਭ੍ਰਿਸ਼ਟਾਚਾਰ ਤੇ ਸਥਾਨਕ ਲੀਡਰਸ਼ਿਪ ਦੀ ਅਣਹੋਂਦ ਨੇ ਉਨ੍ਹਾਂ ਨੂੰ ਹਤਾਸ਼ ਕੀਤਾ। ਜਦੋਂ ਇਸ ਹਤਾਸ਼ਾ ਦਾ ਹੱਲ ਨਜ਼ਰ ਨਹੀਂ ਆਇਆ ਤਾਂ ਉਨ੍ਹਾਂ ਸੋਸ਼ਲ ਮੀਡੀਆ 'ਤੇ ਆਪਣੀ ਪੀੜਾ, ਨਾਬਰਾਬਰੀ ਤੇ ਅਧਿਕਾਰਾਂ ਦੀ ਮੰਗ ਨੂੰ ਲੈ ਕੇ ਖੁੱਲ੍ਹ ਕੇ ਲਿਖਿਆ। ਕਈ ਥਾਈਂ ਜ਼ੈੱਨਜ਼ੀ ਨੌਜਵਾਨਾਂ ਨੇ ਅੰਦੋਲਨ ਸ਼ੁਰੂ ਕੀਤੇ, ਜਿੱਥੇ ਉਨ੍ਹਾਂ ਪਾਰਦਰਸ਼ਤਾ, ਸਥਾਨਕ ਵਿਕਾਸ ਤੇ ਪਰਿਆਵਰਣ ਦੀ ਰਾਖੀ ਦੀ ਮੰਗ ਚੁੱਕੀ। ਹੁਣ ਤੱਕ ਆਦਿਵਾਸੀ ਸਮਾਜ ਤੇ ਨੌਜਵਾਨਾਂ ਦੀ ਭਾਗੀਦਾਰੀ ਕਦੇ ਇੱਕ ਪ੍ਰਤੀਨਿਧ, ਕਦੇ ਇੱਕ ਬਿਆਨ ਰਾਹੀਂ ਸਿਰਫ ਪ੍ਰਤੀਕਾਤਮਕ ਬਣੀ ਰਹੀ, ਪਰ ਹੁਣ ਸੋਸ਼ਲ ਮੀਡੀਆ ਨੇ ਹੱਦਾਂ ਤੋੜ ਦਿੱਤੀਆਂ। ਹੁਣ ਨੌਜਵਾਨਾਂ ਨੇ ਸੜਕਾਂ 'ਤੇ ਆ ਕੇ ਪੁੱਛਿਆ ਕਿ ਅਸਲੀ ਫੈਸਲਿਆਂ ਵਿੱਚ ਉਨ੍ਹਾਂ ਦੀ ਭੂਮਿਕਾ ਕਿੱਥੇ ਹੈ? ਉਨ੍ਹਾਂ ਕਿਹਾ ਕਿ ਉਹ ਸਿਰਫ ਵੋਟਾਂ ਪਾਉਣ ਵਾਲੇ ਹੀ ਨਹੀਂ ਰਹਿਣਗੇ, ਨੀਤੀ ਨਿਰਮਾਣ ਵਿੱਚ ਬਰਾਬਰ ਦੀ ਹਿੱਸੇਦਾਰੀ ਲੈਣਗੇ। ਜੈੱਨਜ਼ੀ ਅੰਦੋਲਨ ਨੇ ਸਾਫ ਸੰਦੇਸ਼ ਦਿੱਤਾ ਹੈ ਕਿ ਨੌਜਵਾਨਾਂ ਦੀ ਆਵਾਜ਼ ਨਹੀਂ ਸੁਣੀ ਜਾਵੇਗੀ ਤਾਂ ਉਹ ਸੜਕਾਂ 'ਤੇ ਵੀ ਉਤਰਨਗੇ ਤੇ ਡਿਜੀਟਲ ਪਲੇਟਫਾਰਮ 'ਤੇ ਵੀ। ਮਜ਼ੇ ਦੀਆਂ ਰੀਲਾਂ ਬਣਾਉਣ ਵਾਲੇ ਪਲੇਟਫਾਰਮ ਨੂੰ ਉਨ੍ਹਾਂ ਅੰਦੋਲਨ ਤੇ ਅਸੰਤੋਸ਼ ਦੇ ਪ੍ਰਗਟਾਵੇ ਵਿੱਚ ਬਦਲ ਦਿੱਤਾ ਹੈ। ਨੌਜਵਾਨ ਆਤਮ-ਨਿਰਭਰਤਾ, ਸਥਾਨਕ ਵਸੀਲਿਆਂ ਦੀ ਸਹੀ ਵਰਤੋਂ ਤੇ ਪਾਰਦਰਸ਼ੀ ਪ੍ਰਸ਼ਾਸਨ ਦੀ ਮੰਗ ਕਰ ਰਹੇ ਹਨ। ਉਹ ਚਾਹੁੰਦੇ ਹਨ ਕਿ ਨੇਪਾਲ ਦੀਆਂ ਨੀਤੀਆਂ ਨੇਪਾਲ ਦੀਆਂ ਲੋੜਾਂ ਦੇ ਆਧਾਰ 'ਤੇ ਬਣਨ, ਨਾ ਕਿ ਬਾਹਰੀ ਸ਼ਕਤੀਆਂ ਦੀਆਂ ਸ਼ਰਤਾਂ ਨਾਲ। ਆਦਿਵਾਸੀ ਸਮਾਜ ਦੀਆਂ ਸਮੱਸਿਆਵਾਂ—ਸਿੱਖਿਆ ਦੀ ਕਮੀ, ਸਿਹਤ ਸਹੂਲਤਾਂ ਦੀ ਕਮੀ, ਰੁਜ਼ਗਾਰ ਦਾ ਸੰਕਟ ਵੀ ਜ਼ੈੱਨਜ਼ੀ ਅੰਦੋਲਨ ਦਾ ਕੇਂਦਰੀ ਮੁੱਦਾ ਹੈ। ਜੈੱਨਜ਼ੀ ਅੰਦੋਲਨ ਨੇ ਪਰੰਪਰਾ ਤੇ ਆਧੁਨਿਕਤਾ ਵਿਚਾਲੇ ਪੁਲ ਬਣਾਉਣ ਦੀ ਕੋਸ਼ਿਸ਼ ਕੀਤੀ ਹੈ, ਤਾਂ ਕਿ ਆਦਿਵਾਸੀ ਸਮਾਜ ਦੀ ਅਸਲ ਆਵਾਜ਼ ਸਾਹਮਣੇ ਆ ਸਕੇ। ਨੇਪਾਲ ਦੇ ਨੌਜਵਾਨਾਂ ਦਾ ਇਹ ਅੰਦੋਲਨ ਉਨ੍ਹਾਂ ਦੇਸ਼ਾਂ ਲਈ ਵੀ ਸਬਕ ਹੈ, ਜਿੱਥੇ ਲੋਕਤੰਤਰ ਸਿਰਫ ਵੋਟ ਪਾਉਣ ਤੱਕ ਹੀ ਸੀਮਤ ਹੈ ਤੇ ਜਿੱਤਣ ਵਾਲੇ ਬਾਅਦ ਵਿੱਚ ਮਨਮਰਜ਼ੀਆਂ ਤੇ ਧੱਕੇਸ਼ਾਹੀਆਂ ਕਰਦੇ ਹਨ।*

# ਭਾਰਤ ਦੇ ਆਜ਼ਾਦੀ ਸੰਗਰਾਮ 'ਚ ਰਾਸ਼ਟਰੀ ਸਵੈਮ ਸੇਵਕ ਸੰਘ ਦੀ ਭੂਮਿਕਾ

ਮੂਲ: ਵਿਦਿਆਸਾਗਰ ਗਿਰੀ
ਅਨੁਵਾਦ : ਐੱਮ ਐੱਸ ਭਾਟੀਆ

ਰਾਸ਼ਟਰੀ ਸਵੈਮ ਸੇਵਕ ਸੰਘ (ਆਰ ਐੱਸ ਐੱਸ) ਦੀ ਸਥਾਪਨਾ 1925 ਵਿੱਚ ਡਾ. ਕੇਸ਼ਵਰਾਓ ਬਲਰਾਮ ਹੇਡਗੇਵਾਰ ਦੁਆਰਾ ਕੀਤੀ ਗਈ ਸੀ। ਇਸ ਦਾ ਮੁੱਖ ਉਦੇਸ਼ ਹਿੰਦੂ ਸਮਾਜ ਨੂੰ ਸੰਗਠਿਤ ਕਰਨਾ ਅਤੇ ਹਿੰਦੂ ਰਾਸ਼ਟਰਵਾਦ ਨੂੰ ਉਤਸ਼ਾਹਿਤ ਕਰਨਾ ਸੀ। ਹਾਲਾਂਕਿ, ਭਾਰਤੀ ਆਜ਼ਾਦੀ ਸੰਗਰਾਮ ਦੌਰਾਨ ਆਰ ਐੱਸ ਐੱਸ ਦੀ ਭੂਮਿਕਾ ਬਹੁਤ ਵਿਵਾਦਪੂਰਨ ਰਹੀ ਹੈ, ਜਦੋਂ ਕਿ ਕੁਝ ਸਰੋਤ ਦਾਅਵਾ ਕਰਦੇ ਹਨ ਕਿ ਆਰ ਐੱਸ ਐੱਸ ਨੇ ਅਸਿੱਧੇ ਤੌਰ 'ਤੇ ਰਾਸ਼ਟਰ ਨਿਰਮਾਣ ਵਿੱਚ ਯੋਗਦਾਨ ਪਾਇਆ, ਜ਼ਿਆਦਾਤਰ ਇਤਿਹਾਸਕ ਦਸਤਾਵੇਜ਼ ਅਤੇ ਸਮਕਾਲੀ ਰਿਪੋਰਟਾਂ ਦਰਸਾਉਂਦੀਆਂ ਹਨ ਕਿ ਸੰਘ ਨੇ ਬ੍ਰਿਟਿਸ਼ ਸ਼ਾਸਨ ਵਿਰੁੱਧ ਸਰਗਰਮ ਸੰਘਰਸ਼ ਵਿੱਚ ਹਿੱਸਾ ਨਹੀਂ ਲਿਆ। ਸਗੋਂ, ਕਈ ਮੌਕਿਆਂ 'ਤੇ ਆਰ ਐੱਸ ਐੱਸ ਨੇਤਾਵਾਂ ਨੇ ਬ੍ਰਿਟਿਸ਼ ਸ਼ਾਸਨ ਦਾ ਸਮਰਥਨ ਕੀਤਾ ਅਤੇ ਆਜ਼ਾਦੀ ਘੁਲਾਟੀਆਂ ਦਾ ਵਿਰੋਧ ਕੀਤਾ।

**ਆਜ਼ਾਦੀ ਸੰਘਰਸ਼ ਵਿੱਚ ਆਰ ਐੱਸ ਐੱਸ ਦੀ ਭੂਮਿਕਾ**

ਭਾਰਤ ਦੀ ਆਜ਼ਾਦੀ ਦੀ ਲਹਿਰ ਉਦੋਂ ਸਿਖਰ 'ਤੇ ਸੀ ਜਦੋਂ ਆਰ ਐੱਸ ਐੱਸ ਦੀ ਸਥਾਪਨਾ ਹੋਈ ਸੀ, ਪਰ ਸੰਘ ਨੇ ਕਦੇ ਵੀ ਬ੍ਰਿਟਿਸ਼ ਸ਼ਾਸਨ ਵਿਰੁੱਧ ਵੱਡੇ ਪੱਧਰ 'ਤੇ ਵਿਰੋਧ ਪ੍ਰਦਰਸ਼ਨਾਂ ਦੀ ਅਗਵਾਈ ਨਹੀਂ ਕੀਤੀ। ਡਾ. ਹੇਡਗੇਵਾਰ ਨੇ ਸਪੱਸ਼ਟ ਨਿਰਦੇਸ਼ ਦਿੱਤੇ ਸਨ ਕਿ ਆਰ ਐੱਸ ਐੱਸ ਰਾਜਨੀਤਕ ਅੰਦੋਲਨਾਂ ਤੋਂ ਦੂਰ ਰਹੇਗਾ। ਹੇਡਗੇਵਾਰ ਨੇ 1930 ਦੇ ਸਿਵਲ ਨਾਫ਼ਰਮਾਨੀ ਅੰਦੋਲਨ ਵਿੱਚ ਨਿੱਜੀ ਤੌਰ 'ਤੇ ਹਿੱਸਾ ਲਿਆ ਸੀ, ਪਰ ਸੰਘ ਦੇ ਮੈਂਬਰਾਂ ਨੂੰ ਇਸ ਵਿੱਚ ਸ਼ਾਮਲ ਹੋਣ ਤੋਂ ਰੋਕਿਆ ਗਿਆ ਸੀ। ਆਰ ਐਸ ਐਸ ਦੀ ਅਧਿਕਾਰਤ ਜੀਵਨੀ ਦੱਸਦੀ ਹੈ ਕਿ ਹੇਡਗੇਵਾਰ ਨੇ ਕਾਂਗਰਸੀ ਵਰਕਰਾਂ ਨਾਲ ਸੰਪਰਕ ਸਥਾਪਤ ਕਰਨ ਅਤੇ ਆਰ ਐੱਸ ਐੱਸ ਲਈ ਮੈਂਬਰਾਂ ਨੂੰ ਇਕੱਠਾ ਕਰਨ ਲਈ ਜੇਲ੍ਹ ਜਾਣ ਦਾ ਫੈਸਲਾ ਕੀਤਾ, ਨਾ ਕਿ ਆਜ਼ਾਦੀ ਲਈ।

1942 ਦੇ ਭਾਰਤ ਛੱਡੋ ਅੰਦੋਲਨ ਵਿੱਚ, ਜਦੋਂ ਪੂਰਾ ਦੇਸ਼ ਅੰਗਰੇਜ਼ਾਂ ਵਿਰੁੱਧ ਸੜਕਾਂ 'ਤੇ ਸੀ, ਆਰ ਐੱਸ ਐੱਸ ਨੇ ਇਸ ਦਾ ਬਾਈਕਾਟ ਕੀਤਾ। ਉਸ ਸਮੇਂ ਦੇ ਆਰ ਐਸ ਐਸ ਮੁਖੀ ਐਮ.ਐਸ. ਗੋਲਵਲਕਰ ਨੇ ਮੈਂਬਰਾਂ ਨੂੰ ਅੰਦੋਲਨ ਵਿੱਚ ਹਿੱਸਾ ਨਾ ਲੈਣ ਦੀ ਹਦਾਇਤ ਕੀਤੀ, ਕਿਉਂਕਿ ਆਰ ਐਸ ਐਸ ਦਾ ਨਿਯਮਤ ਕੰਮ (ਸ਼ਾਖਾਵਾਂ ਅਤੇ ਕੈਂਪ) ਜਾਰੀ ਰਹੇਗਾ। ਗੋਲਵਲਕਰ ਨੇ ਬਾਅਦ ਵਿੱਚ ਮੰਨਿਆ ਕਿ ਬਹੁਤ ਸਾਰੇ ਵਲੰਟੀਅਰ ਅਸੰਤੁਸ਼ਟ ਸਨ, ਪਰ ਆਰ ਐਸ ਐਸ ਨੇ ਕੋਈ ਸਿੱਧੀ ਕਾਰਵਾਈ ਨਹੀਂ ਕੀਤੀ। ਬ੍ਰਿਟਿਸ਼ ਖੁਫੀਆ ਰਿਪੋਰਟਾਂ ਵਿੱਚ ਸਪੱਸ਼ਟ ਤੌਰ 'ਤੇ ਜ਼ਿਕਰ ਕੀਤਾ ਗਿਆ ਹੈ ਕਿ ਆਰ ਐੱਸ ਐੱਸ ਨੇ ਭਾਰਤ ਛੱਡੋ ਅੰਦੋਲਨ ਵਿੱਚ ਹਿੱਸਾ ਨਹੀਂ ਲਿਆ ਅਤੇ ਹਮੇਸ਼ਾ ਕਾਨੂੰਨ ਦੀ ਪਾਲਣਾ ਕੀਤੀ।

ਇਤਿਹਾਸਕਾਰ ਕ੍ਰਿਸਟੋਫ ਜਾਫਰੇਲੋਟ ਦੇ ਅਨੁਸਾਰ ਆਰ ਐਸ ਐਸ ਨੇ ਆਜ਼ਾਦੀ ਅੰਦੋਲਨ ਵਿੱਚ ਹਿੱਸਾ ਨਹੀਂ ਲਿਆ, ਹਿੰਦੂ ਸਮਾਜ ਦੀ ਅੰਦਰੂਨੀ ਮਜ਼ਬੂਤੀ 'ਤੇ ਧਿਆਨ ਕੇਂਦਰਤ ਕੀਤਾ, ਜੋ ਕਿ ਬ੍ਰਿਟਿਸ਼ ਲਈ ਕੋਈ ਖ਼ਤਰਾ ਨਹੀਂ ਸੀ।

ਪਰ ਆਰ ਐਸ ਐਸ ਦੀ ਅਧਿਕਾਰਤ ਨੀਤੀ ਹਮੇਸ਼ਾ ਰਾਜਨੀਤਕ ਅੰਦੋਲਨਾਂ ਤੋਂ ਦੂਰ ਰਹਿਣ ਦੀ ਸੀ। ਵੀ.ਡੀ. ਸਾਵਰਕਰ, ਜੋ ਆਰ ਐੱਸ ਐੱਸ ਦੇ ਵਿਚਾਰਧਾਰਕ ਪ੍ਰੇਰਨਾ-ਸਰੋਤ ਸਨ, ਨੇ ਵੀ ਭਾਰਤ ਛੱਡੋ ਅੰਦੋਲਨ ਦਾ ਵਿਰੋਧ ਕੀਤਾ ਅਤੇ ਹਿੰਦੂਆਂ ਨੂੰ ਬ੍ਰਿਟਿਸ਼ ਫੌਜ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ।

**ਆਜ਼ਾਦੀ ਘੁਲਾਟੀਆਂ ਵਿਰੁੱਧ ਅੰਗਰੇਜ਼ਾਂ ਦਾ ਸਮਰਥਨ**

ਆਰ ਐਸ ਐਸ ਆਗੂਆਂ ਨੇ ਕਈ ਮੌਕਿਆਂ 'ਤੇ ਅੰਗਰੇਜ਼ਾਂ ਦਾ ਸਮਰਥਨ ਕੀਤਾ ਅਤੇ ਆਜ਼ਾਦੀ ਘੁਲਾਟੀਆਂ ਦਾ ਵਿਰੋਧ ਕੀਤਾ। ਗੋਲਵਲਕਰ ਨੇ ਸਪੱਸ਼ਟ ਤੌਰ 'ਤੇ ਕਿਹਾ: 'ਹਿੰਦੂਓ, ਅੰਗਰੇਜ਼ਾਂ ਨਾਲ ਲੜਦਿਆਂ ਆਪਣੀ ਊਰਜਾ ਬਰਬਾਦ ਨਾ ਕਰੋ। ਸਾਡੇ ਅੰਦਰੂਨੀ ਦੁਸ਼ਮਣਾਂ - ਮੁਸਲਮਾਨਾਂ, ਈਸਾਈਆਂ ਅਤੇ ਕਮਿਊਨਿਸਟਾਂ ਨਾਲ ਲੜਨ ਲਈ ਆਪਣੀ ਊਰਜਾ ਬਚਾਓ।'

ਸਾਵਰਕਰ ਨੇ ਸਹਿਯੋਗ ਕੀਤਾ ਅਤੇ ਅੰਗਰੇਜ਼ਾਂ ਨੂੰ ਰਹਿਮ ਦੀਆਂ ਪਟੀਸ਼ਨਾਂ ਲਿਖੀਆਂ, ਜਿਸ ਕਾਰਨ ਉਨ੍ਹਾ ਨੂੰ ਜੇਲ੍ਹ ਤੋਂ ਰਿਹਾਅ ਕਰਵਾਇਆ ਗਿਆ। ਆਰ ਐਸ ਐਸ ਨੇ ਹਿੰਦੂ-ਮੁਸਲਿਮ ਏਕਤਾ 'ਤੇ ਆਧਾਰਤ ਅੰਦੋਲਨਾਂ ਦਾ ਵਿਰੋਧ ਕੀਤਾ, ਜੋ ਕਿ ਗਾਂਧੀ ਦੀ ਮੁੱਖ ਰਣਨੀਤੀ ਸੀ। ਗੋਲਵਲਕਰ ਨੇ ਗਾਂਧੀ 'ਤੇ 'ਮੁਸਲਿਮ ਤੁਸ਼ਟੀਕਰਨ' ਦਾ ਦੋਸ਼ ਲਗਾਇਆ।

ਭਾਰਤ ਛੱਡੋ ਅੰਦੋਲਨ ਦੌਰਾਨ ਜਦੋਂ ਕਾਂਗਰਸ ਆਗੂ ਜੇਲ੍ਹ ਵਿੱਚ ਸਨ, ਤਾਂ ਆਰ ਐੱਸ ਐੱਸ ਨੇ ਮੁਸਲਿਮ ਲੀਗ ਨਾਲ ਗੱਠਜੋੜ ਕੀਤਾ ਅਤੇ ਅੰਗਰੇਜ਼ਾਂ ਦੀ ਮਦਦ ਕੀਤੀ।

ਬ੍ਰਿਟਿਸ਼ ਗ੍ਰਹਿ ਵਿਭਾਗ ਨੇ ਨੋਟ ਕੀਤਾ ਕਿ ਆਰ ਐੱਸ ਐੱਸ ਕਾਨੂੰਨ ਦੇ ਅੰਦਰ ਰਿਹਾ ਅਤੇ 1942 ਦੀ ਗੜਬੜ ਵਿੱਚ ਹਿੱਸਾ ਨਹੀਂ ਲਿਆ।

ਆਜ਼ਾਦੀ ਤੋਂ ਬਾਅਦ ਵੀ ਆਰ ਐੱਸ ਐੱਸ ਭਾਰਤੀ ਚਿੰਨ੍ਹਾਂ ਅਤੇ ਸੰਸਥਾਵਾਂ ਦਾ ਵਿਰੋਧ ਕਰਦਾ ਰਿਹਾ। ਸੰਘ ਦੇ ਮੈਗਜ਼ੀਨ 'ਆਰਗੇਨਾਈਜ਼ਰ' ਨੇ 14 ਅਗਸਤ 1947 ਨੂੰ ਤਿਰੰਗੇ ਦੇ ਵਿਰੁੱਧ ਲਿਖਿਆ: 'ਜਿਹੜੇ ਲੋਕ ਕਿਸਮਤ ਦੀ ਠੋਕਰ ਨਾਲ ਸੱਤਾ ਵਿੱਚ ਆਏ ਹਨ, ਉਹ ਸਾਨੂੰ ਤਿਰੰਗਾ ਦੇ ਸਕਦੇ ਹਨ, ਪਰ ਇਸ ਨੂੰ ਹਿੰਦੂਆਂ ਦੁਆਰਾ ਕਦੇ ਵੀ ਸਤਿਕਾਰ ਅਤੇ ਮਾਲਕੀ ਨਹੀਂ ਦਿੱਤੀ ਜਾਵੇਗੀ। ਤਿੰਨ ਦਾ ਅਰਥ ਅਸ਼ੁਭ ਹੈ।'

ਸੰਘ ਨੇ 2002 ਤੱਕ ਆਪਣੇ ਮੁੱਖ ਦਫ਼ਤਰ 'ਤੇ ਤਿਰੰਗਾ ਨਹੀਂ ਲਹਿਰਾਇਆ।

'ਆਰਗੇਨਾਈਜ਼ਰ' ਨੇ 30 ਨਵੰਬਰ 1949 ਨੂੰ ਸੰਵਿਧਾਨ ਦੇ ਵਿਰੁੱਧ ਵੀ ਲਿਖਿਆ: 'ਭਾਰਤ ਦੇ ਨਵੇਂ ਸੰਵਿਧਾਨ ਬਾਰੇ ਸਭ ਤੋਂ ਭੈੜੀ ਗੱਲ ਇਹ ਹੈ ਕਿ ਇਸ ਵਿੱਚ ਕੁਝ ਵੀ ਭਾਰਤੀ ਨਹੀਂ ਹੈ... ਮਨੂਸਮ੍ਰਿਤੀ ਉਹ ਗ੍ਰੰਥ ਹੈ, ਜੋ ਸਾਡੇ ਹਿੰਦੂ ਰਾਸ਼ਟਰ ਲਈ ਵੇਦਾਂ ਤੋਂ ਬਾਅਦ ਸਭ ਤੋਂ ਵੱਧ ਸਤਿਕਾਰਯੋਗ ਹੈ।'

ਗੋਲਵਲਕਰ ਨੇ ਆਜ਼ਾਦੀ ਨੂੰ 'ਅਸਫਲਤਾ' ਦੱਸਿਆ ਅਤੇ ਕਿਹਾ ਕਿ ਸ਼ਹੀਦਾਂ ਦੀਆਂ ਕੁਰਬਾਨੀਆਂ 'ਰਾਸ਼ਟਰੀ ਹਿੱਤ' ਦੀ ਸੇਵਾ ਨਹੀਂ ਕਰਦੀਆਂ।

ਕੁਝ ਸਰੋਤ ਆਰ ਐਸ ਐਸ ਦੀ ਭੂਮਿਕਾ ਨੂੰ ਸਕਾਰਾਤਮਕ ਦੱਸਦੇ ਹਨ, ਜਿਵੇਂ ਕਿ ਵੰਡ ਦੌਰਾਨ ਇਸ ਦਾ ਰਾਹਤ ਕਾਰਜ, ਪਰ ਮੁੱਖ ਤੌਰ 'ਤੇ ਸੰਘ ਦੇ ਰਸਾਲਿਆਂ ਨੇ ਆਜ਼ਾਦੀ ਨੂੰ 'ਮੁਸਲਿਮ ਤੁਸ਼ਟੀਕਰਨ' ਦੇ ਨਤੀਜੇ ਵਜੋਂ ਦੱਸਿਆ।

**ਸਿੱਟਾ:** ਆਜ਼ਾਦੀ ਸੰਘਰਸ਼ ਵਿੱਚ ਆਰ ਐਸ ਐਸ ਦੀ ਭੂਮਿਕਾ ਵੱਡੇ ਪੱਧਰ 'ਤੇ ਗੈਰ-ਭਾਗੀਦਾਰੀ ਵਾਲੀ ਸੀ, ਜੋ ਬ੍ਰਿਟਿਸ਼ ਦੇ ਸਮਰਥਨ ਵਿੱਚ ਬਦਲ ਗਈ। ਇਹ ਇਤਿਹਾਸ ਵਿਵਾਦਪੂਰਨ ਹੈ, ਪਰ ਸਬੂਤ ਸੁਝਾਅ ਦਿੰਦੇ ਹਨ ਕਿ ਸੰਘ ਦਾ ਧਿਆਨ ਹਿੰਦੂ ਰਾਸ਼ਟਰਵਾਦ 'ਤੇ ਸੀ, ਬ੍ਰਿਟਿਸ਼ ਵਿਰੋਧੀ ਸੰਘਰਸ਼ 'ਤੇ ਨਹੀਂ। ਇਤਿਹਾਸਕਾਰਾਂ ਅਨੁਸਾਰ, ਇਸ ਪਹੁੰਚ ਨੇ ਭਾਰਤ ਦੀ ਏਕਤਾ ਨੂੰ ਕਮਜ਼ੋਰ ਕੀਤਾ ਹੈ।

**ਆਰ ਐਸ ਐਸ ਅਤੇ ਭਾਰਤ ਦਾ ਆਜ਼ਾਦੀ ਸੰਘਰਸ਼**

ਰਾਸ਼ਟਰੀ ਸਵੈਮ ਸੇਵਕ ਸੰਘ (ਆਰ ਐਸ ਐਸ) ਦੀ ਸਥਾਪਨਾ 1925 ਵਿੱਚ ਡਾ. ਕੇਸ਼ਵਰਾਓ ਬਲੀਰਾਮ ਹੇਡਗੇਵਾਰ ਦੁਆਰਾ ਕੀਤੀ ਗਈ ਸੀ। ਇਹ ਸੰਗਠਨ ਹਿੰਦੂ ਰਾਸ਼ਟਰਵਾਦ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਬਣਾਇਆ ਗਿਆ ਸੀ, ਪਰ ਇਸ ਦਾ ਵਿਚਾਰਧਾਰਕ ਪਿਛੋਕੜ ਵਿਦੇਸ਼ੀ ਫਾਸ਼ੀਵਾਦੀ ਅਤੇ ਨਾਜ਼ੀ ਵਿਚਾਰਧਾਰਾਵਾਂ ਤੋਂ ਬਹੁਤ ਪ੍ਰਭਾਵਿਤ ਹੈ। ਆਰ ਐੱਸ ਐੱਸ ਦੀ ਸੰਸਥਾਪਕ ਅਤੇ ਉੱਤਰਾਧਿਕਾਰੀ ਐਮ.ਐਸ. ਗੋਲਵਲਕਰ ਨੇ ਫਾਸ਼ੀਵਾਦੀ ਨੇਤਾਵਾਂ ਤੋਂ ਪ੍ਰੇਰਨਾ ਲਈ, ਜੋ ਕਿ ਉਨ੍ਹਾਂ ਦੀਆਂ ਲਿਖਤਾਂ ਅਤੇ ਬਿਆਨਾਂ ਵਿੱਚ ਸਪੱਸ਼ਟ ਹੈ।

ਇਹ ਲੇਖ ਆਰ ਐੱਸ ਐੱਸ ਦੀ ਸਥਾਪਨਾ ਤੋਂ ਬਾਅਦ ਦੇ ਵਿਦੇਸ਼ੀ ਸੰਪਰਕਾਂ, ਇਸ ਦੀਆਂ ਫਾਸ਼ੀਵਾਦੀ ਪ੍ਰੇਰਨਾਵਾਂ, ਆਜ਼ਾਦੀ ਸੰਗਰਾਮ ਪ੍ਰਤੀ ਇਸ ਦੇ ਪਹੁੰਚ, ਮਹਾਤਮਾ ਗਾਂਧੀ ਅਤੇ ਪ੍ਰਗਤੀਸ਼ੀਲ ਨੇਤਾਵਾਂ ਪ੍ਰਤੀ ਨਫ਼ਰਤ ਦੇ ਕਾਰਨਾਂ ਅਤੇ ਗਾਂਧੀ ਜੀ ਦੀ ਹੱਤਿਆ ਤੋਂ ਬਾਅਦ ਲਗਾਈ ਗਈ ਪਾਬੰਦੀ ਬਾਰੇ ਚਰਚਾ ਕਰਦਾ ਹੈ।

**ਫਾਸ਼ੀਵਾਦੀ ਨੇਤਾਵਾਂ ਨਾਲ ਸੰਪਰਕ ਅਤੇ ਪ੍ਰੇਰਨਾ**

ਆਰ ਐਸ ਐਸ ਦੀ ਵਿਚਾਰਧਾਰਕ ਨੀਂਹ ਇਟਲੀ ਦੇ ਫਾਸ਼ੀਵਾਦੀ ਨੇਤਾ ਬੇਨੀਟੋ ਮੁਸੋਲਿਨੀ ਅਤੇ ਜਰਮਨ ਨਾਜ਼ੀ ਨੇਤਾ ਅਡੋਲਫ ਹਿਟਲਰ ਤੋਂ ਪ੍ਰਭਾਵਿਤ ਸੀ। ਹੇਡਗੇਵਾਰ ਦੇ ਨਜ਼ਦੀਕੀ ਸਹਿਯੋਗੀ ਅਤੇ ਆਰ ਐੱਸ ਐੱਸ ਦੇ ਮਾਰਗਦਰਸ਼ਕ ਬੀ.ਐਸ. ਮੂੰਜੇ ਨੇ 1931 ਵਿੱਚ ਰੋਮ ਵਿੱਚ ਮੁਸੋਲਿਨੀ ਨਾਲ ਮੁਲਾਕਾਤ ਕੀਤੀ। ਮੂੰਜੇ ਨੇ ਆਪਣੀ ਡਾਇਰੀ ਵਿੱਚ ਲਿਖਿਆ: 'ਬਲੀਲਾ ਸੰਸਥਾਵਾਂ ਅਤੇ ਸੰਗਠਨ ਦੇ ਪੂਰੇ ਸੰਕਲਪ ਨੇ ਮੈਨੂੰ ਸਭ ਤੋਂ ਵੱਧ ਪ੍ਰਭਾਵਿਤ ਕੀਤਾ... ਭਾਰਤ, ਖਾਸ ਕਰਕੇ ਹਿੰਦੂ ਭਾਰਤ, ਨੂੰ ਆਪਣੇ ਫੌਜੀ ਪੁਨਰ-ਸੁਰਜੀਤੀ ਲਈ ਅਜਿਹੇ ਸੰਸਥਾਨਾਂ ਦੀ ਸਭ ਤੋਂ ਵੱਧ ਲੋੜ ਹੈ।'

ਮੂੰਜੇ ਨੇ ਮੁਸੋਲਿਨੀ ਨੂੰ ਕਿਹਾ: "ਤੁਹਾਡੀ 'ਉੱਤਮਤਾ' ਤੋਂ ਮੈਂ ਬਹੁਤ ਪ੍ਰਭਾਵਿਤ ਹਾਂ। ਹਰ 'ਮਹੱਤਵਾਕਾਂਖੀ' ਅਤੇ ਉੱਭਰ ਰਹੇ ਰਾਸ਼ਟਰ ਨੂੰ ਅਜਿਹੇ ਸੰਗਠਨਾਂ ਦੀ ਲੋੜ ਹੈ। ਭਾਰਤ ਨੂੰ ਉਨ੍ਹਾਂ ਦੀ ਸਭ ਤੋਂ ਵੱਧ ਲੋੜ ਹੈ।'

ਇਸ ਮੀਟਿੰਗ ਨੇ ਆਰ ਐੱਸ ਐੱਸ ਦੇ ਢਾਂਚੇ ਨੂੰ ਪ੍ਰਭਾਵਿਤ ਕੀਤਾ। ਆਰ ਐੱਸ ਐੱਸ ਵਰਦੀ (ਖਾਕੀ ਨਿੱਕਰ, ਚਿੱਟੀ ਕਮੀਜ਼, ਕਾਲੀ ਟੋਪੀ) ਫਾਸ਼ੀਵਾਦੀ ਅਤੇ ਨਾਜ਼ੀ ਵਰਦੀਆਂ ਤੋਂ ਪ੍ਰੇਰਿਤ ਸੀ, ਜਿੱਥੇ ਫੌਜੀ ਅਨੁਸ਼ਾਸਨ ਅਤੇ ਨੌਜਵਾਨਾਂ ਦੀ ਸਿਖਲਾਈ 'ਤੇ ਜ਼ੋਰ ਦਿੱਤਾ ਗਿਆ ਸੀ।

ਗੋਲਵਲਕਰ ਨੇ ਆਪਣੀ ਕਿਤਾਬ 'ਵੀ ਐਂਡ ਆਵਰ ਨੇਸ਼ਨਹੁੱਡ ਡਿਫਾਈਂਡ' (1939) ਵਿੱਚ ਨਾਜ਼ੀ ਜਰਮਨੀ ਦੀ ਪ੍ਰਸੰਸਾ ਕੀਤੀ: "ਨਸਲ ਅਤੇ ਇਸ ਦੀ ਸੰਸਕ੍ਰਿਤੀ ਦੀ ਸ਼ੁੱਧਤਾ ਨੂੰ ਸੁਰੱਖਿਅਤ ਰੱਖਣ ਲਈ ਜਰਮਨੀ ਨੇ 'ਸਾਮੀ ਨਸਲਾਂ' ਯਹੂਦੀਆਂ ਨੂੰ ਦੇਸ਼ ਤੋਂ ਬਾਹਰ ਕੱਢ ਕੇ ਦੁਨੀਆ ਨੂੰ ਹੈਰਾਨ ਕਰ ਦਿੱਤਾ। ਇੱਥੇ ਨਸਲੀ ਮਾਣ ਆਪਣੇ ਉੱਚਤਮ ਰੂਪ ਵਿੱਚ ਪ੍ਰਗਟ ਹੋਇਆ ਹੈ।" ਉਸ ਨੇ ਅੱਗੇ ਲਿਖਿਆ: 'ਜਰਮਨੀ ਨੇ ਇਹ ਵੀ ਦਿਖਾਇਆ ਹੈ ਕਿ ਨਸਲਾਂ ਅਤੇ ਸੱਭਿਆਚਾਰਾਂ ਨੂੰ ਇੱਕ ਸੰਯੁਕਤ ਹਸਤੀ ਵਿੱਚ ਸ਼ਾਮਲ ਕਰਨਾ ਕਿੰਨਾ ਅਸੰਭਵ ਹੈ, ਜੋ ਕਿ ਹਿੰਦੁਸਤਾਨ ਲਈ ਇੱਕ ਚੰਗਾ ਸਬਕ ਹੈ।'

ਇਹ ਨਾਜ਼ੀ ਨੀਤੀਆਂ ਦੀ ਪ੍ਰਸੰਸਾ ਸੀ, ਜਿੱਥੇ ਯਹੂਦੀਆਂ ਨੂੰ ਖਤਮ ਕਰ ਦਿੱਤਾ ਗਿਆ ਸੀ। ਗੋਲਵਲਕਰ ਦਾ ਵਿਚਾਰਧਾਰਕ ਪਿਛੋਕੜ ਫਾਸ਼ੀਵਾਦ ਨਾਲ ਜੁੜਿਆ ਹੋਇਆ ਸੀ, ਜਿੱਥੇ ਹਿੰਦੂ 'ਨਸਲ' ਨੂੰ ਸ਼ੁੱਧ ਰੱਖਣ ਅਤੇ ਘੱਟ ਗਿਣਤੀਆਂ ਨੂੰ ਅਧੀਨ ਕਰਨ 'ਤੇ ਜ਼ੋਰ ਦਿੱਤਾ ਗਿਆ ਸੀ।

**ਆਜ਼ਾਦੀ ਘੁਲਾਟੀਆਂ ਅਤੇ ਬ੍ਰਿਟਿਸ਼ ਸ਼ਾਸਨ ਪ੍ਰਤੀ ਰਵੱਈਏ ਵਿਰੁੱਧ ਗਵਾਹੀ**

ਆਰ ਐਸ ਐਸ ਮੈਂਬਰਾਂ ਨੇ ਆਜ਼ਾਦੀ ਘੁਲਾਟੀਆਂ ਵਿਰੁੱਧ ਬ੍ਰਿਟਿਸ਼ ਅਦਾਲਤਾਂ ਵਿੱਚ ਸਹਿਯੋਗ ਕੀਤਾ ਅਤੇ ਗਵਾਹੀ ਦਿੱਤੀ। ਹਿੰਦੂ ਮਹਾਂਸਭਾ (ਆਰ ਐੱਸ ਐੱਸ ਨਾਲ ਸੰਬੰਧਤ) ਅਤੇ ਆਰ ਐਸ ਐਸ ਨੇ 1942 ਦੇ ਭਾਰਤ ਛੱਡੋ ਅੰਦੋਲਨ ਨਾਲ ਵਿਸ਼ਵਾਸਘਾਤ ਕੀਤਾ, ਆਜ਼ਾਦੀ ਘੁਲਾਟੀਆਂ ਨੂੰ ਦਬਾਉਣ ਲਈ ਅੰਗਰੇਜ਼ਾਂ ਨਾਲ ਮਿਲੀਭੁਗਤ ਕੀਤੀ।

ਹੇਡਗੇਵਾਰ ਨੇ 1930 ਦੇ ਨਮਕ ਸੱਤਿਆਗ੍ਰਹਿ ਵਿੱਚ ਹਿੱਸਾ ਨਾ ਲੈਣ ਦੀ ਹਦਾਇਤ ਦਿੱਤੀ: 'ਸੰਘ ਸੱਤਿਆਗ੍ਰਹਿ ਵਿੱਚ ਹਿੱਸਾ ਨਹੀਂ ਲਵੇਗਾ।'

ਗੋਲਵਲਕਰ ਨੇ 'ਬੰਚ ਆਫ਼ ਥਾਟਸ' ਵਿੱਚ ਆਜ਼ਾਦੀ ਸੰਘਰਸ਼ ਨੂੰ 'ਖੇਤਰੀ ਰਾਸ਼ਟਰਵਾਦ' ਕਿਹਾ, ਜਿਸ ਨੇ 'ਹਿੰਦੂ ਰਾਸ਼ਟਰਵਾਦ ਨੂੰ ਇਸ ਦੇ ਸਕਾਰਾਤਮਕ ਤੱਤ ਤੋਂ ਵਾਂਝਾ' ਕਰ ਦਿੱਤਾ ਅਤੇ 'ਆਜ਼ਾਦੀ ਅੰਦੋਲਨਾਂ ਨੂੰ ਲਗਭਗ ਬ੍ਰਿਟਿਸ਼ ਵਿਰੋਧੀ' ਬਣਾ ਦਿੱਤਾ।

ਆਰ ਐਸ ਐਸ ਪ੍ਰਕਾਸ਼ਨਾਂ 'ਵਿਚਾਰ ਨਵਨੀਤ' (ਗੋਲਵਲਕਰ ਦੇ 'ਬੰਚ ਆਫ਼ ਥਾਟਸ' ਦਾ ਹਿੰਦੀ ਸੰਸਕਰਣ) ਅਤੇ ਪੰਜਜਨਯ (ਆਰ ਐਸ ਐਸ ਦੇ ਮੁੱਖ ਪੱਤਰ) ਨੇ ਆਜ਼ਾਦੀ ਸੰਘਰਸ਼ ਨੂੰ ਹਿੰਦੂ ਰਾਸ਼ਟਰਵਾਦ ਤੋਂ ਵੱਖਰਾ ਦੱਸਿਆ। 'ਵਿਚਾਰ ਨਵਨੀਤ ਵਿੱਚ' ਗੋਲਵਲਕਰ ਨੇ ਲਿਖਿਆ ਕਿ ਆਜ਼ਾਦੀ ਅੰਦੋਲਨ 'ਵਿਨਾਸ਼ਕਾਰੀ' ਸੀ, ਕਿਉਂਕਿ ਇਹ 'ਖੇਤਰੀ ਰਾਸ਼ਟਰਵਾਦ' 'ਤੇ ਅਧਾਰਤ ਸੀ।

ਪੰਜਜਨਯ ਨੇ ਇਸਲਾਮੋਫੋਬੀਆ ਅਤੇ ਕੱਟੜਤਾ ਨੂੰ ਉਤਸ਼ਾਹਿਤ ਕੀਤਾ, ਜੋ ਆਜ਼ਾਦੀ ਘੁਲਾਟੀਆਂ ਦੇ ਇਕਜੁੱਟ ਹੋਣ ਦੇ ਯਤਨਾਂ ਦੇ ਵਿਰੁੱਧ ਗਿਆ। ਇੱਕ ਸਾਬਕਾ ਮੈਂਬਰ ਨੇ ਕਿਹਾ: 'ਪੰਚਜਨਯ ਨੇ ਮੈਨੂੰ ਕੱਟੜ ਬਣਾ ਦਿੱਤਾ।'

ਇਨ੍ਹਾਂ ਪ੍ਰਕਾਸ਼ਨਾਂ ਨੇ ਮਹਾਤਮਾ ਗਾਂਧੀ ਅਤੇ ਪ੍ਰਗਤੀਸ਼ੀਲ ਨੇਤਾਵਾਂ 'ਤੇ 'ਮੁਸਲਿਮ ਤੁਸ਼ਟੀਕਰਨ' ਦਾ ਦੋਸ਼ ਲਗਾਇਆ, ਜੋ ਕਿ ਆਰ ਐੱਸ ਐੱਸ ਦੀ ਨਫ਼ਰਤ ਦਾ ਮੁੱਖ ਕਾਰਨ ਸੀ। ਗੋਲਵਲਕਰ ਨੇ ਗਾਂਧੀ ਨੂੰ 'ਚੁੱਪ' ਕਰਨ ਦੀ ਧਮਕੀ ਦਿੱਤੀ: 'ਜੇ ਸਾਨੂੰ ਮਜਬੂਰ ਕੀਤਾ ਗਿਆ, ਤਾਂ ਸਾਨੂੰ ਉਹ ਰਸਤਾ ਵੀ ਅਪਣਾਉਣਾ ਪਵੇਗਾ।'

ਆਰ ਐਸ ਐਸ ਗਾਂਧੀ ਦੀ ਅਹਿੰਸਾ ਅਤੇ ਏਕਤਾ ਨੂੰ 'ਹਿੰਦੂਆਂ ਦੀ ਕਮਜ਼ੋਰੀ' ਸਮਝਦਾ ਸੀ, ਜਦੋਂ ਕਿ ਨਹਿਰੂ ਵਰਗੇ ਪ੍ਰਗਤੀਸ਼ੀਲ ਨੇਤਾਵਾਂ ਨੂੰ 'ਪੱਛਮੀ ਪ੍ਰਭਾਵਿਤ' ਵਜੋਂ ਦੇਖਿਆ ਜਾਂਦਾ ਸੀ।

30 ਜਨਵਰੀ 1948 ਨੂੰ ਗਾਂਧੀ ਦੀ ਹੱਤਿਆ ਨੱਥੂਰਾਮ ਗੋਡਸੇ ਦੁਆਰਾ ਕੀਤੀ ਗਈ ਸੀ, ਜੋ ਕਿ ਇੱਕ ਸਾਬਕਾ ਆਰ ਐੱਸ ਐੱਸ ਮੈਂਬਰ ਦਾ ਸੀ। ਇਸ ਹੱਤਿਆ ਤੋਂ ਬਾਅਦ ਗ੍ਰਹਿ ਮੰਤਰੀ ਸਰਦਾਰ ਪਟੇਲ ਨੇ 4 ਫਰਵਰੀ 1948 ਨੂੰ ਆਰ ਐੱਸ ਐੱਸ 'ਤੇ ਪਾਬੰਦੀ ਲਗਾ ਦਿੱਤੀ। ਸਰਕਾਰੀ ਹੁਕਮ ਵਿੱਚ ਕਿਹਾ ਗਿਆ ਸੀ: 'ਸਰਕਾਰ ਨੇ ਦੇਖਿਆ ਹੈ ਕਿ ਅਭਿਆਸ ਵਿੱਚ ਰਾਸ਼ਟਰੀ ਸਵੈਮ ਸੇਵਕ ਸੰਘ ਦੇ ਮੈਂਬਰਾਂ ਨੇ ਆਪਣੇ ਐਲਾਨੇ ਆਦਰਸ਼ਾਂ ਦੀ ਪਾਲਣਾ ਨਹੀਂ ਕੀਤੀ। ਸੰਘ ਦੇ ਮੈਂਬਰਾਂ ਦੁਆਰਾ ਅਣਚਾਹੇ ਅਤੇ ਖ਼ਤਰਨਾਕ ਗਤੀਵਿਧੀਆਂ ਕੀਤੀਆਂ ਗਈਆਂ ਹਨ... ਅਗਜ਼ਨੀ, ਲੁੱਟ, ਡਕੈਤੀ ਅਤੇ ਕਤਲ ਸਮੇਤ ਹਿੰਸਾ ਦੇ ਕੰਮਾਂ ਵਿੱਚ ਸ਼ਾਮਲ ਹੋਏ ਹਨ... ਅੱਤਵਾਦੀ ਤਰੀਕਿਆਂ ਦਾ ਸਹਾਰਾ ਲੈਣ ਲਈ ਉਕਸਾਉਣ ਵਾਲੇ ਪਰਚੇ ਵੰਡੇ ਹਨ।'

ਪਟੇਲ ਨੇ ਗੋਲਵਲਕਰ ਨੂੰ ਲਿਖਿਆ: 'ਉਨ੍ਹਾਂ ਦੇ ਸਾਰੇ ਭਾਸ਼ਣ ਫਿਰਕੂ ਜ਼ਹਿਰ ਨਾਲ ਭਰੇ ਹੋਏ ਸਨ... ਜ਼ਹਿਰ ਦੇ ਅੰਤਮ ਨਤੀਜੇ ਵਜੋਂ, ਦੇਸ਼ ਨੂੰ ਗਾਂਧੀ ਜੀ ਦੇ ਅਨਮੋਲ ਜੀਵਨ ਦੀ ਕੁਰਬਾਨੀ ਭੁਗਤਣੀ ਪਈ।'

1949 ਵਿੱਚ ਪਾਬੰਦੀ ਹਟਾ ਦਿੱਤੀ ਗਈ ਸੀ, ਪਰ ਪਟੇਲ ਨੇ ਚੇਤਾਵਨੀ ਦਿੱਤੀ ਸੀ ਕਿ ਆਰ ਐੱਸ ਐੱਸ ਦੀਆਂ ਗਤੀਵਿਧੀਆਂ ਸਰਕਾਰ ਲਈ ਖ਼ਤਰਾ ਸਨ।

**ਸਿੱਟਾ** : ਆਰ ਐੱਸ ਐੱਸ ਦਾ ਆਜ਼ਾਦੀ ਸੰਗਰਾਮ ਵਿੱਚ ਯੋਗਦਾਨ ਜ਼ੀਰੋ ਸੀ, ਇਸ ਨੇ ਅੰਗਰੇਜ਼ਾਂ ਨਾਲ ਸਹਿਯੋਗ ਕੀਤਾ ਅਤੇ ਹਿੰਦੂ ਰਾਸ਼ਟਰਵਾਦ 'ਤੇ ਕੇਂਦ੍ਰਿਤ ਕੀਤਾ। ਫਾਸ਼ੀਵਾਦੀ ਪ੍ਰੇਰਣਾਵਾਂ ਇਸ ਨੂੰ ਏਕਤਾ ਦੀ ਬਜਾਏ ਵੰਡ ਵੱਲ ਲੈ ਗਈਆਂ। ਗਾਂਧੀ ਜੀ ਦੀ ਹੱਤਿਆ ਨੇ ਇਸ ਦੇ ਵਿਚਾਰਧਾਰਕ ਖ਼ਤਰੇ ਨੂੰ ਉਜਾਗਰ ਕੀਤਾ। ਪਟੇਲ ਦੀ ਚੇਤਾਵਨੀ ਕਿ ਅਜਿਹੇ ਸੰਗਠਨ ਲੋਕਤੰਤਰ ਲਈ ਖ਼ਤਰਾ ਹਨ, ਅੱਜ ਵੀ ਢੁਕਵੀਂ ਹੈ।

**# ਸੰਪਰਕ** : 91 99884-91002

# ਕੌਮ ਦੇ ਨਿਰਮਾਤਾ ਪ੍ਰਤੀ ਸਤਿਕਾਰ

ਮੋਹਨ ਸ਼ਰਮਾ

ਅਧਿਆਪਕ ਦਾ ਰੋਲ ਵਿਦਿਆਰਥੀਆਂ ਨੂੰ ਸਿਰਫ਼ ਕਿਤਾਬੀ ਗਿਆਨ ਦੇਣਾ ਹੀ ਨਹੀਂ, ਸਗੋਂ ਜ਼ਿੰਦਗੀ ਦਾ ਪਾਠ ਵੀ ਪੜ੍ਹਾਉਣਾ ਹੁੰਦਾ ਹੈ। ਕਿਤਾਬੀ ਪੜ੍ਹਾਈ ਵਿੱਚ ਪਾਠ ਪਹਿਲਾਂ ਪੜ੍ਹਾਇਆ ਜਾਂਦਾ ਹੈ ਅਤੇ ਪ੍ਰੀਖਿਆ ਬਾਅਦ ਵਿੱਚ ਹੁੰਦੀ ਹੈ, ਪਰ ਜ਼ਿੰਦਗੀ ਦੀ ਪੜ੍ਹਾਈ ਵਿੱਚ ਪ੍ਰੀਖਿਆ ਪਹਿਲਾਂ ਅਤੇ ਨਤੀਜਾ ਬਾਅਦ ਵਿੱਚ ਪ੍ਰਾਪਤ ਹੁੰਦਾ ਹੈ। ਇੰਜ ਸਿਆਣਾ ਅਤੇ ਸੁਲਝਿਆ ਹੋਇਆ ਅਧਿਆਪਕ ਵਿਦਿਆਰਥੀਆਂ ਦੇ ਚਰਿਤਰ ਨਿਰਮਾਣ ਵਿੱਚ ਅਹਿਮ ਭੂਮਿਕਾ ਨਿਭਾਉਂਦਿਆਂ ਮਲਿਕ ਭਾਗੋ ਦੇ ਨਹੀਂ, ਸਗੋਂ ਭਾਈ ਲਾਲੋ ਦੇ ਵਾਰਿਸ ਪੈਦਾ ਕਰਦਾ ਹੈ। ਦਰਅਸਲ ਵਿਦਿਆਰਥੀਆਂ ਕੋਲ ਤਾਂ ਅੱਖਾਂ ਹੁੰਦੀਆਂ ਹਨ, ਉਨ੍ਹਾਂ ਨੂੰ ਨਜ਼ਰ ਅਧਿਆਪਕ ਨੇ ਦੇਣੀ ਹੁੰਦੀ ਹੈ। ਕਿਸੇ ਵੀ ਸਮਾਜ ਦੀ ਦਸ਼ਾ ਅਤੇ ਦਿਸ਼ਾ ਦਾ ਅੰਦਾਜ਼ਾ ਅਧਿਆਪਕ ਦੀ ਸ਼ਖ਼ਸੀਅਤ ਤੋਂ ਲੱਗ ਜਾਂਦਾ ਹੈ। ਹਰ ਸਮਾਜ ਦਾ ਭਵਿੱਖ ਉਸ ਦੇ ਬੱਚੇ ਹਨ ਅਤੇ ਬੱਚਿਆਂ ਦੇ ਭਵਿੱਖ ਵਿੱਚ ਖ਼ੂਬਸੂਰਤ ਰੰਗ ਅਧਿਆਪਕ ਨੇ ਭਰਨੇ ਹੁੰਦੇ ਹਨ। ਇੱਕ ਸ਼ਾਇਰ ਨੇ ਇਸ ਸੰਬੰਧੀ ਸਹੀ ਤਰਜਮਾਨੀ ਕੀਤੀ ਹੈ :

*ਏਕ ਪੱਥਰ ਕੀ ਭੀ ਤਕਦੀਰ ਬਦਲ ਸਕਤੀ ਹੈ,*
*ਸ਼ਰਤ ਯੇਹ ਹੈ ਕਿ ਉਸੇ ਸਲੀਕੇ ਸੇ ਤਰਾਸ਼ਾ ਜਾਏ।'*

ਆਪਣੇ ਵਿਦਿਆਰਥੀਆਂ ਦੀ ਜ਼ਿੰਦਗੀ ਨੂੰ ਸਲੀਕੇ ਨਾਲ ਤਰਾਸ਼ਣ ਵਾਲੇ ਅਧਿਆਪਕ ਨੂੰ ਕੌਮ ਦਾ ਨਿਰਮਾਤਾ ਵੀ ਕਿਹਾ ਜਾਂਦਾ ਹੈ। ਬਹੁਤ ਸਾਰੇ ਉੱਚ ਅਹੁਦਿਆਂ 'ਤੇ ਪਹੁੰਚੇ ਹੋਏ ਅਤੇ ਸਧਾਰਨ ਜ਼ਿੰਦਗੀ ਬਤੀਤ ਕਰਦੇ ਵਿਅਕਤੀ ਆਪਣੇ ਅਧਿਆਪਕ ਨੂੰ ਮਿਲਣ ਸਮੇਂ ਸ਼ਰਧਾ ਨਾਲ ਸਿਰ ਝੁਕਾ ਕੇ ਪ੍ਰਣਾਮ ਕਰਦੇ ਹਨ।

ਪਰ ਇਹ ਪਹਿਲੂ ਗੰਭੀਰ ਹੋ ਕੇ ਚਿੰਤਨ ਕਰਨ ਵਾਲਾ ਹੈ ਕਿ ਅਧਿਆਪਕ ਵਿਦਿਆਰਥੀਆਂ ਪ੍ਰਤੀ ਸੁਹਿਰਦ, ਸਮਰਪਿਤ ਅਤੇ ਆਪਣੇ ਪੇਸ਼ੇ ਪ੍ਰਤੀ ਪੂਰੀ ਤਰ੍ਹਾਂ ਮਾਨਸਿਕ ਅਤੇ ਸਰੀਰਕ ਤੌਰ 'ਤੇ ਚੜ੍ਹਦੀ ਕਲਾ ਵਿੱਚ ਹੋਣ ਉਪਰੰਤ ਹੀ ਵਿਦਿਆਰਥੀਆਂ ਦਾ ਸੰਤੁਲਿਤ ਅਤੇ ਸਮੂਹਿਕ ਵਿਕਾਸ ਕਰ ਸਕਦਾ ਹੈ। ਪਰ ਜੇਕਰ ਅਧਿਆਪਕਾਂ ਨੂੰ ਆਪਣੇ ਹੱਕਾਂ ਲਈ ਰੋਸ ਧਰਨੇ ਦੇਣ ਸਮੇਂ ਪੁਲਸ ਦੀਆਂ ਲਾਠੀਆਂ ਦਾ ਸ਼ਿਕਾਰ ਹੋਣਾ ਪਵੇ, ਅਧਿਆਪਕਾਵਾਂ ਨੂੰ ਟੈਂਕੀ 'ਤੇ ਚੜ੍ਹ ਕੇ ਰੋਸ ਧਰਨੇ ਦੇਣ ਸਮੇਂ ਆਪਣੇ ਕਰੂਏ ਦੇ ਵਰਤ ਵੀ ਪਾਣੀ ਵਾਲੀ ਟੈਂਕੀ 'ਤੇ ਹੀ ਖੋਲ੍ਹਣੇ ਪੈਣ, ਅਧਿਆਪਕ ਆਪਣੀਆਂ ਹੱਕੀ ਮੰਗਾਂ ਲਈ ਵਿਧਾਇਕਾਂ ਜਾਂ ਸਾਂਸਦਾਂ ਦੀਆਂ ਕੋਠੀਆਂ ਵਿੱਚ ਜਾ ਕੇ ਆਪਣੇ ਖ਼ੂਨ ਦੇ ਪਿਆਲੇ ਭੇਟ ਕਰਨ, ਰਾਜਨੀਤਕ ਅਤੇ ਅਫ਼ਸਰਸ਼ਾਹੀ ਉਨ੍ਹਾਂ ਦੀਆਂ ਮੰਗਾਂ ਪ੍ਰਤੀ ਗੰਭੀਰ ਨਾ ਹੋਣ ਅਤੇ ਉਨ੍ਹਾਂ ਨੂੰ ਅਦਾਲਤਾਂ ਵਿੱਚ ਖੱਜਲ-ਖੁਆਰ ਹੋਣਾ ਪਵੇ, ਭਲਾ ਅਜਿਹੀ ਸਥਿਤੀ ਵਿੱਚ ਉਹ ਵਿਦਿਆਰਥੀਆਂ ਨਾਲ ਕੀ ਇਨਸਾਫ ਕਰਨਗੇ?

ਪਿਛਲੇ ਦਿਨੀਂ ਅਧਿਆਪਕਾਂ ਦੀ ਜਥੇਬੰਦੀ ਨਾਲ ਸੰਬੰਧਤ ਇੱਕ ਅਧਿਆਪਕਾ ਨੂੰ ਰਾਜਨੀਤਕ ਆਗੂ ਦੇ ਦੌਰੇ ਸਮੇਂ ਪਹਿਲਾਂ ਉਸ ਨੂੰ ਉਸ ਦੇ ਘਰ ਵਿੱਚ ਹੀ ਨਜ਼ਰਬੰਦ ਕਰਨ ਲਈ ਛਾਪਾ ਮਾਰਿਆ, ਪਰ ਅਧਿਆਪਕਾ ਸਕੂਲ ਪਹੁੰਚ ਚੁੱਕੀ ਸੀ। ਇਸ ਤੌਖ਼ਲੇ ਨੂੰ ਮੁੱਖ ਰੱਖਦਿਆਂ ਕਿ ਕਿਤੇ ਅਧਿਆਪਕਾ ਰਾਜਨੀਤਕ ਆਗੂ ਦੇ ਸਮਾਗਮ ਵਿੱਚ ਵਿਘਨ ਨਾ ਪਾਵੇ, ਉਸ ਦੇ ਪੜ੍ਹਾਉਣ ਵਾਲੇ ਕਮਰੇ ਵਿੱਚ ਹੀ ਚਾਰ ਪੁਲਸ ਕਰਮਚਾਰੀ ਪਹਿਰੇਦਾਰੀ ਕਰਦੇ ਰਹੇ। ਸਹਿਮੇ ਜਿਹੇ ਵਿਦਿਆਰਥੀ ਆਪਣੀ ਅਧਿਆਪਕਾ ਵੱਲ ਸ਼ੱਕ ਦੀਆਂ ਨਜ਼ਰਾਂ ਨਾਲ ਵੇਖ ਰਹੇ ਹਨ। ਭਲਾ ਅਜਿਹੀ ਸਥਿਤੀ ਵਿੱਚ ਵਿਦਿਆਰਥੀਆਂ ਅਤੇ ਅਧਿਆਪਕਾਂ ਦੇ ਪਵਿੱਤਰ ਰਿਸ਼ਤੇ ਵਿੱਚ ਵਿੱਥ ਪਾਉਣ ਲਈ ਕੌਣ ਜ਼ੁੰਮੇਵਾਰ ਹੈ? ਐਦਾਂ ਹੀ ਸਿੱਖਿਆ ਕਰਾਂਤੀ ਦੇ ਸਮੇਂ ਵਿੱਚ ਇੱਕ ਵਿਧਾਇਕ ਵਲੋਂ ਨੀਂਹ ਪੱਥਰ ਰੱਖਣ ਉਪਰੰਤ ਸਮਾਗਮ ਨੂੰ ਸੰਬੋਧਨ ਕਰਨ ਸਮੇਂ ਵਿਧਾਇਕ ਨੇ ਅਧਿਆਪਕਾਂ ਅਤੇ ਵਿਦਿਆਰਥੀਆਂ ਦੀ ਹਾਜ਼ਰੀ ਵਿੱਚ ਸਕੂਲ ਪ੍ਰਿੰਸੀਪਲ ਦੀ ਇਸ ਗੱਲ ਨੂੰ ਲੈ ਕੇ ਲਾਹ-ਪਾਹ ਕਰ ਦਿੱਤੀ ਕਿ ਮੇਰੀ ਆਮਦ ਸਮੇਂ ਲੋਕਾਂ ਦਾ ਇਕੱਠ ਆਸ ਤੋਂ ਘੱਟ ਕਿਉਂ ਹੈ? ਜਦੋਂ ਪ੍ਰਿੰਸੀਪਲ ਨੇ ਆਪਣੇ ਸੰਬੋਧਨ ਵਿੱਚ ਸਕੂਲ ਵਿੱਚ ਸਟਾਫ਼ ਦੀ ਘਾਟ, ਪੀਣ ਵਾਲੇ ਪਾਣੀ ਦੀ ਸਮੱਸਿਆ, ਵਿਦਿਆਰਥੀਆਂ ਲਈ ਨਕਾਰਾ ਹੋਈਆਂ ਬੱਸਾਂ ਅਤੇ ਕਈ ਹੋਰ ਗੰਭੀਰ ਸਮੱਸਿਆਵਾਂ ਦੀ ਪੂਰਤੀ ਲਈ ਬੇਨਤੀ ਕੀਤੀ ਤਾਂ ਵਿਧਾਇਕ ਨੇ ਕੋਈ ਹਾਂ-ਪੱਖੀ ਹੁੰਗਾਰਾ ਨਹੀਂ ਭਰਿਆ।

ਚੰਗੇ ਵਿਦਿਆਰਥੀਆਂ ਦੇ ਮਨਾਂ 'ਤੇ ਸੰਸਥਾ ਅਤੇ ਅਧਿਆਪਕ ਦੀ ਸ਼ਖ਼ਸੀਅਤ ਦਾ ਅਮਿੱਟ ਪ੍ਰਭਾਵ ਰਹਿੰਦਾ ਹੈ। ਸੰਸਥਾ ਨੂੰ ਛੱਡਣ ਪਿੱਛੋਂ ਵੀ ਇੱਕ ਪਵਿੱਤਰ ਅਤੇ ਸੁਖਾਵਾਂ ਅਹਿਸਾਸ ਉਨ੍ਹਾਂ ਦੇ ਅੰਗ-ਸੰਗ ਰਹਿੰਦਾ ਹੈ। ਭਾਰਤ ਦੇ ਨੌਵੇਂ ਰਾਸ਼ਟਰਪਤੀ ਡਾ. ਸ਼ੰਕਰ ਦਿਆਲ ਸ਼ਰਮਾ 1994 ਵਿੱਚ ਉਮਾਨ ਦੇ ਦੌਰੇ 'ਤੇ ਗਏ। ਉਸ ਦੇਸ਼ ਦਾ ਮੁਖੀ ਉਸ ਵੇਲੇ ਕਬੂਸਬਿਨ ਸ਼ੈਦ ਸੀ। ਉਹ ਆਪਣੇ ਦੇਸ਼ ਦੀਆਂ ਸਾਰੀਆਂ ਰਵਾਇਤਾਂ ਨੂੰ ਇੱਕ ਪਾਸੇ ਰੱਖ ਕੇ ਭਾਰਤ ਦੇ ਰਾਸ਼ਟਰਪਤੀ ਦੇ ਸਵਾਗਤ ਲਈ ਆਪ ਹਵਾਈ ਅੱਡੇ 'ਤੇ ਪੁੱਜਿਆ। ਹਵਾਈ ਜਹਾਜ਼ ਦੇ ਅੰਦਰ ਜਾਕੇ ਆਦਰ ਨਾਲ ਰਾਸ਼ਟਰਪਤੀ ਹੁਰਾਂ ਨੂੰ ਲੈਕੇ ਆਇਆ। ਭਾਰਤ ਦੇ ਰਾਸ਼ਟਰਪਤੀ ਨੂੰ ਕਾਰ ਵਿੱਚ ਬਿਠਾ ਕੇ ਕਾਰ ਵੀ ਆਪ ਡਰਾਈਵ ਕੀਤੀ। ਆਪਣੇ ਮਹਿਲਾਂ ਵਿੱਚ ਲਿਜਾ ਕੇ ਰਾਸ਼ਟਰਪਤੀ ਦਾ ਸ਼ਾਨਦਾਰ ਸਵਾਗਤ ਕੀਤਾ। ਉਥੋਂ ਦੇ ਪੱਤਰਕਾਰਾਂ ਨੇ ਜਦੋਂ ਉਮਾਨ ਦੇ ਮੁਖੀ ਤੋਂ ਭਾਰਤ ਦੇ ਰਾਸ਼ਟਰਪਤੀ ਲਈ ਸਾਰੀਆਂ ਪ੍ਰੰਪਰਾਵਾਂ ਤੋੜ ਕੇ ਸਵਾਗਤ ਵਾਲੀ ਗੱਲ ਕੀਤੀ ਤਾਂ ਉਸ ਨੇ ਮੁਸਕਰਾ ਕੇ ਜਵਾਬ ਦਿੱਤਾ-ਮੈਂ ਪੂਨੇ ਵਿੱਚ ਸ਼ੰਕਰ ਦਿਆਲ ਸ਼ਰਮਾ ਜੀ ਦਾ ਵਿਦਿਆਰਥੀ ਰਿਹਾ ਹਾਂ। ਆਪਣੇ ਗੁਰੂ ਜੀ ਨੂੰ ਇਹ ਸਤਿਕਾਰ ਦੇ ਕੇ ਮੈਨੂੰ ਅਥਾਹ ਖੁਸ਼ੀ ਹੋਈ ਹੈ।

ਅਧਿਆਪਕ ਪ੍ਰਤੀ ਸਮਾਜ ਦਾ ਉਸਾਰੂ, ਨੇਕ ਅਤੇ ਆਦਰਯੋਗ ਵਰਤਾਓ ਵਿਦਿਆਰਥੀਆਂ ਦੇ ਕੋਮਲ ਮਨਾਂ 'ਤੇ ਵੀ ਅਮਿੱਟ ਛਾਪ ਛੱਡਦਾ ਹੈ। ਇੰਜ ਵਿਦਿਆਰਥੀਆਂ ਅਤੇ ਅਧਿਆਪਕਾਂ ਦਾ ਰਿਸ਼ਤਾ ਹੋਰ ਵੀ ਗੂੜ੍ਹਾ ਹੋਵੇਗਾ। ਵਿਦਿਆਰਥੀਆਂ ਦੀ ਨੈਤਿਕ ਸਿਖਿਆ ਲਈ ਇਹ ਵਰਤਾਉ ਬਹੁਤ ਮਹੱਤਵਪੂਰਣ ਹੈ।

**#ਸੰਪਰਕ** : 94171-48866

# ਕਿਵੇਂ ਹੜ੍ਹਾਂ ਨੇ ਰੋੜ੍ਹਿਆ ਪੰਜਾਬ...



ਪ੍ਰੋ: ਪੁਸ਼ਪਿੰਦਰ ਸਿੰਘ



ਬਲਜੀਤ ਬੱਲ

ਪੰਜਾਬ ਹਮੇਸ਼ਾ ਹੀ ਵੰਨ-ਸੁਵੰਨਤਾ ਦੀ ਖੁਸ਼ਹਾਲ ਧਰਤੀ ਰਹੀ ਹੈ। ਪੰਜ ਦਰਿਆਵਾਂ ਦੀ ਰਹਿਤਲ, ਉਪਜਾਊ ਮਿੱਟੀ, ਸਭਿਆਤਾਵਾਂ ਦੀ ਰਹਿਬਰ ਰਹੀ, ਜ਼ਰਖੇਜ਼ ਮਿੱਟੀ ਜਿਸ ਦੇ ਵਗਦੇ ਸਤਲੁਜ, ਬਿਆਸ ਤੇ ਰਾਵੀ ਇਸ ਨੂੰ ਵਿਲੱਖਣ ਬਣਾਉਂਦੇ ਤੇ ਇਸ ਦੀ ਸ਼ਾਨ ਬਣਦੇ ਨੇ। ਪਰ ਅੱਜ ਇਹ ਦਰਿਆ ਆਪਣੇ ਵਹਿਣਾਂ 'ਚ ਵਹਿੰਦਿਆਂ ਭਾਰੀ ਹੜ੍ਹਾਂ ਦਾ ਰੁਖ ਬਦਲ ਗਏ ਨੇ। ਸਾਡੇ ਖੇਤਾਂ ਨੂੰ, ਘਰਾਂ ਨੂੰ ਆਪਣੀ ਲਪੇਟ 'ਚ ਲੈ ਸੂਬੇ ਦੇ ਸਿਰ ਡਰ ਦਾ ਸਾਇਆ ਮੰਡਰਾ ਰਹੇ ਨੇ, 2025 ਵਿੱਚ ਪੰਜਾਬ ਹੜ੍ਹਾਂ ਦੇ ਪਾਣੀਆਂ 'ਤੇ ਕਰਜ਼ੇ ਦੇ ਬੋਝ ਥੱਲੇ ਹੈ।

ਮੌਨਸੂਨ ਦੀ ਰੁੱਤ ਦਹਾਕਿਆਂ ਤੋਂ ਆਪਣਾ ਰੁਖ ਬਦਲ ਰਹੀ ਹੈ। ਮੀਂਹ ਆਮ ਨਾਲੋਂ 74 ਫੀਸਦੀ ਵੱਧ ਪੈ ਰਿਹਾ ਹੈ ਅਤੇ ਦਰਿਆ ਆਪਣੇ ਕਿਨਾਰਿਆਂ ਤੋਂ ਉੱਛਲ ਰਹੇ ਹਨ, ਹਜ਼ਾਰਾਂ ਪਿੰਡਾਂ ਨੂੰ ਆਪਣੀ ਲਪੇਟ 'ਚ ਲੈ ਰਹੇ ਹਨ। 3 ਲੱਖ ਏਕੜ ਜ਼ਮੀਨ ਪਾਣੀਆਂ ਦੇ ਵਹਿਣ ਦੀ ਲਪੇਟ 'ਚ, 3.5 ਲੱਖ ਲੋਕ, ਸੜਕਾਂ ਖਰਾਬ, ਬਿਜਲੀ ਸਪਲਾਈ ਪ੍ਰਭਾਵਿਤ, ਬੰਨ੍ਹਾਂ ਦਾ ਟੁੱਟਣਾ, ਭਿਅੰਕਰ ਮੰਜਰ ਮਾਧੋਪੁਰ (ਪਠਾਨਕੋਟ) ਦੇ ਦੋ ਗੇਟ ਖੋਲ੍ਹਣ 'ਤੇ ਬੰਨ੍ਹ ਦਾ ਟੁੱਟਣਾ.. ਭਾਵੇਂ ਕਿ ਬੰਨ੍ਹਾਂ ਦੇ ਸੁਰੱਖਿਅਤ ਹੋਣ ਦਾ ਦਾਅਵਾ ਕੀਤਾ ਗਿਆ ਸੀ।ਇਹ ਤਕਨੀਕੀ ਖਰਾਬੀ ਨਹੀਂ, ਇਹ ਸਾਡੀਆਂ ਅਣਗਹਿਲੀਆਂ ਦਾ ਗੰਭੀਰ ਸਿੱਟਾ ਹੈ।ਦਹਾਕਿਆਂ ਤੋਂ ਟੁਕੜਿਆਂ 'ਚ ਕੀਤੀ ਮੁਰੰਮਤ ਦਾ ਨਤੀਜਾ। 1988 ਦੇ ਹੜ੍ਹਾਂ ਦਾ ਵੇਲਾ ਵੀ ਫਿਰ ਦੁਹਰਾਇਆ ਗਿਆ। ਭਾਵੇਂ ਕਿਹਾ ਜਾ ਰਿਹਾ ਹੈ ਕਿ ਇਸ ਵੇਲੇ ਹੜ੍ਹ ਉਸ ਨਾਲੋਂ ਵੱਧ ਨੇ...।

ਇਸ ਤਬਾਹੀ ਨੇ ਪੰਜਾਬ ਦੀ ਆਰਥਿਕਤਾ ਨੂੰ ਵੀ ਸੱਟ ਮਾਰੀ ਹੈ। ਪੰਜਾਬ ਤੋਂ 40 ਫੀਸਦੀ ਬਾਸਮਤੀ ਚਾਵਲ ਪੂਰੇ ਭਾਰਤ ਵਿੱਚ ਭੇਜਿਆ ਜਾਂਦਾ ਸੀ। ਜੋ ਕਿ ਹੁਣ ਘਟ ਕੇ 20 ਤੋਂ 25 ਫੀਸਦੀ ਰਹਿ ਗਿਆ, ਜਦ ਸਾਡੀ 1.5 ਲੱਖ ਏਕੜ ਬਾਸਮਤੀ ਚਾਵਲ ਦੀ ਖੇਤੀ ਰੁੜ੍ਹ ਗਈ। ਕੁੱਲ ਮਿਲਾ ਕੇ 6 ਲੱਖ ਏਕੜ ਜ਼ਮੀਨ ਪ੍ਰਭਾਵਿਤ ਹੋਈ। ਇਹ ਅੰਕੜਾ 2023 ਦੇ ਹੜ੍ਹਾਂ ਵਿੱਚ 2.2 ਲੱਖ ਹੈਕਟੇਅਰ ਤੇ 1320 ਕਰੋੜ ਦਾ ਘਾਟਾ ਪਿਆ ਸੀ। ਹੁਣ 2025 'ਚ ਇਹ ਵਰਤਾਰਾ ਦੁਬਾਰਾ ਵਾਪਰਿਆ। ਮਨੁੱਖੀ ਕਾਰਨਾਂ ਕਰਕੇ ਆਏ ਹੜ੍ਹ ਇਕ ਦਿਲ ਕੰਬਾਊ ਵਰਤਾਰਾ ਹੈ, ਆਓ ਜ਼ਰਾ ਵਿਕਾਸ ਦੇ ਨਾਲ ਹੋਏ ਵਿਨਾਸ਼ 'ਤੇ ਝਾਤ ਮਾਰੀਏ.. 6500 ਕਰੋੜ ਭਾਰਤ ਮਾਲਾ ਪ੍ਰੋਜੈਕਟ 'ਤੇ ਲਾਇਆ ਪਾਣੀ ਦੇ ਵਿਕਾਸ ਦਾ ਕੋਈ ਪ੍ਰਬੰਧ ਨਹੀਂ, ਉੱਚੇ-ਉੱਚੇ ਚਾਰ ਮਾਰਗੀ, ਛੇ ਮਾਰਗੀ ਪ੍ਰੋਜੈਕਟ ਡੈਮਾਂ ਦਾ ਭੁਲੇਖਾ ਪਾਉਂਦੇ ਨੇ ਮੀਂਹਾਂ ਦੇ ਪਾਣੀ ਦਾ ਕੋਈ ਨਿਕਾਸ ਨਾ ਹੋਣ ਕਾਰਨ ਆਵਾਜਾਈ ਵਿੱਚ ਰੁਕਾਵਟ ਪਾਉਂਦੇ ਹਨ।

* ਧਰਤੀ 'ਚ ਪਾਣੀ ਦੀ ਰੀਚਾਰਜ ਕਰਨ ਦੀ ਕੋਈ ਪ੍ਰੋਜੈਕਟ ਨਹੀਂ, ਸਾਡੇ ਕੋਲ ਔਸਤ 1200 ਐੱਮ ਐੱਮ ਪ੍ਰਤੀ ਸਾਲ ਵਰਖਾ ਪੈਂਦੀ ਹੈ।ਕੰਢੀ ਇਲਾਕੇ 'ਚ 5.4 ਲੱਖ ਹੈਕਟੇਅਰ ਜ਼ਮੀਨ ਹੈ, ਜਿੱਥੇ ਅਸੀਂ ਕੁੱਲ ਪੈਂਦੀ ਵਰਖਾ ਦਾ ਅੱਧਾ ਹਿੱਸਾ ਵੀ ਸੰਭਾਲ ਲਈਏ ਤਾਂ ਭਵਿੱਖ ਦੀ ਯੋਜਨਾਬੰਦੀ ਕਰ ਸਕਦੇ ਹਾਂ।

* ਪਾਣੀ ਦਾ ਕੀ, ਅਸੀਂ ਤਾਂ ਆਪਣੇ ਪਹਾੜ ਵੀ ਖੋਖਲੇ ਕਰ ਦਿੱਤੇ ਹਨ। ਪ੍ਰੋਜੈਕਟ ਚਾਰ ਧਾਮ, ਚਾਰ ਮਰ ਗਏ, ਅੱਠ ਮਰ ਗਏ ਸੜਕਾਂ ਰੁੰਡ-ਮਰੁੰਡ ਕੀਤੇ ਪਹਾੜਾਂ ਨੇ ਪਾਣੀ ਦਾ ਵਿਹਾਅ ਤੇਜ਼ ਕੀਤਾ ਹੈ।ਫਿਰ ਢਿੱਗਾਂ ਨੇ ਤਾਂ ਡਿੱਗਣਾ ਹੀ ਹੋਇਆ।

ਵਿਗਿਆਨਕ ਨਜ਼ਰੀਆ ਅੱਖੋਂ-ਪਰੋਖੇ ਹੋਇਆ ਹੈ। ਰਾਜਨੀਤੀ ਅਤੇ ਧਰਮ ਦੀ ਲਪੇਟ 'ਚ ਆਇਆ ਹੈ। ਕਿਰਸਾਨ ਮੂਵਮੈਂਟ ਤੋਂ ਲੈ ਕੇ ਹੁਣ ਤੱਕ ਗੁਆਂਢੀ ਰਾਜਿਆਂ ਨੇ ਪੂਰੀ ਸਾਰ ਲਈ ਹੈ। ਹਰਿਆਣਾ, ਰਾਜਸਥਾਨ, ਯੂਪੀ ਮੁਸਲਿਮ ਭਾਈਚਾਰਾ ਵੀ ਇਸ ਕਰੋਪੀ ਦੇ ਸਮੇਂ ਪੂਰਾ ਸਹਿਯੋਗ ਦੇ ਰਿਹਾ ਹੈ..।

ਅਸੀਂ ਸਾਰੇ ਇਸ ਕਰੋਪੀ ਅੱਗੇ ਡਟ ਗਏ ਹਾਂ ਅਤੇ ਲੋਕ ਪੱਖੀ ਨਿਜ਼ਾਮ ਸਿਰਜਣ 'ਚ ਕਾਮਯਾਬ ਹੋਏ ਹਾਂ। ਪਿਛਲੀਆਂ ਸਰਕਾਰਾਂ ਨੇ ਕੰਢੀ ਇਲਾਕੇ ਦਾ ਪੈਸਾ ਸੰਗਤ ਦਰਸ਼ਨਾਂ 'ਚ ਵੋਟ ਬੈਂਕ ਤਿਆਰ ਕਰਨ ਲਈ ਲਾ ਦਿੱਤਾ। ਲੋਕ ਜਾਗ ਪਏ ਨੇ...

ਅਸੀਂ ਡੁੱਬਦੇ ਨਹੀਂ,
ਰੁੜ੍ਹਦੇ ਨਹੀਂ
ਅਸੀਂ ਜਾਣਦੇ ਹਾਂ
ਜਾਗਦੀਆਂ ਜ਼ਮੀਰਾਂ ਦੀ ਆਵਾਜ਼..

ਕਿਸਾਨ-ਮਜ਼ਦੂਰ ਏਕਤਾ ਇਕ ਮੀਟਿੰਗ ਵਿੱਚ ਇਹ ਫੈਸਲਾ ਲਿਆ ਗਿਆ ਹੈ ਕਿ ਹੜ੍ਹ ਨਾਲ ਆਏ ਰੇਤੇ ਨੂੰ ਆਪਣੇ ਢੰਗ ਨਾਲ ਕਿਸਾਨ ਵੇਚਣਗੇ ਤੇ ਜੇ ਸਰਕਾਰ ਇਸ ਲਈ ਰੋਕ ਲਾਵੇਗੀ ਤਾਂ ਵਿਰੋਧ ਕੀਤਾ ਜਾਵੇਗਾ।

ਜਲ ਬਚਾਅ ਤੇ ਸੁਧਾਰ ਦੀ ਅਤਿਅੰਤ ਲੋੜ ਹੈ, ਇਸ ਸਥਿਤੀ ਨਾਲ ਨਜਿੱਠਣ ਲਈ ਛੋਟੇ ਡੈਮ ਅਤੇ ਰੀਚਾਰਜ ਪਲਾਂਟ ਕੰਕਰੀਟ ਦੀ ਥਾਂ ਕੁਦਰਤੀ ਸਾਧਨਾਂ ਦਾ ਵਿਕਾਸ ਕਰਨਾ ਹੋਵੇਗਾ।

ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਨੂੰ ਪਾਣੀ ਦੀ ਇਸ ਸਥਿਤੀ ਨਾਲ ਨਜਿੱਠਣ ਲਈ ਰਾਜ ਸਭਾ ਸੰਸਦ ਦੇ ਕਿਸਾਨ ਆਗੂ ਬਲਬੀਰ ਸਿੰਘ ਸੀਚੇਵਾਲ ਨੇ ਵੀ ਮੰਗ ਕੀਤੀ ਹੈ ਕਿ ਇਸ ਨੂੰ ਕੌਮੀ ਪੱਧਰ 'ਤੇ ਫੰਡ ਜਾਰੀ ਕੀਤੇ ਜਾਣ, ਕਿਸਾਨਾਂ ਨੂੰ ਸਮੇਂ ਸਿਰ ਮੁਆਵਜ਼ਾ ਦਿੱਤਾ ਜਾਵੇ ਤੇ ਨਹਿਰਾਂ ਦੀ ਮੁਰੰਮਤ ਦੇ ਫੰਡਾਂ ਨੂੰ ਪਾਰਦਰਸ਼ੀ ਢੰਗ ਨਾਲ ਵਰਤਿਆ ਜਾਵੇ।

ਹੜ੍ਹਾਂ ਕਾਰਨ ਹੋਏ ਕਿਸਾਨਾਂ ਦੇ ਆਰਥਿਕ ਨੁਕਸਾਨ ਦੀ ਭਰਪਾਈ ਛੇਤੀ ਤੇ ਯੋਜਨਾਬੱਧ ਤਰੀਕੇ ਨਾਲ ਕੀਤੀ ਜਾਵੇ, ਸਰਕਾਰੀ ਅੰਕੜਿਆਂ ਅਨੁਸਾਰ ਸਿਰਫ 2025 ਵਿੱਚ ਹੀ ਲੱਗਭੱਗ 3.55 ਲੱਖ ਲੋਕ ਪ੍ਰਭਾਵਿਤ ਹੋਏ ਹਨ।ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਕਿਹਾ ਗਿਆ ਹੈ ਕਿ ਕਿਸਾਨਾਂ ਨੂੰ ਪੂਰਾ ਮੁਆਵਜ਼ਾ ਦਿੱਤਾ ਜਾਵੇਗਾ। ਫਸਲ ਮੁਆਵਜ਼ਾ ਸਕੀਮ ਦੇ ਅੰਦਰ ਆਮ ਤੌਰ 'ਤੇ ਖੇਤ ਦੀ ਭਰਪਾਈ 'ਚ ਕੇਂਦਰ ਤੇ ਰਾਜ ਰਲ ਕੇ ਮੁਆਵਜ਼ਾ ਭਰਦੇ ਹਨ। ਕਿਸਾਨ 'ਤੇ ਇਸ ਦਾ ਬੋਝ ਕੇਵਲ ਦੋ ਤੋਂ ਪੰਜ ਪ੍ਰਤੀਸ਼ਤ ਹੁੰਦਾ ਹੈ। ਪਿਛਲ ਝਾਤ ਮਾਰਦੇ ਹਾਂ ਕਿ ਖੇਤ 'ਚ ਫਸਲ ਦਾ ਨੁਕਸਾਨ 75 ਫੀਸਦੀ ਜਾਂ ਇਸ ਤੋਂ ਵੱਧ ਹੈ ਤਾਂ ਮੁਆਵਜ਼ਾ ਪ੍ਰਤੀ ਏਕੜ 15000 ਰੁਪਏ ਮਿਲਿਆ। 33 ਫੀਸਦੀ ਤੋਂ 75 ਫੀਸਦੀ ਹੈ ਤਾਂ 6750 ਪ੍ਰਤੀ ਏਕੜ ਮਿਲਿਆ। ਇਹ ਸਰਕਾਰੀ ਅੰਕੜੇ ਹਨ, ਜੋ ਕਿ ਕਿਸਾਨ ਦੀ ਲੋੜ ਮੁਤਾਬਕ ਬਹੁਤ ਘੱਟ ਹਨ। ਅੱਜ ਤਾਜ਼ਾ ਖਬਰ ਮੁਤਾਬਕ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪ੍ਰਤੀ ਏਕੜ ਮੁਆਵਜ਼ਾ 20000 ਰੁਪਏ ਦੇਣ ਦਾ ਐਲਾਨ ਕੀਤਾ ਹੈ, ਜੋ ਕਿ ਨਿਰਾਸ਼ਾਜਨਕ ਹੈ।

ਕਿਰਤੀ ਕਿਸਾਨ ਯੂਨੀਅਨ ਨੇ ਤਬਾਹੀ ਦੇ ਸੱਤ ਜ਼ਿਲ੍ਹਿਆਂ ਨੂੰ ਧਿਆਨ ਵਿੱਚ ਰੱਖਦਿਆਂ ਤੁਰੰਤ ਮੁਆਵਜ਼ੇ ਦੀ ਮੰਗ ਕੀਤੀ ਹੈ ਕਿ ਕੌਮੀ ਆਫਤ ਘੋਸ਼ਿਤ ਕਰਕੇ ਬਹੁਤ ਸਾਰੇ ਫੰਡ ਜਾਰੀ ਕੀਤੇ ਜਾਣ... ਪਿਛਲੇ ਝਗੜਿਆਂ ਦਾ ਸਰਕਾਰਾਂ ਨਾਲ ਜ਼ਿਕਰ ਵੱਖਰਾ-ਵੱਖਰਾ ਰਿਹਾ ਹੈ, ਜਿਸ ਨਾਲ ਦਰਾਰਾਂ ਵੀ ਪਈਆਂ... ਤੇ ਹੜ੍ਹ ਤੋਂ ਪਹਿਲਾਂ ਐੱਸ ਵਾਈ ਐੱਲ ਦੀ ਚੱਲ ਰਹੀ ਰਾਜਨੀਤਿਕ ਲੜਾਈ ਪੰਜਾਬ ਦਾ ਇੱਕ ਬੂੰਦ ਵੀ ਪਾਣੀ ਨਹੀਂ ਦੇਵਾਂਗੇ, ਇਹ ਵੀ ਮਸਲਾ ਬਣਿਆ, ਪਰ ਤਿੰਨ ਮਹੀਨੇ ਬਰਸਾਤ ਦਾ ਪਾਣੀ ਅਸੀਂ ਸੰਭਾਲ ਨਾ ਸਕੇ, ਹੁਣ ਲੋੜ ਹੈ ਲੋਕਾਂ ਨੂੰ ਨਾਲ ਲੈ ਕੇ ਤੁਰਨ ਦੀ.।

ਮਦਦ ਲਈ ਤਾਂ ਬਹੁਤ ਸਵੈ ਸੇਵਕ ਜਥੇਬੰਦੀਆਂ ਪੁੱਜ ਗਈਆਂ ਹਨ। ਦਵਾਈਆਂ, ਕੱਪੜੇ, ਪਸ਼ੂਆਂ ਦਾ ਚਾਰਾ, ਟਰੈਕਟਰ ਤੱਕ ਲੋਕਾਂ ਨੂੰ ਮੁਹੱਈਆ ਕਰਵਾਏ ਗਏ ਹਨ।

ਤਬਦੀਲੀ ਆਉਣ 'ਤੇ ਦਿਸਣੀ ਚਾਹੀਦੀ ਹੈ, ਸਰਕਾਰ ਕੋਲ ਸਮਾਂ ਹੈ ਧਿਆਨ ਦੇਣ ਲਈ, ਪੰਜਾਬ ਨੂੰ ਸੰਭਾਲਣ ਲਈ ਨਾਨਕ ਦੇ ਸਲੋਕ 'ਪਵਨ ਗੁਰੂ ਪਾਣੀ ਪਿਤਾ ਮਾਤਾ ਧਰਤ ਮਹੱਤ' ਨੂੰ... ਸਮਝਣ ਦੀ.।

ਆਪਣਾ ਵਿਸ਼ਵਾਸ ਪੈਦਾ ਕਰਨ ਦੀ, ਬਦਲਦੇ ਮੌਸਮਾਂ ਨੂੰ ਸਮਝਣ ਦੀ ਤੇ ਸਾਂਭ-ਸੰਭਾਲ ਕਰਨ ਦੀ। ਕਾਰਪੋਰੇਟ ਵੱਲੋਂ ਬਣਾਏ ਜਾਂਦੇ ਉੱਚੇ ਉੱਚੇ ਟਾਵਰਾਂ ਨੂੰ ਕੰਕਰੀਟ ਨੂੰ ਘੱਟ ਕਰਨ ਦੀ ਤਾਂ ਜੋ ਅਸੀਂ ਆਪਣੇ ਵਾਤਾਵਰਣ ਨੂੰ ਤੇ ਪੰਜਾਬ ਦੀ ਖੁਸ਼ਹਾਲ ਧਰਤੀ ਨੂੰ ਬਚਾ ਸਕੀਏ!!!

**# ਸੰਪਰਕ** : 98146-01140

11-SEP-PAGE-5.qxd 9/10/2025 9:32 PM Page 1



# ਏ ਆਈ ਵਾਈ ਐੱਫ ਤੇ ਏ ਆਈ ਐੱਸ ਐੱਫ ਰਾਜਸਥਾਨ ਵੱਲੋਂ ਹੜ੍ਹ ਪੀੜਤਾਂ ਲਈ ਦਵਾਈਆਂ ਤੇ ਹੋਰ ਰਾਹਤ ਸਮੱਗਰੀ ਭੇਟ



**ਫਾਜ਼ਿਲਕਾ (ਪਰਮਜੀਤ ਢਾਬਾਂ)**

ਪੰਜਾਬ ਵਿੱਚ ਆਏ ਹੜ੍ਹਾਂ ਦੌਰਾਨ ਪ੍ਰਭਾਵਿਤ ਹੋਏ ਪਰਵਾਰਾਂ ਦੀ ਸਹਾਇਤਾ ਕਰਨ ਲਈ ਜਿੱਥੇ ਹਰ ਕੋਈ ਆਪਣੀ ਸਮਰੱਥਾ ਅਨੁਸਾਰ ਅੱਗੇ ਆਇਆ ਹੈ, ਉਥੇ ਸਰਬ ਭਾਰਤ ਨੌਜਵਾਨ ਸਭਾ ਤੇ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਰਾਜਸਥਾਨ ਵੱਲੋਂ ਵੀ ਪੰਜਾਬ ਦੇ ਹੜ੍ਹ ਪ੍ਰਭਾਵਿਤ ਲੋਕਾਂ ਲਈ ਦਵਾਈਆਂ ਤੇ ਹੋਰ ਰਾਹਤ ਸਮਗਰੀ ਦੀ ਸੇਵਾ ਕੀਤੀ ਗਈ।ਸਰਬ ਭਾਰਤ ਨੌਜਵਾਨ ਸਭਾ ਤੇ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਰਾਜਸਥਾਨ ਦਾ ਇੱਕ ਵਫਦ ਕਾਮਰੇਡ ਸਰਦੂਲ ਸਿੰਘ, ਐਡਵੋਕੇਟ ਲਖਵੀਰ ਮਾਨ, ਸ਼ਹੀਦ ਭਗਤ ਸਿੰਘ ਲਾਇਬਰੇਰੀ ਦੇ ਪ੍ਰਧਾਨ ਡਾ. ਨੀਰਜ ਅਰੋੜਾ ਦੀ ਅਗਵਾਈ ਵਿੱਚ ਉਕਤ ਰਾਹਤ ਸਮਗਰੀ ਲੈ ਕੇ ਫਾਜ਼ਿਲਕਾ ਦੇ ਕਾਵਾਂਵਾਲੇ ਪੱਤਣ ਵਿਖੇ ਪਹੁੰਚੇ, ਜਿੱਥੇ ਪਹਿਲਾਂ ਤੋਂ ਰਾਹਤ ਕਾਰਜਾਂ ਵਿੱਚ ਲੱਗੀ ਪੰਜਾਬ ਦੀ ਸਰਬ ਭਾਰਤ ਨੌਜਵਾਨ ਸਭਾ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਦੀ ਬਨੇਗਾ ਟੀਮ ਨੇ ਰਾਹਤ ਸਮਗਰੀ ਪ੍ਰਾਪਤ ਕੀਤੀ।

ਇਸ ਬਨੇਗਾ ਟੀਮ ਦੀ ਅਗਵਾਈ ਕਰਦੇ ਸਰਬ ਭਾਰਤ ਨੌਜਵਾਨ ਸਭਾ ਪੰਜਾਬ ਦੇ ਸੂਬਾ ਸਕੱਤਰ ਚਰਨਜੀਤ ਸਿੰਘ ਛਾਂਗਾ ਰਾਏ, ਸੂਬਾਈ ਆਗੂ ਜਸਪ੍ਰੀਤ ਕੌਰ ਬੱਧਨੀਂ, ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਦੇ ਸੂਬਾ ਪ੍ਰਧਾਨ ਰਮਨ ਕੁਮਾਰ ਧਰਮੂਵਾਲਾ, ਸੂਬਾ ਸਕੱਤਰ ਸੁਖਵਿੰਦਰ ਮਲੋਟ, ਕੁੜੀਆਂ ਦੀ ਕੋ-ਕਨਵੀਨਰ ਸੰਜਣਾ ਢਾਬਾਂ, ਜ਼ਿਲ੍ਹਾ ਸਕੱਤਰ ਸਟਾਲਿਨ ਲਮੋਚੜ ਨੇ ਰਾਜਸਥਾਨ ਆਗੂ ਟੀਮ ਨੂੰ ਜ਼ਿਆਦਾ ਹੜ੍ਹ ਪ੍ਰਭਾਵਿਤ ਖੇਤਰ ਕਾਵਾਂਵਾਲਾ ਪੱਤਣ ਤੇ ਵੱਖ ਵੱਖ ਰਾਹਤ ਕੈਂਪਾਂ ਲਾਧੂ ਕਾ ਸਕੂਲ ਤੇ ਅਨਾਜ ਮੰਡੀ ਲਾਧੂ ਕਾ ਦਾ ਦੌਰਾ ਕਰਵਾਇਆ ਅਤੇ ਹੜ੍ਹ ਪੀੜਤਾਂ ਨੂੰ ਦਵਾਈਆਂ ਵੰਡੀਆਂ ਤੇ ਗੱਲਬਾਤ ਕੀਤੀ।ਇਸ ਮੌਕੇ ਕਾਮਰੇਡ ਸਰਦੂਲ ਸਿੰਘ ਤੇ ਡਾ. ਨੀਰਜ ਅਰੋੜਾ ਨੇ ਕਿਹਾ ਕਿ ਪੰਜਾਬ ਵਿੱਚ ਹੜ੍ਹਾਂ ਕਾਰਨ ਹੋਈ ਤਬਾਹੀ ਬਹੁਤ ਦੁੱਖਦਾਈ ਹੈ, ਜਿਸ ਕਾਰਨ ਪੰਜਾਬ ਬਹੁਤ ਔਖੀ ਘੜੀ ਵਿੱਚੋਂ ਲੰਘ ਰਿਹਾ ਹੈ।ਉਨ੍ਹਾਂ ਅੱਗੇ ਕਿਹਾ ਕਿ ਜਦੋਂ ਪੰਜਾਬ ਮੌਜੂਦਾ ਹੜ੍ਹਾਂ ਨਾਲ ਜੂਝ ਰਿਹਾ ਹੈ ਤਾਂ ਅਸੀਂ ਸਰਬਤ ਦਾ ਭਲਾ ਦੇ ਸਿਧਾਂਤ ਤੋਂ ਰੋਸ਼ਨੀ ਲੈ ਕੇ ਹੜ੍ਹਾਂ 'ਚ ਡੁੱਬਦੇ ਪੰਜਾਬ ਦੀ ਸਹਾਇਤਾ ਕਰਨਾ ਆਪਣਾ ਮਨੁੱਖੀ ਫਰਜ਼ ਸਮਝਦੇ ਹਾਂ ਅਤੇ ਇਸ ਲਈ ਦਵਾਈਆਂ ਦੀ ਸੇਵਾ ਲੈ ਕੇ ਆਏ ਹਾਂ।

ਉਨ੍ਹਾਂ ਵਿਸ਼ਵਾਸ ਦਿਵਾਉਂਦਿਆਂ ਕਿਹਾ ਕਿ ਉਨ੍ਹਾਂ ਦੀ ਟੀਮ ਪੰਜਾਬ ਦੇ ਹੜ੍ਹ ਪ੍ਰਭਾਵਿਤ ਲੋਕਾਂ ਦੀ ਸੇਵਾ ਲਈ ਹਰ ਵਕਤ ਹਾਜ਼ਰ ਹੈ ਤੇ ਜਦੋਂ ਵੀ ਲੋੜ ਪਵੇਗੀ, ਉਨ੍ਹਾਂ ਦੀ ਟੀਮ ਸੇਵਾ ਲਈ ਹਾਜ਼ਰ ਹੋ ਜਾਵੇਗੀ। ਇਸ ਮੌਕੇ ਰਾਜਸਥਾਨ ਬਨੇਗਾ ਟੀਮ ਵੱਲੋਂ ਇਸ ਸਹਾਇਤਾ ਲਈ ਧੰਨਵਾਦ ਕਰਦਿਆਂ ਪੰਜਾਬ ਦੇ ਆਗੂਆਂ ਚਰਨਜੀਤ ਛਾਂਗਾ ਰਾਏ, ਰਮਨ ਕੁਮਾਰ ਧਰਮੂਵਾਲਾ, ਸੁੱਖਵਿੰਦਰ ਮਲੋਟ, ਜਸਪ੍ਰੀਤ ਬੱਧਨੀ, ਸਟਾਲਿਨ ਲਮੋਚੜ ਤੇ ਸੰਜਣਾ ਢਾਬਾਂ ਅਤੇ ਬੋਹੜ ਬੁੱਟਰ ਨੇ ਕਿਹਾ ਕਿ ਰਾਜਸਥਾਨ ਬਨੇਗਾ ਟੀਮ ਵੱਲੋਂ ਪੰਜਾਬ ਦੇ ਹੜ੍ਹ ਪ੍ਰਭਾਵਿਤ ਲੋਕਾਂ ਲਈ ਸਹਾਇਤਾ ਲੈ ਕਿ ਆਉਣਾ ਸਾਡੇ ਮਨੁੱਖਤਾਵਾਦੀ ਸਿਧਾਂਤ ਦਾ ਸਬੂਤ ਹੈ ਅਤੇ ਇਸ ਸਿਧਾਂਤ 'ਤੇ ਚਲਦਿਆਂ ਵੱਡੀਆਂ ਵੱਡੀਆਂ ਮੁਸ਼ਕਲਾਂ 'ਤੇ ਜਿੱਤ ਪ੍ਰਾਪਤ ਕੀਤੀ ਜਾ ਸਕਦੀ ਹੈ।ਉਨ੍ਹਾਂ ਕਿਹਾ ਕਿ ਸਰਬ ਭਾਰਤ ਨੌਜਵਾਨ ਸਭਾ ਤੇ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਸਮਾਜਵਾਦੀ ਵਿਚਾਰਧਾਰਾ ਦੀ ਝੰਡਾ ਬਰਦਾਰ ਹੈ, ਇਸ ਕਰਕੇ ਦੇਸ਼ ਦੁਨੀਆ ਵਿੱਚ ਮਨੁੱਖਤਾ ਤੇ ਆਈ ਮੁਸ਼ਕਲ ਦੇ ਹੱਲ ਲਈ ਸਮਾਜਵਾਦੀ ਵਿਚਾਰਧਾਰਾ ਨੇ ਹੀ ਰਾਹ ਦਿਖਾਇਆ ਹੈ।ਰਾਜਸਥਾਨ ਟੀਮ ਨੇ ਮੁਸ਼ਕਲ ਦੀ ਘੜੀ ਵਿੱਚ ਪੰਜਾਬ ਲਈ ਸਹਾਇਤਾ ਕਰਕੇ ਸ਼ਲਾਘਾਯੋਗ ਕੰਮ ਕੀਤਾ ਹੈ, ਪੰਜਾਬ ਵਾਸੀ ਇਸ ਕੰਮ ਲਈ ਰਾਜਸਥਾਨ ਤੇ ਹੋਰਨਾਂ ਸੂਬਿਆਂ ਤੋਂ ਮਿਲ ਰਹੀ ਸਹਾਇਤਾ ਲਈ ਹਮੇਸ਼ਾ ਰਿਣੀ ਰਹਿਣਗੇ। ਇਸ ਮੌਕੇ ਉਨ੍ਹਾਂ ਨਾਲ ਹੋਰਨਾਂ ਤੋਂ ਇਲਾਵਾ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਦੇ ਸੂਬਾ ਸਕੱਤਰ ਜਗਸੀਰ ਖੋਸਾ, ਪਦਾਰਥਵਾਦੀ ਵਿਚਾਰ ਮੰਚ ਦੇ ਆਗੂ ਤੇ ਰਿਟਾਇਰਡ ਐੱਸ. ਸੀ. ਕਾਮਰੇਡ ਸਵਰਨ ਸਿੰਘ ਖੋਸਾ, ਕਰਨ ਫਾਜ਼ਿਲਕਾ, ਕਿਰਤੀ ਫਾਜ਼ਿਲਕਾ, ਰਾਜਸਥਾਨ ਦੇ ਆਗੂ ਅਮਨਵੀਰ ਸਿੰਘ, ਕਿਰਨ ਹੀਰੂ, ਜੰਗੀਰ ਸਿੰਘ, ਸ਼ੁਭਰੀਤ, ਬਿੱਟੂ ਸਿੰਘ ਤੇ ਸੀਰਤ ਕੌਰ ਆਦਿ ਸ਼ਾਮਲ ਸਨ।

## ਸੰਤ ਬਾਬਾ ਨੰਦ ਸਿੰਘ ਤੇ ਸੰਤ ਬਾਬਾ ਈਸ਼ਰ ਸਿੰਘ ਦੀ ਯਾਦ 'ਚ ਸੰਤ ਸਮਾਗਮ ਸ਼ੁਰੂ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਮਹਾਨ ਤਿਆਗੀ, ਤਪੱਸਵੀਂ ਸੰਤ ਬਾਬਾ ਨੰਦ ਸਿੰਘ ਜੀ, ਸੰਤ ਬਾਬਾ ਈਸ਼ਰ ਸਿੰਘ ਜੀ ਦੀ ਯਾਦ ਨੂੰ ਸਮਰਪਤ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪੂਰਨਤਾ ਤੇ ਪ੍ਰਕਾਸ਼ ਪੁਰਬ ਨੂੰ ਸਮਰਪਤ 60ਵਾਂ ਸਾਲਾਨਾ ਸੰਤ ਸਮਾਗਮ ਮੁੱਖ ਸੇਵਾਦਾਰ ਸੰਤ ਬਾਬਾ ਕੇਹਰ ਸਿੰਘ ਦੀ ਅਗਵਾਈ ਹੇਠ ਨਾਨਕਸਰ ਸੰਪਰਦਾਇ ਦੇ ਤੇਰਵੇਂ ਠਾਠ ਨਾਨਕਸਰ ਮਹਿਲ ਕਲਾਂ ਵਿਖੇ ਆਰੰਭ ਹੋਇਆ। ਇਸ ਮੌਕੇ ਪੰਜ ਸ੍ਰੀ ਸੰਪਟ ਅਖੰਡ ਪਾਠ ਪ੍ਰਕਾਸ਼ ਕੀਤੇ ਗਏ, ਜਿਨ੍ਹਾਂ ਦੇ ਭੋਗ 16 ਸਤੰਬਰ ਨੂੰ ਸਵੇਰੇ ਪਾਏ ਜਾਣਗੇ।ਇਸ ਮੌਕੇ ਬਾਬਾ ਗੁਰਪ੍ਰੀਤ ਸਿੰਘ ਮਹੰਤ, ਭਾਈ ਹਰਭਜਨ ਸਿੰਘ ਧਨੇਰ, ਭਾਈ ਭੋਲਾ ਸਿੰਘ ਸਹਿਜੜਾ ਨੇ ਮਨੋਹਰ ਕੀਰਤਨ ਦੁਆਰਾ ਸੰਗਤਾਂ ਨੂੰ ਗੁਰਸਿੱਖੀ 'ਚ ਪ੍ਰਪੱਕ ਹੋ ਕੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਨਾਲ ਜੁੜਨ ਲਈ ਪ੍ਰੇਰਿਆ।ਮੁੱਖ ਸੇਵਾਦਾਰ ਸੰਤ ਕੇਹਰ ਸਿੰਘ ਨੇ ਦੱਸਿਆ ਕਿ ਹਰ ਰੋਜ਼ ਸਵੇਰੇ 11 ਤੋਂ 2 ਵਜੇ ਤੱਕ ਸਜਾਏ ਜਾ ਰਹੇ ਧਾਰਮਿਕ ਦੀਵਾਨਾਂ 'ਚ ਸੰਤ ਮਹਾਂਪੁਰਖ, ਰਾਗੀ ਜਥੇ, ਕਥਾਵਾਚਕ ਹਾਜ਼ਰੀ ਭਰਨਗੇ।15 ਦਸੰਬਰ ਨੂੰ ਪੰਜ ਪਿਆਰਿਆਂ ਦੀ ਅਗਵਾਈ ਹੇਠ ਵਿਸ਼ਾਲ ਨਗਰ ਕੀਰਤਨ ਸਜਾਇਆ ਜਾਵੇਗਾ।ਸਮਾਪਤੀ ਸਮਾਗਮ ਸਮੇਂ 16 ਸਤੰਬਰ ਨੂੰ ਸੰਪਟ ਅਖੰਡ ਪਾਠਾਂ ਦੇ ਭੋਗ ਉਪਰੰਤ ਸੰਤ ਮਹਾਂ ਪੁਰਖ, ਪ੍ਰਸਿੱਧ ਰਾਗੀ ਜਥੇ, ਕਥਾਵਾਚਕ ਗੁਰਮਤਿ ਵਿਚਾਰਾਂ ਦੀ ਸਾਂਝ ਪਾਉਣਗੇ।ਉੱਘੇ ਰਾਜਨੀਤਕ, ਧਾਰਮਿਕ ਤੇ ਸਮਾਜਿਕ ਨੁਮਾਇੰਦੇ ਵੀ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕਰਨਗੇ।ਉਨ੍ਹਾਂ ਸੰਤ ਸਮਾਗਮਾਂ ਸਮੇਂ ਸਮੂਹ ਸੰਗਤਾਂ ਨੂੰ ਭਰਵੀਂ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ।

ਇਸ ਮੌਕੇ ਬਾਬਾ ਗੁਰਦੀਪ ਸਿੰਘ, ਸਰਪੰਚ ਸਰਬਜੀਤ ਸਿੰਘ ਸੰਭੂ, ਦਰਸ਼ਨ ਸਿੰਘ ਪਟਿਆਲਾ, ਬਾਬਾ ਬਲਵੀਰ ਸਿੰਘ ਘੋਨਾ, ਜਗਦੇਵ ਸਿੰਘ ਤਲਵਾੜਾ, ਸੁਖਵਿੰਦਰ ਸਿੰਘ ਭੋਲਾ ਕਾਉਕੇਂ, ਵਰਿੰਦਰ ਸਿੰਘ ਟਿਵਾਣਾ, ਹਾਕਮ ਸਿੰਘ ਮਠਾੜੂ, ਜਰਨੈਲ ਸਿੰਘ ਖੜਕੇ ਕੇ, ਸਵਰਨ ਸਿੰਘ ਕੈਂਥ, ਜੱਗੀ ਸਿੰਘ ਲੱਖਾ, ਅਮਰਜੀਤ ਸਿੰਘ ਬੱਸੀਆਂ, ਮਨਜੀਤ ਸਿੰਘ ਸਹਿਜੜਾ, ਨੰਬਰਦਾਰ ਜਗਦੇਵ ਸਿੰਘ, ਪ੍ਰੀਤਮ ਸਿੰਘ ਮਠਾੜੂ, ਭਾਈ ਹਰਬੰਸ ਸਿੰਘ ਮਹਿਲਵੀਂ, ਸੁਖਵਿੰਦਰ ਸਿੰਘ ਭਿੰਦਾ ਆਦਿ ਤੋਂ ਇਲਾਵਾ ਵੱਡੀ ਗਿਣਤੀ 'ਚ ਸੰਗਤਾਂ ਹਾਜ਼ਰ ਸਨ।

## ਹਾਂਸੀ-ਬੁਟਾਣਾ ਨਹਿਰ ਨੇ ਪੰਜਾਬ 'ਚ ਹੜ੍ਹ ਦਾ ਕਹਿਰ ਮਚਾਇਆ, ਸੰਘਰਸ਼ ਕਮੇਟੀ ਨੇ ਖੋਲ੍ਹਿਆ ਮੋਰਚਾ



**ਪਟਿਆਲਾ (ਰਜਿੰਦਰ ਸਿੰਘ ਥਿੰਦ)**-ਭਾਖੜਾ ਨਹਿਰ ਤੋਂ ਪਾਣੀ ਹਾਸਲ ਕਰਨ ਦੇ ਮਨਸੂਬੇ ਨਾਲ ਹਰਿਆਣਾ ਸਰਕਾਰ ਵੱਲੋਂ ਸਮਾਣਾ ਤੋਂ ਹਰਿਆਣਾ ਦੀ ਜ਼ਮੀਨ ਵਿੱਚ ਹਾਂਸੀ-ਬੁਟਾਣਾ ਤੱਕ ਬਣਾਈ ਗਈ ਹਾਂਸੀ-ਬੁਟਾਣਾ ਨਹਿਰ ਰਾਹੀਂ ਬੇਸ਼ੱਕ ਹਰਿਆਣਾ ਸਰਕਾਰ ਪਾਣੀ ਹਾਸਲ ਕਰਨ ਵਿੱਚ ਕਾਮਯਾਬ ਤਾਂ ਨਹੀਂ ਹੋ ਸਕੀ, ਪ੍ਰੰਤੂ ਇਹ ਵਿਵਾਦਿਤ ਹਾਂਸੀ-ਬੁਟਾਣਾ ਨਹਿਰ ਪੰਜਾਬ ਦੇ ਕਿਸਾਨਾਂ ਨੂੰ ਬਿਨਾਂ ਪਾਣੀ ਤੋਂ ਹੀ ਡੋਬ ਰਹੀ ਹੈ।ਆਲਮ ਇਹ ਹੈ ਕਿ ਘੱਗਰ ਉਪਰੋਂ ਦੀ ਲੰਘ ਰਹੀ ਇਹ ਨਹਿਰ ਘੱਗਰ ਦੇ ਪਾਣੀ ਨੂੰ ਰੋਕ ਲਾ ਕੇ ਪੰਜਾਬ ਦੇ ਦਰਜਨਾਂ ਪਿੰਡਾਂ 'ਚ ਭਰ ਰਹੇ ਪਾਣੀ ਕਾਰਨ ਲੋਕਾਂ ਲਈ ਉਜਾੜੇ ਦਾ ਕਾਰਨ ਬਣ ਰਹੀ ਹੈ।

ਇੱਧਰ ਪੰਜਾਬ ਦੇ ਕਿਸਾਨਾਂ ਵੱਲੋਂ ਇਸ ਨਹਿਰ ਖਿਲਾਫ਼ ਮੋਰਚਾ ਖੋਲ੍ਹਦਿਆਂ ਪਿੰਡ ਧਰਮਹੇੜੀ ਵਿਖੇ ਪੱਕਾ ਮੋਰਚਾ ਲਾ ਦਿੱਤਾ ਗਿਆ ਹੈ ਤਾਂ ਜੋ ਇਸ ਡਾਫ ਲੱਗ ਰਹੇ ਇਸ ਨਹਿਰ ਦੇ ਸਾਈਫਨਾਂ ਦਾ ਹੱਲ ਕੱਢਿਆ ਜਾ ਸਕੇ।ਦੱਸਣਯੋਗ ਹੈ ਕਿ ਹਾਂਸੀ-ਬੁਟਾਣਾ ਨਹਿਰ ਸ਼ੁਰੂ ਤੋਂ ਹੀ ਪੰਜਾਬ ਅਤੇ ਹਰਿਆਣਾ ਲਈ ਕਲੇਸ਼ ਦਾ ਘਰ ਬਣੀ ਹੋਈ ਹੈ।ਇਸ ਨਹਿਰ ਸਬੰਧੀ ਸ਼ੁਰੂਆਤ ਤੋਂ ਹੀ ਰਾਜਨੀਤਕ ਰੋਟੀਆਂ ਸੇਕੀਆਂ ਜਾ ਰਹੀਆਂ ਹਨ।ਮਾਨਸੂਨ ਮੌਕੇ ਇਹ ਨਹਿਰ ਬਿਨਾਂ ਪਾਣੀ ਤੋਂ ਹੀ ਪੰਜਾਬ ਦੇ ਦਰਜ਼ਨਾਂ ਪਿੰਡਾਂ ਦੇ ਲੋਕਾਂ ਲਈ ਡੋਬੇ ਦਾ ਕਾਰਨ ਬਣ ਰਹੀ ਹੈ।ਪੰਜਾਬ-ਹਰਿਆਣਾ ਦੀ ਹੱਦ 'ਤੇ ਵਸੇ ਪੰਜਾਬ ਦੇ ਪਿੰਡ ਧਰਮਹੇੜੀ ਨੇੜੇ ਹਾਂਸੀ-ਬੁਟਾਣਾ ਨਹਿਰ ਘੱਗਰ ਦੇ ਉਪਰੋਂ ਦੀ ਲੰਘ ਰਹੀ ਹੈ।ਇਸ ਨਹਿਰ ਦਾ ਪੁਲ ਘੱਗਰ ਦੇ ਵਿੱਚੋਂ ਬਣਾਇਆ ਗਿਆ ਹੈ, ਜਿਸ ਨਾਲ ਕਿ ਘੱਗਰ 12 ਫੁੱਟ ਤੋਂ ਵੱਧ ਬੰਦ ਹੋ ਗਿਆ ਹੈ ਅਤੇ ਇਸ ਦੇ ਨਾਲ ਹੀ ਹਰਿਆਣਾ ਵੱਲੋਂ ਘੱਗਰ ਦੇ ਵਿੱਚ ਚਾਰ-ਪੰਜ ਫੁੱਟ ਤੋਂ ਬਾਅਦ ਅਨੇਕਾਂ ਪਿੱਲਰ ਉਸਾਰੇ ਗਏ ਹਨ, ਜਿਸ ਕਾਰਨ ਘੱਗਰ ਦੀ ਚੌੜਾਈ ਅੱਧੀ ਰਹਿ ਗਈ ਹੈ।ਕਿਸਾਨਾਂ ਦਾ ਕਹਿਣਾ ਹੈ ਕਿ ਹਾਂਸੀ-ਬੁਟਾਣਾ ਨਹਿਰ ਦੇ ਸਾਈਫਨਾਂ ਕਾਰਨ ਘੱਗਰ ਦਾ ਪਾਣੀ ਜਿਹੜਾ ਪੂਰੇ ਥਾਂ ਵਿੱਚੋਂ ਅੱਗੇ ਲੰਘਦਾ ਸੀ, ਉਹ ਸਿਰਫ ਕੁਝ ਥਾਂ ਵਿੱਚੋਂ ਹੀ ਅੱਗੇ ਲੰਘ ਰਿਹਾ ਹੈ, ਜਦੋਂਕਿ ਬਾਕੀ ਡਾਫ਼ ਲੱਗੀ ਹੋਈ ਹੈ।ਡਾਫ਼ ਲੱਗਣ ਕਾਰਨ ਘੱਗਰ ਦਾ ਪਾਣੀ ਪਿੱਛੇ ਚੜ੍ਹ ਕੇ ਪੰਜਾਬ ਦੇ ਦਰਜਨਾਂ ਪਿੰਡਾਂ ਦੇ ਕਿਸਾਨਾਂ ਦੀਆਂ ਫਸਲਾ ਸਮੇਤ ਘਰਾਂ ਲਈ ਮਾਰੂ ਸਿੱਧ ਹੋ ਰਿਹਾ ਹੈ।ਇਸ ਦੇ ਨਾਲ ਹੀ ਹਰਿਆਣਾ ਦੇ ਕੁਝ ਪਿੰਡ ਵੀ ਇਸ ਨਾਲ ਪ੍ਰਭਾਵਿਤ ਹੋ ਰਹੇ ਹਨ। ਹੜ੍ਹ ਪੀੜਤ ਸੰਘਰਸ਼ ਕਮੇਟੀ ਨੇ ਲੋਕਾਂ ਦੀਆਂ ਮੰਗਾਂ ਸਾਫ਼ ਕਰਦਿਆਂ ਕਿਹਾ ਕਿ ਪਹਿਲੀ ਮੰਗ ਇਹ ਹੈ ਕਿ ਹਾਂਸੀ-ਬੁਟਾਫਾ ਨਹਿਰ ਦੇ ਸਾਈਫਨ ਕਰੀਬ ਦੇ ਕਿਲੋਮੀਟਰ ਦੇ ਖੇਤਰ ਵਿੱਚ ਬਣਾਏ ਜਾਣ ਤਾਂ ਜੋ ਘੱਗਰ ਦੇ ਪਾਣੀ ਦਾ ਕੁਦਰਤੀ ਵਹਾਅ ਯਕੀਨੀ ਹੋ ਸਕੇ।ਦੂਜੀ ਮੰਗ ਇਹ ਹੈ ਕਿ ਇਸ ਨਹਿਰ ਨੂੰ ਘੱਗਰ ਦਰਿਆ ਦੇ ਹੇਠਾਂ ਲੰਘਾ ਕੇ ਸਥਾਈ ਹੱਲ ਕੱਢਿਆ ਜਾਵੇ।ਇਸ ਤੋਂ ਇਲਾਵਾ ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਕਿ ਪ੍ਰਭਾਵਿਤ ਪਿੰਡਾਂ ਵਿਚ ਪੱਕੇ ਬੰਨ੍ਹ ਬਣਾਏ ਜਾਣ ਤੇ ਨਿਕਾਸੀ ਦੀ ਉਚਿਤ ਪ੍ਰਣਾਲੀ ਤਿਆਰ ਕੀਤੀ ਜਾਵੇ ਤਾਂ ਜੋ ਹਰ ਸਾਲ ਲੋਕਾਂ ਨੂੰ ਹੜ੍ਹ ਦੀ ਤਬਾਹੀ ਦਾ ਸਾਹਮਣਾ ਨਾ ਕਰਨਾ ਪਵੇ।

ਕਾਰਨ ਘੱਗਰ ਦਾ ਪਾਣੀ ਇਸ ਸਮੇਂ ਨੇੜਲੇ ਪਿੰਡਾਂ ਦੀਆਂ ਸੈਂਕੜੇ ਏਕੜ ਫਸਲਾਂ ਵਿੱਚ ਭਰ ਰਿਹਾ ਹੈ। ਇਸ ਨਾਲ ਪੰਜਾਬ ਦੇ ਪਿੰਡ ਧਰਮਹੇੜੀ, ਸਸਾ, ਸਸੀ, ਮਾਂਗਟ, ਅਲੀਪੁਰ, ਕਰਤਾਰਪੁਰ, ਨੌਗਾਵਾਂ ਆਦਿ ਪਿੰਡਾਂ ਦੇ ਕਿਸਾਨਾਂ ਵਿੱਚ ਡਰ ਫੈਲਿਆ ਹੋਇਆ ਹੈ।ਇਸ ਦੌਰਾਨ ਪਿੰਡਾਂ ਦੇ ਲੋਕਾਂ ਵੱਲੋਂ ਹੜ੍ਹ ਪੀੜਤ ਸੰਘਰਸ਼ ਕਮੇਟੀ ਵੀ ਬਣਾਈ ਗਈ ਹੈ, ਜਿਨ੍ਹਾਂ ਵੱਲੋਂ ਇਸ ਮਾਮਲੇ ਦੇ ਹੱਲ ਲਈ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੇ ਨਾਂਅ ਹਰਿਆਣਾ ਪ੍ਰਸ਼ਾਸਨ ਨੂੰ ਮੰਗ ਪੱਤਰ ਵੀ ਸੌਂਪਿਆ ਗਿਆ ਹੈ।ਇਸ ਮੌਕੇ ਕਮੇਟੀ ਦੇ ਸੀਨੀਅਰ ਆਗੂ ਸਾਬਕਾ ਸਰਪੰਚ ਹਰਚਰਨ ਸਿੰਘ ਤੇ ਹਰਭਜਨ ਸਿੰਘ ਨੇ ਆਖਿਆ ਕਿ ਜਦ ਤੱਕ ਹਾਂਸੀ-ਬੁਟਾਣਾ ਨਹਿਰ ਕਾਰਨ ਬਣ ਰਹੀ ਹੜ੍ਹ ਦੀ ਸਮੱਸਿਆ ਦਾ ਸਥਾਈ ਹੱਲ ਨਹੀਂ ਕੀਤਾ ਜਾਂਦਾ, ਉਦੋਂ ਤੱਕ ਇਹ ਸੰਘਰਸ਼ ਲਗਾਤਾਰ ਜਾਰੀ ਰਹੇਗਾ।ਕਮੇਟੀ ਵੱਲੋਂ ਪਿੰਡ ਧਰਮਹੇੜੀ ਵਿੱਚ ਪੱਕਾ ਮੋਰਚਾ ਲਾਇਆ ਗਿਆ ਹੈ, ਜਿੱਥੇ ਹਰ ਰੋਜ਼ ਵੱਖ-ਵੱਖ ਪਿੰਡਾਂ ਦੇ ਲੋਕ ਰੋਸ ਪ੍ਰਗਟਾਉਣਗੇ ਤੇ ਅਗਲੇ ਪ੍ਰੋਗਰਾਮਾਂ ਲਈ ਰਣਨੀਤੀ ਤਿਆਰ ਕੀਤੀ ਜਾਵੇਗੀ।

## ਕਾਤਰਾਂ

### ਲੋਹੇ ਦਾ ਭਰਿਆ ਟਰੱਕ ਖੋਹਣ ਦੇ ਮਾਮਲੇ 'ਚ ਚਾਰ ਵਿਰੁੱਧ ਕੇਸ ਦਰਜ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸਰਹਿੰਦ-ਰਾਜਪੁਰਾ ਜੀ. ਟੀ. ਰੋਡ 'ਤੇ ਸਥਿਤ ਮੈਕਡੋਨਲਡ ਰੈਸਟੋਰੈਂਟ ਨਜ਼ਦੀਕ ਵਾਰਫੂਲ ਗੱਡੀ ਵਿੱਚ ਸਵਾਰ ਹੋ ਕੇ ਆਏ ਚਾਰ ਵਿਅਕਤੀਆਂ ਵੱਲੋਂ 31 ਟਨ ਲੋਹੇ ਦਾ ਭਰਿਆ ਇੱਕ ਟਰੱਕ ਖੋਹ ਕੇ ਲੈ ਜਾਣ ਦਾ ਸਮਾਚਾਰ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਜੁਬੇਰ ਵਾਸੀ ਬੁਲੰਦ ਸ਼ਹਿਰ (ਉੱਤਰ ਪ੍ਰਦੇਸ਼) ਨੇ ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਦੱਸਿਆ ਕਿ 8 ਸਤੰਬਰ ਨੂੰ ਸ਼ਾਮ ਕਰੀਬ 7.30 ਵਜੇ ਉਹ ਆਪਣੇ ਟਰੱਕ ਨੰਬਰ ਐੱਨ ਐੱਲ-01 ਐੱਨ. 3828 ਵਿੱਚ ਭਰਿਆ 31 ਟਨ ਲੋਹਾ ਸ਼ੀਟ ਲੱਦ ਕੇ ਜੀ. ਟੀ. ਰੋਡ ਤੋਂ ਲੰਘ ਰਿਹਾ ਸੀ ਤਾਂ ਵਾਰਫੂਲ ਕਾਰ ਨੰਬਰ ਪੀ.ਬੀ.11-ਡੀ ਸੀ-7071 'ਚ ਸਵਾਰ ਚਾਰ ਨਾਮਲੂਮ ਵਿਅਕਤੀਆਂ ਨੇ ਪਿੰਡ ਪਤਾਰਸੀ ਕਲਾਂ ਨਜ਼ਦੀਕ ਪਹੁੰਚਣ 'ਤੇ ਵਾਰਫੂਲ ਗੱਡੀ ਟਰੱਕ ਅੱਗੇ ਲਗਾ ਕੇ ਉਸ ਨੂੰ ਰੋਕ ਲਿਆ, ਜੋ ਅਸਲਾ ਦਿਖਾ ਕੇ ਲੋਹੇ ਦਾ ਭਰਿਆ ਟਰੱਕ ਉਸ ਤੋਂ ਖੋਹ ਕੇ ਲੈ ਗਏ।ਜੁਬੇਰ ਦੇ ਬਿਆਨਾਂ 'ਤੇ ਚਾਰ ਨਾਮਲੂਮ ਵਿਅਕਤੀਆਂ ਵਿਰੁੱਧ ਮੁਕੱਦਮਾ ਦਰਜ ਕਰਕੇ ਥਾਣਾ ਮੂਲੇਪੁਰ ਦੀ ਪੁਲਸ ਵੱਲੋਂ ਮਾਮਲੇ ਦੀ ਤਫ਼ਤੀਸ਼ ਕੀਤੀ ਜਾ ਰਹੀ ਹੈ।

### ਮਨਪ੍ਰੀਤ ਦਿਉਲ ਦੀ ਯਾਦ ਨੂੰ ਸਮਰਪਤ ਖ਼ੂਨਦਾਨ ਕੈਂਪ 21 ਨੂੰ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਸਵ: ਮਨਪ੍ਰੀਤ ਸਿੰਘ ਦਿਉਲ ਛਾਪਾ ਦੀ ਯਾਦ ਨੂੰ ਸਮਰਪਤ ਪਹਿਲਾ ਖ਼ੂਨਦਾਨ ਕੈਂਪ 21 ਸਤੰਬਰ ਨੂੰ ਸਵੇਰੇ 10 ਵਜੇ ਤੋਂ ਇਤਿਹਾਸਕ ਗੁਰਦੁਆਰਾ ਸਿੱਧਸਰ ਕਾਲਾਮਾਲਾ ਸਾਹਿਬ ਛਾਪਾ (ਬਰਨਾਲਾ) ਵਿਖੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਲਗਾਇਆ ਜਾ ਰਿਹਾ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਮੁੱਖ ਪ੍ਰਬੰਧਕ ਰਾਜਪ੍ਰੀਤ ਸਿੰਘ ਸੋਹੀ ਕੈਨੇਡਾ, ਦਲਜੀਤ ਸਿੰਘ, ਬਲਵੀਰ ਸਿੰਘ ਨੇ ਕਿਹਾ ਕਿ ਖ਼ੂਨਦਾਨ ਇੱਕ ਉੱਤਮ ਦਾਨ ਹੈ।ਕਿਸੇ ਵੀ ਐਮਰਜੈਂਸੀ ਸਮੇਂ ਤੁਹਾਡੇ ਵੱਲੋਂ ਕੀਤੇ ਖ਼ੂਨਦਾਨ ਨਾਲ ਅਨੇਕਾਂ ਕੀਮਤੀ ਜ਼ਿੰਦਾ ਨੂੰ ਬਚਾਇਆ ਜਾ ਸਕਦਾ ਹੈ।ਉਨ੍ਹਾਂ ਸਮੂਹ ਖ਼ੂਨਦਾਨੀਆਂ ਨੂੰ ਇਸ ਸਮਾਜ ਸੇਵੀ ਕਾਰਜ ਦੀ ਸਫਲਤਾ ਲਈ ਖ਼ੂਨਦਾਨ ਦੇ ਰੂਪ ਵਿੱਚ ਸਹਿਯੋਗ ਦੇਣ ਦੀ ਅਪੀਲ ਕੀਤੀ।

### ਸਿਨਰਜੀ ਕੰਸਲਟੈਂਟ ਦੇਹਰਾਦੂਨ ਵੱਲੋਂ ਪਲੇਸਮੈਂਟ ਕੈਂਪ ਭਲਕੇ

**ਸੰਗਰੂਰ (ਪ੍ਰਵੀਨ ਸਿੰਘ)**-ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਸੰਗਰੂਰ ਵੱਲੋਂ ਸਿਨਰਜੀ ਕੰਸਲਟੈਂਟ ਦੇਹਰਾਦੂਨ ਕੰਪਨੀ ਨਾਲ ਤਾਲਮੇਲ ਕਰਕੇ 12 ਸਤੰਬਰ ਨੂੰ ਨੌਕਰੀ ਦੇ ਚਾਹਵਾਨ ਪ੍ਰਾਰਥੀਆਂ ਲਈ ਰੋਜ਼ਗਾਰ ਦਫ਼ਤਰ ਸੰਗਰੂਰ ਵਿਖੇ ਇੱਕ ਪਲੇਸਮੈਂਟ ਕੈਂਪ ਲਗਾਇਆ ਜਾ ਰਿਹਾ ਹੈ।ਇਸ ਸਬੰਧੀ ਜ਼ਿਲ੍ਹਾ ਰੋਜ਼ਗਾਰ ਉੱਤਪਤੀ ਹੁਨਰ ਵਿਕਾਸ ਤੇ ਸਿਖਲਾਈ ਅਫਸਰ ਸ਼੍ਰੀਮਤੀ ਸਿੰਪੀ ਸਿੰਗਲਾ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਕੰਪਨੀ ਵੱਲੋਂ ਓਪਰੇਟਰ (ਲੜਕੇ ਤੇ ਲੜਕੀਆਂ ਦੋਵਾਂ) ਦੀ ਅਸਾਮੀ ਲਈ ਇੰਟਰਵਿਊ ਲਈ ਜਾਵੇਗੀ, ਜਿਸ ਲਈ ਪ੍ਰਾਰਥੀ ਦੀ ਵਿੱਦਿਅਕ ਯੋਗਤਾ 12ਵੀਂ, ਆਈ.ਟੀ.ਆਈ. ਕੋਪਾ, ਫਿਟਰ, ਇਲੈਕਟ੍ਰੀਸ਼ਨ, ਮਸ਼ੀਨਿਸਟ, ਇੰਸਟਰੂਮੈਂਟ ਮਕੈਨਿਕ ਪਾਸ ਹੋਣੀ ਚਾਹੀਦੀ ਹੈ।ਇਸ ਤੋਂ ਇਲਾਵਾ ਉਮਰ 20 ਤੋਂ 30 ਸਾਲ ਹੋਣੀ ਚਾਹੀਦੀ ਹੈ।ਚਾਹਵਾਨ ਤੇ ਯੋਗ ਪ੍ਰਾਰਥੀ ਰਜ਼ਿਊਮ ਤੇ ਵਿੱਦਿਅਕ ਯੋਗਤਾ ਦੇ ਸਰਟੀਫਿਕੇਟ ਦੀਆਂ ਫੋਟੋ ਕਾਪੀਆਂ ਲੈ ਕੇ ਇਸ ਇੰਟਰਵਿਊ ਵਿੱਚ ਭਾਗ ਲੈ ਸਕਦੇ ਹਨ।

## ਪੰਜਾਬ ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਨੇ ਹੜ੍ਹ ਪੀੜਤਾਂ ਦੀ ਮਦਦ ਦਾ ਚੁੱਕਿਆ ਬੀੜਾ

**ਸਾਂਝਾ ਫਰੰਟ ਨੂੰ 15 ਅਕਤੂਬਰ ਤੱਕ ਸੰਘਰਸ਼ ਮੁਲਤਵੀ ਕਰਨ ਦਾ ਦਿੱਤਾ ਸੁਝਾਅ**



**ਮੋਗਾ (ਇਕਬਾਲ ਸਿੰਘ ਖਹਿਰਾ)**-ਪੰਜਾਬ ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਪੰਜਾਬ ਦੀ ਸੂਬਾ ਕਮੇਟੀ ਦੀ ਮੀਟਿੰਗ ਸੂਬਾ ਪ੍ਰਧਾਨ ਭਜਨ ਸਿੰਘ ਗਿੱਲ ਦੀ ਪ੍ਰਧਾਨਗੀ ਹੇਠ ਫਰੀਡਮ ਫਾਈਟਰ ਭਵਨ ਵਿੱਚ ਹੋਈ।ਸੂਬਾ ਪ੍ਰਧਾਨ ਨੇ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਦੇ ਹੜ੍ਹ ਪੀੜਤਾਂ ਦਾ ਦਰਦ ਸਭ ਦਾ ਹੀ ਦੁਖਦਾਈ ਤੇ ਚਿੰਤਾਜਨਕ ਹੈ, ਜਿਸ ਕਰਕੇ ਸਾਨੂੰ ਸਮਾਜ ਦੇ ਸੀਨੀਅਰ ਨਾਗਰਿਕਾਂ ਵਾਲੇ ਫਰਜ਼ ਪਛਾਣਦੇ ਹੋਏ, ਹੜ੍ਹ ਪੀੜਤ ਲੋਕਾਂ ਦੀ ਮੱਦਦ ਕਰਨ ਦਾ ਬੀੜਾ ਚੁੱਕਣਾ ਚਾਹੀਦਾ ਹੈ, ਜਿਸ ਨੂੰ ਸਾਰੇ ਸੂਬਾ ਕਮੇਟੀ ਮੈਂਬਰਾਂ ਹਰਜੀਤ ਸਿੰਘ ਤਰਖਾਣ ਮਾਜਰਾ, ਹਰਚੰਦ ਸਿੰਘ ਪੰਜੋਲੀ, ਨਰਿੰਦਰ ਸਿੰਘ ਗੋਲੀ, ਗੁਰਪ੍ਰਤਾਪ ਸਿੰਘ ਫਿਰੋਜ਼ਪੁਰ, ਇੰਦਰਜੀਤ ਸਿੰਘ ਖੀਵਾ ਫਰੀਦਕੋਟ, ਬੂਟਾ ਸਿੰਘ ਕਿਸ਼ਨੇ ਵਾਲਾ, ਹਰਦੀਪ ਸਿੰਘ ਮਲੋਟ, ਆਤਮ ਤੇਜ ਸ਼ਰਮਾ, ਕੇ ਐੱਲ ਗਾਬਾ ਫਿਰੋਜ਼ਪੁਰ, ਦਰਸ਼ਨ ਸਿੰਘ ਉਟਾਲ, ਸੁਖਦੇਵ ਸਿੰਘ ਮੋਗਾ, ਕੁਲਵੰਤ ਸਿੰਘ ਮੰਡੀ ਅਹਿਮਦਗੜ੍ਹ ਤੇ ਗੁਰਦੀਪ ਸਿੰਘ ਕਪੂਰਥਲਾ ਨੇ ਪੂਰੀ ਤਰ੍ਹਾਂ ਸਹਿਮਤੀ ਦਿੱਤੀ।ਉਨ੍ਹਾਂ ਇੱਕ ਇੱਕ ਹਜ਼ਾਰ ਰੁਪਏ ਫੰਡ ਦੇਣ ਤੇ ਫੰਡ ਇਕੱਤਰ ਕਰਨ ਵਾਲੇ ਮੈਂਬਰਾਂ ਦਾ ਧੰਨਵਾਦ ਕੀਤਾ।ਇਹ ਵੀ ਫੈਸਲਾ ਕੀਤਾ ਕਿ ਹੜ੍ਹ ਪੀੜਤ ਫੰਡ ਕਮੇਟੀ ਬਣਾ ਕੇ ਇਸ ਨੂੰ ਲੋੜਵੰਦ ਪੀੜਤਾਂ ਪਾਸ ਪੁਜਦਾ ਕੀਤਾ ਜਾਵੇਗਾ। ਸੁਰਿੰਦਰ ਰਾਮ ਕੁੱਸਾ ਸੂਬਾ ਜਨਰਲ ਸਕੱਤਰ ਨੇ ਜਾਣਕਾਰੀ ਦਿੱਤੀ ਕਿ ਜਥੇਬੰਦਕ ਢਾਂਚੇ ਨੂੰ ਹੋਰ ਮਜ਼ਬੂਤ ਕਰਨ ਤੇ ਜਥੇਬੰਦੀ ਦਾ ਘੇਰਾ ਵਿਸਥਾਰ ਕਰਨ ਦਾ ਫੈਸਲਾ ਕੀਤਾ ਗਿਆ ਹੈ।ਅਗਲੇ ਸਾਲ 2026 ਵਿੱਚ ਜਥੇਬੰਦੀ ਦੀ ਹੋਣ ਵਾਲੀ ਨਵੀਂ ਚੋਣ ਬਾਰੇ ਅਗਲੀ ਮੀਟਿੰਗ ਵਿੱਚ ਨਵੇਂ ਵਿਧਾਨ ਅਨੁਸਾਰ ਵਿਚਾਰ ਵਟਾਂਦਰਾ ਕੀਤਾ ਜਾਵੇਗਾ।ਇਸ ਮੌਕੇ ਜਥੇਬੰਦੀ ਦੇ ਸੋਧੇ ਹੋਏ 'ਸੰਵਿਧਾਨ' ਨੂੰ ਸੂਬਾ ਪ੍ਰਧਾਨ ਤੇ ਸਮੂਹ ਸੂਬਾ ਆਗੂਆਂ ਨੇ ਲੋਕ ਅਰਪਨ ਕੀਤਾ ਅਤੇ ਇਸ ਸੰਵਿਧਾਨ ਦੀ ਮਰਿਆਦਾ ਕਾਇਮ ਰੱਖਣ ਦਾ ਅਹਿਦ ਲਿਆ।ਜਥੇਬੰਦੀ ਦੇ ਕਾਨੂੰਨੀ ਸਲਾਹਕਾਰ ਤੇ 'ਮੁਲਾਜ਼ਮ ਕੇਂਦਰ' ਮੈਗਜ਼ੀਨ ਦੇ ਸੰਪਾਦਕ ਬਹਾਦਰ ਸਿੰਘ ਨੇ ਜਥੇਬੰਦੀ ਦੇ ਪ੍ਰਚਾਰ ਪਸਾਰ ਲਈ ਮੁਲਾਜ਼ਮ ਕੇਂਦਰ ਦੇ ਸਾਰਥਿਕ ਰੋਲ ਬਾਰੇ ਚਾਨਣਾ ਪਾਇਆ ਅਤੇ ਸਮੂਹ ਸੂਬਾ ਆਗੂਆਂ ਨੂੰ ਇਸ ਨੂੰ ਵੱਧ ਤੋਂ ਵੱਧ ਮੁਲਾਜ਼ਮਾਂ, ਪੈਨਸ਼ਨਰਾਂ ਤੇ ਡੀ.ਡੀ.ਓਜ਼ ਤੱਕ ਪਹੁੰਚਦਾ ਕਰਨ ਦੀ ਸਲਾਹ ਦਿੱਤੀ।ਉਨ੍ਹਾਂ ਹੜ੍ਹ ਪੀੜਤਾਂ ਲਈ 11000 ਰੁਪਏ ਸੂਬਾ ਪ੍ਰਧਾਨ ਨੂੰ ਸੌਂਪਿਆ।ਸੁਭਾਸ਼ ਚੰਦਰ ਕੋਟਕਪੂਰਾ, ਰਣਜੀਤ ਸਿੰਘ ਮਲੋਟ, ਭੁਪਿੰਦਰ ਸਿੰਘ ਹੁਸ਼ਿਆਰਪੁਰ, ਜਸਵਿੰਦਰ ਸਿੰਘ ਆਹਲੂਵਾਲੀਆ, ਪ੍ਰੀਤਮ ਸਿੰਘ ਨਾਗਰਾ, ਸੁੱਚਾ ਸਿੰਘ ਸੁਲਤਾਨਪੁਰ ਲੋਧੀ, ਪ੍ਰੇਮ ਕੁਮਾਰ ਸ਼ਰਮਾ, ਸਰਬਜੀਤ ਦੌਧਰ, ਅਜੀਤ ਸਿੰਘ ਸੋਢੀ, ਖਜ਼ਾਨ ਸਿੰਘ, ਕਸ਼ਮੀਰ ਸਿੰਘ, ਬਲਵੀਰ ਸਿੰਘ ਪਵਾਰ, ਸੁਰਿੰਦਰ ਕੁਮਾਰ ਜੈਜੋਨ, ਦੇਸ ਰਾਜ ਗਾਂਧੀ, ਗੁਰਮੀਤ ਸਿੰਘ ਜੈਤੋ, ਸੁਲੱਖਣ ਸਿੰਘ ਤੇ ਹੋਰ ਆਗੂਆਂ ਨੇ ਸੁਝਾਅ ਦਿੱਤਾ ਕਿ ਹੜ੍ਹ ਪੀੜਤਾਂ ਦੀ ਦੁਖਦਾਈ ਹਾਲਤ ਵੇਖਦਿਆਂ ਸਾਨੂੰ ਆਪਣੇ ਸੰਘਰਸ਼ ਨੂੰ ਹਾਲ ਦੀ ਘੜੀ 15 ਅਕਤੂਬਰ ਤੱਕ ਅੱਗੇ ਪਾ ਦੇਣਾ ਚਾਹੀਦਾ ਹੈ, ਜਿਸ ਤੇ ਸਹਿਮਤੀ ਪਰਗਟ ਕਰਦਿਆਂ ਸੂਬਾ ਸਕੱਤਰ ਨੇ ਸਾਂਝਾ ਫਰੰਟ ਦੇ ਆਗੂਆਂ ਤੱਕ ਇਹ ਸੁਝਾਅ ਪਹੁੰਚਦਾ ਕਰਨ ਦਾ ਭਰੋਸਾ ਦਿੱਤਾ।ਅਖੀਰ ਵਿੱਚ ਸੂਬਾ ਪ੍ਰਧਾਨ ਭਜਨ ਸਿੰਘ ਗਿੱਲ ਨੇ ਸਮੂਹ ਸੂਬਾ ਕਮੇਟੀ ਮੈਂਬਰਾਂ ਦਾ ਮੀਟਿੰਗ ਵਿੱਚ ਭਾਗ ਲੈਣ ਤੇ ਕੀਮਤੀ ਵਿਚਾਰ ਰੱਖਣ ਲਈ ਧੰਨਵਾਦ ਕੀਤਾ।ਮੀਟਿੰਗ ਵਿੱਚ ਨਿਰੰਜਨ ਸਿੰਘ ਗਿੰਦੜ ਬਾਹਾ, ਅਵਤਾਰ ਸਿੰਘ ਪੱਪੂ, ਹਰਭਜਨ ਸਿੰਘ ਅਜਨੋਹਾ, ਪ੍ਰਿੰ. ਜਗਜੀਤ ਸਿੰਘ ਜੁਰਿੰਦਰ ਰਾਏ ਲੁਧਿਆਣਾ, ਗੁਰਜੀਤ ਸਿੰਘ ਭਗਤਾ ਭਾਈ ਕਾ, ਓਮਾਂ ਕਾਂਤ ਸਾਸ਼ਤਰੀ, ਬਿੱਕਰ ਸਿੰਘ, ਪ੍ਰੀਤਮ ਸਿੰਘ ਨਾਗਰਾ, ਗੁਰਜੰਟ ਸਿੰਘ, ਜਸਵੰਤ ਸਿੰਘ, ਮਨਜੀਤ ਸਿੰਘ, ਬਲਵੀਰ ਸਿੰਘ, ਗਿਆਨ ਸਿੰਘ ਸਾਬਕਾ ਡੀ ਪੀ ਆਰ ਓ ਜ਼ਿਲ੍ਹਾ ਪ੍ਰੈੱਸ ਸਕੱਤਰ ਤੇ ਹੋਰ ਬਹੁਤ ਸਾਰੇ ਸੂਬਾ ਤੇ ਜ਼ਿਲ੍ਹਾ ਆਗੂ ਸ਼ਾਮਲ ਹੋਏ।

## ਨੌਜਵਾਨ ਦੀ ਭੇਤਭਰੀ ਹਾਲਤ 'ਚ ਦਰੱਖ਼ਤ ਨਾਲ ਲਟਕਦੀ ਲਾਸ਼ ਮਿਲੀ



**ਪਟਿਆਲਾ (ਰਜਿੰਦਰ ਸਿੰਘ ਥਿੰਦ)**-ਇੱਥੋਂ ਨੇੜਲੇ ਪਿੰਡ ਮੁਨਸ਼ੀ ਵਾਲਾ ਵਿੱਚ ਪਿੰਡ ਦੇ ਖੇਡ ਮੈਦਾਨ ਵਿੱਚੋਂ ਦਲਿਤ ਵਰਗ ਨਾਲ ਸਬੰਧਤ ਨੌਜਵਾਨ ਦੀ ਲਾਸ਼ ਭੇਤਭਰੇ ਹਾਲਾਤ ਵਿੱਚ ਦਰੱਖ਼ਤ ਨਾਲ ਲਟਕਦੀ ਮਿਲੀ।ਪਿੰਡ ਮੁਨਸ਼ੀਵਾਲਾ ਦੇ ਸਾਬਕਾ ਪੰਚ ਕੁਲਦੀਪ ਸਿੰਘ ਨੇ ਦੱਸਿਆ ਕਿ ਉਸ ਦੇ ਚਾਚੇ ਦਾ ਲੜਕਾ ਗੁਰਜੀਤ ਸਿੰਘ (24) ਪੁੱਤਰ ਜ਼ਿੰਦਾ ਸਿੰਘ ਜਿਹੜਾ ਮਿਹਨਤ ਮਜ਼ਦੂਰੀ ਕਰਨ ਤੋਂ ਬਾਅਦ ਰੋਜ਼ਾਨਾ ਦੀ ਤਰ੍ਹਾਂ ਸ਼ਾਮ ਨੂੰ ਰੋਟੀ ਖਾ ਕੇ ਸੈਰ ਕਰਨ ਲਈ ਘਰੋਂ ਬਾਹਰ ਗਿਆ ਸੀ, ਪਰ ਉਹ ਪੂਰੀ ਰਾਤ ਘਰ ਵਾਪਸ ਨਹੀਂ ਆਇਆ।ਕੁਲਦੀਪ ਸਿੰਘ ਨੇ ਦੱਸਿਆ ਕਿ ਅੱਜ ਸਵੇਰੇ ਉਨ੍ਹਾਂ ਦੇ ਪਿੰਡ ਦੇ ਕੁਝ ਵਿਅਕਤੀ ਸੈਰ ਕਰਨ ਲਈ ਖੇਡ ਮੈਦਾਨ ਵਿੱਚ ਗਏ ਤਾਂ ਉਨ੍ਹਾਂ ਦੇਖਿਆ ਕਿ ਦਰੱਖ਼ਤ ਨਾਲ ਇੱਕ ਨੌਜਵਾਨ ਦੀ ਲਾਸ਼ ਲਟਕ ਰਹੀ ਸੀ, ਜਦੋਂ ਉਨ੍ਹਾਂ ਨੇ ਨੇੜੇ ਜਾ ਕੇ ਦੇਖਿਆ ਤਾਂ ਇਹ ਲਾਸ਼ ਉਸ ਦੇ ਚਾਚੇ ਦੇ ਲੜਕੇ ਗੁਰਜੀਤ ਸਿੰਘ ਦੀ ਸੀ।ਉਕਤ ਵਿਅਕਤੀਆਂ ਵੱਲੋਂ ਇਸ ਘਟਨਾ ਦੀ ਸੂਚਨਾ ਉਨ੍ਹਾਂ ਦੇ ਪਰਵਾਰ ਤੇ ਪੁਲਸ ਨੂੰ ਦਿੱਤੀ ਗਈ।ਮੌਕੇ 'ਤੇ ਪਹੁੰਚੀ ਪੁਲਸ ਪਾਰਟੀ ਨੇ ਲਾਸ਼ ਨੂੰ ਆਪਣੇ ਕਬਜ਼ੇ ਵਿੱਚ ਲੈ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ।ਇਸ ਸਬੰਧੀ ਪੁਲਸ ਚੌਕੀ ਚੰਨੋਂ ਦੇ ਇੰਚਾਰਜ ਥਾਣੇਦਾਰ ਸੁਖਪਾਲ ਸਿੰਘ ਨੇ ਦੱਸਿਆ ਕਿ ਇਹ ਮਾਮਲਾ ਆਤਮ ਹੱਤਿਆ ਦਾ ਹੀ ਜਾਪਦਾ ਹੈ।ਪੁਲਸ ਵੱਲੋਂ ਪਰਵਾਰ ਦੇ ਬਿਆਨਾਂ 'ਤੇ 174 ਦੀ ਕਾਰਵਾਈ ਕਰਦਿਆਂ ਲਾਸ਼ ਨੂੰ ਪੋਸਟਮਾਰਟਮ ਲਈ ਭੇਜਿਆ ਜਾ ਰਿਹਾ ਹੈ ਅਤੇ ਪੋਸਟਮਾਰਟਮ ਦੀ ਰਿਪੋਰਟ ਆਉਣ ਤੋਂ ਬਾਅਦ ਅਗਲੀ ਕਾਰਵਾਈ ਕੀਤੀ ਜਾਵੇਗੀ।

## 'ਕਰ ਭਲਾ ਹੋ ਭਲਾ' ਵੱਲੋਂ ਪਸ਼ੂਆਂ ਦੀ ਫੀਡ ਦਾ ਟਰੱਕ ਰਵਾਨਾ



**ਜਗਰਾਓਂ (ਅਮਿਤ ਖੰਨਾ)**-ਸਥਾਨਕ ਸਮਾਜ ਸੇਵੀ ਸੰਸਥਾ ਕਰ ਭਲਾ ਹੋ ਭਲਾ ਵੱਲੋਂ ਦੂਸਰੇ ਦਿਨ ਅਜਨਾਲਾ ਦੇ ਇਲਾਕੇ ਦੇ ਹੜ੍ਹ ਪੀੜਤ ਪਿੰਡਾਂ ਵਿੱਚ ਪਸ਼ੂਆਂ ਲਈ ਫੀਡ ਦਾ ਟਰੱਕ ਜਗਰਾਉਂ ਤੋਂ ਰਵਾਨਾ ਕੀਤਾ।ਇਸ ਮੌਕੇ ਕਰ ਭਲਾ ਹੋ ਭਲਾ ਸੁਸਾਇਟੀ ਦੇ ਚੇਅਰਮੈਨ ਰੋਹਿਤ ਅਰੋੜਾ, ਵਾਈਸ ਚੇਅਰਮੈਨ ਰਜਿੰਦਰ ਜੈਨ ਕਾਕਾ ਤੇ ਪ੍ਰਧਾਨ ਮਦਨ ਲਾਲ ਅਰੋੜਾ ਨੇ ਦੱਸਿਆ ਕਿ ਸਵਰਗਵਾਸੀ ਅਮਿਤ ਅਰੋੜਾ ਦੀ ਯਾਦ ਵਿੱਚ ਹੜ੍ਹ ਪੀੜਤਾਂ ਦੀ ਮਦਦ ਲਈ ਲਗਾਤਾਰ ਜਿੱਥੇ ਰਾਹਤ ਸਮੱਗਰੀ ਭੇਜੀ ਜਾ ਰਹੀ ਹੈ, ਉੱਥੇ ਹੜ੍ਹ ਪੀੜਤ ਇਲਾਕੇ ਦੇ ਪਸ਼ੂਆਂ ਲਈ ਫੀਡ ਦਾ ਟਰੱਕ ਅੱਜ ਭੇਜਿਆ ਜਾ ਰਿਹਾ ਹੈ।ਉਨ੍ਹਾਂ ਦੱਸਿਆ ਕਿ ਭਵਿੱਖ ਵਿੱਚ ਵੀ ਹੜ੍ਹ ਪੀੜਤਾਂ ਦੀ ਹਰ ਸੰਭਵ ਮਦਦ ਕਰਨ ਦੇ ਯਤਨ ਕਰਕੇ ਹੜ੍ਹ ਪੀੜਤ ਇਲਾਕੇ ਦੇ ਲੋਕਾਂ ਦੀ ਸਹਾਇਤਾ ਵਿੱਚ ਵਧਣਾ ਯੋਗਦਾਨ ਪਾਇਆ ਜਾਵੇਗਾ।ਇਸ ਮੌਕੇ ਸੈਕਟਰੀ ਨਾਨੱਕ ਗਾਂਧੀ, ਕੈਸ਼ੀਅਰ ਨੀਰਜ ਕਟਾਰੀਆ, ਸੁਨੀਲ ਬਜਾਜ, ਵਿਸ਼ਾਲ ਸ਼ਰਮਾ, ਰਾਹੁਲ ਖੁਲਰ, ਮੋਹਿਤ ਜੈਨ, ਸਾਹਿਲ ਗੁਪਤਾ ਆਦਿ ਹਾਜ਼ਰ ਸਨ।

## ਡੀ ਏ ਵੀ ਸੈਂਟਨਰੀ ਦੇ ਖਿਡਾਰੀਆਂ ਦਾ ਜ਼ਿਲ੍ਹਾ ਪੱਧਰੀ ਸਕੂਲ ਖੇਡਾਂ 'ਚ ਸ਼ਾਨਦਾਰ ਪ੍ਰਦਰਸ਼ਨ



**ਜਗਰਾਓਂ (ਅਮਿਤ ਖੰਨਾ)**-ਡੀ.ਏ.ਵੀ. ਸੈਂਟਨਰੀ ਪਬਲਿਕ ਸਕੂਲ ਜਗਰਾਉਂ ਦੇ ਪ੍ਰਿੰਸੀਪਲ ਸ੍ਰੀ ਵੇਦ ਵਰਤ ਪਲਾਹ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪਿਛਲੇ ਦਿਨੀਂ 69ਵੀਆਂ ਜ਼ਿਲ੍ਹਾ ਪੱਧਰ ਸਕੂਲ ਖੇਡਾਂ ਵਿੱਚ ਸਕੂਲ ਦੇ ਅੰਡਰ-17 ਦੀਆਂ ਬੈਡਮਿੰਟਨ ਖਿਡਾਰਨਾਂ ਮੰਨਤਪ੍ਰੀਤ ਕੌਰ ਤੇ ਆਕ੍ਰਿਤੀ ਸ਼ਰਮਾ ਨੇ ਚੰਗਾ ਪ੍ਰਦਰਸ਼ਨ ਕਰਦੇ ਹੋਏ ਆਪਣੀ ਖੇਡ ਦੇ ਚੰਗੇ ਜ਼ੌਹਰ ਵਿਖਾਏ ਤੇ ਜ਼ਿਲ੍ਹੇ ਭਰ ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ।ਇਸੇ ਤਰ੍ਹਾਂ ਸ਼ਤਰੰਜ ਦੇ ਅੰਡਰ-17 ਸਾਲਾ ਖਿਡਾਰੀਆਂ ਅੰਗਮਪ੍ਰੀਤ ਸਿੰਘ ਕੈਂਥ, ਭਵਿਆ ਬਾਸਲ ਤੇ ਸਪਰਸ਼ ਸਿੰਗਲਾ ਨੇ ਜ਼ਿਲ੍ਹਾ ਪੱਧਰ ਤੇ ਤੀਜਾ ਸਥਾਨ ਪ੍ਰਾਪਤ ਕੀਤਾ।ਸਕੂਲ ਪਹੁੰਚਣ 'ਤੇ ਪ੍ਰਿੰਸੀਪਲ ਸ੍ਰੀ ਵੇਦ ਵਰਤ ਪਲਾਹ ਵੱਲੋਂ ਇਨ੍ਹਾਂ ਦਾ ਪੂਰੇ ਜੋਸ਼ ਨਾਲ ਸਵਾਗਤ ਕੀਤਾ ਗਿਆ ਅਤੇ ਜਿੱਤਣ ਉੱਤੇ ਮੁਬਾਰਕਵਾਦ ਵੀ ਦਿੱਤੀ ਗਈ।ਇਸ ਸਮੇਂ ਤੇ ਸਕੂਲ ਦੇ ਡੀ ਪੀ ਈ ਹਰਦੀਪ ਸਿੰਘ ਬਿੰਜਲ, ਡੀ.ਪੀ.ਈ. ਸੁਰਿੰਦਰਪਾਲ ਵਿੱਜ ਤੇ ਡੀ.ਪੀ.ਈ. ਸੁਰਿੰਦਰਪਾਲ ਕੌਰ ਤੂਰ ਮੌਜੂਦ ਸਨ।

## ਮਹੱਦੀਪੁਰ 'ਚ ਕਿਸਾਨ ਦੇ 4 ਪਸ਼ੂਆਂ ਦੀ ਸ਼ੱਕੀ ਹਾਲਤ 'ਚ ਮੌਤ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਬਲਾਕ ਮਾਛੀਵਾੜਾ ਸਾਹਿਬ ਦੇ ਪਿੰਡ ਮਹੱਦੀਪੁਰ ਵਿਖੇ ਇੱਕ ਗਰੀਬ ਕਿਸਾਨ ਬਲਬੀਰ ਸਿੰਘ ਦੇ 4 ਪਸ਼ੂਆਂ ਦੀ ਸ਼ੱਕੀ ਹਾਲਤ ਵਿੱਚ ਮੌਤ ਹੋ ਗਈ, ਜਦਕਿ 2 ਗੰਭੀਰ ਹਾਲਤ ਵਿੱਚ ਬੀਮਾਰ ਹਨ। ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਬਲਬੀਰ ਸਿੰਘ ਨੇ ਦੱਸਿਆ ਕਿ ਉਸ ਕੋਲ ਇੱਕ ਏਕੜ ਜ਼ਮੀਨ ਹੈ ਅਤੇ ਉਹ ਦੁੱਧ ਵੇਚ ਕੇ ਆਪਣੇ ਪਰਵਾਰ ਦਾ ਪਾਲਣ ਪੋਸ਼ਣ ਕਰਦਾ ਹੈ। 2 ਦਿਨ ਪਹਿਲਾਂ ਉਸ ਦੇ ਪਸ਼ੂ ਬੀਮਾਰ ਹੋਣਾ ਸ਼ੁਰੂ ਹੋ ਗਏ, ਜਿਸ 'ਚੋਂ 2 ਛੋਟੀ ਉਮਰ ਦੇ ਪਸ਼ੂਆਂ ਦੀ ਮੌਕੇ 'ਤੇ ਮੌਤ ਹੋ ਗਈ ਅਤੇ ਅੱਜ ਸਵੇਰੇ 2 ਹੋਰ ਦੁਧਾਰੂ ਪਸ਼ੂ ਵੀ ਮਰ ਗਏ। ਇਸ ਤੋਂ ਇਲਾਵਾ 2 ਹੋਰ ਦੁਧਾਰੂ ਪਸ਼ੂ ਜਿਨ੍ਹਾਂ ਦੀ ਹਾਲਤ ਗੰਭੀਰ ਹੈ ਉਨ੍ਹਾਂ ਨੂੰ ਇਲਾਜ ਲਈ ਹਸਪਤਾਲ ਭੇਜ ਦਿੱਤਾ ਹੈ। ਕਿਸਾਨ ਬਲਬੀਰ ਸਿੰਘ ਨੇ ਦੱਸਿਆ ਕਿ 2 ਦੁਧਾਰੂ ਪਸ਼ੂ ਸੂਣ ਵਾਲੇ ਸਨ, ਜਿਨ੍ਹਾਂ ਦੀ ਕੀਮਤ 3 ਲੱਖ ਰੁਪਏ ਤੋਂ ਵੱਧ ਹੈ ਤੇ 2 ਛੋਟੇ ਪਸ਼ੂਆਂ ਦੀ ਕੀਮਤ ਵੀ ਇੱਕ ਲੱਖ ਰੁਪਏ ਦੇ ਕਰੀਬ ਸੀ, ਜਿਸ ਕਾਰਨ ਉਸ ਦਾ 4 ਲੱਖ ਰੁਪਏ ਦਾ ਨੁਕਸਾਨ ਹੋ ਗਿਆ। ਕਿਸਾਨ ਬਲਬੀਰ ਸਿੰਘ ਨੇ ਦੱਸਿਆ ਕਿ 2 ਹੋਰ ਦੁਧਾਰੂ ਪਸ਼ੂ ਹਸਪਤਾਲ ਵਿੱਚ ਇਲਾਜ ਅਧੀਨ ਹਨ, ਜੋ ਕਿ ਹਸਪਤਾਲ ਵਿੱਚ ਜ਼ਿੰਦਗੀ ਤੇ ਮੌਤ ਦੀ ਲੜਾਈ ਲੜ ਰਹੇ ਹਨ। ਕਿਸਾਨ ਨੇ ਦੱਸਿਆ ਕਿ ਇਲਾਜ ਕਰਨ ਵਾਲੇ ਡਾਕਟਰਾਂ ਅਨੁਸਾਰ ਪਸ਼ੂਆਂ ਨੇ ਕੋਈ ਜ਼ਹਿਰੀਲੀ ਵਸਤੂ ਖਾ ਲਈ ਹੈ। ਕਿਸਾਨ ਅਨੁਸਾਰ ਇਹ ਜ਼ਹਿਰੀਲੀ ਵਸਤੂ ਪਸ਼ੂਆਂ ਤੱਕ ਕਿਵੇਂ ਪਹੁੰਚੀ ਜਾਂ ਉਨ੍ਹਾਂ ਨੂੰ ਕੋਈ ਖਿਲਾ ਗਿਆ, ਇਸ ਬਾਰੇ ਕੋਈ ਜਾਣਕਾਰੀ ਨਹੀਂ। ਪਿੰਡ ਵਾਸੀਆਂ ਨੇ ਮੰਗ ਕੀਤੀ ਕਿ ਬਲਬੀਰ ਸਿੰਘ ਇੱਕ ਗਰੀਬ ਕਿਸਾਨ ਹੈ, ਜਿਸ ਨੂੰ ਵੱਧ ਤੋਂ ਵੱਧ ਮੁਆਵਜ਼ਾ ਦਿੱਤਾ ਜਾਵੇ।

## ਤਨਖਾਹ ਤੇ ਸਰਕਾਰੀ ਸਹੂਲਤਾਂ ਤੋਂ ਵਾਂਝੇ ਕੰਪਿਊਟਰ ਅਧਿਆਪਕਾਂ 'ਚ ਭਾਰੀ ਰੋਸ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਕੰਪਿਊਟਰ ਅਧਿਆਪਕ ਯੂਨੀਅਨ ਪੰਜਾਬ ਦੀ ਜ਼ਿਲ੍ਹਾ ਇਕਾਈ ਫਿਰੋਜ਼ਪੁਰ ਤੋਂ ਪ੍ਰਧਾਨ ਦਵਿੰਦਰ ਸਿੰਘ ਸੰਧੂ ਤੇ ਸੂਬਾ ਸੀਨੀਅਰ ਮੀਤ ਪ੍ਰਧਾਨ ਹਰਜੀਤ ਸਿੰਘ ਸੰਧੂ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਪੰਜਾਬ ਸਰਕਾਰ ਸੂਬੇ ਦੇ ਸਰਕਾਰੀ ਸਕੂਲਾਂ ਵਿੱਚ ਸੇਵਾ ਨਿਭਾਅ ਰਹੇ ਕੰਪਿਊਟਰ ਅਧਿਆਪਕਾਂ ਨੂੰ ਸਮੇਂ ਸਿਰ ਤਨਖਾਹਾਂ ਦੇਣ ਵਿੱਚ ਨਾਕਾਮ ਰਹੀ। ਇਹ ਪਹਿਲੀ ਵਾਰ ਨਹੀਂ ਜਦੋਂ ਇਨ੍ਹਾਂ ਅਧਿਆਪਕਾਂ ਨਾਲ ਅਜਿਹਾ ਵਿਤਕਰਾ ਕੀਤਾ ਗਿਆ ਹੋਵੇ, ਸੱਚ ਤਾਂ ਇਹ ਹੈ ਕਿ ਮੌਜੂਦਾ ਸਰਕਾਰ ਕਦੇ ਵੀ ਕੰਪਿਊਟਰ ਅਧਿਆਪਕਾਂ ਨੂੰ ਸਮੇਂ ਸਿਰ ਤਨਖਾਹਾਂ ਨਹੀਂ ਦੇ ਸਕੀ। ਪਿਛਲਾ ਮਹੀਨੇ ਰੱਖੜੀ ਦਾ ਤਿਉਹਾਰ, ਜੋ ਕਿ 9 ਅਗਸਤ ਨੂੰ ਸੀ, ਪਰ ਇਹ ਅਧਿਆਪਕ ਰੱਖੜੀ ਦਾ ਤਿਉਹਾਰ ਵੀ ਬਿਨਾਂ ਤਨਖਾਹਾਂ ਤੋਂ ਮਨਾਉਣ ਲਈ ਮਜਬੂਰ ਸੀ, ਜਦੋਂਕਿ ਵਿਭਾਗ ਦੇ ਬਾਕੀ ਅਧਿਆਪਕਾਂ ਨੂੰ ਮਹੀਨੇ ਦੀ 1 ਜਾਂ 2 ਤਰੀਕ ਨੂੰ ਹੀ ਤਨਖ਼ਾਹਾਂ ਜਾਰੀ ਕਰ ਦਿੱਤੀਆਂ ਜਾਂਦੀਆਂ ਹਨ। ਜ਼ਿਲ੍ਹੇ ਦੇ ਕੰਪਿਊਟਰ ਅਧਿਆਪਕਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਯਾਦ ਵੀ ਨਹੀਂ ਕਿ ਉਨ੍ਹਾਂ ਆਖ਼ਰੀ ਤਿਉਹਾਰ ਤਨਖਾਹਾਂ ਲੈ ਕੇ ਕਦੋਂ ਮਨਾਇਆ ਸੀ। ਭਾਰਤੀ ਸੰਵਿਧਾਨ ਤੇ ਸਮੇਂ ਸਮੇਂ 'ਤੇ ਅਦਾਲਤਾਂ ਵੱਲੋਂ ਜਾਰੀ ਕੀਤੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਹਰੇਕ ਕਰਮਚਾਰੀ ਨੂੰ ਮਹੀਨੇ ਦੀ 7 ਤਰੀਕ ਤੱਕ ਤਨਖਾਹ ਦਿੱਤੀ ਜਾਣੀ ਚਾਹੀਦੀ ਹੈ, ਪਰ ਸੂਬੇ ਭਰ ਦੇ ਕੰਪਿਊਟਰ ਅਧਿਆਪਕਾਂ ਨੂੰ ਤਨਖਾਹਾਂ ਕਈ ਵਾਰ ਤਾਂ ਮਹੀਨੇ ਦੀ 15 ਤਰੀਕ ਤੱਕ ਵੀ ਨਸੀਬ ਨਹੀਂ ਹੁੰਦੀਆਂ। ਵਰਨਣਯੋਗ ਹੈ ਕਿ ਆਮ ਆਦਮੀ ਪਾਰਟੀ ਦੀ ਮੌਜੂਦਾ ਸਰਕਾਰ ਆਪਣੇ ਚੋਣ ਮਨੋਰਥ ਪੱਤਰ ਵਿੱਚ ਕੰਪਿਊਟਰ ਅਧਿਆਪਕਾਂ ਨਾਲ ਕੀਤੇ ਵਾਅਦੇ ਜਿਨ੍ਹਾਂ ਵਿੱਚ ਕੰਪਿਊਟਰ ਅਧਿਆਪਕਾਂ ਨੂੰ ਸਿੱਖਿਆ ਵਿਭਾਗ ਵਿੱਚ ਮਰਜ਼ ਕਰਨਾ, ਛੇਵਾਂ ਤਨਖਾਹ ਕਮਿਸ਼ਨ ਲਾਗੂ ਕਰਨਾ ਤੇ ਇਨ੍ਹਾਂ ਅਧਿਆਪਕਾਂ ਤੇ ਪੰਜਾਬ ਸਿਵਲ ਸਰਵਿਸ ਨਿਯਮ ਲਾਗੂ ਕਰਨਾ ਆਦਿ ਤੋਂ ਤਾਂ ਭੱਜਦੀ ਆ ਰਹੀ ਹੈ, ਸਗੋਂ ਇਨ੍ਹਾਂ ਅਧਿਆਪਕਾਂ ਨੂੰ ਸਮੇਂ ਸਿਰ ਤਨਖਾਹਾਂ ਦੇਣ ਵਿੱਚ ਵੀ ਨਾਕਾਮ ਰਹੀ ਹੈ, ਜਿਸ ਕਾਰਨ ਸੂਬੇ ਦੇ ਸਾਰੇ ਕੰਪਿਊਟਰ ਅਧਿਆਪਕਾਂ ਵਿੱਚ ਸਰਕਾਰ ਪ੍ਰਤੀ ਭਾਰੀ ਰੋਸ ਹੈ। ਇਨ੍ਹਾਂ ਅਧਿਆਪਕਾਂ ਨੇ ਇਹ ਵੀ ਦੱਸਿਆ ਕਿ ਇਸ ਸਬੰਧੀ ਜਦੋਂ ਵਿਭਾਗ ਦੇ ਸਮਰੱਥ ਅਧਿਕਾਰੀਆਂ ਨੂੰ ਮਿਲਿਆ ਗਿਆ ਤਾਂ ਉਨ੍ਹਾਂ ਵੱਲੋਂ ਇਸ ਤਰ੍ਹਾਂ ਅੱਗੇ ਤੋਂ ਨਾ ਹੋਣ ਦਾ ਭਰੋਸਾ ਦਿੱਤਾ ਗਿਆ ਅਤੇ ਇਸ ਸਬੰਧੀ ਅਗਸਤ ਮਹੀਨੇ ਵਿੱਚ ਕੰਪਿਊਟਰ ਅਧਿਆਪਕਾਂ ਦੀ ਤੇ ਸਕੂਲਾਂ ਦੇ ਦੂਸਰੇ ਅਧਿਆਪਕਾਂ ਦੀਆਂ ਤਨਖਾਹਾਂ ਜਾਰੀ ਕਰਨ ਦੀ ਮਿਤੀਆਂ ਸਬੰਧੀ ਡਾਟਾ ਵੀ ਗੂਗਲ ਸ਼ੀਟ ਰਾਹੀਂ ਇਕੱਠਾ ਕੀਤਾ ਗਿਆ ਸੀ, ਪਰ ਉਹ ਵੀ ਗੋਂਗਲੂਆਂ ਤੋਂ ਮਿੱਟੀ ਝਾੜਨ ਵਾਂਗ ਪ੍ਰਤੀਤ ਹੁੰਦਾ ਜਾਪਦਾ ਹੈ, ਕਿਉਂਕਿ ਇਸ ਮਹੀਨੇ ਦੀ 10 ਤਰੀਕ ਹੋਣ ਤੱਕ ਵੀ ਕੰਪਿਊਟਰ ਅਧਿਆਪਕਾਂ ਦੀਆਂ ਤਨਖ਼ਾਹਾਂ ਅਜੇ ਤੱਕ ਜ਼ਿਲ੍ਹਾ ਸਿੱਖਿਆ ਅਫ਼ਸਰਾਂ ਦੇ ਖਾਤਿਆਂ ਵਿੱਚ ਤਕਸੀਮ ਨਹੀਂ ਹੋਈਆਂ। ਅਧਿਆਪਕਾਂ ਦਾ ਕਹਿਣਾ ਹੈ ਕਿ ਜੇਕਰ ਸਰਕਾਰ ਵੱਲੋਂ ਕੰਪਿਊਟਰ ਅਧਿਆਪਕਾਂ ਦੀਆਂ ਤਨਖ਼ਾਹਾਂ ਸਮੇਂ ਸਿਰ ਜਾਰੀ ਕਰਨ ਦਾ ਜਲਦੀ ਕੋਈ ਠੋਸ ਹੱਲ ਨਾ ਕੱਢਿਆ ਤਾਂ ਕੰਪਿਊਟਰ ਅਧਿਆਪਕ ਯੂਨੀਅਨ ਪੰਜਾਬ ਵੱਲੋਂ ਪੰਜਾਬ ਸਰਕਾਰ ਵਿਰੁੱਧ ਰੋਸ ਪ੍ਰਦਰਸ਼ਨ ਕੀਤੇ ਜਾਣਗੇ, ਜਿਸ ਦੀ ਪੂਰਨ ਜ਼ਿੰਮੇਵਾਰੀ ਸਰਕਾਰ ਦੀ ਹੋਵੇਗੀ।

## ਰਾਜਦੀਪ ਸਿੰਘ ਦੇ ਵਿਛੋੜੇ 'ਤੇ ਵੱਖ-ਵੱਖ ਸ਼ਖ਼ਸੀਅਤਾਂ ਵੱਲੋਂ ਦੁੱਖ ਦਾ ਪ੍ਰਗਟਾਵਾ



**ਮੋਗਾ (ਇਕਬਾਲ ਸਿੰਘ ਖਹਿਰਾ)**-ਮੋਗਾ ਨਿਵਾਸੀ ਤੇ ਮੋਹਾਲੀ ਵਿਖੇ ਇੰਮੀਗ੍ਰੇਸ਼ਨ ਕੰਸਲਟੈਂਟ ਦਾ ਕੰਮ ਕਰ ਰਹੇ ਨੌਜਵਾਨ ਰਾਜਦੀਪ ਸਿੰਘ ਦੇ ਅਚਾਨਕ ਬੇਵਕਤੀ ਅਕਾਲ ਚਲਾਣੇ ਦੀ ਖ਼ਬਰ ਜਿਉਂ ਹੀ ਮੋਗਾ ਪੁੱਜੀ ਤਾਂ ਚਾਰੇ ਪਾਸੇ ਸੋਗ ਦੀ ਲਹਿਰ ਦੌੜ ਗਈ।ਉਨ੍ਹਾਂ ਦੀ ਮ੍ਰਿਤਕ ਦੇਹ ਨੂੰ ਮੋਗਾ ਲਿਆਂਦਾ ਜਾ ਰਿਹਾ ਹੈ ਤੇ ਅੰਤਿਮ ਸੰਸਕਾਰ ਦਾ ਸਮਾਂ ਉਨ੍ਹਾਂ ਦੇ ਪੁੱਤਰ ਦੇ ਵਿਦੇਸ਼ ਤੋਂ ਆਉਣ ਮਗਰੋਂ ਕੀਤਾ ਜਾਵੇਗਾ।ਇਸ ਦੁੱਖ ਦੀ ਘੜੀ ਵਿੱਚ ਪਰਵਾਰ ਨਾਲ ਹਲਕਾ ਵਿਧਾਇਕਾ ਮੋਗਾ ਡਾ. ਅਮਨਦੀਪ ਕੌਰ ਅਰੋੜਾ, ਜ਼ਿਲ੍ਹਾ ਪ੍ਰਧਾਨ ਭਾਜਪਾ ਡਾ. ਹਰਜੋਤਕਮਲ, ਨਿਹਾਲ ਸਿੰਘ ਤਲਵੰਡੀ ਭੰਗੇਰੀਆਂ ਜ਼ਿਲ੍ਹਾ ਪ੍ਰਧਾਨ ਅਕਾਲੀ ਦਲ, ਬਰਜਿੰਦਰ ਸਿੰਘ ਮੱਖਣ ਬਰਾੜ ਸੀਨੀਅਰ ਅਕਾਲੀ ਆਗੂ, ਇੰਦਰਪਾਲ ਸਿੰਘ ਬੱਬੀ ਠੇਕੇਦਾਰ, ਇੰਸਪੈਕਟਰ ਪੁਸ਼ਪਿੰਦਰ ਸਿੰਘ ਪੱਪੀ, ਭੁਪਿੰਦਰ ਸਿੰਘ ਸਾਹੋਕੇ ਹਲਕਾ ਇੰਚਾਰਜ ਨਿਹਾਲ ਸਿੰਘ ਵਾਲਾ, ਮਾਲਵਿਕਾ ਸੂਦ ਹਲਕਾ ਇੰਚਾਰਜ ਮੋਗਾ, ਸੰਜੀਤ ਸਿੰਘ ਸੰਨੀ ਗਿੱਲ ਹਲਕਾ ਇੰਚਾਰਜ ਅਕਾਲੀ ਦਲ ਮੋਗਾ, ਰਾਜਿੰਦਰ ਸਿੰਘ ਡੱਲਾ ਸੀਨੀਅਰ ਅਕਾਲੀ ਆਗੂ, ਜਸਵਿੰਦਰ ਸਿੰਘ ਸਿੱਧੂ ਡਾਇਰੈਕਟਰ, ਨਵਦੀਪ ਸਿੰਘ ਨਿੱਪੀ, ਐਡਵੋਕੇਟ ਰਮੇਸ਼ ਗਰੋਵਰ, ਸਰਪੰਚ ਸੁਖਦੀਪ ਸਿੰਘ ਸਿੱਧੂ ਦੌਧਰ, ਬਿੰਦਰ ਮਨੀਲਾ ਪ੍ਰਧਾਨ ਟਰੱਕ ਯੂਨੀਅਨ ਜਗਰਾਉਂ, ਪ੍ਰਧਾਨ ਬਲਕਾਰ ਸਿੰਘ ਭੁੱਲਰ, ਅਨੁਜ ਸ਼ਰਮਾ, ਸੁਰਜੀਤ ਸੈਣੀ, ਆਸ਼ੂ ਹਾਂਡਾ, ਅਮਿਤ ਮਿਸ਼ਰਾ, ਜੌਨੀ ਗਿੱਲ, ਇੰਦਰਪ੍ਰੀਤ ਸਿੰਘ ਬੰਟੀ ਸਾਬਕਾ ਪ੍ਰਧਾਨ ਨਗਰ ਕੌਂਸ਼ਲ, ਹਰਪ੍ਰੀਤ ਸਿੰਘ ਮਹਿਰੋਂ, ਨਵਦੀਪ ਸਿੰਘ ਮਹੇਸ਼ਰੀ, ਸਰਬਜੀਤ ਸਿੰਘ ਰੌਲੀ, ਗੁਰਪ੍ਰੀਤ ਸਿੰਘ ਗਿੰਨੀ, ਇੰਦਰਜੀਤ ਸਿੰਘ ਬੁੱਧ ਸਿੰਘ ਵਾਲਾ, ਵਿੱਕੀ ਸ਼ਰਮਾ, ਸਰਪੰਚ ਜਸਪ੍ਰੀਤ ਸਿੰਘ ਵਿੱਕੀ, ਸਰਪੰਚ ਜਸਵਿੰਦਰ ਸਿੰਘ ਤਖਤੂਵਾਲਾ, ਪ੍ਰਮਿੰਦਰ ਸਿੰਘ ਦਾਤਾ, ਗੁਰਲਾਲ ਸਿੰਘ ਸੰਧੂ ਪ੍ਰਧਾਨ, ਕਮਲ ਰਣਸ਼ੀਹ, ਅਜੈਪਾਲ ਸਿੰਘ ਗਲੋਲੀ, ਮਨਜੀਤ ਸਿੰਘ ਧੰਮੂ ਜ਼ਿਲ੍ਹਾ ਯੂਥ ਪ੍ਰਧਾਨ, ਸੁਖਰਾਜ ਸਿੰਘ ਧੰਮੂ, ਗੋਵਰਧਨ ਪੋਪਲੀ ਕੌਂਸ਼ਲਰ, ਸਰਪੰਚ ਗੁਰਮੀਤ ਸਿੰਘ ਗਗੜਾ, ਰਾਣਾ ਡਰੋਲੀ, ਹਰਪ੍ਰੀਤ ਸਿੰਘ ਦੌਧਰ, ਤੇਜਿੰਦਰ ਸਿੰਘ ਜਸ਼ਨ, ਸਾਹਿਲ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਰਾਜਸੀ, ਸਮਾਜਿਕ ਤੇ ਧਾਰਮਿਕ ਸਖ਼ਸੀਅਤਾਂ ਨੇ ਪਰਿਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

## ਪਾਵਰਕਾਮ ਦੇ ਪੈਨਸ਼ਨਰ 30 ਨੂੰ ਰੋਪੜ 'ਚ ਦੇਣਗੇ ਧਰਨਾ : ਸਕਿੰਦਰ ਸਿੰਘ



**ਸਮਰਾਲਾ (ਸੁਰਜੀਤ ਸਿੰਘ)**-ਪਾਵਰਕਾਮ ਪੈਨਸ਼ਨਰਜ਼ ਐਸੋਸੀਏਸ਼ਨ ਮੰਡਲ ਸਮਰਾਲਾ ਦੀ ਮਹੀਨਾਵਾਰ ਮੀਟਿੰਗ ਸਕਿੰਦਰ ਸਿੰਘ ਮੰਡਲ ਪ੍ਰਧਾਨ ਦੀ ਪ੍ਰਧਾਨਗੀ ਹੇਠ ਮੇਨ ਚੌਂਕ ਦੇ ਗੁਰਦੁਆਰਾ ਸਾਹਿਬ ਵਿਖੇ ਹੋਈ, ਜਿਸ ਵਿੱਚ ਪੈਨਸ਼ਨਰਾਂ ਦੀਆਂ ਮੰਗਾਂ ਤੇ ਮਸਲਿਆਂ 'ਤੇ ਆਉਣ ਵਾਲੇ ਸਮੇਂ ਵਿੱਚ ਸੰਘਰਸ਼ਾਂ ਸਬੰਧੀ ਵਿਚਾਰ ਵਿਟਾਂਦਰਾ ਕੀਤਾ ਗਿਆ।ਮੀਟਿੰਗ ਦੇ ਅਰੰਭ ਵਿੱਚ ਗੁਰਬਖਸ਼ ਸਿੰਘ ਕੋਟਾਲਾ, ਗੁਰਮੁੱਖ ਸਿੰਘ ਸਮਸ਼ਪੁਰ ਰਿਟਾ: ਲਾਈਨਮੈਨ ਦੇ ਨੌਜਵਾਨ ਸਪੁੱਤਰ ਦੀ ਦਿਲ ਫੇਲ੍ਹ ਹੋਣ ਹੋਈ ਮੌਤ ਤੇ ਪੰਜਾਬ ਵਿੱਚ ਆਈ ਹੜ੍ਹਾਂ ਦੀ ਕੁਦਰਤੀ ਆਫਤ ਦੌਰਾਨ ਮੌਤ ਦੀ ਭੇਟ ਚੜ੍ਹਨ ਵਾਲੇ 55 ਵਿਅਕਤੀਆਂ ਨੂੰ ਦੋ ਮਿੰਟ ਦਾ ਮੋਨ ਧਾਰਨ ਕਰਕੇ ਸ਼ਰਧਾਂਜਲੀ ਭੇਟ ਕੀਤੀ ਗਈ।ਇਸ ਉਪਰੰਤ ਸਕਿੰਦਰ ਸਿੰਘ ਪ੍ਰਧਾਨ ਨੇ ਸਾਥੀਆਂ ਨੂੰ ਸੰਬੋਧਨ ਕਰਦੇ ਹੋਏ ਸੂਬਾ ਪੱਧਰੀ ਕਮੇਟੀ ਵੱਲੋਂ ਵਿੱਢੇ ਗਏ ਸੰਘਰਸ਼ਾਂ ਜਿਵੇਂ ਜ਼ਿਲ੍ਹਾ ਪੱਧਰ ਮੰਤਰੀਆਂ ਨੂੰ ਮੰਗ ਪੱਤਰ ਦੇਣੇ, ਸਰਕਲ ਲੇਵਲ ਦੇ ਸੰਘਰਸ਼ਾਂ ਲਈ ਤਿਆਰ ਰਹਿਣ ਲਈ ਕਿਹਾ ਗਿਆ।30 ਸਤੰਬਰ ਨੂੰ ਰੋਪੜ ਵਿਖੇ ਸਰਕਲ ਪੱਧਰੀ ਧਰਨਾ ਦਿੱਤਾ ਜਾ ਰਿਹਾ ਹੈ, ਜਿਸ ਵਿੱਚ ਸਮਰਾਲਾ ਮੰਡਲ ਦੇ ਪੈਨਸ਼ਨਰਜ਼ ਵੱਧ ਚੜ੍ਹ ਕੇ ਹਿੱਸਾ ਲੈਣਗੇ ਤੇ ਸੂਬਾ ਕਮੇਟੀ ਵੱਲੋਂ ਪਹਿਲਾਂ, ਜੋ ਸੂਬਾ ਪੱਧਰੀ ਸੰਘਰਸ਼ ਦੌਰਾਨ ਹੈੱਡ ਆਫਿਸ ਪਟਿਆਲਾ ਵਿਖੇ ਧਰਨਾ ਦੇਣਾ ਸੀ, ਉਸ ਨੂੰ ਪੰਜਾਬ ਵਿੱਚ ਆਏ ਹੜ੍ਹਾਂ ਦੀ ਸਥਿਤੀ ਨੂੰ ਦੇਖਦੇ ਹੋਏ ਮੁਅੱਤਲ ਕੀਤਾ ਗਿਆ।ਸੂਬਾ ਕਮੇਟੀ, ਜੋ ਨਵੀਂ ਤਰੀਕ ਦਾ ਫੈਸਲਾ ਕਰੇਗੀ, ਉਸ ਅਨੁਸਾਰ ਸੂਬਾ ਪੱਧਰੀ ਧਰਨੇ ਵਿੱਚ ਵੱਧ ਚੜ੍ਹ ਕੇ ਹਿੱਸਾ ਲਿਆ ਜਾਵੇਗਾ।ਸਮਰਾਲਾ ਮੰਡਲ ਵੱਲੋਂ ਮਤਾ ਪਾਸ ਕੀਤਾ ਗਿਆ ਕਿ ਸੂਬਾ ਕਮੇਟੀ ਹੜ੍ਹ ਪ੍ਰਭਾਵਿਤ ਇਲਾਕਿਆਂ ਲਈ ਫੰਡ ਇਕੱਤਰ ਕਰਨਾ ਚਾਹੁੰਦੀ ਹੈ, ਉਹ ਫੰਡ ਨੂੰ ਵੰਡਣ ਸਬੰਧੀ ਫੈਸਲਾ ਮੰਡਲ ਕਮੇਟੀ ਤੇ ਸਰਕਲ ਕਮੇਟੀ 'ਤੇ ਛੱਡਿਆ ਜਾਵੇ ਜਾਂ ਸੂਬਾ ਕਮੇਟੀ ਬਜਾਏ ਸਰਕਾਰਾਂ ਦੇ ਆਪ ਲੋੜਵੰਦਾਂ ਦੀ ਮੱਦਦ ਕਰੇ।ਇਸ ਵਿਚਾਰ ਨੂੰ ਧਿਆਨ ਵਿੱਚ ਰੱਖਦੇ ਹੋਏ ਸੂਬਾ ਕਮੇਟੀ ਜਲਦੀ ਫੈਸਲਾ ਲਵੇ।ਇਸ ਮੀਟਿੰਗ ਨੂੰ ਸੰਬੋਧਨ ਕਰਨ ਵਾਲਿਆਂ ਵਿੱਚ ਇੰਜ: ਪ੍ਰੇਮ ਸਿੰਘ ਸਾਬਕਾ ਐੱਸ. ਡੀ. ਓ., ਰਜਿੰਦਰ ਪਾਲ ਵਡੇਰਾ ਰਿਟਾ: ਡਿਪਟੀ ਸੀ. ਏ. ਓ., ਇੰਜ: ਜੁਗਲ ਕਿਸ਼ੋਰ ਸਾਹਨੀ, ਜਗਤਾਰ ਸਿੰਘ ਪ੍ਰੈਸ ਸਕੱਤਰ, ਦਰਸ਼ਨ ਸਿੰਘ ਵਿੱਤ ਸਕੱਤਰ, ਦਰਸ਼ਨ ਸਿੰਘ ਕੋਟਾਲਾ, ਮਹੇਸ਼ ਕੁਮਾਰ ਖਮਾਣੋਂ, ਹਰਪਾਲ ਸਿੰਘ ਸਿਹਾਲਾ, ਅਮਰਜੀਤ ਸਿੰਘ ਮਾਛੀਵਾੜਾ, ਭੁਪਿੰਦਰਪਾਲ ਸਿੰਘ ਚਹਿਲਾਂ, ਰਾਮ ਸਰੂਪ ਸਭਰਵਾਲ, ਪ੍ਰੇਮ ਚੰਦ ਭਲਾ ਲੋਕ, ਜਸਵੰਤ ਸਿੰਘ ਢੰਡਾ, ਸੁਰਜੀਤ ਸਿੰਘ ਵਿਸ਼ਾਦ ਆਦਿ ਨੇ ਸੰਬੋਧਨ ਕੀਤਾ।

## ਹੈੱਡਮਾਸਟਰ ਐਸੋਸੀਏਸ਼ਨ ਨੇ ਸਪੀਕਰ ਸੰਧਵਾਂ ਨੂੰ ਦਿੱਤਾ ਮੰਗ ਪੱਤਰ

**ਸਿੱਖਿਆ ਮੰਤਰੀ ਨਾਲ ਜਲਦ ਪੈਨਲ ਮੀਟਿੰਗ ਕਰਵਾਉਣ ਦਾ ਦਿੱਤਾ ਭਰੋਸਾ**



**ਕੋਟਕਪੂਰਾ (ਰਛਪਾਲ ਭੁੱਲਰ)**-ਹੈੱਡਮਾਸਟਰਜ਼ ਐਸੋਸੀਏਸ਼ਨ ਪੰਜਾਬ ਵੱਲੋਂ ਉਲੀਕੇ ਗਏ ਐਕਸ਼ਨ ਪ੍ਰੋਗਰਾਮ ਅਨੁਸਾਰ ਜ਼ਿਲ੍ਹਾ ਇਕਾਈ ਫਰੀਦਕੋਟ ਨੇ ਸਿੱਖਿਆ ਵਿਭਾਗ ਪੰਜਾਬ ਸਰਕਾਰ ਵੱਲੋਂ ਉਨ੍ਹਾਂ ਦੀਆਂ ਹੱਕੀ ਤੇ ਜਾਇਜ਼ ਮੰਗਾਂ ਨੂੰ ਪ੍ਰਵਾਨ ਨਾ ਕਰਨ ਦੇ ਰੋਸ ਵਜੋਂ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੂੰ ਮੰਗ ਪੱਤਰ ਦਿੱਤਾ ਗਿਆ।ਜਥੇਬੰਦੀ ਦੇ ਸੀਨੀਅਰ ਮੀਤ ਪ੍ਰਧਾਨ ਰਵਿੰਦਰ ਸਿੰਘ ਮੁੱਖ ਅਧਿਆਪਕ ਨੇ ਦੱਸਿਆ ਕਿ ਸਪੀਕਰ ਸਾਹਿਬ ਨੇ ਹੈੱਡਮਾਸਟਰ ਕਾਡਰ ਦੀਆਂ ਹੱਕੀ ਤੇ ਜਾਇਜ਼ ਮੰਗਾਂ ਦਾ ਮੰਗ ਪੱਤਰ ਆਪਣੀ ਸਿਫਾਰਸ਼ ਸਹਿਤ ਹਰਜੋਤ ਸਿੰਘ ਬੈਂਸ ਸਿੱਖਿਆ ਮੰਤਰੀ ਪੰਜਾਬ ਨੂੰ ਭੇਜਣ ਤੇ ਜਲਦੀ ਹੀ ਜਥੇਬੰਦੀ ਨੂੰ ਪੈਨਲ ਮੀਟਿੰਗ ਦਵਾਉਣ ਦਾ ਭਰੋਸਾ ਦਿੱਤਾ।ਆਗੂਆਂ ਨੇ ਦੱਸਿਆ ਕਿ ਸਾਲ 2019 ਵਿੱਚ ਭਰਤੀ ਤੋਂ ਪਹਿਲਾਂ ਹੀ ਸਾਲਾਂ ਬੱਧੀ ਸਰਕਾਰੀ ਸਕੂਲਾਂ ਵਿੱਚ ਕੰਮ ਕਰਦੇ ਅਧਿਆਪਕਾਂ ਨੇ ਪੀ. ਪੀ. ਐੱਸ. ਸੀ. ਦਾ ਇਮਤਿਹਾਨ ਪਾਸ ਕਰਕੇ ਜਨਵਰੀ 2020 ਵਿੱਚ ਹੈੱਡਮਾਸਟਰਾਂ ਵਜੋਂ ਜੁਆਇਨ ਕੀਤਾ ਸੀ ਅਤੇ ਦਿਨਾਂ ਵਿੱਚ ਹੀ ਸਕੂਲਾਂ ਦੀ ਨੁਹਾਰ ਬਦਲ ਦਿੱਤੀ।ਆਗੂਆਂ ਨੇ ਅਫਸੋਸ ਪ੍ਰਗਟ ਕੀਤਾ ਕਿ ਸਕੂਲ ਸਿੱਖਿਆ ਵਿਭਾਗ ਦੇ ਅਧਿਕਾਰੀਆਂ ਨੇ ਉਨ੍ਹਾਂ ਦੀਆਂ ਜਾਇਜ਼ ਤੇ ਹੱਕੀ ਮੰਗਾਂ ਜਿਵੇਂ ਕਿ ਹੁਣ ਤੱਕ ਬਣਦੇ ਬੈਕਲਾਗ ਕੋਟੇ ਦੀਆਂ ਤਰੱਕੀਆਂ ਕਰਨਾ, ਗਰੇਡ ਪੇ ਵਿੱਚ ਵਾਧਾ ਕਰਨਾ, ਉਚੇਰੀ ਜ਼ਿੰਮੇਵਾਰੀ ਦਾ ਲਾਭ ਦੇਣਾ ਅਤੇ ਪ੍ਰਿੰਸੀਪਲ ਦੀ ਪੋਸਟ ਲਈ ਪ੍ਰਮੋਸ਼ਨ ਕੋਟੇ ਵਿੱਚ 50% ਵਾਧਾ ਕਰਨਾ ਵੱਲ ਕਦੇ ਵੀ ਸੁਹਿਰਦਤਾ ਨਾਲ ਧਿਆਨ ਨਹੀਂ ਦਿੱਤਾ।ਯੂਨੀਅਨ ਦੇ ਆਗੂ ਤਰਸੇਮ ਲਾਲ ਮੋਂਗਾ ਨੇ ਕਿਹਾ ਕਿ ਸਕੂਲ ਸਿੱਖਿਆ ਵਿਭਾਗ ਵੱਲੋਂ ਜੇਕਰ ਸਾਡੀਆਂ ਜਾਇਜ਼ ਮੰਗਾਂ ਵੱਲ ਨਜ਼ਰਸਾਨੀ ਨਾ ਕੀਤੀ ਗਈ ਤਾਂ ਆਉਣ ਵਾਲੇ ਸਮੇਂ ਵਿੱਚ ਸੰਘਰਸ਼ ਨੂੰ ਤਿੱਖਾ ਕੀਤਾ ਜਾਵੇਗਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਹੈੱਡਮਾਸਟਰ ਕਪਿਲ ਕੁਮਾਰ ਗੋਇਲ, ਜਗਮੋਹਨ ਸਿੰਘ ਬਰਾੜ, ਅਕਾਸ਼ਦੀਪ ਅਗਰਵਾਲ, ਬਲਵਿੰਦਰ ਸਿੰਘ, ਨਵਦੀਪ ਸ਼ਰਮਾ, ਵਿਕਾਸਪਾਲ ਘੰਡ, ਰੋਹਿਤ ਗਰਗ, ਜਗਜੀਵਨ ਸਿੰਘ, ਮਧੂ ਗੋਇਲ, ਪਰਮਜੀਤ ਕੌਰ, ਰਵਿੰਦਰ ਕੌਰ, ਰਮਿੰਦਰ ਕੌਰ, ਰਿਤੂ ਬਾਲਾ, ਗੀਤਾ ਰਾਣੀ ਤੇ ਸਰਬਜੀਤ ਕੌਰ ਆਦਿ ਹਾਜ਼ਰ ਸਨ।

## ਰੁਚੀ ਬਾਵਾ ਵੱਲੋਂ ਹੜ੍ਹ ਦੇ ਨੁਕਸਾਨ ਦਾ ਜਾਇਜ਼ਾ ਲੈਣ ਲਈ ਨਿਊ ਖਹਿਰਾ ਬੇਟ ਦਾ ਦੌਰਾ

**ਕਮਿਸ਼ਨ ਵੱਲੋਂ ਹੜ੍ਹ ਤੋਂ ਪ੍ਰਭਾਵਤ ਬੱਚਿਆਂ ਦੀ ਸਿਹਤ ਤੇ ਸਿੱਖਿਆ ਦੀ ਜਾਂਚ ਕੀਤੀ ਗਈ**



**ਲੁਧਿਆਣਾ (ਰਾਜ ਸਿੰਗਲਾ)**-ਪੰਜਾਬ ਰਾਜ ਬਾਲ ਅਧਿਕਾਰ ਸੁਰੱਖਿਆ ਕਮਿਸ਼ਨ ਦੀ ਵਾਈਸ-ਚੇਅਰਪਰਸਨ ਗੁਨਜੀਤ ਰੁਚੀ ਬਾਵਾ ਨੇ ਬੱਚਿਆਂ ਤੇ ਉਨ੍ਹਾਂ ਦੇ ਪਰਵਾਰਾਂ 'ਤੇ ਹਾਲੀਆ ਹੜ੍ਹਾਂ ਦੇ ਪ੍ਰਭਾਵ ਦਾ ਜਾਇਜ਼ਾ ਲੈਣ ਲਈ ਪਿੰਡ ਨਿਊ ਖਹਿਰਾ ਬੇਟ ਦਾ ਦੌਰਾ ਕੀਤਾ।ਇਹ ਦੌਰਾ ਇਸ ਗੱਲ ਨੂੰ ਸਮਝਣ 'ਤੇ ਕੇਂਦ੍ਰਿਤ ਸੀ ਕਿ ਹੜ੍ਹ ਨੇ ਬੱਚਿਆਂ ਦੀ ਸਰੀਰਕ ਤੇ ਮਾਨਸਿਕ ਸਿਹਤ, ਉਨ੍ਹਾਂ ਦੀ ਸਿੱਖਿਆ ਤੇ ਸਮੁੱਚੀ ਰਹਿਣ-ਸਹਿਣ ਦੀਆਂ ਸਥਿਤੀਆਂ ਨੂੰ ਕਿਵੇਂ ਪ੍ਰਭਾਵਿਤ ਕੀਤਾ।ਆਪਣੇ ਦੌਰੇ ਦੌਰਾਨ ਬਾਵਾ ਨੇ ਪ੍ਰਭਾਵਿਤ ਪਰਵਾਰਾਂ ਤੇ ਬੱਚਿਆਂ ਨਾਲ ਮੁਲਾਕਾਤ ਕੀਤੀ, ਉਨ੍ਹਾਂ ਦੀਆਂ ਜ਼ਰੂਰਤਾਂ ਏ ਚੁਣੌਤੀਆਂ ਨੂੰ ਸਮਝਣ ਲਈ ਉਨ੍ਹਾਂ ਨਾਲ ਸਿੱਧੇ ਤੌਰ 'ਤੇ ਗੱਲਬਾਤ ਕੀਤੀ।

ਉਨ੍ਹਾਂ ਬੱਚਿਆਂ ਦੀ ਸਿਹਤ ਤੇ ਭਾਵਨਾਤਮਕ ਤੰਦਰੁਸਤੀ ਦੀ ਧਿਆਨ ਨਾਲ ਜਾਂਚ ਕੀਤੀ ਤੇ ਮਾਪਿਆਂ ਨੂੰ ਸੁਰੱਖਿਅਤ ਵਾਤਾਵਰਣ ਪ੍ਰਦਾਨ ਕਰਨ ਵਿੱਚ ਦਰਪੇਸ਼ ਮੁਸ਼ਕਲਾਂ 'ਤੇ ਚਰਚਾ ਕੀਤੀ।ਉਨ੍ਹਾਂ ਹੜ੍ਹ ਦੇ ਪ੍ਰਭਾਵ ਤੋਂ ਬੱਚਿਆਂ ਨੂੰ ਉਭਰਨ ਵਿੱਚ ਮਦਦ ਕਰਨ ਲਈ ਡਾਕਟਰੀ ਦੇਖਭਾਲ, ਮਾਨਸਿਕ ਸਿਹਤ ਸਹਾਇਤਾ ਤੇ ਨਿਰਵਿਘਨ ਵਿਦਿਅਕ ਮੌਕਿਆਂ ਦੀ ਤੁਰੰਤ ਲੋੜ 'ਤੇ ਜ਼ੋਰ ਦਿੱਤਾ।ਬਾਵਾ ਨੇ ਭਰੋਸਾ ਦਿੱਤਾ ਕਿ ਡਾਕਟਰੀ ਸਹਾਇਤਾ, ਮਨੋਵਿਗਿਆਨਕ ਸਲਾਹ ਤੇ ਵਿੱਦਿਅਕ ਸਹਾਇਤਾ ਪ੍ਰਦਾਨ ਕਰਨ ਲਈ ਸਥਾਨਕ ਅਧਿਕਾਰੀਆਂ ਨਾਲ ਤਾਲਮੇਲ ਵਿੱਚ ਸਾਰੇ ਜ਼ਰੂਰੀ ਉਪਾਅ ਕੀਤੇ ਜਾਣਗੇ।ਉਨ੍ਹਾਂ ਵਾਅਦਾ ਕੀਤਾ ਕਿ ਕਮਿਸ਼ਨ ਸਥਿਤੀ ਦੀ ਨਿਗਰਾਨੀ ਕਰਦਾ ਰਹੇਗਾ ਤੇ ਬੱਚਿਆਂ ਨੂੰ ਕੁਦਰਤੀ ਆਫ਼ਤਾਂ ਦੇ ਪ੍ਰਭਾਵਾਂ ਤੋਂ ਬਚਾਉਣ ਲਈ ਨਿਰੰਤਰ ਸਹਾਇਤਾ ਪ੍ਰਦਾਨ ਕਰੇਗਾ।

ਸ੍ਰੀਮਤੀ ਬਾਵਾ ਦੇ ਨਾਲ ਬਲਜੀਤ ਸਿੰਘ ਸਿਹਤ ਇੰਸਪੈਕਟਰ, ਕਮਿਊਨਿਟੀ ਹੈਲਥ ਸੈਂਟਰ, ਕੂਮ ਕਲਾਂ, ਲੁਧਿਆਣਾ ਤੇ ਹਰਪ੍ਰੀਤ ਸਮਾਜਿਕ ਕਾਰਕੁਨ ਅਤੇ ਹੋਰ ਮੈਂਬਰ ਵੀ ਸਨ, ਜੋ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਰਾਹਤ ਉਪਾਵਾਂ ਨੂੰ ਮਜ਼ਬੂਤ ਕਰਨ ਤੇ ਬੱਚਿਆਂ ਦੀ ਭਲਾਈ ਦੀ ਰੱਖਿਆ ਕਰਨ ਦੇ ਯਤਨਾਂ ਵਿੱਚ ਸ਼ਾਮਲ ਹੋਏ।

ਇੱਕ ਗੈਰ-ਸਰਕਾਰੀ ਸੰਸਥਾ ਆਸ ਅਹਿਸਾਸ ਨੇ ਰਾਣੀ ਪ੍ਰਯਾਤਨ ਚੈਰੀਟੇਬਲ ਟਰੱਸਟ ਦੇ ਸਹਿਯੋਗ ਨਾਲ ਪ੍ਰਭਾਵਿਤ ਪਰਵਾਰਾਂ ਨੂੰ ਤਰਪਾਲਾਂ, ਸਿਹਤ ਕਿੱਟਾਂ, ਸੈਨੇਟਰੀ ਨੈਪਕਿਨ, ਚੱਪਲਾਂ ਤੇ ਹੋਰ ਰਾਹਤ ਸਮੱਗਰੀ ਵੰਡੀ।

11-SEP-PAGE-6.qxd 9/10/2025 9:32 PM Page 1



## ਹੜ੍ਹ ਪੀੜਤ ਕਿਸਾਨਾਂ ਨੂੰ 50 ਹਜ਼ਾਰ ਪ੍ਰਤੀ ਏਕੜ ਵਿੱਤੀ ਸਹਾਇਤਾ ਦਿੱਤੀ ਜਾਵੇ : ਮਾਨੂੰਕੇ



**ਮੋਗਾ (ਇਕਬਾਲ ਸਿੰਘ ਖਹਿਰਾ)**-ਭਾਰਤੀ ਕਿਸਾਨ ਯੂਨੀਅਨ ਕਾਦੀਆਂ ਜ਼ਿਲ੍ਹਾ ਮੋਗਾ ਦੀ ਜ਼ਿਲ੍ਹਾ ਕਾਰਜਕਾਰਨੀ ਦੀ ਮੀਟਿੰਗ ਗੁਰਦਵਾਰਾ ਬੀਬੀ ਕਾਹਨ ਕੌਰ ਵਿਖੇ ਨਿਰਮਲ ਸਿੰਘ ਮਾਨੂੰਕੇ ਦੀ ਪ੍ਰਧਾਨਗੀ ਵਿੱਚ ਹੋਈ।ਇਸ ਮੀਟਿੰਗ ਵਿੱਚ ਪੰਜਾਬ ਰਾਜ ਦੇ ਹੜ੍ਹ ਪੀੜਤ ਇਲਾਕਿਆਂ ਵਿੱਚ ਰਾਹਤ ਕਾਰਜ ਸੰਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ।ਸਾਰੇ ਹੀ ਕਾਰਜਕਾਰਨੀ ਮੈਂਬਰਾਂ ਦੀ ਰਾਏ ਹੈ ਕਿ ਹੜ੍ਹ ਦਾ ਪਾਣੀ ਘਟਣ ਉਪਰੰਤ ਕਿਸਾਨਾਂ ਦੇ ਖੇਤਾਂ ਵਿੱਚੋਂ ਮਿੱਟੀ ਤੇ ਗਾਰ ਕੱਢਣ ਵਾਸਤੇ ਵੱਡੇ ਪੱਧਰ 'ਤੇ ਕਿਸਾਨਾਂ ਨੂੰ ਮਦਦ ਦੀ ਲੋੜ ਹੈ। ਜ਼ਿਲ੍ਹਾ ਕਾਰਜਕਾਰਨੀ ਵੱਲੋਂ ਪਾਸ ਕੀਤਾ ਗਿਆ ਕਿ ਪੰਜਾਬ ਟੀਮ ਵੱਲੋਂ ਜ਼ਿਲ੍ਹਾ ਟੀਮ ਦੀ, ਜਿਸ ਪਿੰਡ ਵਿੱਚ ਜੋ ਵੀ ਡਿਊਟੀ ਲਗਾਈ ਜਾਵੇਗੀ, ਉਸ ਨੂੰ ਪੂਰੀ ਤਨਦੇਹੀ ਨਾਲ ਜ਼ਿਲ੍ਹੇ ਦੇ ਵਰਕਰਾਂ ਵੱਲੋਂ ਨਿਭਾਇਆ ਜਾਵੇਗਾ।ਕਾਰਜਕਾਰਨੀ ਵੱਲੋਂ ਪੰਜਾਬ ਸਰਕਾਰ ਵੱਲੋਂ ਐਲਾਨੀ 20,000/- ਪ੍ਰਤੀ ਏਕੜ ਦੀ ਹੜ੍ਹ ਮਾਰੇ ਇਲਾਕਿਆਂ ਨੂੰ ਦਿੱਤੀ ਸਹਾਇਤਾ ਨੂੰ ਨਿਗੂਣਾ ਕਰਾਰ ਦਿੱਤਾ ਗਿਆ ਅਤੇ ਮੰਗ ਕੀਤੀ ਗਈ ਕਿ ਪੰਜਾਬ ਸਰਕਾਰ ਵੱਲੋਂ ਪ੍ਰੈੱਸ ਨੂੰ ਜਾਰੀ ਆਪਣੇ ਪਹਿਲੇ ਐਲਾਨ ਅਨੁਸਾਰ ਘੱਟੋ ਘੱਟ 50,000/- ਪ੍ਰਤੀ ਏਕੜ ਵਿੱਤੀ ਸਹਾਇਤਾ ਦਿੱਤੀ ਜਾਵੇ, ਕਿਉਂਕਿ ਕਿਸਾਨਾਂ ਦੀ ਸਾਉਣੀ ਦੀ ਫ਼ਸਲ ਤਬਾਹ ਹੋ ਗਈ ਹੈ ਅਤੇ ਹਾੜ੍ਹੀ ਦੀ ਫ਼ਸਲ ਦੀ ਬਿਜਾਈ ਵਾਸਤੇ ਵੀ ਬਹੁਤ ਖਰਚ ਤੇ ਮਿਹਨਤ ਹੋਵੇਗੀ।

## ਪੀ ਜੀ ਆਈ ਵੱਲੋਂ ਨਿਊਰੋਕ੍ਰਿਟੀਕਲ ਕੇਅਰ ਸੋਸਾਇਟੀ ਦੀ ਕਾਨਫ਼ਰੰਸ



**ਸਮਰਾਲਾ (ਸੁਰਜੀਤ ਸਿੰਘ)**-ਪੀਜੀਆਈ ਚੰਡੀਗੜ੍ਹ ਦੇ ਨਿਊਰੋ-ਐਨੇਸਥੀਸ਼ੀਆ ਤੇ ਨਿਊਰੋਕ੍ਰਿਟੀਕਲ ਕੇਅਰ ਵਿਭਾਗ ਵੱਲੋਂ ਨਿਊਰੋਕ੍ਰਿਟੀਕਲ ਕੇਅਰ ਸੋਸਾਇਟੀ ਆਫ਼ ਇੰਡੀਆ ਦਾ ਚਾਰ ਰੋਜ਼ਾ ਸਾਲਾਨਾ ਕਾਨਫਰੰਸ ਦਾ ਆਯੋਜਨ ਕੀਤਾ ਗਿਆ। ਇਸ ਸਮਾਗਮ ਵਿੱਚ ਲਗਭਗ 450 ਡੈਲੀਗੇਟਾਂ ਤੇ ਫੈਕਲਟੀ ਮੈਂਬਰਾਂ ਨੇ ਭਾਗ ਲਿਆ। ਕਾਨਫਰੰਸ ਦਾ ਉਦਘਾਟਨ ਪ੍ਰੋ. ਸੰਜੇ ਬਿਹਾਰੀ, ਡਾਇਰੈਕਟਰ, ਚਿਤਰਾ ਤਿਰੁਨਾਲ ਇੰਸਟੀਟਿਊਟ ਆਫ਼ ਮੈਡੀਕਲ ਸਾਇੰਸਜ਼ ਐਂਡ ਟੈਕਨਾਲੋਜੀ, ਤ੍ਰਿਵੇਨਦਰਮ ਵੱਲੋਂ ਮੁੱਖ ਮਹਿਮਾਨ ਦੇ ਰੂਪ ਵਿੱਚ ਕੀਤਾ ਗਿਆ।ਉਦਘਾਟਨ ਸਮਾਰੋਹ ਦੌਰਾਨ ਪੀਜੀਆਈ ਦੇ ਪ੍ਰੋ. ਆਰ. ਕੇ. ਰਾਠੌ (ਡੀਨ, ਅਕੈਡਮਿਕਸ), ਪ੍ਰੋ. ਸੰਜੇ ਜੈਨ (ਡੀਨ, ਰਿਸਰਚ) ਸਮੇਤ ਹੋਰ ਅਧਿਕਾਰੀ ਵਿਸ਼ੇਸ਼ ਰੂਪ ਵਿੱਚ ਹਾਜ਼ਰ ਰਹੇ। ਚਾਰ ਦਿਨਾਂ ਤੱਕ ਚੱਲੇ ਇਸ ਵਿਗਿਆਨਕ ਪ੍ਰੋਗਰਾਮ ਵਿੱਚ ਛੇ ਖ਼ਾਸ ਵਰਕਸ਼ਾਪਾਂ ਦਾ ਆਯੋਜਨ ਕੀਤਾ ਗਿਆ, ਜਿਨ੍ਹਾਂ ਵਿੱਚ ਬ੍ਰੇਨ ਡੈੱਥ ਸਰਟੀਫਿਕੇਸ਼ਨ ਵਰਕਸ਼ਾਪ, ਜਿਸ ਵਿੱਚ ਬ੍ਰੇਨ ਡੈੱਥ ਦੀ ਪਛਾਣ ਲਈ ਪ੍ਰੋਟੋਕਾਲ, ਡੋਨਰ ਤਿਆਰੀ ਤੇ ਅੰਗ ਦਾਨ ਨਾਲ ਜੁੜੀਆਂ ਨੈਤਿਕ-ਕਾਨੂੰਨੀ ਵਿਚਾਰਧਾਰਾਵਾਂ ਸ਼ਾਮਲ ਸਨ। ਈ.ਈ.ਜੀ. ਵਰਕਸ਼ਾਪ, ਜਿਸ ਵਿੱਚ ਆਈ.ਸੀ.ਯੂ. ਵਿੱਚ ਈ.ਈ.ਜੀ. ਦੀ ਵਿਆਖਿਆ, ਦੌਰੇ ਦੀ ਪਛਾਣ, ਨਿਊਰੋ-ਮਾਨੀਟਰਿੰਗ ਤੇ ਪ੍ਰਬੰਧਨ 'ਤੇ ਧਿਆਨ ਦਿੱਤਾ ਗਿਆ। ਟਰਾਂਸਕ੍ਰੇਨਿਅਲ ਡੌਪਲਰ ਵਰਕਸ਼ਾਪ, ਜਿਸ ਵਿੱਚ ਗੰਭੀਰ ਰੋਗੀਆਂ ਵਿੱਚ ਦਿਮਾਗੀ ਖੂਨ ਦੀ ਨਿਗਰਾਨੀ ਤੇ ਵੈਸੋਸਪਾਜ਼ਮ ਦੀ ਪਛਾਣ 'ਤੇ ਜ਼ੋਰ ਦਿੱਤਾ ਗਿਆ।

ਮੈਕੈਨਿਕਲ ਵੈਂਟੀਲੇਸ਼ਨ ਵਰਕਸ਼ਾਪ, ਜਿਸ ਵਿੱਚ ਦਿਮਾਗੀ ਸੱਟਾਂ ਵਾਲੇ ਮਰੀਜ਼ਾਂ ਲਈ ਵੈਂਟੀਲੇਟਰੀ ਰਣਨੀਤੀਆਂ ਬਾਰੇ ਸਿੱਖਿਆ ਦਿੱਤੀ ਗਈ। ਪੀ.ਓ.ਸੀ.ਯੂ.ਐੱਸ. ਵਰਕਸ਼ਾਪ, ਜਿਸ ਵਿੱਚ ਅਲਟਰਾਸਾਊਂਡ ਦੀ ਮਦਦ ਨਾਲ ਹੀਮੋਡਾਇਨਾਮਿਕ ਮੁਲਾਂਕਣ, ਵੈਸਕੁਲਰ ਐਕਸੈੱਸ ਤੇ ਏਅਰਵੇ ਪ੍ਰਬੰਧਨ ਦੀ ਪ੍ਰੈਕਟੀਕਲ ਸਿਖਲਾਈ ਦਿੱਤੀ ਗਈ। ਨਿਊਰੋ-ਨਰਸਿੰਗ ਵਰਕਸ਼ਾਪ, ਜਿਸ ਵਿੱਚ ਵਿਸ਼ੇਸ਼ ਨਰਸਿੰਗ ਦੇਖਭਾਲ, ਬੈਡਸਾਈਡ ਮਾਨੀਟਰਿੰਗ ਤੇ ਗੰਭੀਰ ਨਿਊਰੋਲੋਜੀਕਲ ਮਰੀਜ਼ਾਂ ਦੇ ਪ੍ਰਬੰਧਨ 'ਤੇ ਧਿਆਨ ਕੇਂਦ੍ਰਿਤ ਕੀਤਾ ਗਿਆ।ਇਸ ਪ੍ਰੋਗਰਾਮ ਦੀ ਸਫਲਤਾ ਦਾ ਸਿਹਰਾ ਪ੍ਰੋ. ਨਿਧੀ ਪਾਂਡਾ, ਪ੍ਰੋ. ਹੇਮੰਤ ਭਗਤ, ਡਾ. ਕਿਰਣ ਜੰਗੜਾ, ਡਾ. ਸ਼ਿਵ ਲਾਲ ਸੋਨੀ ਤੇ ਫੈਕਲਟੀ ਮੈਂਬਰ ਡਾ. ਸ਼ਲਵੀ ਮਹਾਜਨ, ਡਾ. ਨਰੇਂਦਰ ਕਲੋਈਆ, ਡਾ. ਅਮੀਆ ਬਰੀਕ ਤੇ ਡਾ. ਅਸ਼ਵਿਨੀ ਰੈੱਡੀ ਦੀ ਮਿਹਨਤ ਨੂੰ ਜਾਂਦਾ ਹੈ।ਅਕਾਦਮਿਕ ਪ੍ਰੋਗਰਾਮ ਤੋਂ ਬਾਅਦ ਰੰਗਾਰੰਗ ਸੱਭਿਆਚਾਰਕ ਪ੍ਰੋਗਰਾਮ ਦਾ ਵੀ ਆਯੋਜਨ ਕੀਤਾ ਗਿਆ, ਜਿਸ ਵਿੱਚ ਦੇਸ਼-ਵਿਦੇਸ਼ੀ ਫੈਕਲਟੀ ਤੇ ਪੀਜੀਆਈ ਦੇ ਵਿਦਿਆਰਥੀਆਂ ਨੇ ਭਾਗ ਲਿਆ।

## ਹੜ੍ਹ ਪ੍ਰਭਾਵਿਤ ਇਲਾਕਿਆਂ 'ਚ ਸੇਵਾ ਨਿਰੰਤਰ ਜਾਰੀ : ਮੱਖਣ ਬਰਾੜ



**ਮੋਗਾ (ਇਕਬਾਲ ਸਿੰਘ ਖਹਿਰਾ)**-ਹਲਕਾ ਧਰਮਕੋਟ ਦੇ ਹੜ੍ਹ ਪ੍ਰਭਾਵਿਤ ਪਿੰਡਾਂ ਵਿੱਚ ਰਾਹਤ ਤੇ ਸਹਾਇਤਾ ਸਮੱਗਰੀ ਪਹੁੰਚਾਉਣ ਦੀ ਮੁਹਿੰਮ ਰੋਜ਼ਾਨਾ ਜਾਰੀ ਹੈ।ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਤੇ ਪੰਜਾਬ ਸਿਹਤ ਨਿਗਮ ਦੇ ਸਾਬਕਾ ਚੇਅਰਮੈਨ ਬਰਜਿੰਦਰ ਸਿੰਘ ਮੱਖਣ ਬਰਾੜ ਦੀ ਅਗਵਾਈ ਹੇਠ ਟੀਮ ਪਹਿਲੇ ਦਿਨ ਤੋਂ ਹੜ੍ਹ ਕਾਰਨ ਤਬਾਹੀ ਸਹਿ ਰਹੇ ਲੋਕਾਂ ਦੇ ਨਾਲ ਖੜ੍ਹ ਕੇ ਸੇਵਾ ਦੀ ਅਨੋਖੀ ਮਿਸਾਲ ਪੇਸ਼ ਕਰ ਰਹੀ ਹੈ।ਬਰਜਿੰਦਰ ਸਿੰਘ ਮੱਖਣ ਬਰਾੜ ਨੇ ਕਿਹਾ ਕਿ ਜਦੋਂ ਵੀ ਲੋਕਾਂ 'ਤੇ ਕੁਦਰਤੀ ਆਫ਼ਤਾਂ ਆਉਂਦੀਆਂ ਹਨ, ਉਨ੍ਹਾਂ ਨਾਲ ਖੜ੍ਹਨਾ ਸਾਡੀ ਨੈਤਿਕ ਜ਼ਿੰਮੇਵਾਰੀ ਹੈ।ਉਨ੍ਹਾਂ ਦੱਸਿਆ ਕਿ ਟੀਮ ਵੱਲੋਂ ਪਿੰਡਾਂ ਵਿੱਚ ਘਰ-ਘਰ ਜਾ ਕੇ ਲੋਕਾਂ ਦੀਆਂ ਲੋੜਾਂ ਬਾਰੇ ਜਾਣਕਾਰੀ ਇਕੱਠੀ ਕੀਤੀ ਜਾ ਰਹੀ ਹੈ ਅਤੇ ਉਸੇ ਅਨੁਸਾਰ ਸਮੱਗਰੀ ਉਪਲਬਧ ਕਰਵਾਈ ਜਾ ਰਹੀ ਹੈ।ਟੀਮ ਵੱਲੋਂ ਹੁਣ ਤੱਕ ਹਲਕਾ ਧਰਮਕੋਟ ਦੇ ਪ੍ਰਭਾਵਿਤ ਸਾਰੇ ਪਿੰਡਾਂ ਵਿੱਚ ਰਾਸ਼ਨ, ਪਾਣੀ, ਦਵਾਈਆਂ, ਫੀਡ ਤੇ ਪਸ਼ੂਆਂ ਲਈ ਚਾਰਾ ਵੰਡਿਆ ਗਿਆ ਹੈ।ਇਸ ਮੁਹਿੰਮ ਦਾ ਸਭ ਤੋਂ ਮਹੱਤਵਪੂਰਨ ਪੱਖ ਇਹ ਹੈ ਕਿ ਰਾਹਤ ਸਮੱਗਰੀ ਰੋਜ਼ਾਨਾ ਆਧਾਰ 'ਤੇ ਪਹੁੰਚਾਈ ਜਾ ਰਹੀ ਹੈ, ਜਿਸ ਨਾਲ ਪ੍ਰਭਾਵਿਤ ਪਰਵਾਰਾਂ ਨੂੰ ਕਾਫ਼ੀ ਸਹਾਰਾ ਮਿਲ ਰਿਹਾ ਹੈ।ਸੇਵਾ ਅਭਿਆਨ ਤਹਿਤ ਪਿੰਡ ਮਦਾਰਪੁਰ ਦੇ ਸਮੂਹ ਘਰਾਂ ਨੂੰ ਰਾਸ਼ਨ ਕਿੱਟਾਂ ਵੰਡੀਆਂ ਗਈਆਂ।ਇਸ ਮੌਕੇ ਟੀਮ ਮੱਖਣ ਬਰਾੜ ਦੇ ਸਰਗਰਮ ਮੈਂਬਰ ਇਕਬਾਲਦੀਪ ਸਿੰਘ ਹੈਰੀ ਤੇ ਸੀਨੀਅਰ ਆਗੂ ਜੋਗਿੰਦਰ ਸਿੰਘ ਪੱਪੂ ਕਾਹਨੇ ਵਾਲਾ ਨੇ ਲੋਕਾਂ ਤੱਕ ਰਾਹਤ ਸਮੱਗਰੀ ਪਹੁੰਚਾਈ।ਲੋਕਾਂ ਨੇ ਦੱਸਿਆ ਕਿ ਇਹ ਮਦਦ ਉਨ੍ਹਾਂ ਦੀ ਜ਼ਿੰਦਗੀ ਲਈ ਇਸ ਸਮੇਂ ਬਹੁਤ ਕੀਮਤੀ ਹੈ, ਕਿਉਂਕਿ ਹੜ੍ਹ ਕਾਰਨ ਉਨ੍ਹਾਂ ਦੀਆਂ ਜ਼ਰੂਰੀ ਚੀਜ਼ਾਂ ਤਬਾਹ ਹੋ ਚੁੱਕੀਆਂ ਹਨ।ਇਸ ਮੌਕੇ ਜਗੀਰ ਸਿੰਘ ਸੰਘੇੜਾ, ਪੱਪੂ ਮੋਗਾ ਸਮੇਤ ਕਈ ਹੋਰ ਹਸਤੀਆਂ ਮੌਜੂਦ ਸਨ।ਸੰਗਤਾਂ ਨੇ ਖੁੱਲ੍ਹ ਕੇ ਟੀਮ ਦੀ ਸੇਵਾ ਭਾਵਨਾ ਦੀ ਸ਼ਲਾਘਾ ਕੀਤੀ।ਲੋਕਾਂ ਦਾ ਕਹਿਣਾ ਸੀ ਕਿ ਮੁਸ਼ਕਲ ਵੇਲੇ ਵਿੱਚ ਟੀਮ ਮੱਖਣ ਬਰਾੜ ਵੱਲੋਂ ਕੀਤਾ ਜਾ ਰਿਹਾ ਕੰਮ ਬੇਮਿਸਾਲ ਹੈ ਤੇ ਇਹ ਹੋਰ ਆਗੂਆਂ ਲਈ ਵੀ ਪ੍ਰੇਰਨਾ ਦਾ ਸਰੋਤ ਹੈ।ਬਰਜਿੰਦਰ ਸਿੰਘ ਮੱਖਣ ਬਰਾੜ ਨੇ ਅੰਤ ਵਿੱਚ ਕਿਹਾ ਕਿ ਟੀਮ ਹੜ੍ਹ ਪ੍ਰਭਾਵਿਤ ਪਿੰਡਾਂ ਵਿੱਚ ਆਪਣਾ ਸੇਵਾ ਯਤਨ ਤਦ ਤੱਕ ਜਾਰੀ ਰੱਖੇਗੀ, ਜਦ ਤੱਕ ਹਰ ਪ੍ਰਭਾਵਿਤ ਪਰਵਾਰ ਨੂੰ ਮੁੜ ਖੜ੍ਹਨ ਵਿੱਚ ਸਹਾਇਤਾ ਨਾ ਮਿਲ ਜਾਵੇ।

## ਟਾਟਾ ਬਿਲਡਿੰਗ ਇੰਡੀਆ ਕੰਪਨੀ ਵੱਲੋਂ 'ਆਤਮ-ਨਿਰਭਰ ਭਾਰਤ' ਵਿਸ਼ੇ 'ਤੇ ਲੇਖ ਮੁਕਾਬਲੇ



**ਧੂਰੀ (ਬਿੰਨੀ ਗਰਗ)**-ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਧੂਰੀ ਪਿੰਡ (ਸੰਗਰੂਰ) ਵਿਖੇ ਸਕੂਲ ਮੁਖੀ ਰਮਨਦੀਪ ਕੌਰ ਦੀ ਯੋਗ ਅਗਵਾਈ ਵਿੱਚ ਟਾਟਾ ਬਿਲਡਿੰਗ ਇੰਡੀਆ ਵੱਲੋਂ 'ਆਤਮ-ਨਿਰਭਰ ਭਾਰਤ' ਵਿਸ਼ੇ ਉੱਤੇ ਲੇਖ ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਸਕੂਲ ਦੇ ਛੇਵੀਂ ਤੋਂ ਬਾਰਵੀਂ ਤੱਕ ਦੇ ਬੱਚਿਆਂ ਨੇ ਵਧ ਚੜ੍ਹ ਕੇ ਹਿੱਸਾ ਲਿਆ।ਇਨ੍ਹਾਂ ਮੁਕਾਬਲਿਆਂ ਦਾ ਸੰਚਾਲਨ ਸਕੂਲ ਦੇ ਕੰਪਿਊਟਰ ਅਧਿਆਪਕ ਮਹਿੰਦਰ ਕੁਮਾਰ ਗਰਗ ਤੇ ਟਾਟਾ ਕੰਪਨੀ ਦੇ ਨੁਮਾਇੰਦੇ ਪਰਵਿੰਦਰ ਸਿੰਘ ਵੱਲ ਬਖਤੂ (ਬਠਿੰਡਾ) ਵੱਲੋਂ ਕੀਤਾ ਗਿਆ।ਮੁਕਾਬਲੇ ਦਾ ਨਤੀਜਾ ਪੰਜਾਬੀ ਲੈਕਚਰਾਰ ਸਰਬਜੀਤ ਸਿੰਘ ਤੇ ਕਾਮਰਸ ਲੈਕਚਰਾਰ ਵਿਜੇ ਕੁਮਾਰ ਸਿੰਗਲਾ ਵੱਲੋਂ ਤਿਆਰ ਕੀਤਾ ਗਿਆ।ਇਸ ਮੁਕਾਬਲੇ ਦੌਰਾਨ ਜੂਨੀਅਰ ਕੈਟਾਗਰੀ ਤਹਿਤ ਪਹਿਲਾ ਸਥਾਨ ਲਕਸ਼ਰਾਜ ਅੱਠਵੀਂ ਜਮਾਤ ਨੇ, ਦੂਜਾ ਸਥਾਨ ਮਿਸਰਨ ਕੌਰ ਛੇਵੀਂ ਜਮਾਤ ਨੇ ਤੇ ਤੀਜਾ ਸਥਾਨ ਰਾਘਵ ਛੇਵੀਂ ਜਮਾਤ ਨੇ ਹਾਸਲ ਕੀਤਾ।ਸੀਨੀਅਰ ਕੈਟਾਗਰੀ ਤਹਿਤ ਪਹਿਲਾ ਸਥਾਨ ਗਰਵਿਤ ਸ਼ਰਮਾ ਬਾਰਵੀਂ ਜਮਾਤ ਨੇ, ਦੂਜਾ ਸਥਾਨ ਸਾਹਿਲਪ੍ਰੀਤ ਸਿੰਘ ਦੱਸਵੀਂ ਜਮਾਤ ਨੇ ਤੇ ਤੀਜਾ ਸਥਾਨ ਤਨੀਸ਼ਾ ਕੁਮਾਰੀ ਗਿਆਰਵੀਂ ਜਮਾਤ ਨੇ ਹਾਸਲ ਕੀਤਾ।ਜੇਤੂ ਸਥਾਨ ਪ੍ਰਾਪਤ ਕਰਨ ਵਾਲੇ ਬੱਚਿਆਂ ਨੂੰ ਸਕੂਲ ਮੁਖੀ ਰਮਨਦੀਪ ਕੌਰ ਅਤੇ ਸਟਾਫ ਵੱਲੋਂ ਮੈਡਲ ਤੇ ਸਰਟੀਫਿਕੇਟ ਤਕਸੀਮ ਕਰਕੇ ਸਨਮਾਨ ਕੀਤਾ ਗਿਆ।ਇਸ ਮੌਕੇ ਟਾਟਾ ਕੰਪਨੀ ਤੋਂ ਪਰਵਿੰਦਰ ਸਿੰਘ ਨੇ ਬੱਚਿਆਂ ਨੂੰ ਕੰਪਨੀ ਦੀ ਮੈਗਜ਼ੀਨ ਭੇਟ ਕੀਤੀ।ਇਸ ਮੌਕੇ ਸਕੂਲ ਦੇ ਪੰਜਾਬੀ ਲੈਕਚਰਾਰ ਸਰਬਜੀਤ ਸਿੰਘ ਤੋਂ ਇਲਾਵਾ ਲੈਕਚਰਾਰ ਨੀਲਮ ਸ਼ਰਮਾ, ਰੀਤਾ ਰਾਣੀ, ਸੁਮਨ ਬਾਲਾ ਕਪੂਰ, ਸੋਨੀਆਂ ਬਾਂਸਲ, ਜਸਵੀਰ ਕੌਰ, ਰਾਜਨ ਕੁਮਾਰ, ਮਨੀਸ਼ ਗਰਗ, ਰਾਜਵੀਰ ਸਿੰਘ, ਪਰਿਆਸ ਗੁਪਤਾ, ਅੰਜੂ ਬਾਲਾ, ਗੋਪਿਕਾ ਮਿੱਤਲ ਸਮੇਤ ਸਕੂਲ ਦਾ ਸਮੂਹ ਸਟਾਫ ਹਾਜ਼ਰ ਸੀ।

## ਮਿਲਾਵਟੀ ਪ੍ਰੋਡਕਟ ਵਰਤਣ ਤੋਂ ਕੀਤਾ ਜਾਵੇ ਗੁਰੇਜ਼ : ਡਾ. ਗੁਰਪ੍ਰੀਤ ਕੌਰ




**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਸਿਹਤ ਮੰਤਰੀ ਡਾ. ਬਲਬੀਰ ਸਿੰਘ ਤੇ ਕਮਿਸ਼ਨਰ ਫੂਡ ਅਤੇ ਡਰੱਗ ਪੰਜਾਬ ਦਿਲਰਾਜ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਲੋਕਾਂ ਨੂੰ ਸਾਫ ਸੁਥਰੇ ਖਾਧ-ਪਦਾਰਥ ਮੁਹੱਈਆ ਕਰਵਾਉਣ ਤੇ ਖਾਧ-ਪਦਾਰਥਾਂ ਵਿੱਚ ਹੁੰਦੀ ਮਿਲਾਵਟ ਖੋਰੀ ਨੂੰ ਰੋਕਣ ਨੂੰ ਮੁਖ ਰੱਖਦੇ ਹੋਏ ਜ਼ਿਲ੍ਹਾ ਸਿਹਤ ਅਫਸਰ ਡਾ. ਗੁਰਪ੍ਰੀਤ ਕੌਰ ਵੱਲੋਂ ਜ਼ਿਲ੍ਹਾ ਪਟਿਆਲਾ ਦੀ ਹਲਵਾਈ ਐਸੋਸੀਏਸ਼ਨ ਦੇ ਮੈਂਬਰਾਂ ਨਾਲ ਜਾਗਰੂਕਤਾ ਮੀਟਿੰਗ ਕੀਤੀ ਗਈ, ਜਿਸ ਵਿੱਚ ਉਨ੍ਹਾਂ ਅਪੀਲ ਕੀਤੀ ਕਿ ਫੂਡ ਸੇਫਟੀ ਤੇ ਸਟੈਂਡਰਡ ਐਕਟ 2006 ਦੀਆਂ ਵਿਵਸਥਾਵਾਂ ਸਬੰਧੀ ਸੁਰੱਖਿਆ, ਗੁਣਵੱਤਾ ਮਾਪਦੰਡ, ਵਿਅਕਤੀਗਤ ਸਵੱਛਤਾ ਤੇ ਸਫਾਈ ਦਾ ਖਾਸ ਧਿਆਨ ਰੱਖਿਆ ਜਾਵੇ।ਉਨ੍ਹਾਂ ਕਿਹਾ ਕਿ ਮਨਜ਼ੂਰਸ਼ੁਦਾ ਰੰਗ ਤੇ ਫਲੇਵਰਜ਼ ਦੀ ਸਿਰਫ ਨਿਰਧਾਰਤ ਮਾਤਰਾ ਵਿੱਚ ਵਰਤੋਂ ਕੀਤੀ ਜਾਵੇ।ਉਨ੍ਹਾਂ ਕਿਹਾ ਕਿ ਬਾਹਰੋਂ ਖ੍ਰੀਦਣ ਦੀ ਬਜਾਏ ਤਾਜ਼ਾ ਤੇ ਉੱਤਮ ਗੁਣਵੱਤਾ ਵਾਲਾ ਸਾਮਾਨ ਤਿਆਰ ਕੀਤਾ ਜਾਵੇ।ਉਨ੍ਹਾਂ ਮੈਂਬਰਾਂ ਨੂੰ ਕਿਹਾ ਕਿ ਪੰਜਾਬ ਸਰਕਾਰ ਦੇ ਹੁਕਮਾਂ ਅਨੁਸਾਰ ਖਾਧ ਪਦਾਰਥ ਬਨਾਉਣ ਤੇ ਵਿਕਰੀ ਸਮੇਂ ਨਿੱਜੀ ਸਾਫ ਸਫਾਈ, ਅਦਾਰੇ ਵਿੱਚ ਕੰਮ ਕਰਨ ਵਾਲੀਆਂ ਥਾਵਾਂ ਦੀ ਸਾਫ ਸਫਾਈ, ਖਾਧ ਪਦਾਰਥਾਂ ਦੇ ਮਿਆਰ ਤੇ ਗੁਣਵੱਤਾ ਕਾਇਮ ਰੱਖੀ ਜਾਵੇ।ਉਨ੍ਹਾਂ ਕਿਹਾ ਕਿ ਫੂਡ ਸੈਫਟੀ ਐਂਡ ਸਟੈਂਡਰਡ ਐਕਟ ਤਹਿਤ ਸਬ-ਸਟੈਂਡਰਡ ਤੇ ਮਿਲਾਵਟੀ ਖਾਧ ਪਦਾਰਥ ਵੇਚਣ ਵਾਲਿਆਂ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।ਇਸ ਮੌਕੇ ਹਲਵਾਈਆਂ ਨੂੰ ਨਿਰਦੇਸ਼ ਦਿੱਤਾ ਕਿ ਕਿਸੇ ਵੀ ਤਰ੍ਹਾਂ ਦਾ ਮਿਲਾਵਟੀ ਪ੍ਰੋਡਕਟ ਨਾ ਵਰਤਿਆ ਜਾਵੇ ਤੇ ਕੁਆਲਿਟੀ 'ਤੇ ਵਿਸ਼ੇਸ਼ ਧਿਆਨ ਦੇਣ ਲਈ ਕਿਹਾ।ਇਸ ਮੌਕੇ ਫੂਡ ਇਨਸਪੇਕਟਰ ਇਸ਼ਾਨ ਬਾਂਸਲ, ਤਰੁਨ ਬਾਂਸਲ ਤੇ ਜਸਵਿੰਦਰ ਸਿੰਘ ਮੌਜੂਦ ਸਨ।

## ਅਮਰੀਕ ਸਿੰਘ ਪੇਧਨੀ ਕਾਂਗਰਸ ਪੱਛੜੀਆਂ ਵਿੰਗ ਦੇ ਬਲਾਕ ਚੇਅਰਮੈਨ ਨਿਯੁਕਤ



**ਧੂਰੀ (ਮਨੋਹਰ ਸਿੰਘ ਸੱਗੂ, ਮੋਹਿਤ ਗਰਗ, ਬਿੰਨੀ ਗਰਗ)**-ਪੰਜਾਬ ਕਾਂਗਰਸ ਦੇ ਪੱਛੜੀਆਂ ਸ਼੍ਰੇਣੀਆਂ ਵਿੰਗ ਵੱਲੋਂ ਧੂਰੀ ਹਲਕੇ ਵਿੱਚ ਜਥੇਬੰਦਕ ਢਾਂਚੇ ਨੂੰ ਮਜ਼ਬੂਤ ਕਰਨ ਦੇ ਉਦੇਸ਼ ਨਾਲ ਕੀਤੇ ਗਏ ਵਿਸਥਾਰ ਵਿੱਚ ਅਮਰੀਕ ਸਿੰਘ ਪੇਧਨੀ ਨੂੰ ਬਲਾਕ ਚੇਅਰਮੈਨ ਨਿਯੁਕਤ ਕਰਕੇ ਮਹੱਤਵਪੂਰਨ ਜ਼ਿੰਮੇਵਾਰੀ ਸੌਂਪੀ ਗਈ ਹੈ।ਮੀਟਿੰਗ ਦੌਰਾਨ ਅਮਰੀਕ ਸਿੰਘ ਪੇਧਨੀ ਨੂੰ ਅਧਿਕਾਰਕ ਨਿਯੁਕਤੀ ਪੱਤਰ ਪੰਜਾਬ ਯੂਥ ਕਾਂਗਰਸ ਦੇ ਜਨਰਲ ਸਕੱਤਰ ਸ਼ੁਭਮ ਸ਼ਰਮਾ ਵੱਲੋਂ ਸੌਂਪਿਆ ਗਿਆ।ਨਿਯੁਕਤੀ ਪ੍ਰਾਪਤ ਕਰਨ ਤੋਂ ਬਾਅਦ ਸ੍ਰੀ ਪੇਧਨੀ ਨੇ ਕਿਹਾ ਕਿ ਉਹ ਹਮੇਸ਼ਾ ਪਾਰਟੀ ਦੇ ਵਿਚਾਰਾਂ ਤੇ ਨੀਤੀਆਂ ਨੂੰ ਲੋਕਾਂ ਤੱਕ ਪਹੁੰਚਾਉਣ ਤੇ ਪਾਰਟੀ ਵਰਕਰਾਂ ਨੂੰ ਜੋੜਨ ਲਈ ਸਰਗਰਮ ਰਹਿਣਗੇ।ਇਸ ਮੌਕੇ ਉਨ੍ਹਾਂ ਪੰਜਾਬ ਕਾਂਗਰਸ ਦੇ ਪ੍ਰਧਾਨ ਤੇ ਸਾਂਸਦ ਅਮਰਿੰਦਰ ਸਿੰਘ ਰਾਜਾ ਵੜਿੰਗ, ਪੰਜਾਬ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ, ਪੰਜਾਬ ਕਾਂਗਰਸ ਦੇ ਸੰਗਠਨ ਇੰਚਾਰਜ ਕੈਪਟਨ ਸੰਦੀਪ ਸਿੰਘ ਸੰਧੂ, ਸਾਬਕਾ ਵਜੀਰ ਵਿਜੈ ਇੰਦਰ ਸਿੰਗਲਾ ਤੇ ਪੱਛੜੀਆਂ ਸ਼੍ਰੇਣੀਆਂ ਵਿੰਗ ਦੇ ਚੇਅਰਮੈਨ ਰਾਜ ਬਖਸ਼ ਕੰਬੋਜ ਦਾ ਵਿਸ਼ੇਸ਼ ਧੰਨਵਾਦ ਕੀਤਾ।ਸ਼ੁਭਮ ਸ਼ਰਮਾ ਨੇ ਵੀ ਆਪਣੇ ਵਿਚਾਰ ਸਾਂਝੇ ਕਰਦੇ ਕਿਹਾ ਕਿ ਕਾਂਗਰਸ ਹੀ ਅਜਿਹੀ ਰਾਜਨੀਤਕ ਪਾਰਟੀ ਹੈ, ਜੋ ਹਮੇਸ਼ਾ ਆਪਣੇ ਵਰਕਰਾਂ ਨੂੰ ਅੱਗੇ ਆਉਣ ਦੇ ਮੌਕੇ ਦਿੰਦੀ ਹੈ।ਉਨ੍ਹਾਂ ਕਿਹਾ ਕਿ ਪਾਰਟੀ ਦੀ ਅਸਲੀ ਤਾਕਤ ਵਰਕਰ ਹਨ ਤੇ ਅਮਰੀਕ ਸਿੰਘ ਪੇਧਨੀ ਵਰਗੇ ਜੁਝਾਰੂ ਵਰਕਰਾਂ ਨੂੰ ਅਹਿਮ ਭੂਮਿਕਾ ਸੌਂਪ ਕੇ ਪਾਰਟੀ ਨੇ ਸਾਬਿਤ ਕੀਤਾ ਹੈ ਕਿ ਉਹ ਸੱਚਮੁੱਚ ਹੀ ਜ਼ਮੀਨੀ ਪੱਧਰ 'ਤੇ ਮਜ਼ਬੂਤੀ ਨਾਲ ਕੰਮ ਕਰ ਰਹੀ ਹੈ।

## ਹੋਲੀ ਹਾਰਟ ਸਕੂਲ ਵਿਖੇ ਖੇਡ ਦਿਵਸ ਮਨਾਇਆ



**ਅਜੀਤਵਾਲ (ਨਛੱਤਰ ਸੰਧੂ)**-ਇਲਾਕੇ ਦੀ ਪ੍ਰਸਿੱਧ ਵਿੱਦਿਅਕ ਸੰਸਥਾ ਹੋਲੀ ਹਾਰਟ ਸਕੂਲ ਅਜੀਤਵਾਲ ਵਿਖੇ ਕੌਮੀ ਖੇਡ ਦਿਵਸ ਮਨਾਇਆ ਗਿਆ।ਇਸ ਦਿਨ ਬਾਰੇ ਅਧਿਆਪਕ ਨੇ ਦੱਸਿਆ ਕਿ ਕੌਮੀ ਖੇਡ ਦਿਵਸ ਮੇਜਰ ਧਿਆਨ ਚੰਦ ਜੀ ਦੇ ਜਨਮ ਦਿਨ ਨੂੰ ਸਮਰਪਤ ਕਰਦਿਆਂ ਹਰ ਵਾਰੀ ਦੇਸ਼ ਵਾਸੀ ਜੋਸ਼ੋ ਖਰੋਸ਼ ਨਾਲ ਮਨਾਉਂਦੇ ਹਨ।ਉਨ੍ਹਾਂ ਨੂੰ ਹਾਕੀ ਦੇ ਜਾਦੂਗਰ ਵਜੋਂ ਜਾਣਿਆ ਜਾਂਦਾ ਹੈ।ਸਕੂਲ ਪ੍ਰਿੰਸੀਪਲ ਸਾਕਸ਼ੀ ਗੁਲੇਰੀਆ ਨੇ ਦੱਸਿਆ ਕਿ ਮੇਜਰ ਧਿਆਨ ਚੰਦ ਨੂੰ ਹਾਕੀ ਦੇ ਮੈਦਾਨ ਵਿੱਚ ਨਵੀਆਂ ਪੈੜਾਂ ਪਾਉਂਦਿਆਂ ਵਿਸ਼ਵ ਭਰ ਵਿੱਚ ਸਾਡੇ ਦੇਸ਼ ਦਾ ਨਾਮ ਰੋਸ਼ਨ ਕੀਤਾ।ਉਨ੍ਹਾਂ ਦੀ ਅਗਵਾਈ ਹੇਠ ਭਾਰਤ ਦੀ ਹਾਕੀ ਟੀਮ ਨੇ ਲਗਾਤਾਰ ਵੱਡੀਆਂ ਜਿੱਤਾਂ ਦਰਜ ਕਰਵਾ ਕੇ ਦੇਸ਼ ਵਾਸੀਆਂ 'ਚ ਖੇਡਾਂ ਪ੍ਰਤੀ ਨਵਾਂ ਉਤਸ਼ਾਹ ਪੈਦਾ ਕੀਤਾ।ਇਸ ਮੌਕੇ ਸਕੂਲ ਚੇਅਰਮੈਨ ਸੁਭਾਸ਼ ਪਲਤਾ, ਡਾਇਰੈਕਟਰ ਅਮਿਤ ਪਲਤਾ, ਸ੍ਰੇਆ ਪਲਤਾ ਤੇ ਸਕੂਲ ਪ੍ਰਿੰਸੀਪਲ ਸਾਕਸ਼ੀ ਗੁਲੇਰੀਆ ਨੇ ਆਪਣੇ ਸੰਦੇਸ਼ ਵਿੱਚ ਵਿਦਿਆਰਥੀਆਂ ਨੂੰ ਮੇਜਰ ਧਿਆਨ ਚੰਦ ਦੇ ਜੀਵਨ ਤੋਂ ਸੇਧ ਲੈਣ ਦੀ ਸਲਾਹ ਦਿੰਦਿਆਂ ਪੜ੍ਹਾਈ ਦੇ ਨਾਲ ਨਾਲ ਖੇਡਾਂ ਦੇ ਖੇਤਰ ਵਿੱਚ ਸਰਗਰਮ ਸ਼ਮੂਲੀਅਤ ਕਰਕੇ ਸਰੀਰਕ ਤੰਦਰੁਸਤੀ ਨੂੰ ਪ੍ਰਮੁਖਤਾ ਦੇਣ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਤੰਦਰੁਸਤ ਤੇ ਊਰਜਾਵਾਨ ਨੌਜਵਾਨ ਰਾਸ਼ਟਰ ਦਾ ਅਨਮੋਲ ਸਰਮਾਇਆ ਹੁੰਦੇ ਹਨ।ਇਸ ਸਮੇਂ ਸਰੀਰਕ ਸਿੱਖਿਆ ਅਧਿਆਪਕ ਸੁਖਚੈਨ ਸਿੰਘ ਨੇ ਸਕੂਲ ਦੇ ਹੋਣਹਾਰ ਵਿਦਿਆਰਥੀਆਂ ਦੁਆਰਾ ਖੇਡਾਂ ਦੇ ਖੇਤਰ ਵਿੱਚ ਕੀਤੀਆਂ ਪ੍ਰਾਪਤੀਆਂ ਦੀ ਭਰਵੀਂ ਸ਼ਲਾਘਾ ਕੀਤੀ।ਉਨ੍ਹਾਂ ਨੇ ਸਾਰੇ ਵਿਦਿਆਰਥੀਆਂ ਨੂੰ ਖੇਡਾਂ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਜਤਾਈ।

# ਖਾਲਸਾ ਚੌਂਕ ਦੇ ਨਵੀਨੀਕਰਨ ਦਾ ਸੰਤਾਂ-ਮਹਾਂਪੁਰਸ਼ਾਂ ਨੇ ਰੱਖਿਆ ਨੀਂਹ ਪੱਥਰ

### ਮਾਛੀਵਾੜਾ ਸ਼ਹਿਰ ਦੀ ਦਿੱਖ ਨੂੰ ਹੋਰ ਸੁੰਦਰ ਬਣਾਇਆ ਜਾਵੇਗਾ : ਵਿਧਾਇਕ ਦਿਆਲਪੁਰਾ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਬੀਤੇ ਦਿਨ ਮਾਛੀਵਾੜਾ ਸਾਹਿਬ ਦੇ ਖਾਲਸਾ ਚੌਂਕ ਦਾ ਸੰਤਾਂ, ਮਹਾਂਪੁਰਸ਼ਾਂ ਵੱਲੋਂ ਨੀਂਹ ਪੱਥਰ ਰੱਖਿਆ ਗਿਆ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਹਲਕਾ ਸਮਰਾਲਾ ਦੇ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਨੇ ਦੱਸਿਆ ਕਿ ਇਤਿਹਾਸਕ ਸ਼ਹਿਰ ਮਾਛੀਵਾੜਾ ਸਾਹਿਬ ਦੇ ਖਾਲਸਾ ਚੌਂਕ ਦੀ ਦਿੱਖ ਨੂੰ ਬਹੁਤ ਵਧੀਆ ਬਣਾਇਆ ਜਾਵੇਗਾ ਤਾਂ ਜੋ ਇੱਥੇ ਆਉਣ ਵਾਲੇ ਲੋਕਾਂ ਲਈ ਖਿੱਚ ਦਾ ਕੇਂਦਰ ਬਣ ਸਕੇ। ਉਨ੍ਹਾਂ ਦੱਸਿਆ ਕਿ ਇਸ ਚੌਂਕ ਉੱਪਰ ਪਹਿਲੇ ਪੜਾਅ ਤਹਿਤ 12 ਲੱਖ ਰੁਪਏ ਖਰਚ ਕੀਤੇ ਜਾਣਗੇ, ਜਿਸ ਵਿੱਚ ਖੰਡਾ ਸਾਹਿਬ ਨੂੰ ਉੱਚਾ ਚੁੱਕ ਕੇ ਲਗਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਚੌਂਕ ਦੇ ਨਵੀਨੀਕਰਨ ਦਾ ਨੀਂਹ ਪੱਥਰ ਗੁਰਦੁਆਰਾ ਸ੍ਰੀ ਕਿਰਪਾਨ ਭੇਟ ਸਾਹਿਬ ਦੇ ਮੁੱਖ ਸੇਵਾਦਾਰ ਬਾਬਾ ਸਰਵਣ ਸਿੰਘ ਰਸਾਲਦਾਰ ਨੇ ਰੱਖਿਆ। ਉਨ੍ਹਾਂ ਦੱਸਿਆ ਕਿ ਇਹ ਚੌਂਕ ਪੁਰਾਣੀਆਂ ਇੱਟਾਂ (ਸਰਹੱਦੀ ਇੱਟਾਂ) ਨਾਲ ਜਲਦ ਹੀ ਬਣ ਕੇ ਤਿਆਰ ਹੋਵੇਗਾ, ਜਿਸ 'ਤੇ ਵਧੀਆ ਲਾਈਟਿੰਗ ਤੇ ਫੁਹਾਰੇ ਵੀ ਲਗਾਏ ਜਾਣਗੇ। ਉਨ੍ਹਾਂ ਦੱਸਿਆ ਕਿ ਖੰਡਾ ਸਾਹਿਬ ਨੂੰ ਉੱਚਾ ਚੁੱਕ ਕੇ ਲਗਾਇਆ ਜਾਵੇਗਾ, ਜਿਸ ਨੂੰ ਸ਼ੀਸ਼ੇ ਨਾਲ ਕਵਰ ਕੀਤਾ ਜਾਵੇਗਾ। ਨਗਰ ਕੌਂਸਲ ਪ੍ਰਧਾਨ ਮੋਹਿਤ ਕੁੰਦਰਾ ਨੇ ਦੱਸਿਆ ਕਿ ਹਲਕਾ ਸਮਰਾਲਾ ਦੇ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਦੀ ਅਗਵਾਈ ਹੇਠ ਮਾਛੀਵਾੜਾ ਸ਼ਹਿਰ ਦੇ ਸੁੰਦਰੀਕਰਨ ਲਈ ਵੱਖ-ਵੱਖ ਵਿਕਾਸ ਕਾਰਜਾਂ ਦੇ ਟੈਂਡਰ ਲਗਾਏ ਗਏ ਹਨ। ਉਨ੍ਹਾਂ ਕਿਹਾ ਕਿ ਖਾਲਸਾ ਚੌਂਕ ਦੇ ਨਵੀਨੀਕਰਨ ਤੋਂ ਇਲਾਵਾ ਡਾ. ਭੀਮ ਰਾਓ ਅੰਬੇਡਕਰ ਚੌਂਕ ਨੂੰ ਵੱਡਾ ਕਰਕੇ ਸੁੰਦਰ ਬਣਾਇਆ ਜਾਵੇਗਾ। ਇਸ ਤੋਂ ਇਲਾਵਾ ਉਨ੍ਹਾਂ ਕਿਹਾ ਕਿ ਸ਼ਹਿਰ ਵਿੱਚ ਵੱਖ-ਵੱਖ ਥਾਵਾਂ 'ਤੇ ਨਗਰ ਕੌਂਸਲ ਵੱਲੋਂ ਬੂਟੇ ਲਗਾਏ ਜਾ ਰਹੇ ਹਨ, ਜਿਸ ਲਈ ਸ਼ਹਿਰ ਵਾਸੀਆਂ ਦਾ ਫ਼ਰਜ਼ ਬਣਦਾ ਹੈ ਕਿ ਉਨ੍ਹਾਂ ਦੀ ਸਾਂਭ-ਸੰਭਾਲ ਕਰਨ। ਉਨ੍ਹਾਂ ਕਿਹਾ ਕਿ ਸ੍ਰੀ ਚਰਨ ਕੰਵਲ ਸਾਹਿਬ ਚੌਂਕ ਤੋਂ ਲੈ ਕੇ ਗੁਰਦੁਆਰਾ ਸਾਹਿਬ ਤੱਕ ਜਾਣੀ ਵਾਲੀ ਸੜਕ ਦਾ ਨਿਰਮਾਣ ਵੀ ਜਲਦ ਸ਼ੁਰੂ ਹੋ ਜਾਵੇਗਾ ਤੇ ਫੁੱਟਪਾਥ 'ਤੇ ਸੁੰਦਰ ਬੂਟੇ ਤੇ ਹੈਰੀਟੇਜ ਲਾਈਟਾਂ ਲਗਾਈਆਂ ਜਾਣਗੀਆਂ।

ਇਸ ਮੌਕੇ ਚੇਅਰਮੈਨ ਸੁਖਵਿੰਦਰ ਸਿੰਘ ਗਿੱਲ, ਜਗਮੀਤ ਸਿੰਘ ਮੱਕੜ, ਨਰਿੰਦਰਪਾਲ ਮੱਕੜ, ਅਮਨਦੀਪ ਸਿੰਘ ਤਨੇਜਾ, ਨੀਰਜ ਕੁਮਾਰ, ਕਿਸ਼ੋਰ ਕੁਮਾਰ (ਸਾਰੇ ਕੌਂਸਲਰ), ਬਾਬਾ ਮੋਹਣ ਸਿੰਘ, ਜਸਵੀਰ ਸਿੰਘ ਭੱਟੀਆਂ, ਢਾਡੀ ਨਿਰੰਜਨ ਸਿੰਘ ਨੂਰ, ਗੁਰਨਾਮ ਖਾਲਸਾ, ਜਸਵੀਰ ਗਿੱਲ ਮੌਜੂਦ ਸਨ।

## ਸ਼ਹਿਰ ਦੀਆਂ ਸਮੱਸਿਆਵਾਂ ਦੇ ਹੱਲ ਲਈ ਸੰਧਵਾਂ ਵੱਲੋਂ ਅਧਿਕਾਰੀਆਂ ਨਾਲ ਮੀਟਿੰਗ



**ਕੋਟਕਪੂਰਾ (ਰਛਪਾਲ ਭੁੱਲਰ)**-ਪੰਜਾਬ ਵਿਧਾਨ ਸਭਾ ਦੇ ਸਪੀਕਰ ਸ੍. ਕੁਲਤਾਰ ਸਿੰਘ ਸੰਧਵਾਂ ਨੇ ਪਿੰਡ ਸੰਧਵਾਂ ਵਿਖੇ ਕੋਟਕਪੂਰਾ ਵਿਖੇ ਬਰਸਾਤੀ ਪਾਣੀ ਦੇ ਸਹੀ ਢੰਗ ਨਾਲ ਨਿਕਾਸ ਤੇ ਸ਼ਹਿਰ ਵਾਸੀਆਂ ਨੂੰ ਆ ਰਹੀਆਂ ਹੋਰ ਸਮੱਸਿਆਵਾਂ ਦੇ ਪੱਕੇ ਹੱਲ ਲਈ ਜ਼ਿਲ੍ਹੇ ਦੇ ਵੱਖ ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕਰਕੇ ਵਿਚਾਰ-ਵਟਾਂਦਰਾ ਕੀਤਾ।ਇਸ ਮੌਕੇ ਡਿਪਟੀ ਕਮਿਸ਼ਨਰ ਮੈਡਮ ਪੂਨਮਦੀਪ ਕੌਰ ਸਮੇਤ ਹੋਰ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।ਮੀਟਿੰਗ ਦੌਰਾਨ ਸਪੀਕਰ ਸੰਧਵਾਂ ਨੇ ਸ਼ਹਿਰ ਵਿੱਚ ਬਰਸਾਤੀ ਪਾਣੀ ਦੀ ਨਿਕਾਸੀ ਦੀ ਸਮੱਸਿਆ 'ਤੇ ਖਾਸ ਧਿਆਨ ਦਿੰਦਿਆਂ ਕਿਹਾ ਕਿ ਬਰਸਾਤ ਦੇ ਮੌਸਮ ਦੌਰਾਨ ਪਾਣੀ ਖੜ੍ਹਾ ਹੋ ਜਾਣ ਕਰਕੇ ਸ਼ਹਿਰ ਵਾਸੀਆਂ ਨੂੰ ਵੱਡੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ।ਇਸ ਲਈ ਸ਼ਹਿਰ ਵਿੱਚ ਡਰੇਨੇਜ ਸਿਸਟਮ ਤੇ ਹੋਰ ਪਾਣੀ ਦੀਆਂ ਨਿਕਾਸੀ ਲਾਈਨਾਂ ਦੀ ਨਿਯਮਤ ਸਫ਼ਾਈ ਕੀਤੀ ਜਾਵੇ ਤਾਂ ਜੋ ਲੋਕਾਂ ਨੂੰ ਇਸ ਸਮੱਸਿਆ ਤੋਂ ਸਦਾ ਲਈ ਰਾਹਤ ਮਿਲ ਸਕੇ।ਇਸ ਤੋਂ ਇਲਾਵਾ ਮੀਟਿੰਗ ਦੌਰਾਨ ਉਨ੍ਹਾਂ ਕੋਟਕੂਪਰਾ ਸ਼ਹਿਰ ਦੇ ਨਵੇਂ ਬਣਨ ਵਾਲੇ ਬੱਸ ਸਟੈਂਡ ਤੇ ਨਵੇਂ ਬਣਨ ਵਾਲੇ ਤਹਿਸੀਲ ਕੰਪਲੈਕਸ, ਕੂੜੇ ਕਰਕਟ ਦੇ ਡੰਪਾਂ ਦੀਆਂ ਥਾਵਾਂ, ਸੀਵਰੇਜ ਲਾਈਨਾਂ ਦੀ ਮੁਰੰਮਤ ਤੇ ਸਫ਼ਾਈ ਪ੍ਰਬੰਧਾਂ ਨੂੰ ਹੋਰ ਬਿਹਤਰ ਬਣਾਉਣ ਬਾਰੇ ਵੀ ਵਿਸਥਾਰ ਨਾਲ ਚਰਚਾ ਕੀਤੀ।ਸਪੀਕਰ ਸੰਧਵਾਂ ਨੇ ਅਧਿਕਾਰੀਆਂ ਨੂੰ ਸਖ਼ਤ ਨਿਰਦੇਸ਼ ਦਿੱਤੇ ਕਿ ਸਾਰੇ ਸੰਬੰਧਤ ਵਿਭਾਗ ਆਪਸੀ ਤਾਲਮੇਲ ਨਾਲ ਕੰਮ ਕਰਨ ਤੇ ਕਿਸੇ ਵੀ ਤਰ੍ਹਾਂ ਦੀ ਲਾਪ੍ਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।ਸਪੀਕਰ ਨੇ ਅੱਗੇ ਕਿਹਾ ਕਿ ਪੰਜਾਬ ਸਰਕਾਰ ਲੋਕ ਭਲਾਈ ਦੇ ਕਾਰਜਾਂ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਤੇ ਕੋਟਕਪੂਰਾ ਸ਼ਹਿਰ ਦੇ ਵਿਕਾਸ ਨੂੰ ਮਾਡਲ ਸ਼ਹਿਰ ਬਣਾਉਣ ਵਾਸਤੇ ਹਰ ਸੰਭਵ ਯਤਨ ਕੀਤਾ ਜਾ ਰਿਹਾ ਹੈ।ਉਨ੍ਹਾਂ ਭਰੋਸਾ ਦਿਵਾਇਆ ਕਿ ਸ਼ਹਿਰ ਦੀਆਂ ਸਮੱਸਿਆਵਾਂ ਦਾ ਪੱਕਾ ਹੱਲ ਕੀਤਾ ਜਾਵੇਗਾ ਤੇ ਲੋਕਾਂ ਨੂੰ ਸਾਰੀਆਂ ਸਹੂਲਤਾਂ ਸਮੇਂ-ਸਿਰ ਮੁਹੱਈਆ ਕਰਵਾਈਆਂ ਜਾਣਗੀਆਂ।ਇਸ ਮੌਕੇ ਐੱਸ.ਡੀ.ਐੱਮ. ਕੋਟਕੂਪਰਾ ਸ੍ਰੀ ਸੂਰਜ ਕੁਮਾਰ, ਐੱਸ.ਡੀ.ਐੱਮ. ਫਰੀਦਕੋਟ ਮੇਜਰ ਡਾ. ਵਰੁਣ ਕੁਮਾਰ, ਡੀ.ਆਰ.ਓ. ਲਵਪ੍ਰੀਤ ਕੌਰ, ਐਡਵੋਕੇਟ ਬੀਰਇੰਦਰ ਸਿੰਘ ਸੰਧਵਾਂ, ਐੱਸ ਡੀ ਓ ਸ੍ਰੀ ਨਵੀਨ, ਐੱਸ.ਡੀ.ਓ. ਸੀਵਰੇਜ ਬੋਰਡ ਭੋਲਾ, ਸੁਖਜੀਤ ਸਿੰਘ ਢਿੱਲਵਾਂ, ਸੁਖਵੰਤ ਸਿੰਘ ਪੱਕਾ, ਗੈਰੀ ਵੜਿੰਗ, ਅਮਨਦੀਪ ਸਿੰਘ, ਐੱਮ.ਸੀ. ਸਿਮਰਨਜੀਤ ਸਿੰਘ, ਈ.ਓ ਕੋਟਕਪੂਰਾ ਸ੍ਰੀ ਅੰਮ੍ਰਿਤ ਲਾਲ ਸਮੇਤ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

## ਜ਼ਿਲ੍ਹਾ ਸੈਸ਼ਨ ਜੱਜ ਨੇ ਹੜ੍ਹ ਪੀੜਤ ਪਰਵਾਰਾਂ ਨੂੰ ਰਾਹਤ ਸਮੱਗਰੀ ਵੰਡੀ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਕਾਰਜਕਾਰੀ ਚੇਅਰਮੈਨ-ਕਮ-ਜੱਜ ਪੰਜਾਬ ਤੇ ਹਰਿਆਣਾ ਹਾਈ ਕੋਰਟ ਚੰਡੀਗੜ੍ਹ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸੁਮੀਤ ਮਲਹੋਤਰਾ ਮਾਨਯੋਗ ਜ਼ਿਲ੍ਹਾ ਤੇ ਸੈਸ਼ਨ ਜੱਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਫਿਰੋਜ਼ਪੁਰ ਆਪਣੀ ਸਾਰੀ ਟੀਮ ਨਾਲ ਹੜ੍ਹ ਪੀੜਤ ਪਰਵਾਰਾਂ ਨੂੰ ਪਿੰਡ ਗੱਟੀ ਰਾਜੋ ਕੇ ਵਿਖੇ ਰਾਹਤ ਸਮੱਗਰੀ ਮੁਹੱਈਆ ਕਰਵਾਈ ਗਈ। ਇਸ ਮੌਕੇ ਅਨੁਰਾਧਾ, ਚੀਫ ਜੁਡੀਸ਼ੀਅਲ ਮੈਜਿਸਟ੍ਰੇਟ-ਕਮ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਫਿਰੋਜ਼ਪੁਰ ਵੀ ਮੌਜੂਦ ਸਨ। ਮਾਨਯੋਗ ਸੈਸ਼ਨ ਜੱਜ ਸਾਹਿਬ ਵੱਲੋਂ ਆਪ ਖੁਦ ਹੜ੍ਹ ਪ੍ਰਭਾਵਿਤ ਪਰਵਾਰਾਂ ਨੂੰ ਰਾਸ਼ਨ ਵੰਡਿਆ ਗਿਆ ਤੇ ਉਨ੍ਹਾਂ ਨੂੰ ਕਿਹਾ ਕਿ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਫਿਰੋਜ਼ਪੁਰ ਹਮੇਸ਼ਾ ਪੀੜਤ ਪਰਵਾਰਾਂ ਦੇ ਨਾਲ ਖੜ੍ਹੀ ਹੈ ਅਤੇ ਉਨ੍ਹਾਂ ਨੂੰ ਸਰਕਾਰ ਪਾਸੋਂ ਬਣਦਾ ਮੁਆਵਜ਼ਾ ਦਿਵਾਉਣ ਵਿੱਚ ਵੀ ਮਦਦ ਕਰੇਗੀ। ਇਸ ਤੋਂ ਇਲਾਵਾ ਜੱਜ ਸਾਹਿਬ ਨੇ ਦੱਸਿਆ ਕਿ ਕਿਸੇ ਵੀ ਚੀਜ਼ ਦੀ ਜ਼ਰੂਰਤ ਜਾਂ ਫਿਰ ਕੋਈ ਸੂਚਨਾ ਦੇਣ ਲਈ ਸਾਨੂੰ ਦਫਤਰ ਦੇ ਟੈਲੀਫੋਨ ਨੰਬਰ 01632-235034 ਅਤੇ ਟੋਲ ਫਰੀ ਨੰਬਰ 15100 'ਤੇ ਸੰਪਰਕ ਕੀਤਾ ਜਾ ਸਕਦਾ ਹੈ।


### ਉੱਤਰ ਰੇਲਵੇ

**ਟੈਂਡਰ ਸੂਚਨਾ**

ਸੀਨੀ. ਮੰਡਲ ਬਿਜਲੀ ਇੰਜੀਨੀਅਰ ਉੱਤਰ ਰੇਲਵੇ, ਲੁਧਿਆਣਾ ਦੇ ਲਈ ਅਤੇ ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਈ-ਟੈਂਡਰਾ ਨੰ: 2025-26-01 ਮੰਗ ਕੀਤੀ ਜਾਂਦੀ ਹੈ। ਟੈਂਡਰਕਰਤਾ ਅਪਣੇ ਮੂਲ/ਸੰਸ਼ੋਧਿਤ ਟੈਂਡਰ ਮਿਤੀ 04.10.2025 ਨੂੰ 14.00 ਵਜੇ ਤਕ ਪੇਸ਼ ਕਰ ਸਕਦੇ ਹਨ। ਇਨ੍ਹਾਂ ਟੈਂਡਰਾਂ ਦੇ ਲਈ ਮੈਨੂੰਅਲ ਪ੍ਰਸਤਾਵ ਮਾਨਯ ਨਹੀਂ ਹੈ ਅਤੇ ਐਸੇ ਕਿਸੀ ਵੀ ਮੈਨੂੰਅਲ ਪ੍ਰਾਪਤ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਟੈਂਡਰਕਰਤਾ ਟੈਂਡਰ ਪ੍ਰਪੱਤਰ ਦੀ ਲਾਗਤ ਅਤੇ ਬਿਆਨਾ ਰਾਸ਼ੀ ਦੇ ਭੁਗਤਾਨ ਕਰਨ ਦੇ ਲਈ ਕੇਵਲ ਆਈ.ਆਰ.ਈ.ਪੀ.ਐਸ. ਪੋਰਟਲ ਉਤੇ ਉਪਲਬਧ ਆਨਲਾਈਨ ਸਾਧਨਾਂ ਦੇ ਦੁਆਰਾ ਜਿਸ ਤਰ੍ਹਾਂ ਨੇਟ ਬੈਂਕਿੰਗ, ਡੇਬਿਟ ਕਾਰਡ ਤੇ ਕ੍ਰੇਡਿਟ ਕਾਰਡ ਤੋਂ ਭੁਗਤਾਨ ਕਰ ਸਕਦੇ ਹਨ। ਮੈਨੂੰਅਲ ਭੁਗਤਾਨ ਜਿਸ ਤਰ੍ਹਾਂ ਡਿਮਾਂਡ ਡਰਾਫਟ, ਬੈਂਕਰਸ ਚੈਕ, ਜਮਾਂ ਰਸੀਦਾਂ ਤੇ ਐਫ.ਡੀ.ਆਰ. ਆਦਿ ਦੇ ਦੁਆਰਾ ਤੋਂ ਭੁਗਤਾਨ ਦੀ ਅਨੁਮਤੀ ਨਹੀਂ ਹੈ।

| ਟੈਂਡਰ ਨੰਬਰ | ਕੰਮਾਂ ਦਾ ਵੇਰਵਾ | ਅਨੁਮਾਨਿਤ ਲਾਗਤ (₹) | ਟੈਂਡਰ ਦੀ ਕੀਮਤ (₹) | ਟੈਂਡਰ ਦੀ ਪੂਰਾ ਕਰਨ ਦੀ ਮਿਤੀ ਤੇ ਸਮਾਂ | ਬਿਆਨਾ ਰਾਸ਼ੀ (₹) | ਕੰਮ ਦਾ ਸਮਾਂ | ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ | ਵੈਬਸਾਈਟ |
|---|---|---|---|---|---|---|---|---|
| 2025-26-01 | 3-ਫੇਜ ਵਿਯੁਤ ਇੰਜਨਾਂ ਦੇ ਟ੍ਰੈਕਸ਼ਨ ਮੋਟਰ (6FRA 6068) ਦੀ ਮੁਰੰਮਤ/ਰੀਕੰਡਸ਼ਨਿੰਗ, ਲੇਬਿਰਿਥ ਦੇ ਸੰਸ਼ੋਧਿਨ ਸੇਟ ਦੇ ਨਾਲ। | ₹ 23,61,88,800/- | ਸਿਫ਼ਰ | 04.10.2025 14:00 ਵਜੇ ਤਕ | 13,31,000/- | 24 ਮਹੀਨੇ | 04.10.2025 14:00 ਵਜੇ ਦੇ ਬਾਦ | www.ireps.gov.in |

ਨੰ: Tender Notice No. 230-Elect/TRS/LDH/WC/TM/2025-26/01

ਮਿਤੀ : 10.09.2025 — 2754/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

### ਉਤਰ ਰੇਲਵੇ

**ਈ-ਨਿਵਿਦਾ ਸੂਚਨਾ**

ਨੰ. :- 126-2025-26-ADEN-JUC&127-2025-26-SrDEN-III-FZR — ਤਾਰੀਕ 09.09.2025

ਸੀਨੀਅਰ ਮੰਡਲ ਇੰਜੀਨੀਅਰ-ਤੀਜਾ, ਫਿਰੋਜ਼ਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਹੇਠਾਂ ਲਿਖਤ ਈ-ਨਿਵਿਦਾਵਾਂ, ਅੰਤਮ ਮਿਤੀ 06.10.2025 ਸਮਾਂ 15:00 ਵਜੇ ਤਕ www.ireps.gov.in ਤੇ ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹਨ ਅਤੇ ਐਸੇ ਕਿਸੇ ਵੀ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਟੈਂਡਰ ਫਾਰਮ ਦੀ ਬਿਆਨਾ ਰਾਸ਼ੀ ਦੀ ਜਗ੍ਹਾ ਦਾ ਭੁਗਤਾਨ www.ireps.gov.in ਪੋਰਟਲ 'ਤੇ ਉਪਲਬਧ ਆਨ ਲਾਈਨ ਸਾਧਨਾਂ ਦੇ ਮਾਧਿਅਮ ਨਾਲ ਜਿਵੇਂ ਨੈਟ ਬੈਂਕਿੰਗ, ਡੇਬਿਟ ਕਾਰਡ ਕਰੈਡਿਟ ਕਾਰਡ ਆਦਿ ਦੇ ਭੁਗਤਾਨ ਨਾਲ ਕਰ ਸਕਦੇ ਹਨ। ਡਿਮਾਂਡ ਡ੍ਰਾਫਟ, ਬੈਂਕਰਸ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਮਾਧਿਅਮ ਨਾਲ ਭੁਗਤਾਨ ਦੀ ਇਜਾਜਤ ਨਹੀਂ ਹੈ।

| ਨਿਵਿਦਾ ਪ੍ਰਕਾਰ | ਨਿਵਿਦਾ ਅਨੁਭਾਗ | ਬੋਲੀ ਪ੍ਰਣਾਲੀ |
|---|---|---|
| ਖੁਲ੍ਹਾ | ਕੰਮ | ਏਕਲ ਬੋਲੀ ਪ੍ਰਣਾਲੀ |
| ਨਿਵਿਦਾ ਅਪਲੋਡ ਕਰਨ ਦੀ ਮਿਤੀ | ਬੋਲੀ ਸ਼ੁਰੂ ਦੀ ਮਿਤੀ | ਬੋਲੀ ਸਮਾਪਨ ਦੀ ਮਿਤੀ ਅਤੇ ਸਮਾਂ |
| 08.09.2025 | 22.09.2025 | 06.10.2025 / 15:00 ਵਜੇ |

| ਲ.ਨੰ. | ਨਿਵਿਦਾ ਨੰਬਰ | ਨਿਵਿਦਾ ਦਾ ਵੇਰਵਾ | | | |
|---|---|---|---|---|---|
| 1 | 126-2025-26-ADEN-JUC | ਸੀਨੀਅਰ ਮੰਡਲ ਇੰਜੀਨੀਅਰ-ਤੀਜਾ/ਫਿਰੋਜਪੁਰ ਅਨੁਭਾਗ ਵਿਚ ਅੰਮ੍ਰਿਤਸਰ ਅਤੇ ਜਲੰਧਰ ਸਿਟੀ ਯਾਰਡ ਵਿਚ ਟੁਟੇ ਵਾਸ਼ੇਬਲ ਅਪ੍ਰਨ ਦੀ ਮੁਰੰਮਤ। | | | |
| | ਵਿਗਿਆਪਨ ਮੁੱਲ (ਰੁ.) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ | |
| | 9,99,841.67/- | 1,60,000.00/- | 60 ਦਿਨ | 06 ਮਹੀਨੇ | |
| | ਸਮਾਨ ਨੇਚਰ ਦਾ ਕੰਮ: ਕੋਈ ਵੀ ਕੰਮ ਜਿਸ ਵਿਚ ਸ਼ਾਮਲ ਹੋਵੇ 1) ਸੀਸੀ ਅਪ੍ਰਨ/ਵਾਸ਼ੇਬਲ ਅਪ੍ਰਨ/ਬੈਲਾਸਟ ਲੇਸ ਟ੍ਰੈਕ (ਬੀਐਲਟੀ) ਦੀ ਉਸਾਰੀ ਅਤੇ / ਜਾਂ 2) ਸੀਸੀ ਅਪ੍ਰਨ/ ਵਾਸ਼ੇਬਲ ਅਪ੍ਰਨ/ਬੈਲਾਸਟ ਲੇਸ ਟ੍ਰੈਕ (ਬੀਐਲਟੀ) ਦੀ ਮੁਰੰਮਤ/ ਮੁੜ ਉਸਾਰੀ ਅਤੇ / ਜਾਂ 3.) ਪੁਲਾਂ ਵਿਚ ਕੰਕ੍ਰੀਟ। | | | | |
| 2 | 127-2025-26-SrDEN-III-FZR | 5 ਸਾਲਾਂ ਦੇ ਲਈ ਸੀਨੀਅਰ ਮੰਡਲ ਇੰਜੀਨੀਅਰ-ਤੀਜਾ/ਫਿਰੋਜ਼ਪੁਰ ਦੇ ਅਧਿਕਾਰ ਖੇਤਰ ਵਿਚ ਟ੍ਰੈਕ ਆਧਾਰਿਤ ਇਲੈਕਟ੍ਰਾਨਿਕ ਪ੍ਰਕਾਰ ਰੇਲ ਗੇਜ ਫੇਸ ਲੁਬ੍ਰਿਕੇਟਰ 36 ਦੀ ਸਪਲਾਈ, ਸਥਾਪਨਾ ਅਤੇ ਕਮਿਸ਼ਨਿੰਗ। | | | |
| | ਵਿਗਿਆਪਨ ਮੁੱਲ (ਰੁ.) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ | |
| | 5,97,59,988.00/- | 4,48,800.00/- | 90 ਦਿਨ | 60 ਮਹੀਨੇ | |
| | ਸਮਾਨ ਨੇਚਰ ਦਾ ਕੰਮ: ਟ੍ਰੈਕ ਆਧਾਰਿਤ ਲੁਬ੍ਰਿਕੇਟਰ ਦੇ ਲਈ ਕੇਵਲ ਆਰਡੀਐਸਓ ਦੁਆਰਾ ਅਨੁਮੋਦਿਤ ਵਿਕ੍ਰੇਤਾ ਹੀ ਇਸ ਨਿਵਿਦਾ ਵਿਚ ਭਾਗ ਲੈ ਸਕਦੇ ਹਨ। ਨਿਵਿਦਾ ਦੇ ਨਾਲ ਅਨੁਮੋਦਨ ਪ੍ਰਮਾਣਪੱਤਰ ਦੀ ਵੈਲੇਡਿਟੀ ਮਿਤੀ ਸਮੇਤ ਕਾਪੀ ਜਮ੍ਹਾ ਕਰਨੀ ਹੋਵੇਗੀ। | | | | |

ਨੋਟ : 1. ਨਿਵਿਦਾ ਪਾਉਣ ਤੋਂ ਪਹਿਲਾਂ ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸ਼ੁਧੀਪੱਤਰ ਦੀ ਜਾਂਚ ਕਰਨਗੇ।
2. ਹਿੰਦੀ ਵਿਚ ਕਿਸੇ ਵੀ ਗਲਤੀ ਲਈ ਅੰਗ੍ਰੇਜੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜੀ ਵਰਜਨ ਹੀ ਮਾਨਯ ਹੋਣਗੇ।

2741/25

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

### YES BANK

ਰਜਿਸਟਰਡ ਦਫਤਰ : ਯੈੱਸ ਬੈਂਕ ਹਾਊਸ, ਵੈੱਸਟਰਨ ਐੱਕਸਪ੍ਰੈੱਸ ਹਾਈਵੇ, ਸਾਂਤਾਕਰੂਜ਼ (ਈਸਟ), ਮੁੰਬਈ-400055
ਨਾਲ ਹੀ : ਐੱਸ ਸੀ ਓ ਨੰ. 129-130, ਦੂਸਰੀ ਮੰਜ਼ਲ, ਸੈਕਟਰ-9-ਸੀ, ਮਧਿਆ ਮਾਰਗ, ਚੰਡੀਗੜ੍ਹ-160009
ਨਾਲ ਹੀ : B-XX2427-927, ਪਹਿਲੀ ਮੰਜ਼ਲ, ਗੋਬਿੰਦ ਨਗਰ, ਫਿਰੋਜ਼ਪੁਰ ਰੋਡ, ਲੁਧਿਆਣਾ-141001

**[(ਰੂਲ-8 (1)] ਕਬਜ਼ਾ ਨੋਟਿਸ**

ਜਦੋਂਕਿ, ਨਿਮਨਹਸਤਾਖਰੀ ਨੇ ਯੈੱਸ ਬੈਂਕ ਲਿਮ: ਦੇ ਅਧਿਕਾਰਤ ਅਫਸਰ ਵਜੋਂ ਸਕਿਊਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਊਰਿਟੀ ਇੰਟਰੈੱਸਟ ਐਕਟ, 2002 (2002 ਦਾ 54) ਅਤੇ ਸਕਿਊਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਕਰਜ਼ਦਾਰ ਨੂੰ ਹੇਠਾਂ ਦਿੱਤੇ ਖਾਤਿਆਂ 'ਚ ਹੇਠਾਂ ਵਰਣਿਤ ਰਕਮ ਅਤੇ ਇਸ ਉਪਰ ਵਿਆਜ ਨੋਟਿਸ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਵਾਪਸ ਮੋੜਨ ਲਈ ਡਿਮਾਂਡ ਨੋਟਿਸ ਜਾਰੀ ਕੀਤਾ ਸੀ। ਕਰਜ਼ਦਾਰ ਅਤੇ ਗਰੰਟਰ ਪੂਰੀ ਰਕਮ ਵਾਪਸ ਮੋੜਨ 'ਚ ਅਸਫਲ ਰਹੇ ਹਨ। ਕਰਜ਼ਦਾਰਾਂ, ਗਰੰਟਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਹੇਠਾਂ ਦਰਸਾਈਆਂ ਜਾਇਦਾਦਾਂ ਦਾ ਰੂਲ 8 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹਰੇਕ ਖਾਤੇ ਵਿਰੁੱਧ ਦਰਸਾਈ ਮਿਤੀ 'ਤੇ ਕਬਜ਼ਾ ਪ੍ਰਾਪਤ ਕਰ ਲਿਆ ਹੈ। ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਇਹਨਾਂ ਜਾਇਦਾਦਾਂ ਸੰਬੰਧੀ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਤੋਂ ਖਬਰਦਾਰ ਕੀਤਾ ਜਾਂਦਾ ਹੈ, ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਹੇਠ ਦਰਸਾਈ ਬਕਾਇਆ ਰਕਮ ਅਤੇ ਇਸ ਉੱਪਰ ਵਿਆਜ ਸਮੇਤ ਯੈੱਸ ਬੈਂਕ ਲਿਮ: ਦੀ ਵਸੂਲੀ ਹੇਠ ਹੋਵੇਗੀ। ਉਪਲੱਬਧ ਸਮੇਂ 'ਚ ਸਕਿਉਰਡ ਐੱਸਟਸ ਦੇ ਪੁਨਰ ਗ੍ਰਹਿਣ ਲਈ ਕਰਜ਼ਦਾਰਾਂ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

| ਐੱਨ ਪੀ ਏ ਖਾਤੇ ਦਾ ਨਾਂਅ | 13 (2) ਨੋਟਿਸ ਮਿਤੀ / ਕਬਜ਼ੇ ਦੀ ਮਿਤੀ | ਬਕਾਇਆ ਰਕਮ |
|---|---|---|
| (1) ਮੈਸਰਜ਼ ਮਹੇਸ਼ ਸਟੀਲ ਉਦਯੋਗ ਰਾਹੀਂ ਇਸ ਦੇ ਮਾਲਕ ਕਰਨਦੀਪ ਕੁਮਾਰ ਦਫਤਰ ਪਤਾ ਨੇੜੇ ਬਾਬਾ ਪਰਮਾਨੰਦ ਕੁਟੀਆ, ਮਹੇਸ਼ ਸਟੀਲਜ਼ ਉਦਯੋਗ, ਮੋਰਾਂਵਾਲੀ, ਪਟਿਆਲਾ ਰੋਡ, ਸੁਨਾਮ, ਸੰਗਰੂਰ, ਪੰਜਾਬ-148028 ਏਥੇ ਵੀ ਪਰਮਾਨੰਦ ਕੁਟੀਆ ਮੋਰਾਂਵਾਲੀ ਸੁਨਾਮ, ਸੰਗਰੂਰ, ਪੰਜਾਬ-148028 (2) ਸ੍ਰੀ ਕਰਨਦੀਪ ਕੁਮਾਰ ਪੁੱਤਰ ਮਹੇਸ਼ ਕੁਮਾਰ, ਪਤਾ ਬਾਬਾ ਪਰਮਾਨੰਦ ਕੁਟੀਆ, ਮੋਰਾਂਵਾਲੀ ਸੁਨਾਮ, ਸੰਗਰੂਰ, ਪੰਜਾਬ-148028 (3) ਸ੍ਰੀ ਮਹੇਸ਼ ਕੁਮਾਰ ਪੁੱਤਰ ਰਾਮ ਦਾਸ ਪਤਾ ਮਕਾਨ ਨੰਬਰ 394/ਏ ਵਾਰਡ ਨੰਬਰ 3, ਸੁਨਾਮ, ਸੰਗਰੂਰ, ਪੰਜਾਬ-148028 | 03 ਅਗਸਤ 2024 / ਕਬਜ਼ੇ ਦੀ ਮਿਤੀ 05 ਸਤੰਬਰ 2025 | ਆਈ ਐੱਨ ਆਰ ਰੁਪਏ 9,38,920.50/- (ਨੌਂ ਲੱਖ ਅਠੱਤੀ ਹਜ਼ਾਰ ਨੌਂ ਸੌ ਵੀਹ ਰੁਪਏ ਅਤੇ ਪੰਜਾਹ ਪੈਸੇ ਕੇਵਲ) ਅਤੇ ਆਈ ਐੱਨ ਆਰ 20,88,858.61 (ਵੀਹ ਲੱਖ ਅਠਾਸੀ ਹਜ਼ਾਰ ਅੱਠ ਸੌ ਅਠਵੰਜਾ ਰੁਪਏ ਅਤੇ ਇਕਾਹਠ ਪੈਸੇ ਕੇਵਲ) 03 ਅਗਸਤ 2024 ਨੂੰ ਬਕਾਇਆ |
| ਰਹਿਣ ਕੀਤੀ ਜਾਇਦਾਦ ਦਾ ਵੇਰਵਾ : ਜਾਇਦਾਦ ਨੰਬਰ 01 ਰਿਹਾਇਸ਼ੀ ਜਾਇਦਾਦ ਦਾ ਅਟੁੱਟ ਹਿੱਸਾ , ਮਿਣਤੀ 108 ਵਰਗ ਗਜ ਜੋ ਕਿ 3-1/2 ਮਰਲਾ ਅਧਾਰਤ ਖੇਵਟ ਨੰਬਰ 1473/1339 ਮਿਨ ਖਤੌਨੀ ਨੰਬਰ 2253, ਕਿੱਲਾ ਨੰਬਰ 201//1 ਮਿਨ (0-13-1/3) 201/1//1/9 (0-4-1/2) ਕਿੱਤੇ 2 ਸਥਿਤ ਸੁਨਾਮ ਨੇੜੇ ਪਰਮਾਨੰਦ ਕੁਟੀਆ ਸੁਨਾਮ, ਤਹਿਸੀਲ ਸੁਨਾਮ, ਜ਼ਿਲ੍ਹਾ ਸੰਗਰੂਰ (ਸੇਲ ਡੀਡ ਨੰਬਰ 1480 ਮਿਤੀ 17/7/2012 ਅਨੁਸਾਰ) ਹੱਦਬੰਦੀ ਉੱਤਰ 23 ਫੁੱਟ-11.1/2 ਇੰਚ ਖਾਲੀ ਪਲਾਟ ਦੱਖਣ-23-11.1/2 ਗਲੀ 14 ਫੁੱਟ-0 ਇੰਚ ਚੌੜੀ , ਪੂਰਬ 40 ਫੁੱਟ-7 ਇੰਚ ਖਾਲੀ ਪਲਾਟ, ਪੱਛਮ 40 ਫੁੱਟ 7 ਇੰਚ ਮਾਲਕ. ਜਾਇਦਾਦ ਨੰਬਰ 2-ਰਿਹਾਇਸ਼ੀ ਜਾਇਦਾਦ ਦਾ ਅਟੁੱਟ ਹਿੱਸਾ ਮਿਣਤੀ 134.83 ਵਰਗ ਗਜ ਜੋ ਕਿ 4-9/20 ਮਰਲਾ ਅਧਾਰਤ ਖੇਵਟ ਨੰਬਰ 1562/1473 ਖਤੌਨੀ ਨੰਬਰ 2435 ਕਿੱਲਾ ਨੰਬਰ 201//1 ਮਿਨ (0-13-3.00) 201//1/9 (0-4-4.50) ਕਿੱਤੇ 2 ਸਥਿਤ ਸੁਨਾਮ ਨੇੜੇ ਪਰਮਾਨੰਦ ਕੁਟੀਆ ਸੁਨਾਮ ਜ਼ਿਲ੍ਹਾ ਸੰਗਰੂਰ (ਡੀਡ ਨੰਬਰ 1462 ਮਿਤੀ 22-1-2019 ਅਨੁਸਾਰ) ਹੱਦਬੰਦੀ ਉੱਤਰ 30 ਫੁੱਟ-0 ਇੰਚ ਖਾਲੀ ਪਲਾਟ, ਦੱਖਣ 30 ਫੁੱਟ-0 ਇੰਚ ਗਲੀ, ਪੂਰਬ 40 ਫੁੱਟ 5 ਇੰਚ ਕਸ਼ਮੀਰੀ ਲਾਲ, ਪੱਛਮ 40 ਫੁੱਟ-5 ਇੰਚ ਐਚ ਓ ਕਰਨਦੀਪ ਕੁਮਾਰ, ਮਾਰਟਗੇਜ਼ਰ-ਸ੍ਰੀ ਕਰਨਦੀਪ ਕੁਮਾਰ ਪੁੱਤਰ ਮਹੇਸ਼ ਕੁਮਾਰ। | | |
| (1) ਮੈਸਰਜ਼ ਹਰਜੀਤ ਐਗਰੋ ਇੰਡਸਟਰੀਜ਼ ਰਾਹੀਂ ਇਸ ਦੇ ਹਿੱਸੇਦਾਰ ਪਤਾ-00 ਪਿੰਡ ਅਲੋਹਰਾਂ ਨਾਭਾ ਪਟਿਆਲਾ ਪੰਜਾਬ 147201 (2) ਮਿਸਟਰ ਹਰਜਿੰਦਰ ਸਿੰਘ ਪੁੱਤਰ ਗੁਰਮੇਲ ਸਿੰਘ ਪਤਾ-ਹਰੀਦਾਸ ਕਲੋਨੀ ਨਾਭਾ ਪਟਿਆਲਾ ਪੰਜਾਬ 147201 (3) ਹਰਜੀਤ ਸਿੰਘ ਪੁੱਤਰ ਗੁਰਮੇਲ ਸਿੰਘ ਪਤਾ-#119 ਹਰੀਦਾਸ ਕਲੋਨੀ, ਨਾਭਾ, ਪਟਿਆਲਾ ਪੰਜਾਬ 147201 | 15 ਜੂਨ 2024 / ਕਬਜ਼ੇ ਦੀ ਮਿਤੀ 05 ਸਤੰਬਰ 2025 | ਰੁਪਏ 11,69,173.03 (ਗਿਆਰਾਂ ਲੱਖ ਉਨੱਤਰ ਹਜ਼ਾਰ ਇੱਕ ਸੌ ਤਿਹੱਤਰ ਰੁਪਏ ਅਤੇ ਤਿੰਨ ਪੈਸੇ ਕੇਵਲ) 5 ਜੂਨ 2024 ਨੂੰ ਬਕਾਇਆ |
| ਰਹਿਣ ਕੀਤੀ ਜਾਇਦਾਦ ਦਾ ਵੇਰਵਾ:ਰਿਹਾਇਸ਼ੀ ਜਾਇਦਾਦ ਦਾ ਅਟੁੱਟ ਹਿੱਸਾ ਮਿਣਤੀ 100 ਵਰਗ ਗਜ ਜੋ ਕਿ 100/10980 18 ਕਨਾਲ-6 ਮਰਲਾ ਦਾ ਹਿੱਸਾ ਖੇਵਟ ਨੰਬਰ 1220, ਖਤੌਨੀ ਨੰਬਰ 1938 ਸਥਿਤ ਹਰੀਦਾਸ ਕਲੋਨੀ, ਨਾਭਾ, ਤਹਿਸੀਲ ਨਾਭਾ, ਪਟਿਆਲਾ, ਜਮਾਂਬੰਦੀ 1995-96 ਅਨੁਸਾਰ ਹੱਦਬੰਦੀ ਪੂਰਬ ਗਲੀ (15ਫੁੱਟ 0 ਇੰਚ) ਪੱਛਮ-ਕਾਕਾ ਸਿੰਘ (15 ਫੁੱਟ-0 ਇੰਚ) ਉੱਤਰ ਰਜਿੰਦਰ ਸਿੰਘ (60 ਫੁੱਟ 0 ਇੰਚ) ਦੱਖਣ-ਗੁਰਮੇਲ ਸਿੰਘ (60 ਫੁੱਟ 0 ਇੰਚ) ਮਾਰਟਗੇਜ਼ਰ-ਹਰਜਿੰਦਰ ਸਿੰਘ ਪੁੱਤਰ ਗੁਰਮੇਲ ਸਿੰਘ | | |
| (1) ਮੈਸਰਜ਼ ਗੁਰੂ ਕ੍ਰਿਪਾ ਮੈਡੀਕਲ ਏਜੰਸੀ ਰਾਹੀਂ ਇਸ ਦੇ ਮਾਲਕ ਹਰਪ੍ਰੀਤ ਕੌਰ ਪਤਾ ਸ਼ਾਪ ਨੰਬਰ 02 ਬਾਹਰਵਾਰ ਅਲਹੋਰਾਂ ਗੇਟ ਗਲੀ ਨੰਬਰ 4 ਮੋਤੀ ਬਾਗ, ਨਾਭਾ, ਪਟਿਆਲਾ ਪੰਜਾਬ 147201 (2) ਹਰਪ੍ਰੀਤ ਕੌਰ ਮਾਰਫਤ ਹਰਪ੍ਰੀਤ ਸਿੰਘ ਪਤਾ ਰਾਜਗੜ੍ਹ ਪਟਿਆਲਾ ਪੰਜਾਬ 147201 (3) ਹਰਪ੍ਰੀਤ ਸਿੰਘ ਪੁੱਤਰ ਦਰਸ਼ਨ ਸਿੰਘ ਪਤਾ ਰਾਜਗੜ੍ਹ ਪਟਿਆਲਾ ਪੰਜਾਬ-147201 | 03 ਅਗਸਤ 2024 / ਕਬਜ਼ੇ ਦੀ ਮਿਤੀ 05 ਸਤੰਬਰ 2025 | ਆਈ ਐੱਨ ਆਰ ਰੁਪਏ 10,55,997.41/- (ਦਸ ਲੱਖ ਪਚਵੰਜਾ ਹਜ਼ਾਰ ਨੌਂ ਸੌ ਸਤਾਨਵੇਂ ਰੁਪਏ ਅਤੇ ਇਕਤਾਲੀ ਪੈਸੇ ਕੇਵਲ) 03 ਅਗਸਤ 2024 ਨੂੰ ਬਕਾਇਆ |
| ਰਹਿਣ ਕੀਤੀ ਜਾਇਦਾਦ ਦਾ ਵੇਰਵਾ:ਗੈਰ ਖੇਤੀਬਾੜੀ ਜਾਇਦਾਦ ਦਾ ਅਟੁੱਟ ਹਿੱਸਾ ਜੋ ਕਿ ਦੁਕਾਨ ਮਿਣਤੀ 0 ਕਨਾਲ-0 ਮਰਲਾ-8 ਸਰਸਾਈ ਜੋ ਕਿ 26 ਵਰਗ ਗਜ ਜੋ ਕਿ 8/216, 1 ਕਨਾਲ-4 ਮਰਲਾ ਦਾ ਹਿੱਸਾ ਖੇਵਟ ਨੰਬਰ 1471/1414 ਖਤੌਨੀ ਨੰਬਰ 2317, ਖਸਰਾ ਨੰਬਰ 618/1/2(1-4) ਸਥਿਤ ਮੋਤੀ ਬਾਲ ਅਲੋਹਰਾਂ ਗੇਟ ਨਾਭਾ ਤਹਿਸੀਲ ਨਾਭਾ ਜ਼ਿਲ੍ਹਾ ਪਟਿਆਲਾ ਜਮਾਂਬੰਦੀ ਸਾਲ 2015-16 ਅਨੁਸਾਰ ਹੱਦਬੰਦੀ ਪੂਰਬ ਗੌਰਵ ਕੁਮਾਰ (10 ਫੁੱਟ 4 ਇੰਚ) ਪੱਛਮ-ਸੜਕ (11 ਫੁੱਟ 4 ਇੰਚ) ਉੱਤਰ-ਕਰਮਜੀਤ ਸਿੰਘ (22 ਫੁੱਟ-2 ਇੰਚ) ਦੱਖਣ ਗੈਸ ਏਜੰਸੀ (20 ਫੁੱਟ-8 ਇੰਚ) ਮਾਰਟਗੇਜ਼ਰ-ਹਰਪ੍ਰੀਤ ਸਿੰਘ ਪੁੱਤਰ ਦਰਸ਼ਨ ਸਿੰਘ | | |
| (1) ਮੈਸਰਜ਼ ਬਾਂਸਲ ਇੰਟਰਪ੍ਰਾਇਜ਼ਿਜ਼ ਇਸ ਦੇ ਮਾਲਕ ਨੀਰੂ ਬਾਂਸਲ ਰਾਹੀਂ ਪਤਾ- ਵਾਰਡ ਨੰਬਰ 13 ਮਾਸਟਰ ਮਨਸਾ ਰਾਮ ਸਟਰੀਟ ਜੈਤੋਂ, ਫਰੀਦਕੋਟ ਪੰਜਾਬ 151202 (2) ਨੀਰੂ ਬਾਂਸਲ ਪਤਨੀ ਨਰਿੰਦਰ ਕੁਮਾਰ ਬਾਂਸਲ ਪਤਾ-ਵਾਰਡ ਨੰਬਰ 13, ਮਾਸਟਰ ਮਨਸਾ ਰਾਮ ਸਟਰੀਟ ਜੈਤੋਂ, ਫਰੀਦਕੋਟ ਪੰਜਾਬ-151202 (3) ਨਰਿੰਦਰ ਕੁਮਾਰ ਪੁੱਤਰ ਹਰੀ ਕ੍ਰਿਸ਼ਨ ਪਤਾ- ਮਾਸਟਰ ਮਨਸਾ ਰਾਮ ਸਟਰੀਟ ਜੈਤੋਂ, ਫਰੀਦਕੋਟ ਪੰਜਾਬ-151202 | 06 ਅਗਸਤ 2024 / ਕਬਜ਼ੇ ਦੀ ਮਿਤੀ 06 ਸਤੰਬਰ 2025 | ਆਈ ਐੱਨ ਆਰ ਰੁਪਏ 10,65,275.24 /- (ਦਸ ਲੱਖ ਪੈਂਹਠ ਹਜ਼ਾਰ ਦੋ ਸੌ ਪਚੱਤਰ ਰੁਪਏ ਅਤੇ ਚੌਵੀ ਪੈਸੇ ਕੇਵਲ) 03 ਅਗਸਤ 2024 ਨੂੰ ਬਕਾਇਆ। |
| ਰਹਿਣ ਕੀਤੀ ਜਾਇਦਾਦ ਦਾ ਵੇਰਵਾ-ਗੈਰ ਖੇਤੀਬਾੜੀ ਜਾਇਦਾਦ ਦਾ ਅਟੁੱਟ ਹਿੱਸਾ-ਜਾਇਦਾਦ ਮਿਣਤੀ 14 ਫੁੱਟ 56ਇੰਚ=784 ਵਰਗ ਫੁੱਟ ਨਗਰ ਕੌਂਸਲ ਜਾਇਦਾਦ ਨੰਬਰ 4/75 ਲੜੀ ਨੰਬਰ 75 ਵਾਕਿਆ ਰਕਬਾ ਵਾਰਡ ਨੰਬਰ 10, ਪੱਤੀ ਸਾਦਾ, ਜੈਤੋਂ ਤਹਿਸੀਲ ਜੈਤੋਂ ਜ਼ਿਲ੍ਹਾ ਫਰੀਦਕੋਟ ਪੰਜਾਬ , ਹਦਬੰਦੀ ਪੂਰਬ 56 ਫੁੱਟ ਰਾਜਕੁਮਾਰ ਪੱਛਮ 56 ਫੁੱਟ ਸੁਖਦੇਵ ਸਿੰਘ ਉੱਤਰ 14 ਫੁਟ ਗਲੀ ਦੱਖਣ 14 ਫੁਟ ਗਲੀ, ਮਾਰਟਗੇਜ਼ਰ-ਨਰਿੰਦਰ ਕੁਮਾਰ ਪੁੱਤਰ ਹਰੀ ਕ੍ਰਿਸ਼ਨ | | |

ਮਿਤੀ : 05 ਸਤੰਬਰ 2025, 06 ਸਤੰਬਰ 2025 — ਵਾਸਤੇ ਯੈੱਸ ਬੈਂਕ ਲਿਮਟਿਡ
ਸਥਾਨ : ਸੰਗਰੂਰ, ਨਾਭਾ (ਪਟਿਆਲਾ), ਫਰੀਦਕੋਟ — ਸ੍ਰੀ ਗੌਰਵ ਮਹਾਜਨ, ਅਧਿਕਾਰਤ ਅਫਸਰ

### SBI

BRANCH: HLC SANGRUR
DISTRICT : SANGRUR (PB)
email : sbi.64793@sbi.co.in

**ਰੂਲ (8-1) ਕਬਜ਼ਾ ਨੋਟਿਸ (ਅਚੱਲ ਜਾਇਦਾਦ ਵਾਸਤੇ)**

ਜਦੋਂ ਕਿ ਨਿਮਨਹਸਤਾਖਰੀ ਨੇ ਸਟੇਟ ਬੈਂਕ ਆਫ ਇੰਡੀਆ, ਐੱਚ ਐੱਲ ਸੀ ਸੰਗਰੂਰ ਦੇ ਅਧਿਕਾਰਤ ਅਫਸਰ ਵਜੋਂ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈਸਟ ਐਕਟ 2002 ਅਤੇ ਸਕਿਉਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈ ਮਿਤੀ 'ਤੇ ਕਰਜ਼ਦਾਰਾਂ/ਗਰੰਟਰਾਂ ਨੂੰ ਉਕਤ ਨੋਟਿਸਾਂ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਨੋਟਿਸਾਂ 'ਚ ਦਰਸਾਈ ਰਕਮ ਵਾਪਸ ਮੋੜਨ ਲਈ ਡਿਮਾਂਡ ਨੋਟਿਸ ਜਾਰੀ ਕੀਤੇ ਸਨ।

ਕਰਜ਼ਦਾਰ ਅਤੇ ਗਰੰਟਰ ਰਕਮ ਅਦਾ ਕਰਨ 'ਚ ਅਸਫਲ ਰਹੇ ਹਨ, ਜਾਇਦਾਦ ਦੇ ਕਰਜ਼ਦਾਰਾਂ, ਗਰੰਟਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਸਕਿਉਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 ਨਾਲ ਪੜ੍ਹੇ ਜਾਂਦੇ ਸੈਕਸ਼ਨ 13 ਦੇ ਸਬ-ਸੈਕਸ਼ਨ (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈ ਜਾਇਦਾਦ ਦਾ ਹੇਠਾਂ ਦਰਸਾਏ ਖਾਤਿਆਂ ਵਿਰੁੱਧ ਇਨ੍ਹਾਂ ਮਿਤੀਆਂ ਨੂੰ ਕਬਜ਼ਾ ਹਾਸਲ ਕਰ ਲਿਆ ਹੈ।

ਖਾਸ ਕਰਕੇ ਕਰਜ਼ਦਾਰਾਂ ਅਤੇ ਗਰੰਟਰਾਂ ਅਤੇ ਆਮ ਜਨਤਾ ਨੂੰ ਜਾਇਦਾਦ ਸੰਬੰਧੀ ਸੌਦੇਬਾਜ਼ੀ ਨਾ ਕੀਤੇ ਜਾਣ ਲਈ ਖਬਰਦਾਰ ਕੀਤਾ ਜਾਂਦਾ ਹੈ ਅਤੇ ਜਾਇਦਾਦ ਸੰਬੰਧੀ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਕਰਨ 'ਤੇ ਸਟੇਟ ਬੈਂਕ ਆਫ ਇੰਡੀਆ, ਐੱਚ ਐੱਲ ਸੀ ਸੰਗਰੂਰ ਵੱਲੋਂ ਹੇਠਾਂ ਦਰਸਾਈ ਕੁੱਲ ਰਕਮ ਜਮ੍ਹਾਂ ਇਸ ਉਪਰ ਭਵਿੱਖੀ ਵਿਆਜ ਅਤੇ ਲਾਗਤਾਂ ਆਦਿ ਵਸੂਲ ਕੀਤੀ ਜਾਵੇਗੀ।

ਉਪਲਬਧ ਸਮੇਂ 'ਚ ਸਕਿਉਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਅਤੇ ਗਰੰਟਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

| ਲੜੀ ਨੰ. | ਕਰਜ਼ਦਾਰ/ਗਰੰਟਰ ਅਤੇ ਜਾਇਦਾਦ ਦੇ ਮਾਲਕ ਦਾ ਨਾਂਅ | ਰਹਿਣ ਕੀਤੀ ਜਾਇਦਾਦ ਦਾ ਵੇਰਵਾ | ਡਿਮਾਂਡ ਨੋਟਿਸ ਦੀ ਮਿਤੀ | ਕਬਜ਼ੇ ਦੀ ਮਿਤੀ | ਕਬਜ਼ੇ ਦੀ ਕਿਸਮ / ਬਕਾਇਆ ਰਕਮ |
|---|---|---|---|---|---|
| 01. | (ਕਰਜ਼ਦਾਰ): ਲੇਟ ਸ੍ਰੀ ਹਰਜਿੰਦਰ ਸਿੰਘ ਪੁੱਤਰ ਸ੍ਰੀ ਰੱਲਾ ਸਿੰਘ ਵਾਸੀ ਦਸ਼ਮੇਸ਼ ਨਗਰ, ਨੇੜੇ ਨਾਮ ਚਰਚਾ ਘਰ, ਪਟਿਆਲਾ ਰੋਡ, ਸੰਗਰੂਰ (ਪੀ.ਬੀ.) 148001 ਆਪਣੇ ਕਾਨੂੰਨੀ ਵਾਰਸਾਂ ਰਾਹੀਂ (ਏ) ਸ੍ਰੀਮਤੀ ਕਰਮਜੀਤ ਕੌਰ ਪਤਨੀ ਲੇਟ ਸ੍ਰੀ ਹਰਜਿੰਦਰ ਸਿੰਘ ਵਾਸੀ ਦਸ਼ਮੇਸ਼ ਨਗਰ, ਨੇੜੇ ਨਾਮ ਚਰਚਾ ਘਰ, ਪਟਿਆਲਾ ਰੋਡ, ਸੰਗਰੂਰ (ਪੀ.ਬੀ.) 148001, ਸ਼੍ਰੀਮਤੀ ਹਰਮਨਦੀਪ ਕੌਰ ਪੁੱਤਰੀ ਲੈਫਟੀਨੈਂਟ ਸ੍ਰੀ ਹਰਜਿੰਦਰ ਸਿੰਘ ਵਾਸੀ ਦਸ਼ਮੇਸ਼ ਨਗਰ, ਨੇੜੇ ਨਾਮ ਚਰਚਾ ਘਰ, ਪਟਿਆਲਾ ਰੋਡ, ਸੰਗਰੂਰ (ਪੀ.ਬੀ.) 148001 ਅਤੇ ਸੀ) ਸ੍ਰੀ ਪ੍ਰੀਤਇੰਦਰ ਸਿੰਘ ਪੁੱਤਰ ਲੇਟ ਸ੍ਰੀ ਹਰਜਿੰਦਰ ਸਿੰਘ ਵਾਸੀ ਦਸ਼ਮੇਸ਼ ਨਗਰ, ਨੇੜੇ ਨਾਮ ਚਰਚਾ ਘਰ, ਪਟਿਆਲਾ ਰੋਡ, ਸੰਗਰੂਰ (ਪੀ.ਬੀ.)148001 ਅਤੇ ਗਾਰੰਟਰ:- ਸ਼੍ਰੀਮਤੀ ਕਰਮਜੀਤ ਕੌਰ ਪਤਨੀ ਲੇਟ ਸ੍ਰੀ ਹਰਜਿੰਦਰ ਸਿੰਘ ਵਾਸੀ ਦਸ਼ਮੇਸ਼ ਨਗਰ, ਨੇੜੇ ਨਾਮ ਚਰਚਾ ਘਰ, ਪਟਿਆਲਾ ਰੋਡ, ਸੰਗਰੂਰ (ਪੀ.ਬੀ.) 148001 | ਬੈਨਾਮਾ ਵਸੀਕਾ ਨੰ. 1144 ਮਿਤੀ 20-06-2005 ਅਨੁਸਾਰ ਸ੍ਰੀਮਤੀ ਕਰਮਜੀਤ ਕੌਰ ਪਤਨੀ ਸਵ. ਸ੍ਰੀ ਹਰਜਿੰਦਰ ਸਿੰਘ ਦੇ ਨਾਂਅ ਜ਼ਮੀਨ ਅਤੇ ਇਮਾਰਤ ਖੱਤਾ ਨੰ. 918/1272, ਖਸਰਾ ਨੰ. 54//9/1(0-3-10) ਪੁਖਤਾ, ਖੇਤਰ ਰਕਬਾ 0-3-10 ਪੁਖਤਾ ਜੋ ਕਿ 525 ਵਰਗ ਗਜ਼, ਪਿੰਡ ਮੰਗਵਾਲ ਵਿਖੇ ਸਥਿਤ, ਤਹਿਸੀਲ ਤੇ ਜ਼ਿਲ੍ਹਾ ਸੰਗਰੂਰ (ਪੰਜਾਬ), ਜਮ੍ਹਾਂਬੰਦੀ ਸਾਲ 2000-1 ਨਾਲ ਸੰਬੰਧਤ ਸਭ ਕੁੱਝ। ਉਪਰੋਕਤ ਜਾਇਦਾਦ ਦੀਆਂ ਹੱਦਾਂ : ਪੂਰਬ : ਕਮਲਾ ਦੇਵੀ ਦਾ ਪਲਾਟ, ਪੱਛਮ : ਗਲੀ 12 ਫੁੱਟ ਚੌੜੀ, ਉੱਤਰ : ਬਲਵਿੰਦਰ ਸਿੰਘ ਦਾ ਪਲਾਟ, ਦੱਖਣ : ਹਰਜਿੰਦਰ ਸਿੰਘ ਦਾ ਪਲਾਟ। | 17.06.2025 | 05.09.2025 | ਸੰਕੇਤਕ ਕਬਜ਼ਾ: 13/06/2025 ਨੂੰ ਰੁਪਏ 4,97,361.00 (ਚਾਰ ਲੱਖ ਸਤਾਨਵੇਂ ਹਜ਼ਾਰ ਤਿੰਨ ਸੌ ਇਕਾਹਠ ਰੁਪਏ ਕੇਵਲ) ਜਮ੍ਹਾਂ ਇਸ 'ਤੇ ਵਿਆਜ ਅਤੇ ਹੋਰ ਚਾਰਜਿਜ਼ |
| 02. | (ਕਰਜ਼ਦਾਰ):- ਸ੍ਰੀਮਤੀ ਪਰਮਜੀਤ ਕੌਰ ਪਤਨੀ ਸ੍ਰੀ ਜੰਗੀਰ ਸਿੰਘ ਵਾਸੀ ਗਲੀ ਨੰਬਰ 5, ਸ਼ਿਵਮ ਕਲੋਨੀ ਸੰਗਰੂਰ, ਤਹਿਸੀਲ ਅਤੇ ਜ਼ਿਲ੍ਹਾ ਸੰਗਰੂਰ (ਪੀ.ਬੀ.) 148001 ਬੀ) ਸ੍ਰੀ ਜੰਗੀਰ ਸਿੰਘ ਪੁੱਤਰ ਸ੍ਰੀ ਗੁਰਨਾਮ ਸਿੰਘ ਵਾਸੀ ਗਲੀ ਨੰਬਰ 5, ਸ਼ਿਵਮ ਕਲੋਨੀ ਸੰਗਰੂਰ, ਤਹਿਸੀਲ ਅਤੇ ਜ਼ਿਲ੍ਹਾ। ਸੰਗਰੂਰ (ਪੀ.ਬੀ.) 148001 ਅਤੇ ਗਾਰੰਟਰ ਸ੍ਰੀ ਗੁਰਜੀਤ ਸਿੰਘ ਪੁੱਤਰ ਸ੍ਰੀ ਗੁਰਮੇਲ ਸਿੰਘ ਵਾਸੀ ਪਿੰਡ ਗੁੱਜਰਵਾਲਾ, ਤਹਿਸੀਲ ਅਤੇ ਜ਼ਿਲ੍ਹਾ ਸੰਗਰੂਰ (ਪੀ.ਬੀ.) 148001 | ਬੈਨਾਮਾ ਵਸੀਕਾ ਨੰ. 2136 ਮਿਤੀ 01-08-2012 ਅਨੁਸਾਰ ਸ੍ਰੀਮਤੀ ਪਰਮਜੀਤ ਕੌਰ ਪਤਨੀ ਸ੍ਰੀ ਜੰਗੀਰ ਸਿੰਘ ਦੇ ਨਾਂਅ ਜ਼ਮੀਨ ਅਤੇ ਇਮਾਰਤ ਖੱਤਾ ਨੰ. 515/903, ਖਸਰਾ ਨੰ. 51//5/1 ਮਿੰਨ (6-5), ਖੇਤਰ ਰਕਬਾ 200/3750, 06 ਕਨਾਲ 05 ਮਰਲੇ ਦਾ ਹਿੱਸਾ, ਜੋ ਕਿ 0-6-2/3 ਮਰਲੇ (200 ਵਰਗ ਗਜ਼) ਪਿੰਡ ਸੰਗਰੂਰ ਬੀ, ਵਿਖੇ ਸਥਿਤ, ਤਹਿਸੀਲ ਅਤੇ ਜ਼ਿਲ੍ਹਾ ਸੰਗਰੂਰ (ਪੰਜਾਬ) ਜਮ੍ਹਾਂਬੰਦੀ ਸਾਲ 2019-20 ਨਾਲ ਸੰਬੰਧਤ ਸਭ ਕੁੱਝ। ਉਪਰੋਕਤ ਜਾਇਦਾਦ ਦੀਆਂ ਹੱਦਾਂ : ਪੂਰਬ : ਪਰਮਜੀਤ ਸਿੰਘ ਦੀ ਜ਼ਮੀਨ ਬਾਹੀ 60', ਪੱਛਮ : ਪਰਮਜੀਤ ਸਿੰਘ ਦੀ ਜ਼ਮੀਨ ਬਾਹੀ 60', ਉੱਤਰ : ਰਸਤਾ 20' ਚੌੜਾ, ਬਾਹੀ 30', ਦੱਖਣ : ਪਰਮਜੀਤ ਸਿੰਘ ਦੀ ਜ਼ਮੀਨ ਬਾਹੀ 30' | 17.06.2025 | 05.09.2025 | ਸੰਕੇਤਕ ਕਬਜ਼ਾ: 13/06/2025 ਨੂੰ 3,84,683.00 (ਤਿੰਨ ਲੱਖ ਚੌਰਾਸੀ ਹਜ਼ਾਰ ਛੇ ਸੌ ਤਿਰੀਆਸੀ ਰੁਪਏ ਕੇਵਲ) ਜਮ੍ਹਾਂ ਇਸ 'ਤੇ ਵਿਆਜ ਅਤੇ ਹੋਰ ਚਾਰਜਿਜ਼। |
| 03. | (ਕਰਜ਼ਦਾਰ):- ਲੇਟ ਸ੍ਰੀ ਕਮਲ ਸਿੰਘ ਪੁੱਤਰ ਸ੍ਰੀ ਪੂਰਨ ਚੰਦ ਵਾਸੀ ਉਭਾਵਾਲ ਰੋਡ, ਸੰਗਰੂਰ (ਪੀ.ਬੀ.) 148001 ਆਪਣੇ ਕਾਨੂੰਨੀ ਵਾਰਸਾਂ ਰਾਹੀਂ :- ਏ) ਸ੍ਰੀਮਤੀ ਬਬਲੀ ਰਾਣੀ ਪਤਨੀ ਲੇਟ ਸ੍ਰੀ ਕਮਲ ਸਿੰਘ ਵਾਸੀ ਉਭਾਵਾਲ ਰੋਡ, ਨੇੜੇ ਰੇਲਵੇ ਫਾਟਕ, ਧਾਨਕ ਬਸਤੀ, ਸੰਗਰੂਰ (ਪੀ.ਬੀ.) 148001 ਬ) ਸ਼੍ਰੀਮਤੀ ਪਾਇਲ ਕਾਂਤ ਪੁੱਤਰੀ ਲੇਟ ਸ੍ਰੀ ਕਮਲ ਸਿੰਘ ਵਾਸੀ ਉਭਾਵਾਲ ਰੋਡ ਦੇ ਅੰਦਰ, ਰੇਲਵੇ ਫਾਟਕ ਨੇੜੇ, ਧਾਨਕ ਬਸਤੀ, ਸੰਗਰੂਰ (ਪੀ.ਬੀ.) 148001, ਸੀ) ਸ੍ਰੀ ਗੌਰਵ ਕਾਂਤ ਪੁੱਤਰ ਲੇਟ ਸ੍ਰੀ ਕਮਲ ਸਿੰਘ ਵਾਸੀ ਉਭਾਵਾਲ ਰੋਡ ਅੰਦਰ, ਰੇਲਵੇ ਫਾਟਕ ਨੇੜੇ, ਧਾਨਕ ਬਸਤੀ, ਸੰਗਰੂਰ (ਪੀ.ਬੀ.) 148001, ਡੀ) ਸ੍ਰੀ ਸੌਰਵ ਕਾਂਤ ਪੁੱਤਰ ਲੇਟ ਸ੍ਰੀ ਕਮਲ ਸਿੰਘ ਵਾਸੀ ਉਭਾਵਾਲ ਰੋਡ, ਅੰਦਰ ਨੇੜੇ ਰੇਲਵੇ ਫਾਟਕ, ਧਾਨਕ ਬਸਤੀ, ਸੰਗਰੂਰ (ਪੀ.ਬੀ.) 148001 ਅਤੇ ਗਾਰੰਟਰ :-ਏ) ਸ੍ਰੀ ਮਨਜੀਤ ਸਿੰਘ ਪੁੱਤਰ ਸ੍ਰੀ ਜੈਲ ਸਿੰਘ ਵਾਸੀ ਪਿੰਡ ਬਾਲੀਆਂ, ਸੰਗਰੂਰ (ਪੀ.ਬੀ.) 148001 | ਬੈਨਾਮਾ ਵਸੀਕਾ ਨੰ. 831, ਮਿਤੀ 21/05/2008 ਅਨੁਸਾਰ ਸਬ-ਰਜਿਸਟਰਾਰ ਸੰਗਰੂਰ (ਪੰਜਾਬ) ਦੇ ਦਫ਼ਤਰ 'ਚ ਰਜਿਸਟਰਡ ਸ੍ਰੀ ਕਮਲ ਸਿੰਘ ਪੁੱਤਰ ਸ੍ਰੀ ਪੂਰਨ ਚੰਦ ਦੇ ਨਾਂਅ ਰਜਿਸਟਰਡ ਜਾਇਦਾਦ ਰਕਬਾ 6.8/9 ਮਰਲੇ ਜੋ ਕਿ 206.66 ਵਰਗ ਗਜ਼, ਉੱਭੇਵਾਲ ਰੋਡ ਦੇ ਅੰਦਰਵਾਰ ਸਥਿਤ, ਸੰਗਰੂਰ (ਪੰਜਾਬ)। ਉਪਰੋਕਤ ਜਾਇਦਾਦ ਦੀਆਂ ਹੱਦਾਂ : ਪੂਰਬ : ਗੁਰਚਰਨ ਸਿੰਘ, ਪੱਛਮ : ਬਿਕਰਮਜੀਤ ਸਿੰਘ, ਉੱਤਰ : ਬਿਕਰਮਜੀਤ ਸਿੰਘ, ਦੱਖਣ : ਗਲੀ 20' | 20.06.2025 | 05.09.2025 | ਸੰਕੇਤਕ ਕਬਜ਼ਾ: 20/06/2025 ਤੋਂ ਰੁਪਏ 2,07,593.00/- (ਦੋ ਲੱਖ ਸੱਤ ਹਜ਼ਾਰ ਪੰਜ ਸੌ ਤਿਰਾਨਵੇਂ ਰੁਪਏ ਕੇਵਲ) ਜਮ੍ਹਾਂ ਇਸ 'ਤੇ ਵਿਆਜ ਅਤੇ ਹੋਰ ਚਾਰਜਿਜ਼ |

ਮਿਤੀ : 10.09.2025 — ਸਥਾਨ : ਸੰਗਰੂਰ — ਅਧਿਕਾਰਤ ਅਫਸਰ

11- Sept - Page - 7.qxd 9/10/2025 10:32 PM Page 1



# ਕਲਾਸੀਫਾਈਡ ਇਸ਼ਤਿਹਾਰ

## Change of Name

I, Harjinder Singh S/o Kirpal Singh R/o Dera Gurudwara Sant Sagar Chah Wala Vill. Johal P.O. Bolina Doaba, Jalandhar (Pb.) have Changed my name from Harjinder Singh to Sant Harjinder Singh. All Concerned please note.

I, Satpal Singh S/o S. Kishan Singh R/o VPO. Talwandi Dadian, Distt. Hoshiarpur have changed my name from Satpal Singh to Given Name as Satpal Singh & Surname as Multani. All concerned please note.

I Sarbjit Kaur W/o Satpal Singh R/o H.No. 46, Khurla Kingra Colony, Khurla , Jalandhar Punjab declare that i have changed my minor daughter name Vandana to Vandana Mehmi. please note.

I Sheral daughter of Sh Anil Vij, Resident of Village Rurki Khas, Tehsil - Garhshankar, District - Hoshiarpur, Punjab, have changed my name Sheral to Sheral Vij. Please note.

I Sujanveer Singh Sandhu Son of Shinder Singh Sandhu R/o Village Jhok Mohre Teshil Guruharsahai District Ferozepur. I have changed My Name as Sujan Singh Sandhu. Please Concered Note.

I, Diyanshu Pathak S/O Shri Yogeshwer Kumar Pathak R/o House No 15 (1), Block No 26, Village and Post office Ispur District Una, Himachal Pardesh-177207 have changed my name Diyanshu Pathak to Abhinav Pathak. I further declare that Diyanshu Pathak and Abhinav Pathak is one and the same person. All concerned please note.

I, Raji Chauhan W/O Kulbir Singh Chauhan R/O H.No. 1011,Near Suncity,New Preet Nagar,Batala Road, Amritsar,Punjab have changed my name from Raji Chauhan to Rajee Chauhan. Concerned note.

I, Narinder Kaur W/o Nirmal Singh R/o VPO Dadupur Groya Distt. Hoshiarpur 144105 Punjab have changed the name of my minor daughter from Harleen to Harleen Kaur. Concerned note.

I, Jashanpal Singh S/o Rashpal Singh R/o VPO Tarsikka, Tehsil Baba Bakala, Distt. Amritsar. Punjab have changed my name from Jashanpal Singh to Singh is my surname and Jashanpal is my given name.

I Amandeep Singh S/o Subhash Chander R/o Vpo khanpur Sahota Hoshiarpur - 146114 Punjab have changed my name to Singh Amandeep (Surname Singh).

I Prem Singh s/o Fauja Singh Resident of Rajewal tehsil Shahkot District Jalandhar . Declare my son have changed name Aryan to Aryandeep Singh. Please note.

I, Priya Chimba W/o Sorav Raj D/o Manohar Lal R/o H.No 45,Golden Colony Phase-1, Block-B, Jalandhar Cantt, Punjab 144005 have changed my name from Priya Chimba to Priya. All concerned please note.

I Deepak S/o Piara Lal,R/o VPO Chak Kalan,Tehsil Nakodar,Distt. Jalandhar Pin-144042 have changed my name from Deepak to Deepak Gill.All concerned may note.

I, Majnjit Kaur W/O Sanjeev Kumar, resident of Village Dalla Post Office Bhogpur,Distt Jalandhar have changed the name of my minor daughter from Vamsi to Vamsi Kaur .Please note all concerned.

I, Paras Kumar S/o Manjit Kumar R/o 145-Baba Mohan Dass Nagar, Village- Salempur Musalmana, District- Jalandhar -144008, Punjab( India) have changed my name from Paras Kumar to Kumar Paras. Kumar is my Surname.Please not

I, Bhupinder Kumar S/o Balbir Chand R/o Village- Bhathe, Post office- Rahimpur, District- Jalandhar - 144801, Punjab( India) have changed my name from Bhupinder Kumar to Kumar Bhupinder. Kumar is my Surname.Please note.

I, Parvinder Kaur W/o Sandeep Singh, R/o VPO. Salempur, Teh. Tanda, Distt. Hoshiarpur, Punjab. Have changed my name from Parvinder Kaur to Kaur Parvinder. Concerned please note.

I, Tika W/o Chander Parkash R/o Vill. Bhagwanpur, PO. Lambra, Distt. Jalandhar have changed my name as Tika to Tika Devi.

I, Rashpal Singh alias Kanwar Singh S/o Jatinder Singh R/o 136, St. No.4, Kapoor Nagar, Sultanwind Road, Amritsar have changed my name from Rashpal Singh alias Kanwar Singh to Rashpal Singh

I, Lakbir Singh S/o Gurdit Singh R/o VPO Baba Bakala, Main Bazar, District Amritsar have changed my name from Lakbir Singh to Lakhbir Singh

I, Pooja Arora Alias Manju Nagpal W/o Vinay Arora R/o H.No. 138-A, Dasonda Singh Road, Lawrence Road, Amritsar have changed my name from Pooja Arora Alias Manju Nagpal To Pooja Arora. All Please Note.

I, Anjanbir Singh S/o Amarpal Singh R/o 158-A, Shivala Colony Near Shivala Phatak Amritsar have changed my name from Anjanbir Singh to Anjanbir Singh Grover.

I, Jatinder Kaur D/o Joginder Singh W/o Gurmeet Singh Virk R/o L-12/920, Gali No.2, Sarwar Pura, Sultanwind Road, Amritsar have changed my name from Jatinder Kaur to Jasleen Kaur Virk.

I, Kewal Kishan S/o Sai Dass R/o 1203/3, Gali Subedaran, Inside Hathi Gate Amritsar have changed my name from Kewal Kishan to Kewal Krishan.

I, Mamta D/o Kewal Krishan R/o 1203/3, Gali Subedaran, Inside Hathi Gate Amritsar have changed my name from Mamta to Mamta Mehra.

I, Parveen W/o Parkash Masih resident of W. No 1 Purana Dhariwal Distt. Gurdaspur have changed my name from Parveen to Parveen Masih concerned note please.

I, Parkash S/o Jyoti Ram resident of W. No 1 Purana Dhariwal Distt. Gurdaspur have changed my name from Parkash to Parkash Masih concerned note please.

I, Tushar S/o Parkash Masih resident of W. No 1 Purana Dhariwal Distt. Gurdaspur have changed my name from Tushar to Tushar Masih concerned note please.

I, Harwinder Singh S/o Dharam Pal R/o Village Khusropur, Po. Pattar Kalan, Distt. Jalandhar, Punjab have changed my name from Harwinder Singh to Harvinder Singh. All Please Note.

## Change of Name

I Sukhwinder Kaur Alias Surinder Kaur W/o Massu Ram R/o VPO Lidhran, Jalandhar-144004, Punjab, have changed my name from Sukhwinder Kaur alias Surinder Kaur to Surinder Kaur. All please note.

I Radha Talwar W/o Varun Chhabra R/o H.No. 133, Lajpat Nagar, Jalandhar -144001, Punjab, have changed my name from Radha Talwar to Radha Chhabra. All please note.

I Balvir Kumar s/o Bhajan Lal R/o VPO Mehtan , Teh. Phagwara, Kapurthala -144402, Punjab , have Changed my name from Balvir Kumar to Kumar Balvir , in which given name Balvir and kumar is my surname. All concerned please note.

I, Manshant S/o Jeevan Lal R/o H.No. 48, Tower Town, Khurla Kingra, Distt. Jalandhar, Punjab-144003 have changed my name to Manshant Kumar. All concerned please note.

I, Lakhbir Singh S/o Tarsem Singh R/o Village Sidham Hari Singh, Post Office Sunner Kalan, Tehsil Phillaur, Distt. Jalandhar, Punjab-144034 have changed my name from Lakhbir Singh to Lakhvir Singh. All concerned please note.

I, Chetna Jain W/O Anmol Bharat Aggarwal, R/o H.No 199, Village Jhamat Near Carlton Woods Jhamat Ludiana Ayali Kalan Punjab- 142027. have changed my name and shall hereafter be Known as Mehar Aggarwal.

I, Simpy Chauhan W/O Pradeep Chauhan, R/o House No,728-C, Top Floor, Divine Worlds, Sector 115, Sante Majra, Sas Nagar (Mohali), Punjab- 140307, I have changed the name of my minor daughter Amira alias Rachna aged about 14 Years and She shall hereafter be known as Amyra.

I, Amarjit Palaram S/o Pala Ram R/o H.No. 38, Village Sahizangi, PO. Basti Guzan, Jalandhar (PB) have changed my name from Amarjit Palaram to Amarjit. All concerned please note.

I, Palak d/o Surinder Kumar r/o H.No. EG-1085-A, Gobindgarh, Jalandhar have changed my name from Palak to Palak Kumari. All Please Note.

I, Chiman Lal s/o Balkar Chand r/o Village Kothe Fatak, Po. Paniar, Distt. Gurdaspur, Punjab have changed the spelling of my name as Chaman Lal. All Please Note.

I, Varinder Kumar s/o Beant Ram r/o Vill. Jia Natha, Po. Khudda, Teh. Dasuya, Distt. Hoshiarpur-144305, Punjab have changed my name to Varinder Singh. All Please Note.

I, Amarjeet Singh s/o Teju Ram r/o VPO. Dhanowali, Distt. Jalandhar have changed my name from Amarjit Singh to Amarjeet Singh. All Please Note.

I, Navinder Kaur wife of Davinder singh resident of VPO: Mandhali, District SBS Nagar, Punjab have changed my name to Nawinder Kaur. All Please Note.

I, Pardeep Singh s/o Jagdish Singh r/o VPO. Nawan Qilla, Teh.Shahkot, Jalandhar have changed my name to Singh Pardeep (Surname as Singh) All Please Note.

I, Paramjeet Singh S/o Jeeta R/o Ward No. 2, Katni Gate, Kartarpur, District Jalandhar, Punjab, have changed my name from Paramjeet Singh to Paramjit Singh. All Please Note

I, Deepak Kumar S/o Banarsi Dass R/o H.No. 33/35, 23, Jalandhar Cantt., Jalandhar have changed my name from Deepak Kumar to Deepak Agarwal. All Please Note.

I, Jayati W/o Paras Marwaha R/o H.No. 2, Opposite Bhatia Hospital, Sarabjit Nagar, Kapurthala, Punjab have changed my name from Jayati to Jayati Marwaha. All Please Note.

I, Surat Sandhu S/o Shamsher Singh Sandhu R/o BX-883, Arjun Singh Nagar, Ward No.12, Jalandhar have changed my name from Surat Sandhu to Surat Singh. All Please Note.

I Sanjeev S/o Raj Paul R/o house number-E.E.-262 near ram mandir, bagh karam baksh, Jalandhar 144001 Punjab, India have changed my name from Sanjeev To Sanjeev Malhotra . Sanjeev is a given name and Malhotra is a surname.

## ਬੇਦਖਲੀ ਨੋਟਿਸ

ਮੈਂ, ਰਾਜ ਕੁਮਾਰ ਪੁੱਤਰ ਅਮਰ ਨਾਥ, ਵਾਸੀ ਮਕਾਨ ਨੰ: 813, ਧਰਮਕੋਟ ਰੋਡ, ਨੇੜੇ ਸਰਕਾਰੀ ਹਸਪਤਾਲ, ਕੋਟ ਈਸੇ ਖਾਂ, ਤਹਿਸੀਲ ਧਰਮਕੋਟ, ਜ਼ਿਲ੍ਹਾ ਮੋਗਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਡੈਨੀਅਲ, ਜੋ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਸਾਡੀ ਕੋਈ ਗੱਲ ਨਹੀਂ ਸੁਣਦਾ, ਆਪਣੀ ਮਨਮਰਜ਼ੀ ਕਰਦਾ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਮੋਹਨ ਸਿੰਘ ਪੁੱਤਰ ਨਰੰਜਣ ਸਿੰਘ ਵਾਸੀ ਜੈ ਹਿੰਦ ਬਸਤੀ, ਨਿਹਾਲ ਸਿੰਘ ਵਾਲਾ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਬਲਵੰਤ ਸਿੰਘ (ਸ਼ਾਦੀਸ਼ੁਦਾ) ਮੇਰੇ ਕਹਿਣੇ ਤੋਂ ਬਾਹਰ ਹੈ । ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਬਲਦੇਵ ਸਿੰਘ ਪੁੱਤਰ ਗੁਲਜ਼ਾਰ ਸਿੰਘ, ਵਾਸੀ ਪਿੰਡ ਤੇ ਡਾਕਖਾਨਾ ਜਗਦੇਵ ਕਲਾਂ, ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਅਭੀ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਮੈਂ ਅਤੇ ਮੇਰਾ ਪਰਵਾਰ ਇਸ ਦੇ ਕਿਸੇ ਲੈਣ-ਦੇਣ ਦਾ ਜ਼ਿੰਮੇਵਾਰ ਨਹੀਂ ਹੋਵੇਗਾ।

ਮੈਂ, ਰੋਸ਼ਨ ਲਾਲ ਪੁੱਤਰ ਸਾਮੁਦਾ ਰਾਮ, ਵਾਸੀ ਮਕਾਨ ਨੰ: 149/6 ਸ਼ਹਿਜ਼ਾਦਾ ਨਗਰ, ਗੁਰਦਾਸਪੁਰ, ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ (ਪੰਜਾਬ)। ਮੇਰਾ ਲੜਕਾ ਵਿਕਾਸ ਅਤੇ ਉਸ ਦੀ ਪਤਨੀ ਅਨੂ ਮਸੀਹ, ਜੋ ਮੇਰੇ ਅਤੇ ਮੇਰੇ ਪਰਵਾਰ ਦੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਜੋ ਇਨ੍ਹਾਂ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ।

ਅਸੀਂ, ਭੱਲਾ ਲਾਲ ਪੁੱਤਰ ਸ੍ਰੀ ਬੂਟਾ ਰਾਮ ਅਤੇ ਸ਼ਮਾ ਪਤਨੀ ਭੱਲਾ ਲਾਲ ਅਤੇ ਰਾਹੁਲ ਟੱਕ ਪੁੱਤਰ ਭੱਲਾ ਲਾਲ, ਵਾਸੀ 1314, ਗਲੀ ਖਰਾਸ ਵਾਲੀ, ਇਸਲਾਬਾਦ ਮਹਾਂ ਸਿੰਘ ਗੇਟ, ਅੰਮ੍ਰਿਤਸਰ ਬਿਆਨ ਕਰਦੇ ਹਾਂ ਕਿ ਅਸੀਂ ਆਪਣੀ ਲੜਕੀ ਕੋਮਲ (ਵਿਆਹੀ), ਜੋ ਸਾਡੇ ਕਹਿਣੇ ਤੋਂ ਬਾਹਰ ਹੈ, ਸਾਡੀ ਕੋਈ ਗੱਲ ਨਹੀਂ ਮੰਨਦੀ। ਇਸ ਨੂੰ ਅਸੀਂ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ, ਸੁਰਿੰਦਰ ਕੁਮਾਰ ਪੁੱਤਰ ਲੇਟ ਬਚਨ ਚੰਦ, ਕਮਲੇਸ਼ ਕੁਮਾਰੀ ਪਤਨੀ ਸੁਰਿੰਦਰ ਕੁਮਾਰ, ਜੋਤੀ ਅਤੇ ਰੇਖਾ ਰਾਣੀ ਪੁੱਤਰੀ ਸੁਰਿੰਦਰ ਕੁਮਾਰ, ਵਾਸੀ ਰੇਲਵੇ ਰੋਡ, ਨਜ਼ਦੀਕ ਪਾਇਲ ਪਲਾਜ਼ਾ, ਡਾਕ. ਦੀਨਾਨਗਰ, ਤਹਿਸੀਲ ਦੀਨਾਨਗਰ, ਜ਼ਿਲ੍ਹਾ ਗੁਰਦਾਸਪੁਰ। ਸਾਡਾ ਲੜਕਾ ਮੋਹਨ ਲਾਲ ਅਤੇ ਉਸ ਦੀ ਪਤਨੀ ਸੋਨੀਆ ਅਤੇ ਇਨ੍ਹਾਂ ਦੇ ਬੱਚੇ, ਜੋ ਸਾਡੇ ਪਰਵਾਰ ਦੇ ਕਹਿਣੇ ਤੋਂ ਬਾਹਰ ਹੋਣ ਕਰਕੇ ਅਸੀਂ ਇਨ੍ਹਾਂ ਸਾਰਿਆਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ, ਜੋ ਇਨ੍ਹਾਂ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ।

## ਬੇਦਖਲੀ ਨੋਟਿਸ

ਅਸੀਂ ਹਰਦੀਪ ਸਿੰਘ ਪੁੱਤਰ ਬਚਨ ਸਿੰਘ, ਰਾਜਵਿੰਦਰ ਕੌਰ ਪਤਨੀ ਹਰਦੀਪ ਸਿੰਘ ਵਾਸੀ ਪਿੰਡ ਬਾਜਵਾ ਕਲਾ ਤਹਿਸੀਲ ਸ਼ਾਹਕੋਟ ਜਿਲਾ ਜਲੰਧਰ ਦੇ ਰਹਿਣ ਵਾਲੇ ਹਾਂ। ਸਵੈ ਘੋਸ਼ਣਾ ਕਰਦੇ ਹਾਂ ਕਿ ਸਾਡੀ ਲੜਕੀ ਨਵਪ੍ਰੀਤ ਕੌਰ ਸਾਡੇ ਦੋਨਾਂ ਜੀਆਂ ਦੇ ਕਹਿਣੇ ਤੋਂ ਬਾਹਰ ਹੈ, ਜੇਕਰ ਆਪਣਾ ਜਾਨੀ ਮਾਲੀ ਨੁਕਸਾਨ ਕਰ ਲੈਂਦੀ ਸਾਡੀ ਕੋਈ ਜਿੰਮੇਵਾਰੀ ਨਹੀਂ,ਅਸੀਂ ਇਸਨੂੰ ਆਪਣੀ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖ਼ਲ ਕਰ ਦਿੱਤਾ ਹੈ। ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ ਰਾਣੀ ਪਤਨੀ ਸ੍ਰੀ ਹਰਦਿਆਲ ਸਿੰਘ ਵਾਸੀ 393, ਮੁਹੱਲਾ ਸੇਖੂਪੁਰਾ ਜ਼ਿਲ੍ਹਾ ਅੰਮ੍ਰਿਤਸਰ ਇਹ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਸ਼ਿਵਦੀਪ ਸਿੰਘ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ । ਇਹ ਹੈ ਕਿ ਮੇਰਾ ਲੜਕਾ ਸ਼ਿਵਦੀਪ ਸਿੰਘ ਜਿਸ ਨੂੰ ਮੈਂ ਆਪਣੀ ਚੱਲ ਅਚੱਲ ਜ਼ਮੀਨ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਦੇ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ। ਇਸ ਦੇ ਨਾਲ ਮੇਰਾ ਅਤੇ ਮੇਰੇ ਪਰਿਵਾਰ ਦਾ ਕੋਈ ਤਲਕ ਵਾਸਤਾ ਨਹੀ ਹੋਵੇਗਾ।ਸੰਬੰਧਤ ਕਿਰਪਾ ਕਰਕੇ ਨੋਟ ਕਰਨ।

ਮੈਂ ਅਸ਼ੋਕ ਕੁਮਾਰ ਪੁੱਤਰ ਸ੍ਰੀ ਸਾਂਝੀ ਰਾਮ ਵਾਸੀ ਮਕਾਨ ਨੰ.3, ਰਾਮ ਨਗਰ ਕਲੋਨੀ,ਨੇੜੇ ਅਰਮ ਆਟਾ ਚੱਕੀ,ਗੁਰੂ ਨਾਨਕਪੁਰਾ,ਅੰਮ੍ਰਿਤਸਰ, ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਅਕਾਸ਼ਦੀਪ ਸੈਣੀ ਜੋ ਕੁਆਰਾ ਹੈ ਮੇਰੇ ਕਹਿਣੇ,ਸੁਨਣੇ ਤੋਂ ਬਾਹਰ ਹੈ,ਕੋਈ ਗੱਲ ਸੁਨਣ ਲਈ ਤਿਆਰ ਨਹੀਂ ਅਤੇ ਬਹੁਤ ਤੰਗ ਪਰੇਸ਼ਾਨ ਕਰਦਾ ਹੈ। ਮੈ ਉਸਨੂੰ ਆਪਣੀ ਚੱਲ,ਅਚੱਲ ਜਇਦਾਦ ਤੋਂ ਬੇਦਖਲ ਕਰਦਾ ਹਾਂ।ਉਸ ਦੇ ਕਿਸੇ ਵੀ ਤਰ੍ਹਾਂ ਦੇ ਲੈਣ ਦੇਣ ਅਤੇ ਚੰਗੇ ਮਾੜੇ ਕੰਮਾਂ ਦੇ ਮੈਂ ਅਤੇ ਮੇਰਾ ਪਰਿਵਾਰ ਜਿੰਮੇਵਾਰ ਨਹੀਂ ਹੋਵਾਂਗੇ । ਉਹ ਖੁਦ ਜਿੰਮੇਵਾਰ ਹੋਵੇਗਾ। ਮੇਰਾ ਤੇ ਮੇਰੇ ਪਰਿਵਾਰ ਦਾ ਉਸ ਨਾਲ ਕੋਈ ਤਲਕਵਾਸਤਾ ਨਹੀਂ ਹੈ।

ਮੈਂ ਮਨਧੀਰ ਸਿੰਘ ਪੁੱਤਰ ਸ੍ਰ.ਸੁਰਤਾ ਸਿੰਘ ਵਾਸੀ ਪਿੰਡ ਰਸੂਲਪੁਰ ਕਲਾਂ ਜ਼ਿਲ੍ਹਾ,ਅੰਮ੍ਰਿਤਸਰ, ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਅੰਮ੍ਰਿਤਪਾਲ ਕੌਰ ਜੋ ਕਿ ਮੇਰੇ ਕਹਿਣੇ,ਸੁਨਣੇ ਤੋਂ ਬਾਹਰ ਹੈ,ਕੋਈ ਗੱਲ ਸੁਨਣ ਲਈ ਤਿਆਰ ਨਹੀਂ ਅਤੇ ਬਹੁਤ ਤੰਗ ਪਰੇਸ਼ਾਨ ਕਰਦੀ ਹੈ। ਮੈ ਉਸਨੂੰ ਆਪਣੀ ਹਰ ਕਿਸਮ ਦੀ ਚੱਲ,ਅਚੱਲ ਜਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਦੇ ਕਿਸੇ ਵੀ ਤਰ੍ਹਾਂ ਦੇ ਲੈਣ ਦੇਣ ਅਤੇ ਚੰਗੇ ਮਾੜੇ ਕੰਮਾਂ ਦੇ ਮੈਂ ਅਤੇ ਮੇਰਾ ਪਰਿਵਾਰ ਜਿੰਮੇਵਾਰ ਨਹੀਂ ਹੋਵਾਂਗੇ । ਉਹ ਖੁਦ ਜਿੰਮੇਵਾਰ ਹੋਵੇਗੀ। ਮੇਰਾ ਤੇ ਮੇਰੇ ਪਰਿਵਾਰ ਦਾ ਉਸ ਨਾਲ ਕੋਈ ਤਲਕਵਾਸਤਾ ਨਹੀਂ ਹੈ।

ਅਸੀਂ, ਬਲਦੇਵ ਰਾਜ ਪੁੱਤਰ ਸ੍ਰੀ ਕਰਮ ਚੰਦ ਵਾ ਦਰਸ਼ਨਾ ਦੇਵੀ ਪਤਨੀ ਬਲਦੇਵ ਰਾਜ ਵਾਸੀਆਨ ਮਕਾਨ ਨੰ: 121/2-ਏ, ਟਾਵਰ ਇਨਕਲੇਵ ਫੇਜ਼-2 ਏ, ਤਹਿਸੀਲ ਵਾ ਜ਼ਿਲ੍ਹਾ ਜਲੰਧਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਸੌਰਵ ਸਲਵਾਨ ਅਤੇ ਉਸ ਦੀ ਪਤਨੀ ਮਿਨਾਕਸ਼ੀ ਸਾਡੇ ਕਹਿਣੇ ਤੋਂ ਬਾਹਰ ਹਨ ਤੇ ਸਾਡੇ ਨਾਲ ਲੜਾਈ-ਝਗੜਾ ਅਤੇ ਆਪਣੀ ਮਨਮਰਜ਼ੀ ਕਰਦੇ ਹਨ। ਅਸੀਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਕੇਸਰ ਪਤਨੀ ਸਵ: ਸੋਹਣ ਸਿੰਘ ਵਾਸੀ ਵਾਰਡ ਨੰਬਰ 48, ਨੇੜੇ ਮਿਸ਼ਨ ਕੰਪਾਊਂਡ ਸਕੂਲ ਮੋਗਾ, ਤਹਿਸੀਲ ਵਾ ਜ਼ਿਲ੍ਹਾ ਮੋਗਾ ਬਿਆਨ ਕਰਦੀ ਹਾਂ ਕਿ ਮੇਰਾ ਪੁੱਤਰ ਬਿੱਟੂ ਅਤੇ ਇਸ ਦੀ ਪਤਨੀ ਮਨਪ੍ਰੀਤ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ ਤੇ ਮੈਨੂੰ ਤੰਗ-ਪ੍ਰੇਸ਼ਾਨ ਕਰਦੇ ਹਨ ਅਤੇ ਆਪਣੀ ਮਨਮਰਜ਼ੀ ਕਰਦੇ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਮੇਰਾ ਇਨ੍ਹਾਂ ਨਾਲ ਕੋਈ ਤਲਕ-ਵਾਸਤਾ ਨਹੀਂ ਹੈ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਅਸੀਂ, ਹਰਦੇਵ ਸਿੰਘ ਪੁੱਤਰ ਸ੍ਰੀ ਗੁਰਮੁੱਖ ਸਿੰਘ ਅਤੇ ਦਲਜੀਤ ਕੌਰ ਪਤਨੀ ਹਰਦੇਵ ਸਿੰਘ ਦੋਨੋਂ ਵਾਸੀ ਪੱਤੀ ਬਾਦਲ ਕੀ, ਫਿਲੌਰ, ਜ਼ਿਲ੍ਹਾ ਜਲੰਧਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਲਵਪ੍ਰੀਤ ਸਿੰਘ ਸਾਡੇ ਕਹਿਣੇ ਤੋਂ ਬਾਹਰ ਹੈ ਤੇ ਸਾਡੇ ਨਾਲ ਲੜਾਈ-ਝਗੜਾ ਅਤੇ ਆਪਣੀ ਮਨਮਰਜ਼ੀ ਕਰਦਾ ਹੈ। ਅਸੀਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੇ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਸਤਵੰਤ ਕੌਰ ਪਤਨੀ ਲੇਟ ਬਲਦੇਵ ਸਿੰਘ ਵਾਸੀ ਪਿੰਡ ਤੇ ਡਾਕ. ਮਜੀਠਾ, ਤਹਿਸੀਲ ਮਜੀਠਾ, ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰੀ ਲੜਕੀ ਅਮਨ ਮੰਗੋਚ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਕਰਦੀ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਤੇ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ ਅਮਰਜੀਤ ਸਿੰਘ ਪੁੱਤਰ ਰੰਗੀਲਾ ਰਾਮ ਵਾਸੀ 323/2, ਗੁਰੂ ਨਾਨਕ ਪੁਰਾ ਈਸਟ ,ਡਾਕਖਾਨਾ ਚੁਗਿੱਟੀ, ਜਲੰਧਰ ਇਹ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਅਮਨਦੀਪ ਸਿੰਘ ਅਤੇ ਉਸਦੀ ਪਤਨੀ ਕੋਮਲ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਉਹਨਾਂ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਹਨਾਂ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ ।

ਮੈਂ ਮਲਕੀਅਤ ਸਿੰਘ ਪੁੱਤਰ ਗੰਗਾ ਸਿੰਘ, ਭਾਈ ਦਿੱਤ ਸਿੰਘ ਨਗਰ, ਤਹਿਸੀਲ ਵਾ ਜ਼ਿਲ੍ਹਾ ਜਲੰਧਰ ਇਹ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਜੋਤਸਰੂਪ ਸਿੰਘ ਅਤੇ ਉਸਦੀ ਪਤਨੀ ਜਸਮੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਉਹਨਾਂ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਹਨਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ ।

ਮੈਂ ਅਮਰਜੀਤ ਕੌਰ ਪਤਨੀ ਸਵ. ਕੁਲਵਿੰਦਰ ਲਾਲ ਪਿੰਡ ਵਰਿਆਣਾ ਤਹਿਸੀਲ ਅਤੇ ਜਿਲ੍ਹਾ ਜਲੰਧਰ ਬਿਆਨ ਕਰਦੀ ਹਾਂ ਕੀ ਮੇਰਾ ਲੜਕਾ ਅਮਨਦੀਪ ਜੋ ਕਿ ਮੇਰੇ ਕਹਿਣ ਤੋਂ ਬਾਹਰ ਹੈ ਉਸ ਨੂੰ ਆਪਣੀ ਚੱਲ ਅਚਲ ਜਾਇਦਾਦ ਤੋਂ ਬੇਦਖ਼ਲ ਕਰਦੀ ਹਾਂ, ਉਸ ਨਾਲ ਲੈਣ ਦੇਣ ਕਰਨ ਵਾਲਾ ਖੁੱਦ ਜ਼ੁੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ

ਮੈਂ, ਕਮਲਜੀਤ ਕੌਰ ਪਤਨੀ ਸਵ. ਚਰਨ ਦਾਸ ਵਾਸੀ ਪਿੰਡ ਵਾ ਡਾਕ: ਲਾਹਧੜਾ, ਜ਼ਿਲ੍ਹਾ ਜਲੰਧਰ, ਪੰਜਾਬ-144201 ਬਿਆਨ ਕਰਦੀ ਹਾਂ ਕਿ ਮੇਰੀ ਲੜਕੀ ਰਾਜ ਕੁਮਾਰੀ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨ ਮਰਜੀ ਕਰਦੀ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਦੇ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ, ਊਸ਼ਾ ਰਾਣੀ ਪਤਨੀ ਲੇਟ ਸ੍ਰੀ ਹੰਸ ਰਾਜ ਵਾਸੀ ਮਕਾਨ ਨੰਬਰ ਬੀ/32/87, ਨਿਊ ਅਮਰ ਨਗਰ ਨੇੜੇ ਰੇਲਵੇ ਲਾਇਨ, ਤਹਿਸੀਲ ਵਾ ਜ਼ਿਲ੍ਹਾ ਜਲੰਧਰ, ਪੰਜਾਬ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਪਵਨ ਕੁਮਾਰ ਵਾ ਉਸਦੀ ਪਤਨੀ ਅਨੂੰ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨ ਮਰਜੀ ਕਰਦੇ ਹਨ। ਇਸ ਲਈ ਮੈਂ ਆਪਣੇ ਲੜਕੇ ਪਵਨ ਕੁਮਾਰ, ਉਸਦੀ ਪਤਨੀ ਅਨੂੰ ਅਤੇ ਇਨ੍ਹਾਂ ਦੀ ਔਲਾਦ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਅਸੀਂ ਗੰਗੂ ਰਾਮ ਪੁੱਤਰ ਲਾਲੂ ਰਾਮ ਅਤੇ ਰਾਜੋ ਪਤਨੀ ਗੰਗੂ ਰਾਮ ਵਾਸੀ ਮਕਾਨ ਨੰਬਰ 160, ਗਲੀ ਨੰਬਰ 06, ਇੰਦਰਾ ਕਾਲੋਨੀ, ਜਲੰਧਰ ਗਰੇਨ ਮਾਰਕਿਟ, ਜਲੰਧਰ ਘੋਸ਼ਣਾ ਕਰਦੇ ਹਾਂ ਕਿ ਸਾਡਾ ਲੜਕਾ ਸੰਨੀ ਅਤੇ ਉਸਦੀ ਪਤਨੀ ਮੈਨਾ ਸਾਡੇ ਕਹਿਣੇ ਤੋਂ ਬਾਹਰ ਹਨ। ਅਸੀਂ ਆਪਣੇ ਉਕਤ ਲੜਕੇ ਅਤੇ ਉਸਦੀ ਪਤਨੀ ਨੂੰ ਆਪਣੀ ਤਮਾਮ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਉਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ, ਨਿਰਮਲ ਕੁਮਾਰੀ ਪਤਨੀ ਉਮ ਪ੍ਰਕਾਸ਼ ਵਾਸੀ ਮਕਾਨ ਨੰ. 21, ਸ਼੍ਰੀ ਸਟਾਰ ਕਲੋਨੀ, ਕੋਟਲਾ ਰੋਡ, ਸ਼ੇਖੇ ਪਿੰਡ, ਜਲੰਧਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਮਨੀਸ਼ ਦਰੋਚ ਉਮਰ ਕਰੀਬ 28 ਸਾਲ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਮੇਰਾ ਅਤੇ ਮੇਰੇ ਬਾਕੀ ਪਰਿਵਾਰ ਦਾ ਇਸ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਸ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਦਲਜੀਤ ਸਿੰਘ ਪੁੱਤਰ ਸਰਦੂਲ ਸਿੰਘ, ਵਾਸੀ ਪਿੰਡ ਲਾਲੂ ਘੁੰਮਣ, ਤਹਿਸੀਲ ਤੇ ਜ਼ਿਲ੍ਹਾ ਤਰਨ ਤਾਰਨ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਬਲਰਾਜ ਸਿੰਘ, ਜੋ ਵਿਦੇਸ਼ ਵਿਚ ਰਹਿ ਰਿਹਾ ਹੈ ਅਤੇ ਉਸ ਦੀ ਪਤਨੀ ਸੰਦੀਪ ਕੌਰ, ਜਿਨ੍ਹਾਂ ਦਾ ਆਪਸ ਵਿਚ ਕਲੇਸ਼ ਰਹਿੰਦਾ ਹੈ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਅਸੀਂ, ਮਧੂ ਬਾਲਾ ਪਤਨੀ ਬਲਵਿੰਦਰ ਕੁਮਾਰ, ਬਲਵਿੰਦਰ ਕੁਮਾਰ ਪੁੱਤਰ ਪੂਰਨ ਚੰਦ, ਵਾਸੀਆਨ ਪਿੰਡ ਗਾਂਧੀਆ, ਡਾਕਖਾਨਾ ਪਨਿਆੜ, ਤਹਿਸੀਲ ਤੇ ਜ਼ਿਲ੍ਹਾ ਗੁਰਦਾਸਪੁਰ। ਸਾਡੀ ਲੜਕੀ ਰੇਨੂੰ ਬਾਲਾ, ਜੋ ਸਾਡੇ ਅਤੇ ਸਾਡੇ ਪਰਿਵਾਰ ਦੇ ਕਹਿਣੇ ਤੋਂ ਬਾਹਰ ਹੋਣ ਕਰਕੇ ਅਸੀਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਜੋ ਇਸ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ।

## ਆਮ ਸੂਚਨਾ

ਮੈਂ, ਰੀਨਾ ਪਤਨੀ ਮੋਹਿੰਦਰ ਪਾਲ ਵਾਸੀ ਮਕਾਨ ਨੰ: 278, ਗਾਂਧੀ ਨਗਰ, ਜਲੰਧਰ-144004, ਪੰਜਾਬ ਸੂਚਿਤ ਕਰਦੀ ਹਾਂ ਕਿ ਵਿਆਹ ਤੋਂ ਪਹਿਲਾਂ ਮੇਰਾ ਨਾਂਅ ਵੀਨਾ ਪੁੱਤਰੀ ਦੇਸ ਰਾਜ ਸੀ ਅਤੇ ਵਿਆਹ ਤੋਂ ਬਾਅਦ ਮੈਂ ਆਪਣਾ ਨਾਂਅ ਬਦਲ ਕੇ ਵੀਨਾ ਤੋਂ ਰੀਨਾ ਰੱਖ ਲਿਆ ਹੈ। ਸੰਬੰਧਤ ਨੋਟ ਕਰਨ।

ਮੈਂ ਸਵਰਨ ਸਿੰਘ ਗਿੱਲ ਪੁੱਤਰ ਜਿਉਣ ਸਿੰਘ ਉਰਫ ਜੀਵਨ ਸਿੰਘ ਵਾਸੀ ਅਗਵਾੜ ਸਾਊ ਕਾ ਪਿੰਡ ਤੇ ਡਾਕਖਾਨਾ ਘੱਲ ਕਲਾਂ, ਜ਼ਿਲ੍ਹਾ ਮੋਗਾ। ਮੇਰੇ ਪਿਤਾ ਜੀ ਨੂੰ ਜਿਉਣ ਸਿੰਘ ਉਰਫ ਜੀਵਨ ਸਿੰਘ ਦੇ ਨਾਂਅ ਨਾਲ ਜਾਣਿਆ ਜਾਂਦਾ ਹੈ। ਸੰਬੰਧਤ ਨੋਟ ਕਰਨ।

ਮੈਂ, ਸੀਮਾ ਬੇਗਮ ਪਤਨੀ ਮਿਰਜਾ ਪੁੱਤਰ ਸ੍ਰੀ ਲਾਲ ਦੀਨ, ਵਾਸੀ ਪਿੰਡ ਖੋਜੇਵਾਲ, ਤਹਿਸੀਲ ਵਾ ਜ਼ਿਲ੍ਹਾ ਜਲੰਧਰ ਸੂਚਿਤ ਕਰਦੀ ਹਾਂ ਕਿ ਸ਼ਾਦੀ ਤੋਂ ਪਹਿਲਾਂ ਮੇਰਾ ਨਾਂਅ ਜੁਲੇਖਾ ਸੀ ਤੇ ਸ਼ਾਦੀ ਤੋਂ ਬਾਅਦ ਮੇਰਾ ਨਾਂਅ ਸੀਮਾ ਬੇਗਮ ਹੋ ਗਿਆ ਹੈ ਤੇ ਉਕਤ ਦੋਨੋਂ ਨਾਂਅ ਮੇਰੇ ਹੀ ਹਨ। ਮੈਂ ਸੀਮਾ ਬੇਗਮ ਅਤੇ ਜੁਲੇਖਾ ਦੋਵੇਂ ਨਾਵਾਂ ਨਾਲ ਜਾਣੀ ਜਾਂਦੀ ਹਾਂ। ਸੰਬੰਧਤ ਨੋਟ ਕਰਨ।

ਮੈਂ ਜਸਬੀਰ ਸਿੰਘ ਪੁੱਤਰ ਤੂੜ ਸਿੰਘ, ਪਿੰਡ ਰਾਜਪੁਰ-ਬੁਤਾਲਾ (ਅੰਮ੍ਰਿਤਸਰ) ਆਪਣੇ ਲੜਕੇ ਪਵਨਪ੍ਰੀਤ ਸਿੰਘ, ਨੂੰ ਕਹਿਣਿਓਂ ਬਾਹਰੀ ਹੋਣ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖ਼ਲ ਕਰਦਾ ਹਾਂ। ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ ।

ਮੈਂ ਗੁਲਜ਼ਾਰ ਸਿੰਘ ਪੁੱਤਰ ਹਰਭਜਨ ਸਿੰਘ, ਪਿੰਡ ਠੱਠੀਆਂ (ਅੰਮ੍ਰਿਤਸਰ) ਆਪਣੇ ਲੜਕੇ ਰਣਜੀਤ ਸਿੰਘ, ਨੂੰ ਕਹਿਣਿਓਂ ਬਾਹਰੀ ਹੋਣ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖ਼ਲ ਕਰਦਾ ਹਾਂ । ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ ।

ਅਸੀਂ, ਕਰਨ ਸਿੰਘ ਪੁੱਤਰ ਕਸ਼ਮੀਰ ਸਿੰਘ ਵਾ ਮੀਨੂੰ ਦੇਵੀ ਪਤਨੀ ਕਰਨ ਸਿੰਘ, ਵਾਸੀ ਪਿੰਡ ਖੁਦਾਦਪੁਰ, ਡਾਕਖਾਨਾ ਬਹਿਰਾਮਪੁਰ, ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ। ਸਾਡਾ ਲੜਕਾ ਅੰਕੁਸ਼ ਸਲਾਰੀਆ ਅਤੇ ਇਸ ਦੀ ਪਤਨੀ ਪ੍ਰੀਤੀ, ਜੋ ਸਾਡੇ ਕਹਿਣੇ ਤੋਂ ਬਾਹਰ ਹੋਣ ਕਰਕੇ ਅਸੀਂ 21 ਅਗਸਤ, 2025 ਨੂੰ ਅਖ਼ਬਾਰ 'ਨਵਾਂ ਜ਼ਮਾਨਾ' ਵਿਚ ਇਸ਼ਤਿਹਾਰ ਦੇ ਕੇ ਇਨ੍ਹਾਂ ਨੂੰ ਬੇਦਖਲ ਕੀਤਾ ਸੀ। ਹੁਣ ਇਹ ਦੋਵੇਂ ਸਾਡੇ ਕਹਿਣੇ ਵਿਚ ਹਨ। ਹੁਣ ਅਸੀਂ ਆਪਣੇ ਵੱਲੋਂ ਬੇਦਖਲੀ ਵਾਪਸ ਲੈਂਦੇ ਹਾਂ।

ਮੈਂ, ਜਤਿਨ ਪੁੱਤਰ ਜਤਿੰਦਰ ਕੁਮਾਰ, ਵਾਸੀ ਮਕਾਨ ਨੰ: 2001/1365, ਗਲੀ ਨੰ: 9, ਸ਼ਰੀਫਪੁਰਾ, ਰਾਣੀ ਬਾਜ਼ਾਰ, ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਭਰਾ ਯੋਗੇਸ਼ (17 ਸਾਲ) ਮੇਰੇ ਕਹਿਣੇ ਤੋਂ ਬਾਹਰ ਹੈ ਤੇ ਸਾਡੇ ਨਾਲ ਲੜਾਈ-ਝਗੜਾ ਅਤੇ ਆਪਣੀ ਮਨਮਰਜ਼ੀ ਕਰਦਾ ਹੈ। ਮੇਰਾ ਮੇਰੇ ਭਰਾ ਯੋਗੇਸ਼ ਨਾਲ ਕੋਈ ਰਿਸ਼ਤਾ ਜਾਂ ਸੰਬੰਧ ਨਹੀਂ ਹੈ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਸਾਧੂ ਸਿੰਘ ਪੁੱਤਰ ਮੰਗਲ ਸਿੰਘ ਦੇ ਨਾਮ ਪਿੰਡ ਸਰਾਏ ਵਿੱਚ ਚੱਲ ਰਿਹਾ ਟਿਊਬਵੈਲ ਕੁਨੈਕਸ਼ਨ ਖਾਤਾ ਨੰਬਰ **AP74/1060K** ਸਤਨਾਮ ਸਿੰਘ ਪੁੱਤਰ ਸਾਧੂ ਸਿੰਘ ਆਪਣੇ ਨਾਮ ਕਰਵਾ ਰਿਹਾ । ਇਤਰਾਜਕਰਤਾ 15 ਦਿਨਾਂ ਦੇ ਅੰਦਰ ਆਪਣਾ ਇਤਰਾਜ ਉਪ ਮੰਡਲ ਅਫਸਰ ਅਮੀਪੁਰ ਨੂੰ ਪੇਸ ਕਰ ਸਕਦਾ

ਮੈਂ, ਰਕੇਸ਼ ਦਲ ਸਿੰਘ ਪੁੱਤਰ ਦਲ ਸਿੰਘ, ਵਾਸੀ 14, ਨੇੜੇ ਬਿਰਲਾ ਡੇਅਰੀ, ਪਿੱਛੇ ਆਰਮੀ ਪਬਲਿਕ ਸਕੂਲ, ਸੰਸਾਰਪੁਰ, ਜਲੰਧਰ ਤਸਦੀਕ ਕਰਦਾ ਹਾਂ ਕਿ ਮੈਂ ਨਕੋਦਰ ਬੱਸ ਅੱਡੇ ਤੋਂ ਐੱਚ ਡੀ ਐੱਫ ਸੀ ਬੈਂਕ ਜਾ ਰਿਹਾ ਸੀ ਤਾਂ ਰਸਤੇ ਵਿਚ ਕਿਧਰੇ ਮੇਰੇ ਕੋਲੋਂ ਅਸਲ ਬੈਨਾਮਾ ਰਜਿਸਟਰੀ ਨੰ: 3252 ਮਿਤੀ 10.07.2012 ਊਸ਼ਾ ਦੇ ਹੱਕ ਵਾਲੀ ਡਿੱਗ ਗਈ। ਮੈਂ ਲੱਭਣ ਦੀ ਬੜੀ ਕੋਸ਼ਿਸ਼ ਕੀਤੀ, ਪਰ ਨਹੀਂ ਮਿਲੀ। ਅਗਰ ਕਿਸੇ ਵਿਅਕਤੀ ਵਿਸ਼ੇਸ਼/ਬੈਂਕ/ਫਾਈਨਾਂਸ ਇੰਸਟੀਚਿਊਟ ਨੂੰ ਕਿਸੇ ਵੀ ਤਰ੍ਹਾਂ ਦਾ ਇਤਰਾਜ਼ ਹੋਵੇ ਤਾਂ ਉਹ 15 ਦਿਨਾਂ ਦੇ ਅੰਦਰ ਵਿਨੋਦ ਸੂਦ ਐਂਡ ਕੰਪਨੀ ਨੂੰ 98140-94356 'ਤੇ ਮਿਲ ਸਕਦੇ ਹਨ।

ਨਿਰਮਲ ਕੌਰ ਪਤਨੀ ਸਤਵਿੰਦਰ ਸਿੰਘ ਨਾਮ ਚੱਲਦਾ ਕੁਨੈਕਸ਼ਨ ਏ.ਪੀ. 37/0479 ਨੂੰ ਗੁਰਦੇਵ ਸਿੰਘ ਪੁੱਤਰ ਬਲਵੰਤ ਸਿੰਘ, ਪਿੰਡ ਵਡਾਲਾ ਕਲਾਂ (ਅੰਮ੍ਰਿਤਸਰ) ਨਾਮ ਕਰਨ ਦੀ ਦਰਖਾਸਤ ਹੈ, ਇਤਰਾਜ 15 ਦਿਨਾਂ ਅੰਦਰ ਉਪ ਮੰਡਲ ਦਫਤਰ ਬੁਟਾਰੀ ਪੁੱਜਣ ।

ਟਿਊਬਵੈਲ ਕੁਨੈਕਸ਼ਨ ਖਾਤਾ ਨੰ **AP**24-0210-1 ਜੋ ਕਿ ਸੁਦਾਗਰ ਸਿੰਘ ਪੁੱਤਰ ਗੁਰਦਿਤ ਸਿੰਘ ਦੇ ਨਾਮ ਤੇ ਪਿੰਡ ਮਰਹਾਣਾ ਵਿਖੇ ਚਲ ਰਿਹਾ ਹੈ। ਜੋ ਕਿ ਸੁਦਾਗਰ ਸਿੰਘ ਦੇ ਪੁੱਤਰ ਤਰਲੋਚਨ ਸਿੰਘ ਦੇ ਨਾਮ ਤੇ ਤਬਦੀਲ ਹੋ ਰਿਹਾ ਹੈ । ਜੇਕਰ ਕਿਸੇ ਨੂੰ ਕੋਈ ਇਤਰਾਜ ਹੋਵੇ ਤਾ 15 ਦਿਨ ਦੇ ਅੰਦਰ ਅੰਦਰ ਸਬ ਡਵੀਜ਼ਨ ਉਪ ਮੰਡਲ ਅਫਸਰ ਨੂੰ ਹਰੀਕੇ ਵਿਖੇ ਜਤਾ ਸਕਦਾ ਹੈ।

ਮੋਟਰ ਕੁਨੈਕਸ਼ਨ ਖਾਤਾ ਨੰਬਰ **S94AP201068L** (12.5 ਹਾਰਸਪਾਵਰ) ਜੋ ਕਿ ਹਰਜੀਤ ਸਿੰਘ ਪੁੱਤਰ ਜੋਗਿੰਦਰ ਸਿੰਘ, ਪਿੰਡ ਨਦਾਮਪੁਰ (ਭਵਾਨੀਗੜ੍ਹ) ਨਾਮ ਤੇ ਚਲਦੀ ਹੈ, ਨੂੰ ਆਪਣੇ ਨਾਮ ਤੇ ਕਰਵਾਉਣ ਲਈ ਸਰਜੀਵਨ ਕੁਮਾਰ ਪੁੱਤਰ ਰਾਮ ਧਾਰੀ ਲਾਲ ਨੇ ਇਸ ਦਫਤਰ ਵਿੱਚ ਦਸਤਾਵੇਜ ਪੇਸ ਕੀਤੇ ਹਨ। ਇਤਰਾਜੀ 15 ਦਿਨਾਂ ਦੇ ਅੰਦਰ ਆਪਣਾ ਇਤਰਾਜ ਦਫਤਰ ਸਹਾਇਕ ਇੰਜੀਨੀਅਰ, ਪਾਵਰਕਾਮ, ਉਪ ਮੰਡਲ ਨਦਾਮਪੁਰ ਵਿਖੇ ਪੇਸ਼ ਕਰੇ, ਨਹੀ ਤਾਂ ਉਪਰੋਕਤ ਮੋਟਰ ਦਾ ਨਾਮ ਬਦਲੀ ਕਰ ਦਿੱਤਾ ਜਾਵੇਗਾ ਅਤੇ ਇਤਰਾਜ ਮੰਨਿਆ ਨਹੀਂ ਜਾਵੇਗਾ।

ਮੋਟਰ ਕੁਨੈਕਸ਼ਨ ਖਾਤਾ ਨੰ **S94AP200516A** (12.5 ਹਾਰਸਪਾਵਰ), ਜੋ ਜੰਗੀਰ ਸਿੰਘ ਪੁੱਤਰ ਨਿੱਕਾ ਸਿੰਘ ਵਾਸੀ ਨਦਾਮਪੁਰ (ਭਵਾਨੀਗੜ੍ਹ) ਦੇ ਨਾਮ ਤੇ ਚਲਦੀ ਹੈ, ਨੂੰ ਆਪਣੇ ਨਾਮ ਤੇ ਕਰਵਾਉਣ ਲਈ ਕਿਰਨ ਬਾਲਾ ਪਤਨੀ ਸਰਜੀਵਨ ਕੁਮਾਰ ਨੇ ਇਸ ਦਫਤਰ ਵਿੱਚ ਦਸਤਾਵੇਜ ਪੇਸ਼ ਕੀਤੇ ਹਨ। ਇਤਰਾਜੀ 15 ਦਿਨਾਂ ਦੇ ਅੰਦਰ ਆਪਣਾ ਇਤਰਾਜ ਦਫਤਰ ਸਹਾਇਕ ਇੰਜੀਨੀਅਰ, ਪਾਵਰਕਾਮ, ਉਪ ਮੰਡਲ ਨਦਾਮਪੁਰ ਵਿਖੇ ਪੇਸ਼ ਕਰੇ, ਨਹੀ ਤਾਂ ਉਪਰੋਕਤ ਮੋਟਰ ਦਾ ਨਾਮ ਬਦਲੀ ਕਰ ਦਿੱਤਾ ਜਾਵੇਗਾ ਅਤੇ ਇਤਰਾਜ ਮੰਨਿਆ ਨਹੀਂ ਜਾਵੇਗਾ।

## PUBLIC NOTICE

I, Balraj Singh S/o Opinder Singh R/o H. No. 10 R, Block-A Model House Jalandhar declare that i am Known by both names Balraj Singh and Balraj Singh Kohli. Both name belone to one and same person. Please note.

I, Chhindo W/O Amar Nath R/O Fatehpur, P.O. Kular 144625 declare that some of my documents pertains my name Chhindo and some pertains Surinder Kaur. Surinder Kaur and Chhindo is one and the same lady. These names carry equal value and authenticity.

I, Muskan D/O Ranjit Kumar R/o Village Aladinpur, Po. Khusropur, Distt. Jalandhar – 144024, Punjab, India declare that I have changed my name from MUSKAN to MUSKAN RANI, but in my 10th and 12th marksheet my name is mentioned as MUSKAN, which may be amended accordingly.

I, Manjinder Singh S/o Surinder Singh R/o Village Chuharpur, Teh./Distt. Gurdaspur, Pin code 143530, Punjab, India declare that my given name as Manjinder and my surname as Singh.

I, Shashi Pal S/o Mahinder Pal, R/o H. No. 454/20, Shankar Nagar, Gali Charanjeet Master, Gurdaspur, Teh./Distt. Gurdaspur, Punjab. Declare that my given name as Shashi and my surname as Pal.

I, Kulwinder Singh S/o Jagir Singh R/o VPO Gurdas Nangal, Tehsil/Distt-Gurdaspur, Pin code-143520, Punjab, India. Declare That my given name as Kulwinder and my Surname as Singh.

I, Ajaypal Singh S/o Gurmail Singh R/o Vill Rasulpur Bet, Po- Purana Shalla, Distt-Gurdaspur, Punjab, India. Declare thar my given name as Ajaypal and my Surname as Singh.

I, Amit Kumar S/o Gurdinder Kumar R/o H.No. 464-A, New Model House, Model Town, Jalandhar, Punjab-144003 declare that Geetansh is my real son. That in his birth certificate & Aadhaar Card, the surname of family is suffixed to his name and is known as Geetansh Sharma, whereas due to inadvertent mistake his name in school record is entered as Geetansh. That name of my son in school record be entered as Geetansh Sharma.

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

## ਨਾਂਅ ਦੀ ਬਦਲੀ

ਮੈਂ, ਸਾਹਿਲ ਪੁੱਤਰ ਮਨਜੀਤ ਸਿੰਘ ਵਾਸੀ ਵਾਰਡ ਨੰਬਰ 09, ਮੁੱਹਲਾ ਢੇਰੀਆਂ, ਸ਼ਾਹਕੋਟ, ਜ਼ਿਲ੍ਹਾ ਜਲੰਧਰ, ਪੰਜਾਬ-144702 ਸੂਚਿਤ ਕਰਦਾ ਹਾਂ ਕਿ ਮੈਂ ਆਪਣਾ ਨਾਮ ਸਾਹਿਲ ਤੋਂ ਬਦਲ ਕੇ ਸਾਹਿਲ ਸਿੰਘ ਰੱਖ ਲਿਆ ਹੈ। ਸੰਬੰਧਿਤ ਨੋਟ ਕਰਨ।

ਮੈਂ, ਕੁਲਜੀਤ ਪੁੱਤਰ ਹਰਸਿਮਰਨ ਸਿੰਘ ਵਾਸੀ ਮਕਾਨ ਨੰ: 25, ਗਲੀ ਨੰ: 4, ਸ਼ਹੀਦ ਬਾਬੂ ਦੀਪ ਸਿੰਘ ਨਗਰ, ਡੁਗਰੀ ਧਾਂਦਰਾ ਰੋਡ, ਬਸੰਤ ਐਵੀਨਿਊ, ਲੁਧਿਆਣਾ, ਪੰਜਾਬ ਬਿਆਨ ਕਰਦਾ ਹਾਂ ਕਿ ਕੁਲਜੀਤ ਅਤੇ ਪਿੰਕੀ ਦੋਵੇਂ ਨਾਮ ਇੱਕੋਂ ਹੀ ਵਿਅਕਤੀ ਦੇ ਹਨ। ਸੰਬੰਧਿਤ ਨੋਟ ਕਰਨ।

## ਨਿਲਾਮੀ ਸੂਚਨਾ

ਸਰਕਾਰੀ ਪ੍ਰਾਇਮਰੀ ਸਕੂਲ, ਬੇਰੀ, ਬਲਾਕ ਕਾਹਨੂੰਵਾਨ (ਗੁਰਦਾਸਪੁਰ) ਵਿਖੇ ਪੁਰਾਣਾ ਸਰੀਆ ਵੇਚਣ ਲਈ 15 ਸਤੰਬਰ, 2025 ਦਿਨ ਸੋਮਵਾਰ ਨੂੰ 10 ਵਜੇ ਨਿਲਾਮੀ ਕੀਤੀ ਜਾਵੇਗੀ । ਚਾਹਵਾਨ ਸਕੂਲ ਦੇ ਸੈਂਟਰ ਮੁੱਖ ਅਧਿਆਪਕ ਕੁਲਵੰਤ ਸਿੰਘ ਮੋਬਾ. 99144-26222 ਨਾਲ ਸੰਪਰਕ ਕਰ ਸਕਦੇ ਹਨ।

**KCL Institute of Laws, Jalandhar** invites online applications for the post of PRINCIPAL on regular basis (Un-aided post). http://kcllaw.ac.in.jobs.php. Qualification/Grade/Reservation Policy will be as per UGC/Punjab Govt./GNDU norms. Submit online application within 15 days from advertisement's date with draft 1180/- in favour of Registrar, GNDU, Amritsar alongwith documents to Dean, CDC, GNDU, Amritsar within 20 days from advertisement's date through Registered Post/by hand according to CDC Portal website (www.gndu.ac.in). Incomplete/after due date applications will not be entertained. Contact 0181-2233330. President

## ਅਦਾਲਤੀ ਇਸ਼ਤਿਹਾਰ

ਪੰਜਾਬ ਅਤੇ ਹਰਿਆਣਾ ਹਾਈ ਕੋਰਟ ਚੰਡੀਗੜ੍ਹ
ਨਿਆਂਇਕ ਵਿਭਾਗ
ਆਰ ਐਸ ਏ ਨੰਬਰ 1356 ਆਫ 1989 (ਓ ਐਂਡ ਐਮ)
ਸੁਣਵਾਈ ਦੀ ਅਗਲੀ ਮਿਤੀ : 17.09.25
ਮੈਸ. ਰੇਲਾਈਬਲ ਐਗਰੋ ਇੰਜੀਨੀਅਰਿੰਗ ਸਰਵਿਸਿਜ਼ ਪ੍ਰਾਈਵੇਟ ਲਿਮਟਿਡ
ਬਨਾਮ
ਤਰਸੇਮ ਸਿੰਘ

ਧਾਰਾ 151 ਸੀ.ਪੀ.ਸੀ. ਅਤੇ ਸੀ.ਪੀ.ਸੀ. ਦੇ ਹੋਰ ਸੰਬੰਧਿਤ ਉਪਬੰਧਾਂ ਅਧੀਨ ਪਟੀਸ਼ਨ/ਅਪੀਲ

ਸੇਵਾ ਵਿਖੇ/ਵੱਲ/ਨੂੰ (ਢੁਕਵੇਂ ਸ਼ਬਦ ਦੀ ਵਰਤੋਂ ਕਰੋ)

ਇਕੱਲਾ ਪ੍ਰਤੀਵਾਦੀ
1 (1) - ਸੰਤੋਖ ਸਿੰਘ ਪੁੱਤਰ ਸਵ: ਤਰਸੇਮ ਸਿੰਘ ਨਿਵਾਸੀ ਮਕਾਨ ਨੰਬਰ 1032 ਮੁਹੱਲਾ ਕਬੀਰ ਨਗਰ, ਨੇੜੇ ਡੀ ਏ ਵੀ ਕਾਲਜ, ਜਲੰਧਰ

ਉਪਰੋਕਤ ਸਿਰਲੇਖ ਵਾਲੀ ਪਟੀਸ਼ਨ/ਅਪੀਲ ਵਿੱਚ, ਪ੍ਰਤੀਵਾਦੀ (ਆਂ)/ਮੁਦਾਲੇ (ਆਂ) ਨੂੰ ਆਮ ਢੰਗ ਰਾਹੀਂ ਤਾਮੀਲ ਨਹੀਂ ਕਰਵਾਈ ਜਾ ਸਕਦੀ। ਇਹ ਹੁਕਮ ਦਿੱਤਾ ਜਾਂਦਾ ਹੈ ਕਿ ਪ੍ਰਤੀਵਾਦੀ/ਮੁਦਾਲੇ 17.09.2025 ਨੂੰ ਸਵੇਰੇ 10 ਵਜੇ ਵਿਅਕਤੀਗਤ ਤੌਰ 'ਤੇ ਜਾਂ ਵਕੀਲ ਰਾਹੀਂ ਪੇਸ਼ ਹੋਣ।

ਵੇਰਵਿਆਂ ਲਈ www.highcourtchd.gov.in 'ਤੇ ਲੌਗਇਨ ਕਰੋ।

ਸੁਪਰਟੈਂਡੈਂਟ ਆਰ ਐਸ ਏ
ਵਾਸਤੇ ਰਜਿਸਟਰਾਰ ਜੁਡੀਸ਼ੀਅਲ
ਪੰਜਾਬ ਅਤੇ ਹਰਿਆਣਾ ਹਾਈ ਕੋਰਟ
ਚੰਡੀਗੜ੍ਹ।

## Lost and Found

I, Rajinder Singh S/O Mehar Singh R/O H. No. 465, Village Pandori Waraich, Majitha Road, Amritsar inform that old registry of my house Total Area 12.5 Marle about 380 sq yards, Khasra No.38//21/3/3/2, 38//21/3/2, 38//21/3/3/1, 39//25/1/2 min, Khata No. 441/435, Khatoni No.717, 718 Document No.2022-23/93/1/7169, Registered Date 07.11.2022 is named of my mother Jasbir Kaur, now she has registered this Malkiatnama to my name, has been lost on 13.08.25.Its FIR is submitted on 18.08.25 at PS Civil line Amritsar.Its G.D No. is o33.

## PUBLIC NOTICE

I, Surinder Pal S/o Chunni Lal is owner of House No. 215 Measuring 1 Kanal 1 Marla 10 Sq. Ft. Comprising Under Khasra No. 106/1, 106/2, Situated at J.P. Nagar (Basti Sha Kuli), Tehsil and Distt Jalandhar vide ansfer Deed No. 1278 dated 25.09.2018, SR – Jalandhar. Previous Transfer Deed No.5346 dated 13.10.2017 executed in favour of Mohinder Pal s/o Chunni Lal has been lost / missing and not traceable and owner has lodge / register DDR / Lost Information report in respct of loss of above said document to Police. If anybody have any Objection regarding the ownership of the property mention below then may contact to undersigned and anybody having claim or claiming any prior rights or interest in any manner in this property or has raised by depositing the aforesaid document with ICICI Bank Limited. He / She may raise objection to Lalit Kakkar, Advocate (Mobile No. 9876107449)and submit objection within 7 days from the date of this public notice. After the expiry of period of this no claim shall be entertained and such claim shall be deemed to be false, fake,frivolous, fraudulent and baseless claim and shall have no value in the eyes of law.

## ਅਦਾਲਤੀ ਇਸ਼ਤਿਹਾਰ

ਬਾ ਅਦਾਲਤ ਜ਼ਿਲ੍ਹਾ ਮਾਲ ਅਫਸਰ-ਕਮ-ਸਹਾਇਕ ਕੁਲੈਕਟਰ-ਦਰਜਾ ਪਹਿਲਾ, ਫਾਸਟ ਟਰੈਕ ਕੋਰਟ, ਸ਼ਹੀਦ ਭਗਤ ਸਿੰਘ ਨਗਰ
ਮਿਸਲ ਨੰਬਰ :- ਐੱਫ.ਟੀ.ਸੀ. 139 (ਏ)
ਦਾਇਰ ਮਿਤੀ : 26.03.2025
ਪਿੰਡ/ਰਕਬਾ : ਬਰਨਾਲਾ ਕਲਾਂ, 01
ਅਗਲੀ ਪੇਸ਼ੀ ਮਿਤੀ : 26.09.2025
ਕੇਸ ਤਕਸੀਮ

ਪਬਲੀਕੇਸ਼ਨ

1. ਜਸਵਿੰਦਰ ਕੌਰ ਪਤਨੀ ਕਰਨੈਲ ਚੰਦ ਪਿੰਡ ਹਾਊਸ ਨੰਬਰ, 308, ਮੁਸਾਪੁਰ ਰੋਡ ਨਵਾਂਸ਼ਹਿਰ, ਤਹਿ. ਨਵਾਂਸ਼ਹਿਰ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਹਾਲ ਵਾਸੀ ਅਮਰੀਕਾ ਰਾਹੀਂ ਅਟਾਰਨੀ ਕਰਨੈਲ ਚੰਦ ਪੁੱਤਰ ਰਤਨ ਚੰਦ ਹਾਊਸ ਨੰਬਰ 308, ਮੁਸਾਪੁਰ ਰੋਡ ਨਵਾਂਸ਼ਹਿਰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ (ਧਿਰ ਅੱਵਲ)

ਬਨਾਮ

1. ਗੁਰਵਿੰਦਰ ਸਿੰਘ ਪੁੱਤਰ ਚੰਨਣ ਸਿੰਘ ਪੁੱਤਰ ਬੰਤਾ ਸਿੰਘ ਪਿੰਡ ਬੇਗਮਪੁਰ, ਤਹਿ. ਨਵਾਂਸ਼ਹਿਰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ 2. ਪਰਮਜੀਤ ਸਿੰਘ ਪੁੱਤਰ ਅਵਤਾਰ ਸਿੰਘ ਪੁੱਤਰ ਬਲਵੰਤ ਸਿੰਘ 3. ਹਰਜਿੰਦਰ ਕੌਰ ਪਤਨੀ ਚਰਨਜੀਤ ਲਾਲ ਪੁੱਤਰ ਗੁਰਨਾਮ ਸਿੰਘ 4. ਪੁਸ਼ਪਾ ਦੇਵੀ ਪਤਨੀ ਬਲਵੀਰ ਚੰਦ ਪੁੱਤਰ ਪੂਰਨ ਚੰਦ 5. ਮਨਜੀਤ ਕੌਰ ਪਤਨੀ ਬਲਵੰਤ ਸਿੰਘ ਪੁੱਤਰ ਅਜੀਤ ਸਿੰਘ 6. ਰੁਪਿੰਦਰ ਕੌਰ ਪਤਨੀ ਬਲਵਿੰਦਰ ਸਿੰਘ ਪੁੱਤਰ ਅਮਰ ਸਿੰਘ, ਸਾਰੇ ਵਾਸੀ ਬਰਨਾਲਾ ਕਲਾਂ 01, ਤਹਿ. ਨਵਾਂਸ਼ਹਿਰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ (ਧਿਰ ਉੱਤਰਵਾਦੀਆਨ)

ਉਕਤ ਮੁਕੱਦਮੇ ਵਿੱਚ ਅਦਾਲਤ ਨੂੰ ਇਹ ਪੂਰਾ ਯਕੀਨ ਹੋ ਚੁੱਕਾ ਹੈ ਕਿ ਮੁਦਾਇਲਾ ਦੀ ਮਾਮੂਲੀ ਤਰੀਕੇ ਨਾਲ ਸੰਮਨ 'ਤੇ ਤਾਮੀਲ ਹੋਣੀ ਮੁਸ਼ਕਿਲ ਹੈ, ਇਸ ਲਈ ਮਿਤੀ 26.09.2025 ਦੀ ਤਾਰੀਖ ਪੇਸ਼ੀ ਨਿਸ਼ਚਿਤ ਕਰਕੇ ਇਸ ਇਸ਼ਤਿਹਾਰ ਰਾਹੀਂ ਉੱਤਰਵਾਦੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਤਾਰੀਖ ਪੇਸ਼ੀ 'ਤੇ ਅਸਾਲਤਨ ਜਾਂ ਵਕਾਲਤਨ ਹਾਜ਼ਰ ਅਦਾਲਤ ਆਉਣ। ਹਾਜ਼ਰ ਅਦਾਲਤ ਨਾ ਆਉਣ ਦੀ ਸੂਰਤ ਵਿੱਚ ਯਕਤਰਫਾ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਅੱਜ ਮਿਤੀ 13.09.2025 ਨੂੰ ਮੇਰੇ ਦਸਤਖਤਾਂ ਤੇ ਮੋਹਰ ਅਦਾਲਤ ਨਾਲ ਇਹ ਨੋਟਿਸ ਜਾਰੀ ਕੀਤਾ ਜਾਂਦਾ ਹੈ।

ਸਹੀ/-ਜ਼ਿਲ੍ਹਾ ਮਾਲ ਅਫ਼ਸਰ-ਕਮ- ਏ.ਸੀ. ਫਸਟ ਗ੍ਰੇਡ, ਸ਼ਹੀਦ ਭਗਤ ਸਿੰਘ ਨਗਰ।
ਨੰਬਰ 1952/ਰੀਡਰ/ਡੀ.ਆਰ. ਓ. ਮਿਤੀ : 08.09.25

## ਸਨਮੁੱਖ ਸੁਖਜੀਤ ਸਿੰਘ ਜੌਲੀ ਐਡਵੋਕੇਟ ਦੇ ਸਾਲਸੀ ਟ੍ਰਿਬਿਊਨਲ/ਇਕਮਾਤਰ ਸਾਲਸੀ, ਜਲੰਧਰ

ਕੈਪੀਟਲ ਸਮਾਲ ਫਾਈਨਾਂਸ ਬੈਂਕ (ਪਹਿਲਾਂ ਕੈਪੀਟਲ ਲੋਕਲ ਏਰੀਆ ਬੈਂਕ ਲਿਮਟਿਡ) ਕੰਪਨੀਜ਼ ਐਕਟ 1956 ਅਧੀਨ ਇੱਕ ਕਾਰਪੋਰੇਟ ਬਾਡੀ, ਜਿਸ ਦਾ ਮੁੱਖ ਦਫਤਰ ਤੀਜੀ ਮੰਜ਼ਲ, ਮਿਡਾਸ ਕਾਰਪੋਰੇਟ ਪਾਰਕ 37, ਜੀ ਟੀ ਰੋਡ ਜਲੰਧਰ ਵਿਖੇ ਹੈ ਅਤੇ ਇਸ ਦੀਆਂ ਹੋਰ ਸ਼ਾਖਾਵਾਂ ਵਿੱਚ ਇੱਕ ਸ਼ਾਖਾ ਦਫਤਰ ਸ਼ੰਕਰ, ਜ਼ਿਲ੍ਹਾ ਜਲੰਧਰ ਵਿਖੇ ਹੈ, ਵਿਧੀਗਤ ਗਠਿਤ ਅਟਾਰਨੀ ਰਾਹੀਂ। .....ਬਿਨੈਕਾਰ

ਬਨਾਮ

1. ਅਮਰਦੀਪ ਸਿੰਘ ਪੁੱਤਰ ਸ੍ਰੀ ਤੀਰਥ ਸਿੰਘ ਵਾਸੀ ਪਿੰਡ ਚੱਕ ਕਲਾਂ, ਤਹਿਸੀਲ ਨਕੋਦਰ, ਜ਼ਿਲ੍ਹਾ ਜਲੰਧਰ - 144701
2. ਸਤਨਾਮ ਸਿੰਘ ਪੁੱਤਰ ਸ੍ਰੀ ਗੁਰਨਾਮ ਸਿੰਘ ਵਾਸੀ ਪਿੰਡ ਚੱਕ ਕਲਾਂ, ਤਹਿਸੀਲ ਨਕੋਦਰ, ਜ਼ਿਲ੍ਹਾ ਜਲੰਧਰ - 144701

ਜਵਾਬਦੇਹ....

ਜਨਤਕ ਨੋਟਿਸ ਰਾਹੀਂ ਜਵਾਬਦੇਹ ਨੰ: 1 ਨੂੰ ਸੰਮਨ

ਉਕਤ ਪਾਰਟੀਆਂ ਵਿਚਾਲੇ ਵਿਵਾਦ ਦੇ ਚੱਲਦਿਆਂ ਜਵਾਬਦੇਹਾਂ ਨੂੰ ਰਜਿਸਟਰਡ ਡਾਕ ਰਾਹੀਂ ਨੋਟਿਸ ਭੇਜੇ ਗਏ ਸਨ। ਜਵਾਬਦੇਹ ਨੰ: 1 ਪਹਿਲੀ ਵਾਰ ਭੇਜੇ ਗਏ ਨੋਟਿਸ ਲੈਣ ਤੋਂ ਇਨਕਾਰੀ ਦੀ ਰਿਪੋਰਟ ਨਾਲ ਵਾਪਸ ਪ੍ਰਾਪਤ ਹੋਏ ਹਨ। ਜਵਾਬਦੇਹ ਨੰ. 1 ਨੂੰ ਪਹਿਲੀ ਵਾਰ ਭੇਜੇ ਨੋਟਿਸ ਵਾਪਸ ਪ੍ਰਾਪਤ ਨਹੀਂ ਹੋਏ। ਦੂਜੀ ਵਾਰ ਜਵਾਬਦੇਹ ਨੂੰ ਭੇਜੇ ਗਏ ਨੋਟਿਸ ਇਨਕਾਰੀ ਟਿੱਪਣੀ ਨਾਲ ਵਾਪਸ ਪ੍ਰਾਪਤ ਹੋਏ। ਜਿਸ ਤੋਂ ਸਪੱਸ਼ਟ ਹੈ ਕਿ ਜਵਾਬਦੇਹਾਂ ਨੇ ਬਕਾਇਦਾ ਨੋਟਿਸ ਪ੍ਰਾਪਤ ਕਰ ਲਏ ਹਨ ਅਤੇ ਜਾਣਬੁੱਝ ਕੇ ਟ੍ਰਿਬਿਊਨਲ ਸਾਹਮਣੇ ਪੇਸ਼ ਹੋਣ ਤੋਂ ਕੰਨੀ ਕਤਰਾ ਰਹੇ ਹਨ। ਬੇਸ਼ੱਕ ਜਵਾਬਦੇਹ ਨੂੰ ਇਕ ਹੋਰ ਮੌਕਾ ਦੇਣ ਲਈ ਇਹ ਹੁਕਮ ਦਿੱਤਾ ਜਾਂਦਾ ਹੈ ਕਿ ਉਨ੍ਹਾਂ ਨੂੰ ਵਿਵਾਦ ਦੇ ਮਾਮਲੇ 'ਚ ਆਪਣੇ ਦਾਅਵੇ ਅਤੇ ਇਤਰਾਜ਼ ਪੇਸ਼ ਕਰਨ ਲਈ ਅਖ਼ਬਾਰ 'ਚ ਪ੍ਰਕਾਸ਼ਨਾ ਰਾਹੀਂ ਸੂਚਿਤ ਕੀਤਾ ਜਾਵੇ। ਤੁਹਾਨੂੰ ਜਵਾਬਦੇਹਾਂ ਨੂੰ ਆਪਣੇ ਇਤਰਾਜ਼ ਅਤੇ ਦਾਅਵੇ, ਜੇਕਰ ਕੋਈ ਹਨ ਤਾਂ ਦਾਖਲ ਕਰਨ ਲਈ 13.10.2025 ਨੂੰ ਦੁਪਹਿਰ 1.00 ਵਜੇ ਖੁਦ ਜਾਂ ਆਪਣੇ ਪ੍ਰਤੀਨਿਧ ਜਾਂ ਵਕੀਲ ਰਾਹੀਂ ਸਾਲਸ ਸਨਮੁੱਖ ਚੈਂਬਰ ਨੰਬਰ 113, ਨਵੀਆਂ ਕਚਹਿਰੀਆਂ, ਜਲੰਧਰ ਵਿਖੇ ਪੇਸ਼ ਹੋਣ ਦੀ ਹਦਾਇਤ ਕੀਤੀ ਜਾਂਦੀ ਹੈ। ਅਸਫਲ ਰਹਿਣ 'ਤੇ ਤੁਹਾਡੇ ਵਿਰੁੱਧ ਇਕਤਰਫਾ ਕਾਰਵਾਈ ਕਰ ਦਿੱਤੀ ਜਾਵੇਗੀ।

ਮਿਤੀ : 8.9.2025 ਸੁਖਜੀਤ ਸਿੰਘ ਜੌਲੀ
ਜਲੰਧਰ ਸਾਲਸ

## NOTICE to Appear/Attend Proceedings of DLM&SFC-LDH

Through this Publication this is for Constructive Notice for respondent M/s Gill Agricultural Implements Private Limited Danewala G.T. Road, Malout, Sri Muktsar Sahib, Punjab,152107 to appear in person or through authorized representative before the District Level Micro & Small facilitation Council Ludhiana, District Industries Centre, Ludhiana on Dated 13.10.2025 Day Monday regarding claim reference petition submitted by claimant M/s J.J. Agro Village Pawa, Sua Road, Sahnewal Distt. Ludhiana, Punjab 141120 U/s18(1) of MSMED Act 2006 bearing reference: MSEFC/DIC/07/24/3119 If respondent still fails or omits to appear as above then arbitration proceedings shall be conducted as per section 23&25 of Arbitration and Conciliation Act and award shall also be passed on the basis of evidence before it.

Member Secretary cum General Manager
District Industries Centre
Industrial Estate,Ludhiana Ph. No: - 0161-2540695
EmailId: -dicludhiana5@gmail.com, Ludhiana.msefc@gmail.com

## ਭਾਰਤੀਯ ਰੇਲ

### "ਸਾਰਵਜਨਿਕ ਸੂਚਨਾ"

ਰੇਲਵੇ ਅਤੇ ਪਰਿਸਰਾਂ ਦੇ ਸਾਰੇ ਉਪਭੋਗਕਤਾਵਾਂ ਨੂੰ ਇਸ ਦੁਆਰਾ ਸੂਚਨਾ ਦਿਤੀ ਜਾਂਦੀ ਹੈ ਕਿ ਰੇਲਵੇ ਦੇ ਹੇਠਾਂ ਲਿਖਤ ਸੈਕਸ਼ਨ ਤੇ 25,000 ਵੋਲਟਸ 50 ਹਰਟਜ ਏ.ਸੀ. ਸ਼ਿਰੋਪਰੀ ਕਰਸ਼ਨ ਤਾਰਾਂ ਨੂੰ ਸੈਕਸ਼ਨ ਦੇ ਸਾਹਮਣੇ ਦਰਸਾਈ ਮਿਤੀ ਨੂੰ ਜਾਂ ਬਾਅਦ ਉਰਜਿਤ ਕੀਤਾ ਜਾਏਗਾ। ਉਸ ਮਿਤੀ ਅਤੇ ਉਸ ਮਿਤੀ ਦੇ ਬਾਅਦ ਸਾਰੇ ਸ਼ਿਰੋਪਰੀ ਉਪਸਕਰ ਕਰਸ਼ਨ ਲਾਈਨ ਨੂੰ ਹਰ ਸਮੇਂ ਹਮੇਸ਼ਾਂ ਦੇ ਲਈ ਬਿਜਲੀਮਈ ਮੰਨਿਆ ਜਾਏਗਾ ਅਤੇ ਕੋਈ ਵੀ ਅਣਅਧਿਕ੍ਰਿਤ ਵਿਅਕਤੀ ਉਸ ਸ਼ਿਰੋਪਰੀ ਉਪਸਕਰ ਲਾਈਨ ਦੇ ਨਜ਼ਦੀਕ ਦਾਖਲ ਨਾ ਹੋਵੇ ਜਾਂ ਕੰਮ ਕਰਨ ਨਹੀਂ ਜਾਏਗਾ।

| ਸੈਕਸ਼ਨ | ਤਾਰੀਕ |
|---|---|
| ਉਤਰ ਰੇਲਵੇ ਵਿਚ ਜੰਮੂ ਮੰਡਲ ਦੇ ਛਨਨ ਅਰੋਰਿਯਾਂ ਗੁਡਸ ਹੈਂਡਲਿੰਗ ਲਾਈਨ ਤੇ ਸੀਮੇਂਟ ਹੈਂਡਲਿੰਗ ਸੁਵਿਧਾ ਦੇ ਕੰਮ ਲਈ ਨਵੀਂ ਡਾਊਨ ਲੂਪ ਲਾਈਨ ਨੰ. 4 ਅਤੇ 5 ਲੋਕੇਸ਼ਨ ਨੰ. 40/30 (ਕਿ.ਮੀ. ਚੈਨੇਜ 40/828.00) ਤੋਂ ਲੋਕੇਸ਼ਨ ਨੰ. CHNR/1006 (ਕਿ.ਮੀ. ਚੈਨੇਜ 39/970.50) ਨੂੰ ਸਬੰਧਿਤ ਟਰਨ ਓਵਰ ਅਤੇ ਮੌਜੂਦਾ ਡਾਊਨ ਮੇਨ ਲਾਈਨ ਵਿਚ ਬਦਲਾਅ ਸਮੇਤ। | 09.09.2025 |

### ਭਾਰਤੀਯ ਰੇਲ

### ਏਸੀ 25 ਕੇਵੀ ਕਰਸ਼ਨ ਨੂੰ ਚਾਲੂ ਕਰਨਾ

### "ਸੜਕ ਉਪਯੋਗਕਾਤਾਵਾਂ ਨੂੰ ਚੇਤਾਵਨੀ"

ਸਰਵ ਸਾਧਾਰਨ ਦੀ ਸੂਚਨਾ ਦੇ ਲਈ ਅਧਿਸੂਚਿਤ ਕੀਤਾ ਜਾਂਦਾ ਹੈ ਕਿ ਉਤਰ ਰੇਲਵੇ ਵਿਚ ਉਤਰ ਉਤਰ ਰੇਲਵੇ ਵਿਚ ਜੰਮੂ ਮੰਡਲ ਦੇ ਛਨਨ ਅਰੋਰਿਯਾਂ ਗੁਡਸ ਹੈਂਡਲਿੰਗ ਲਾਈਨ ਤੇ ਸੀਮੇਂਟ ਹੈਂਡਲਿੰਗ ਸੁਵਿਧਾ ਦੇ ਕੰਮ ਲਈ ਨਵੀਂ ਡਾਊਨ ਲੂਪ ਲਾਈਨ ਨੰ. 4 ਅਤੇ 5 ਲੋਕੇਸ਼ਨ ਨੰ. 40/30 (ਕਿ.ਮੀ. ਚੈਨੇਜ 40/828.00) ਤੋਂ ਲੋਕੇਸ਼ਨ ਨੰ. CHNR/1006 (ਕਿ.ਮੀ. ਚੈਨੇਜ 39/970.50) ਨੂੰ ਸਬੰਧਿਤ ਟਰਨ ਓਵਰ ਅਤੇ ਮੌਜੂਦਾ ਡਾਊਨ ਮੇਨ ਲਾਈਨ ਵਿਚ ਬਦਲਾਅ ਸਮੇਤ 25 ਕੇਵੀ ਏਸੀ ਬਿਜਲੀ ਕਰਸ਼ਨ ਸ਼ੁਰੂ ਕਰਨ ਦੇ ਲਈ ਸਾਰੇ ਸਮਪਾਰਾਂ ਤੇ ਸੜਕ ਦੀ ਸਤਹਾ ਤੋਂ ਸਪਸ਼ਟ ਵਧ ਤੋਂ ਵਧ ਉਚਾਈ 4.78 ਮੀ. ਦੀ ਸਪਸ਼ਟ ਉਚਾਈ ਤੇ ਉਚਾਈ ਗੇਜੇ ਲਗਾਈਆਂ ਗਈਆਂ ਹਨ ਨੇੜਤਾ ਜਾਂ ਸੰਪਰਕ ਵਿਚ ਆਉਣ ਤੋਂ ਰੋਕਿਆ ਜਾ ਸਕੇ।

ਜਨ ਸਾਧਾਰਨ ਨੂੰ ਇਸ ਦੁਆਰਾ ਅਧਿਸੂਚਿਤ ਕੀਤਾ ਜਾਂਦਾ ਹੈ ਕਿ ਵਾਹਨਾਂ ਦੇ ਲਦਾਨ ਦੇ ਪ੍ਰਯੋਜਨ ਦੇ ਲਈ ਉਕਤ ਦਰਸਾਈ ਉਚਾਈ ਦਾ ਪਾਲਨ ਕਰਨ ਅਤੇ ਇਹ ਵੇਖਣ ਕਿ ਸੜਕ ਵਾਹਨ ਵਿਚ ਢੋਏ ਜਾ ਰਹੇ ਲੋਡ ਨਾਲ ਕਿਸੇ ਵੀ ਸਥਿਤੀ ਵਿਚ ਉਚਾਈ ਗੇਜਾਂ ਦਾ ਅਤਿਉਲੰਘਣ ਨਾ ਕਰਨ।

ਜ਼ਿਆਦਾ ਉਚਾਈ ਦੇ ਲੋਡ ਦੇ ਖਤਰੇ ਹੇਠਾਂ ਅਨੁਸਾਰ ਹਨ:-

i) ਉਚਾਈ ਗੇਜ ਨੂੰ ਖਤਰਾ ਅਤੇ ਉਸ ਦੇ ਨਤੀਜੇ ਵਜੋਂ ਸੜਕ ਤੇ ਰੇਲ ਲਾਈਨ ਤੇ ਰੁਕਾਵਟ।
ii) ਵਾਹਨ ਤੇ ਲੈ ਜਾਏ ਜਾ ਰਹੀਆਂ ਸਮਗਰੀਆਂ ਜਾਂ ਉਪਸਕਰ ਨੂੰ ਖਤਰਾ।
iii) ਚਾਲਕਾਂ ਨੂੰ ਖਤਰਨਾਕ ਨੇੜਤਾ ਜਾਂ ਸੰਪਰਕ ਦੇ ਕਾਰਨ ਅਗ ਦਾ ਖਤਰਾ ਅਤੇ ਜੀਵਨ ਦੀ ਹਾਨੀ ਦਾ ਖਤਰਾ।

ਨੰ. 17 ਬਿਜਲੀ ਨਿਰਮਾਣ ਟੀਆਰਡੀ ਜੇਯੂਸੀ 137 ਉਪ-ਮੁੱਖ ਬਿਜਲੀ ਇੰਜੀਨੀਅਰ/ਨਿ.
ਮਿਤੀ: 09.09.2025 ਉਤਰ ਰੇਲਵੇ ਜਲੰਧਰ ਸ਼ਹਿਰ

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ 2756/2025

## ਨਿਲਾਮੀ ਇਸ਼ਤਿਹਾਰ

ਹਰ ਆਮ ਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਪਿੰਡ ਘੋੜੇਨਬ, ਤਹਿਸੀਲ ਲਹਿਰਾ ( ਸੰਗਰੂਰ ) ਬਨੀ ਵਾਲੇ ਛੱਪੜ ਨੂੰ ਮੱਛੀਆਂ ਪਾਉਣ ਲਈ ਠੇਕੇ ਤੇ ਦਿੱਤਾ ਜਾਣਾ ਹੈ। ਇਸ ਲਈ ਛੱਪੜ ਨੂੰ ਬੋਲੀ ਤੇ ਦੇਣ ਲਈ ਮਿਤੀ 17 ਸਤੰਬਰ 2025 ਨੂੰ ਸਵੇਰੇ 11 ਵਜੇ ਧਾਨਕ ਧਰਮਸ਼ਾਲਾ ਵਿਖੇ ਬੋਲੀ ਕੀਤੀ ਜਾਵੇਗੀ, ਬੋਲੀ ਦੀਆਂ ਸ਼ਰਤਾਂ ਮੌਕੇ ਤੇ ਦੱਸੀਆਂ ਜਾਣਗੀਆਂ ।

ਰਾਮਪਾਲ
ਬਲਾਕ ਵਿਕਾਸ ਅਤੇ ਪੰਚਾਇਤ ਅਫਸਰ
ਲਹਿਰਾਗਾਗਾ

ਸਰਪੰਚ ਲਖਬੀਰ ਸਿੰਘ
9653310464

## TENDER NOTICE

MGN Public School, Adarsh Nagar, Jalandhar. Ph. 0181- 2254463,64 (Punjab) Invited sealed Tenders/Quotations for making of steel foot over bridge. The approximate dimensions of the section are 40'-0" (length) × 6'-0" (width). For more details and drawings, materials etc. Please visit school website : mgnadarshnagar.org under More-Tender/advertisement

(Principal)

## SADBHAVNA COLLEGE OF EDUCATION FOR WOMEN

RAIKOT, LUDHIANA-141109.
(Afiliated to Panjab University Chandigarh, NAAC Accredited, NCTE Approved).

**B.Ed. 2025-27 MANAGEMENT QUOTA SEATS**

Apply to College by 20-09-2025

E-mail : sadbhavnasociety@yahoo.com
Contact : 97811-12205, 70877-37560 President

## COURT NOTICE

In the Court of Ms. Shruti
Judicial Magistrate-1st Class
Ludhiana
CNR No. PBLD03-021366-2023
Next Date:- 07-11-2025
Kotak Mahindra Bank Ltd.
Vs.
Shiv Kumar

Detail of offence:-
Notice To:
Shiv Kumar
347, Sunder Avenue, Kapurthala-144601, Punjab

In above titled case, the accused could not be served. It is ordered that accused should appear in person or through counsel on 07-11-2025 at 10:00 a.m.

For details logon to https://highcourtchd.gov.in/?mod=district_notice&district=mogacourt

Judicial Magistrate-1st Class
Ludhiana
Dated, this day of 08-09-2025

## COURT NOTICE

In The Court of Ms. Babita
Judicial Magistrate-1st Class,
Pathankot
CNR No. PBPO03-001697-2021
Next Date:- 27-10-2025
Satinder Singh
Vs.
Simran Kaur

Detail of offence:-
Notice To:
Simran Kaur
Spouse : Sunny
Near Gurudwara, Ranjeet Bagh, Tehsil and Distt. Gurdaspur, Punjab

In above titled case, the accused could not be served. It is ordered that accused should appear in person or through counsel on 27-10-2025 at 10:00 a.m.

For details logon to https://highcourtchd.gov.in/?mod=district_notice&district=Pathankot

Judicial Magistrate-1st Class,
Pathankot
Dated, this day of 09-09-2025

## COURT NOTICE

(U/o 5 Rule 20 CPC)
In The Court of
Sh. Deepak Kumar Choudhary
Principal Judge (FC), Barnala
CNR No.: PBBR01-003486-2025
Next Date:-14-10-2025
Karamjeet Kaur
Vs.
General Public

Publication Issued To:
General Public
: Barnala

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 14-10-2025 at 10.00 a.m.

For details logon to https://highcourtchd.gov.in/?mod=district_notice&district=barnala

Principal Judge (FC), Barnala
Dated, this day of 10-09-2025

## COURT NOTICE

In the Court of Ms. Shruti
Judicial Magistrate-1st Class
Ludhiana
CNR No. PBLD03-097748-2022
Next Date:- 07-11-2025
Kotak Mahindra Bank Ltd.
Vs.
Vikas Vassan

Detail of offence:-
Notice To:
Vikas Vassan
R/o H. No. 214, St. No. 9, Near Durga Mandir GTB Nagar, Khanna 141401, Punjab

In above titled case, the accused could not be served. It is ordered that accused should appear in person or through counsel on 07-11-2025 at 10:00 a.m.

For details logon to https://highcourtchd.gov.in/?mod=district_notice&district=mogacourt

Judicial Magistrate-1st Class
Ludhiana
Dated, this day of 08-09-2025

## COURT NOTICE

(U/o 5 Rule 20 CPC)
In The Court of
**Ms. Navneet Kaur**
Civil Judge (Junior Division), Ludhiana
CNR No. PBLD02-000100-2024
Next Date:-29-09-2025
Rano Padam
Vs.
Nita Mehta

Publication Issued To:
Nita Mehta
3- A/3, Asif Ali Road, New Delhi Through Its Partner Ripandeep Kaur
2nd Address Kelong Resturant, 42F Sarabha Nagar, Ludhiana

In above titled case, the defendant(s)/respondent(s) could not be served. It is ordered that defendant(s)/ respondent(s) should appear in person or through counsel on 29-09-2025 at 10:00 a.m.

For details logon to https://highcourtchd.gov.in/?mod=district_notice&district=mogacourt

Civil Judge (Junior Division)
Ludhiana
Dated, this day of 06-09-2025

## ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ/ਦੋਮ ਦਸੂਹਾ।
Mail Id:- tehsildasuya@gmail.com
ਦਰੁਸਤੀ ਗਿਰਦਾਵਰੀ
ਵਾਕਿਆ ਰਕਬਾ ਪਿੰਡ ਪੰਨਵਾ/109,
ਤਹਿਸੀਲ ਦਸੂਹਾ ਜ਼ਿਲ੍ਹਾ ਹੁਸ਼ਿਆਰਪੁਰ।

ਉਪਰੋਕਤ ਮੁਕੱਦਮੇ ਵਿੱਚ ਹੇਠ ਲਿਖੇ ਵਿਅਕਤੀ ਦੀ ਇਤਲਾਹ ਸਧਾਰਨ ਤਰੀਕੇ ਨਾਲ ਨਹੀਂ ਹੋ ਸਕਦੀ। ਇਸ ਲਈ ਉੱਤਰਵਾਦੀਆਂ ਨੂੰ ਅਖ਼ਬਾਰ ਨੋਟਿਸ/ਇਸ਼ਤਿਹਾਰ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਮਿਤੀ 23.09.2025 ਨੂੰ ਬਾਅਦ ਦੁਪਹਿਰ 3.00 ਵਜੇ ਅਸਾਲਤਨ ਜਾਂ ਵਕਾਲਤਨ ਇਸ ਕੇਸ ਦੀ ਪੈਰਵੀ ਲਈ ਇਸ ਅਦਾਲਤ ਵਿੱਚ ਹਾਜ਼ਰ ਹੋਣ। ਹਾਜ਼ਰ ਨਾ ਆਉਣ ਦੀ ਸੂਰਤ ਵਿੱਚ ਇੱਕਤਰਫਾ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ ਅਤੇ ਬਾਅਦ ਵਿੱਚ ਕੋਈ ਇਤਰਾਜ਼/ਉਜ਼ਰ ਮੰਨਣਯੋਗ ਨਹੀਂ ਹੋਵੇਗਾ।

ਅੱਜ ਮਿਤੀ 10.09.2025 ਨੂੰ ਮੇਰੇ ਦਸਤਖਤਾਂ ਅਤੇ ਮੋਹਰ ਨਾਲ ਇਹ ਨੋਟਿਸ ਜਾਰੀ ਕੀਤਾ ਗਿਆ।

ਸਹੀ/-ਸਹਾਇਕ ਕੁਲੈਕਟਰ ਦਰਜਾ ਦੋਮ, ਦਸੂਹਾ
ਨੰ: 1631/ਆਰ-1 ਮਿਤੀ : 09.09.25

ਦੂਸਰੀ ਧਿਰ ਦਾ ਨਾਮ :
1) ਗੁਰਮੇਲ ਸਿੰਘ ਪੁੱਤਰ ਭਾਨ ਸਿੰਘ ਪੁੱਤਰ ਦਲੀਪਾ, 2) ਰਾਵਲ ਸਿੰਘ ਪੁੱਤਰਾਨ ਭਾਨ ਸਿੰਘ ਪੁੱਤਰ ਦਲੀਪਾ, 3) ਮਲਕੀਤ ਸਿੰਘ ਪੁੱਤਰ ਸ਼ੰਕਰ ਸਿੰਘ ਪੁੱਤਰ ਸੰਤਾ ਸਿੰਘ, ਸਾਰੇ ਵਾਸੀਆਨ ਪਿੰਡ ਪੰਨਵਾ ਤਹਿਸੀਲ ਦਸੂਹਾ ਜ਼ਿਲ੍ਹਾ ਹੁਸ਼ਿਆਰਪੁਰ।

## COURT NOTICE

(U/o 5 Rule 20 CPC)
In The Court of Sh. Akbar Khan
Additional Civil Judge (Senior Division), Guruharsahai
CNR No. :- PBFZD0-000276-2024
Next Date:-16-10-2025
Punjab National Bank Branch at Guruharsahai, Distt. Ferozepur through its Principal Officer Ms. Prateesh Kumar Das
Vs.
Sunil Kumar
Recovery of Rs. 10,38,381.43/-

Publication Issued To:
1. Sunil Kumar S/o Late Manohar Lal. Adarsh Nagar, Mandi Guruharsahai,Teh. Guruharsahai, Distt. Ferozepur
2. Monika W/o Sunil Kumar S/o Late Manohar Lal Residence of Adarsh Nagar, Mandi Guruharsahai, Teh. Guruharsahai, Distt. Ferozepur. Now both Resident at Paras Colony Near Gopal Ji Chonk, Kothi No. 306, Kharar.

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 16-10-2025 at 10.00 a.m.

For details logon to https://highcourtchd.gov.in/?mod=district_notice&district=mogacourt.

Additional Civil Judge (Senior Division), Guruharsahai
Dated, this day of 08-09-2025

## COURT NOTICE

(138 of Negotiable Instruments Act)
In the Court of
**MS. Lovepreet Kaur Swaich**
Judicial Magistrate-1st Class, Ludhiana
CNR No. PBLD03-048979-2024
Coma/45056/2024
Kotak Mahindra Bank
VS
Sumit Sharma

1) Sumit Sharma R/o H. No. 7-A Kalia Colony Jalandhar 144008

Whereas it has been proved to the satisfaction of this court that you the accused above named cannot be served in the ordinary way of service. Hence this proclamation under section 82 CRPC is hereby issued against with a direction that you should appear personally before the court on 15.10.2025 at 10.00 A.M. or within 30 days from the date of publication of this proclamation.

Take notice that, in default of your part to appear as directed above the above said case will be heard and determined as per law in your absence.

Given under my hand and seal of the court

For details logon to https://highcourtchd.gov.in/?trs=district_notice&district= Ludhiana

Judicial Magistrate-1st Class
Ludhiana
Dated, this day of 08-09-2025

11 Sep Page 8.qxd 9/10/2025 10:27 PM Page 1



# ਧਰਨੇ ਦੇ ਕੇ ਪ੍ਰਧਾਨ ਮੰਤਰੀ ਤੇ ਮੁੱਖ ਮੰਤਰੀ ਨੂੰ ਮੰਗ ਪੱਤਰ ਭੇਜੇ ਜਾਣਗੇ

● ਮਨਰੇਗਾ ਮਜ਼ਦੂਰਾਂ ਦਾ 7 ਕਰੋੜ ਰੁਪਏ ਦਾ ਬਕਾਇਆ ਉਨ੍ਹਾਂ ਦੇ ਖਾਤਿਆਂ 'ਚ ਫੌਰੀ ਭੇਜਿਆ ਜਾਵੇ : ਤਰਸੇਮ ਪੀਟਰ

**ਮਹਿਤਪੁਰ (ਰਾਜਾ)**- ਮੁੱਖ ਮੰਤਰੀ ਪੰਜਾਬ ਵੱਲੋਂ ਪੰਜਾਬ ਵਿੱਚ ਆਏ ਹੜ੍ਹ ਅਤੇ ਬਾਰਿਸ਼ਾਂ ਤੋਂ ਪ੍ਰਭਾਵਿਤ ਲੋਕਾਂ ਲਈ ਕੀਤੇ ਗਏ ਐਲਾਨ ਵਿੱਚ ਪੇਂਡੂ ਮਜ਼ਦੂਰਾਂ ਨੂੰ ਅਣਗੌਲਿਆਂ ਕਰਨ ਦੇ ਵਿਰੋਧ ਵਿੱਚ 11 ਤੇ 12 ਸਤੰਬਰ ਨੂੰ ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਦੇ ਸੱਦੇ 'ਤੇ ਤਹਿਸੀਲ ਤੇ ਜ਼ਿਲ੍ਹਾ ਹੈਡਕੁਆਟਰਾਂ 'ਤੇ ਸਾਰੇ ਪੰਜਾਬ ਵਿੱਚ ਧਰਨੇ ਦੇ ਕੇ ਪ੍ਰਧਾਨ ਮੰਤਰੀ ਅਤੇ ਮੁੱਖ ਮੰਤਰੀ ਪੰਜਾਬ ਨੂੰ ਮੰਗ ਪੱਤਰ ਭੇਜੇ ਜਾਣਗੇ। ਇਸੇ ਕੜੀ ਵਜੋਂ 12 ਸਤੰਬਰ ਨੂੰ ਨਕੋਦਰ ਤਹਿਸੀਲ ਵਿੱਚ ਸੈਂਕੜੇ ਗਿਣਤੀ ਵਿੱਚ ਮਜ਼ਦੂਰ ਪਹੁੰਚ ਕੇ ਮੰਗ ਪੱਤਰ ਦੇਣਗੇ। ਪੇਂਡੂ ਮਜ਼ਦੂਰ ਯੂਨੀਅਨ ਵੱਲੋਂ ਵੱਖ-ਵੱਖ ਪਿੰਡਾਂ ਵਿੱਚ ਮਜ਼ਦੂਰਾਂ ਨੂੰ ਲਾਮਬੰਦ ਕਰਨ ਲਈ ਰੈਲੀਆਂ ਕੀਤੀਆਂ ਗਈਆਂ। ਪੇਂਡੂ ਮਜ਼ਦੂਰ ਯੂਨੀਅਨ ਦੇ ਆਗੂ ਵਿਜੇ ਬਾਠ ਨੇ ਕਿਆ ਕਿ 12 ਸਤੰਬਰ ਨੂੰ ਨਕੋਦਰ ਵਿਚ ਸੈਂਕੜੇ ਮਜ਼ਦੂਰ ਯੂਨੀਅਨ ਦੀ ਅਗਵਾਈ ਹੇਠ ਪਹੁੰਚਣਗੇ। ਇਸ ਮੌਕੇ ਪੇਂਡੂ ਮਜ਼ਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਤਰਸੇਮ ਪੀਟਰ ਨੇ ਵੱਖ ਵੱਖ ਪਿੰਡ ਜਿਸ ਵਿੱਚ ਕਰਸ਼ੈਦਪੁਰ, ਮੰਡਿਆਲਾ, ਰਾਏਪੁਰ ਗੁੱਜਰਾਂ, ਵੇਹਰਾਂ, ਸੰਗੋਵਾਲ, ਉਧੋਵਾਲ ਸਮੇਤ ਇੱਕ ਦਰਜਨ ਪਿੰਡਾਂ ਦੇ ਮਜ਼ਦੂਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਬੇਸ਼ੱਕ ਮੁੱਖ ਮੰਤਰੀ ਪੰਜਾਬ ਨੇ ਜਿਹੜੀ ਰਾਹਤ ਦਾ ਐਲਾਨ ਕੀਤਾ ਹੈ, ਉਹ ਕਿਸਾਨਾਂ ਦੇ ਹੋਏ ਨੁਕਸਾਨ ਦੀ ਭਰਪਾਈ ਨਹੀਂ ਕਰ ਪਾਏਗਾ। ਪਰ ਸਿਤਮ ਦੀ ਗੱਲ ਇਹ ਹੈ ਕਿ ਉਨ੍ਹਾਂ ਦੇ ਐਲਾਨ ਵਿੱਚ ਮਜ਼ਦੂਰਾਂ ਨੂੰ ਕੋਈ ਫੌਰੀ ਰਾਹਤ ਨਹੀਂ ਐਲਾਨੀ ਗਈ। ਜਿਸ ਨੂੰ ਲੈ ਕੇ ਮਜ਼ਦੂਰਾਂ ਵਿੱਚ ਕਾਫੀ ਰੋਸ ਪਾਇਆ ਜਾ ਰਿਹਾ ਹੈ। ਉਹਨਾਂ ਨੇ ਕਿਹਾ ਕਿ ਜਿੱਥੇ ਹੜ੍ਹ ਨਾਲ ਵੱਡੀ ਤਬਾਹੀ ਹੋਈ ਉੱਥੇ ਲਗਾਤਾਰ ਕਈ ਦਿਨਾਂ ਤੋਂ ਹੋਈ ਬਾਰਿਸ਼ ਨਾਲ ਕੱਚੀਆਂ ਅਤੇ ਬਾਲੇ ਗਾਡਰਾਂ ਵਾਲੀਆਂ ਛੱਤਾਂ ਲਗਾਤਾਰ ਚੋਣ ਕਾਰਨ ਜਾਂ ਤਾਂ ਡਿੱਗ ਗਈਆਂ ਹਨ ਜਾਂ ਰਹਿਣ ਦੇ ਯੋਗ ਨਹੀਂ ਰਹੀਆਂ। ਉਹਨਾਂ ਕਿਹਾ ਕਿ ਸਾਰੇ ਪੰਜਾਬ ਵਿੱਚ ਮਜ਼ਦੂਰਾਂ ਦਾ ਵੀ ਵੱਡਾ ਜਾਨੀ ਤੇ ਮਾਲੀ ਨੁਕਸਾਨ ਹੋਇਆ ਹੈ। ਉਹਨਾਂ ਨੇ ਇਸ ਲਈ ਕੇਂਦਰ ਤੇ ਪੰਜਾਬ ਸਰਕਾਰ ਨੂੰ ਦੋਸ਼ੀ ਠਹਿਰਾਉਂਦਿਆਂ ਕਿਹਾ ਕਿ ਜੇ 17 ਫਰਵਰੀ ਤੋਂ 31 ਮਾਰਚ ਤੱਕ ਸਾਰੇ ਪੰਜਾਬ ਵਿੱਚ ਕੱਚੀਆਂ ਅਤੇ ਗਾਡਰ ਵਾਲਿਆਂ ਵਾਲੀਆਂ ਛੱਤਾਂ ਦੇ ਕੀਤੇ ਗਏ ਸਰਵੇ ਤੋਂ ਬਾਅਦ ਪ੍ਰਧਾਨ ਮੰਤਰੀ ਆਵਾਜ ਯੋਜਨਾ ਤਹਿਤ ਦਰਖਾਸਤਾਂ ਆਨਲਾਈਨ ਕਰਵਾਈਆਂ ਸਨ। ਜੇ ਮਕਾਨਾਂ ਲਈ ਪ੍ਰਧਾਨ ਮੰਤਰੀ ਅਵਾਜ਼ ਯੋਜਨਾ ਦੀ ਗਰਾਂਟ ਜਾਰੀ ਕਰ ਦਿੱਤੀ ਜਾਂਦੀ ਤਾਂ ਮਜ਼ਦੂਰਾਂ ਦੇ ਘਰਾਂ ਦਾ ਬਾਰਿਸ਼ਾਂ ਨਾਲ ਕੋਈ ਵੱਡਾ ਨੁਕਸਾਨ ਨਾ ਹੁੰਦਾ। ਸਰਕਾਰਾਂ ਵੱਲੋਂ ਭੇਜੇ ਜਾਣੇ ਵਾਲੇ ਮੰਗ ਪੱਤਰ ਵਿੱਚ ਮੰਗ ਕੀਤੀ ਜਾਵੇਗੀ ਕੀ ਪੂਰੀ ਤਰ੍ਹਾਂ ਡਿੱਗੇ ਘਰਾਂ ਲਈ 15 ਲੱਖ ਰੁਪਿਆ, ਨੁਕਸਾਨੀਆਂ ਗਈਆਂ ਛੱਤਾਂ ਲਈ 10 ਲੱਖ ਰੁਪਿਆ ਅਤੇ ਫੌਰੀ ਰਾਹਤ ਵਜੋਂ ਮਜ਼ਦੂਰਾਂ ਨੂੰ 5000 ਰੁਪਿਆ ਬੇਰੁਜ਼ਗਾਰੀ ਭੱਤਾ ਦਿੱਤਾ ਜਾਵੇ। ਮਜ਼ਦੂਰਾਂ ਨੇ ਇੱਕ ਮਤਾ ਪਾਸ ਕਰਕੇ ਜਲੰਧਰ ਜ਼ਿਲ੍ਹੇ ਵਿੱਚ ਮਨਰੇਗਾ ਮਜ਼ਦੂਰਾਂ ਦਾ 7 ਕਰੋੜ ਰੁਪਏ ਦਾ ਬਕਾਇਆ ਉਹਨਾਂ ਦੇ ਖਾਤਿਆਂ ਵਿੱਚ ਫੌਰੀ ਭੇਜਿਆ ਜਾਵੇ ਅਤੇ ਸਾਰੇ ਬੇਰੋਜ਼ਗਾਰਾਂ ਮਜ਼ਦੂਰਾਂ ਨੂੰ ਮਨਰੇਗਾ ਹੇਠ ਘੱਟੋ ਘੱਟ 200 ਦਿਨ ਕੰਮ ਦਿੱਤਾ ਜਾਵੇ। ਇਸ ਮੌਕੇ ਬਖਸ਼ੋ ਖਰਸ਼ੈਦਪੁਰ, ਸੋਮਾ ਰਾਣੀ, ਬਖਸ਼ੋ ਮੰਡਿਆਲਾ, ਹਰਵਿੰਦਰ ਕੌਰ, ਕੁਲਵੰਤ ਕੌਰ ਡੈਨੀਅਲ ਆਦਿ ਨੇ ਸੰਬੋਧਨ ਕੀਤਾ।



# ਹੜ੍ਹ ਪ੍ਰਭਾਵਿਤ ਇਲਾਕਿਆਂ 'ਚ ਦੁਆਬਾ ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਡਿਊਟੀਆਂ ਲਈ ਤਿਆਰ



**ਕਾਲਾ ਸੰਘਿਆ (ਮਨਜੀਤ ਮਾਨ)**- ਮੌਜੂਦਾ ਸਮੇਂ ਵਿੱਚ ਪੰਜਾਬ ਦੇ ਵਿੱਚ ਆਏ ਹੋਏ ਭਿਆਨਕ ਹੜ੍ਹਾਂ ਨੇ ਜਿੱਥੇ ਜਨ ਜੀਵਨ ਪ੍ਰਭਾਵਿਤ ਕੀਤਾ ਹੋਇਆ ਹੈ ਉਥੇ ਭਿਆਨਕ ਬਿਮਾਰੀਆਂ ਦੀ ਵਧਣ ਦੇ ਖਦਸ਼ਿਆਂ ਨੇ ਪ੍ਰਸ਼ਾਸਨ ਦੇ ਨਾਲ-ਨਾਲ ਬੁੱਧੀਜੀਵੀਆਂ ਨੂੰ ਚਿੰਤਤ ਕੀਤਾ ਹੋਇਆ ਹੈ। ਜਥੇਬੰਦੀ ਦੇ ਮੁੱਖ ਬੁਲਾਰੇ ਮਨੀਸ਼ ਕੁਮਾਰ ਸ਼ਰਮਾ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਕਿਹਾ ਕਿ ਸਾਡੇ ਜ਼ਿਲ੍ਹਾ ਪ੍ਰਧਾਨ ਡਾਕਟਰ ਰਜੀਵ ਸ਼ਰਮਾ ਅਤੇ ਕਾਲਾ ਸੰਘਿਆਂ ਦੇ ਪ੍ਰਧਾਨ ਬਲੌਰ ਖ਼ਾਨ ਦੇ ਹੁਕਮਾਂ ਅਨੁਸਾਰ ਸਾਡੇ ਸਾਰੇ ਡਾਕਟਰ ਸਾਹਿਬਾਨ ਆਪਣੀਆਂ ਡਿਊਟੀਆਂ ਲਈ ਤਿਆਰ ਬਰ ਤਿਆਰ ਹਨ। ਜਿਵੇਂ ਕਿ 2023 ਦੇ ਹੜ੍ਹਾਂ ਸਮੇਂ ਜਥੇਬੰਦੀ ਨੇ ਮੋਢੇ ਨਾਲ ਮੋਢਾ ਜੋੜ ਕੇ ਸਮਾਜ ਤੇ ਪ੍ਰਸ਼ਾਸਨ ਦਾ ਸਹਿਯੋਗ ਕੀਤਾ ਸੀ । ਇਸ ਵਾਰ ਵੀ ਸਾਡੀ ਜਥੇਬੰਦੀ ਦੇ ਆਗੂ ਸਾਹਿਬਾਨ ਅਤੇ ਮੈਂਬਰਾਂ ਨੇ ਫੰਡ ਇਕੱਠਾ ਕੀਤਾ ਹੈ ਜੋ ਕਿ ਹੜ੍ਹ ਪ੍ਰਭਾਵਤ ਖੇਤਰਾਂ ਨੂੰ ਸੂਝ ਬੂਝ ਨਾਲ ਵਰਤਿਆ ਜਾ ਰਿਹਾ ਹੈ । ਸਾਡੀ ਜਥੇਬੰਦੀ ਹਰ ਹਾਲਤ ਵਿੱਚ ਪੰਜਾਬ ਦੇ ਲੋਕਾਂ ਨਾਲ ਖੜ੍ਹੀ ਹੈ ਅਤੇ ਮੁਢਲੀ ਸਹਾਇਤਾ ਦੇ ਲਈ ਹਮੇਸ਼ਾ ਤਿਆਰ ਹੈ ਅਤੇ ਸੇਵਾ ਭਾਵਨਾ ਲਈ ਲਾਮਬੰਦ ਹਨ । ਇਸ ਮੌਕੇ ਜਥੇਬੰਦੀ ਦੇ ਜਰਨਲ ਸਕੱਤਰ ਸੁਰਜੀਤ ਸਿੰਘ, ਸਾਬਕਾ ਪ੍ਰਧਾਨ ਬਲਕਾਰ ਸਿੰਘ ਲਾਲਕਾ, ਹਰਜੀਤ ਸਿੰਘ, ਬਲਵੀਰ ਸਿੰਘ, ਸੋਮਨਾਥ, ਬਲਵਿੰਦਰ ਸਿੰਘ ਢਿੱਲੋਂ, ਜਸਵਿੰਦਰ ਸਿੰਘ ਚਾਹਲ, ਬਲਬੀਰ ਥਾਪਰ, ਸੁਖਜਿੰਦਰ ਮੱਟੂ ਅਤੇ ਹੋਰ ਡਾਕਟਰ ਸਾਹਿਬਾਨ ਹਾਜ਼ਰ ਸਨ ।

# 121ਵਾਂ ਛਿੰਝ ਮੇਲਾ 17-18 ਨੂੰ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਸ਼ਹਿਰ ਨੂਰਮਹਿਲ ਅਤੇ ਇਲਾਕੇ ਦੇ ਲੋਕਾਂ ਦੀ ਸੁੱਖ ਸ਼ਾਂਤੀ ਵਾਸਤੇ ਅਤੇ ਲੱਖ ਦਾਤਾ ਜੀ ਦੇ ਨਾਂ 'ਤੇ ਛਿੰਝ ਕਮੇਟੀ ਨੂਰਮਹਿਲ ਵਲੋਂ ਐਨ ਆਰ ਆਈ ਵੀਰਾਂ, ਸਮੂਹ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ 121 ਵਾਂ ਛਿੰਝ ਮੇਲਾ ਨੂਰਮਹਿਲ ਵਿਖੇ 17 ਅਤੇ 18 ਸਤੰਬਰ ਨੂੰ ਕਰਵਾਇਆ ਜਾ ਰਿਹਾ ਹੈ। ਕੌਂਸਲਰ ਰਾਜੀਵ ਮਿਸ਼ਰ ਪ੍ਰਧਾਨ ਛਿੰਝ ਕਮੇਟੀ ਨੂਰਮਹਿਲ ਨੇ ਦੱਸਿਆ ਕਿ ਇਸ ਮੇਲੇ ਵਿੱਚ ਵੱਖ ਵੱਖ ਡੇਰਿਆਂ ਤੋਂ ਮਹਾਪੁਰਸ਼ ਪਹੁੰਚ ਰਹੇ ਹਨ।ਇਸ ਛਿੰਝ ਮੇਲੇ ਦੇ ਮੁੱਖ ਮਹਿਮਾਨ ਚਰਨਜੀਤ ਸਿੰਘ ਚੰਨੀ ਐਮ ਪੀ ਜ਼ਿਲ੍ਹਾ ਜਲੰਧਰ, ਬੀਬੀ ਇੰਦਰਜੀਤ ਕੌਰ ਮਾਨ ਹਲਕਾ ਵਿਧਾਇਕ ਨਕੋਦਰ, ਜਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ ਸਾਬਕਾ ਵਿਧਾਇਕ, ਡਾ. ਨਵਜੋਤ ਸਿੰਘ ਦਾਹੀਆ ਕਾਂਗਰਸ ਹਲਕਾ ਇੰਚਾਰਜ ਨਕੋਦਰ ਅਤੇ ਅਦਿੱਤਿਆ ਭਟਿਆਰਾ ਬੀ ਜੇ ਪੀ ਇੰਚਾਰਜ ਹਲਕਾ ਨਕੋਦਰ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨਗੇ।ਇਸ ਛਿੰਝ ਦੇ ਅਖਾੜੇ ਵਿੱਚ ਪੰਜਾਬ ਦੇ ਇੰਟਰਨੈਸ਼ਨਲ ਪਹਿਲਵਾਨ ਆਪਣੇ ਕੁਸ਼ਤੀਆਂ ਦੇ ਜੌਹਰ ਦਿਖਾਉਣਗੇ। ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾਵੇਗਾ।

# ਇਨੋਸੈਂਟ ਹਾਰਟਸ ਦੇ ਪੰਜ ਸੰਸਥਾਨਾਂ ਤੇ ਕਾਲਜਾਂ 'ਚ ਫੋਗਿੰਗ ਮੁਹਿੰਮ

**ਜਲੰਧਰ (ਸ਼ੈਲੀ ਐਲਬਰਟ)**- ਪੰਜਾਬ ਵਿੱਚ ਹਾਲ ਹੀ ਵਿੱਚ ਹੋਈ ਭਾਰੀ ਵਰਖਾ ਅਤੇ ਇਸ ਨਾਲ ਜੁੜੀਆਂ ਸਿਹਤ ਸੰਬੰਧੀ ਸਮੱਸਿਆਵਾਂ ਨੂੰ ਧਿਆਨ ਵਿੱਚ ਰੱਖਦਿਆਂ, ਬੌਰੀ ਮੈਮੋਰੀਅਲ ਐਜੂਕੇਸ਼ਨਲ ਐਂਡ ਮੈਡੀਕਲ ਟਰੱਸਟ ਵੱਲੋਂ ਚਲਾਏ ਜਾ ਰਹੇ ਦਿਸ਼ਾ ਐਨ ਇਨੀਸ਼ੀਏਟਿਵ ਦੇ ਤਹਿਤ ਟਰੱਸਟ ਦੇ ਅਧੀਨ ਆਉਂਦੇ ਇੰਨੋਸੈਂਟ ਹਾਰਟਸ ਦੇ ਸਾਰੇ ਪੰਜਾਂ ਸਕੂਲਾਂ ਤੇ ਕਾਲਜਾਂ ਵਿੱਚ ਫੋਗਿੰਗ ਮੁਹਿੰਮ ਚਲਾਈ ਗਈ। ਇਸ ਮੁਹਿੰਮ ਦਾ ਉਦੇਸ਼ ਵਿਦਿਆਰਥੀਆਂ, ਅਧਿਆਪਕਾਂ ਅਤੇ ਕਰਮਚਾਰੀਆਂ ਦੀ ਸਿਹਤ ਅਤੇ ਸੁਰੱਖਿਆ ਨੂੰ ਯਕੀਨੀ ਬਣਾਉਣਾ ਅਤੇ ਡੇਂਗੂ, ਮਲੇਰੀਆ ਅਤੇ ਚਿਕਨਗੁਨਿਆ ਵਰਗੀਆਂ ਮੱਛਰ-ਜਨਿਤ ਬਿਮਾਰੀਆਂ ਤੋਂ ਬਚਾਵ ਕਰਨਾ ਹੈ।



# ਸੰਗਤਾਂ ਦੀਆਂ ਭਾਵਨਾਵਾਂ ਨੂੰ ਧਿਆਨ 'ਚ ਰੱਖਦੇ ਹੋਏ ਪੁਲਸ ਕਰੇ ਕਾਰਵਾਈ : ਕਰੀਮਪੁਰੀ





**ਫਿਲੌਰ (ਨਿਰਮਲ)**- ਬੀਤੇ ਦਿਨ ਹਲਕਾ ਫਿਲੌਰ ਦੇ ਪਿੰਡ ਧੁਲੇਤਾ ਵਿਖੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਗੁਰੂਘਰ ਦੀ ਚਾਰਦੀਵਾਰੀ ਨੂੰ ਤੋੜਨ ਵਾਲੇ ਮਾਮਲੇ ਵਿਚ ਹਲੇ ਤੱਕ ਪੁਲਸ ਵੱਲੋਂ ਕੋਈ ਢੁੱਕਵੀ ਕਾਨੂੰਨੀ ਕਾਰਵਾਈ ਨਾ ਕੀਤੇ ਜਾਣ ਕਾਰਨ ਸ੍ਰੀ ਗੁਰੂ ਰਵਿਦਾਸ ਨਾਮਲੇਵਾ ਸੰਗਤਾਂ ਵਿਚ ਭਾਰੀ ਰੋਸ ਪਾਇਆ ਜਾ ਰਿਹਾ ਹੈ ਇਸ ਗੰਭੀਰ ਮੁੱਦੇ ਨੂੰ ਲੈ ਕੇ ਬਹੁਜਨ ਸਮਾਜ ਪਾਰਟੀ ਵੱਲੋਂ ਸੰਘਰਸ਼ ਕੀਤਾ ਜਾ ਰਿਹਾ ਹੈ। ਮੰਗਲਵਾਰ ਨੂੰ ਬਹੁਜਨ ਸਮਾਜ ਪਾਰਟੀ ਦੇ ਆਗੂਆਂ ਵਰਕਰਾਂ ਅਤੇ ਹੋਰ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਉਪਾਸਕਾ ਵੱਲੋਂ ਡੀ.ਐਸ.ਪੀ. ਦਫਤਰ ਅੱਗੇ ਆਵਾਜਾਈ ਠੱਪ ਕੀਤੀ ਗਈ ਅਤੇ ਉਪਰੰਤ ਐਸ.ਡੀ. ਐਮ.ਦਫਤਰ ਅੱਗੇ 9 ਵਜੇ ਤੋਂ ਲੈ ਕੇ ਬਾਅਦ ਦੁਪਹਿਰ ਤਕ ਨਾਅਰੇਬਾਜ਼ੀ ਕਰ ਧਰਨਾ ਪ੍ਰਦਰਸ਼ਨ ਕੀਤਾ ਗਿਆ। ਇਸ ਧਰਨੇ ਦੀ ਅਗਵਾਈ ਕਰਦੇ ਬਸਪਾ ਪੰਜਾਬ ਦੇ ਪ੍ਰਧਾਨ ਅਵਤਾਰ ਸਿੰਘ ਕਰੀਮਪੁਰੀ ਨੇ ਪੁਲਸ ਪ੍ਰਸ਼ਾਸ਼ਨ ਉੱਪਰ ਰੋਸ ਜਾਹਰ ਕਰਦਿਆਂ ਕਿਹਾ ਕੇ ਇੰਨੇ ਦਿਨ ਬੀਤ ਜਾਣ ਦੇ ਬਾਵਜੂਦ ਵੀ ਗੁਰੂਘਰ ਦੀ ਚਾਰਦੀਵਾਰੀ ਨਾਲ ਛੇੜਛਾੜ ਕਰਨ ਵਾਲੇ ਉਕਤ ਵਿਅਕਤੀਆਂ ਵਿਰੁੱਧ ਪੁਲਸ ਵੱਲੋਂ ਕੋਈ ਕਾਨੂੰਨੀ ਕਾਰਵਾਈ ਅਮਲ ਵਿੱਚ ਨਹੀਂ ਲਿਆਂਦੀ ਗਈ ਜਿਸ ਕਾਰਨ ਸਮੁੱਚੇ ਸਮਾਜ ਵਿਚ ਰੋਸ ਦੀ ਲਹਿਰ ਹੈ ਅਤੇ ਪੁਲਿਸ ਦੀ ਕਾਰਗੁਜ਼ਾਰੀ ਤੇ ਸਵਾਲੀਆ ਨਿਸ਼ਾਨ ਹੈ। ਉਨ੍ਹਾਂ ਇਸ ਮਾਮਲੇ ਵਿੱਚ ਗੰਭੀਰਤਾ ਪ੍ਰਗਟ ਕਰਦਿਆਂ ਕਿਹਾ ਕਿ ਜੇਕਰ ਇਹੀ ਹਾਲਤ ਰਹੇ ਤਾ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਕੇ ਸਨਮਾਨ ਮੇਂ ਬੀ.ਐਸ.ਪੀ. ਮੈਦਾਨ ਮੇਂ ਦੇ ਨਾਹਰੇ ਹੇਠ ਸੂਬਾ ਪੱਧਰ ਤੇ ਰੋਸ਼ ਪ੍ਰਦਰਸ਼ਨ ਕੀਤਾ ਜਾਵੇਗਾ ।ਉਹਨਾ ਚਿਤਾਵਨੀ ਦਿੰਦੇ ਹੋਏ ਇਹ ਗੱਲ ਆਖੀ ਕੇ ਜੇਕਰ ਇਸ ਮਸਲੇ ਦਾ ਕੋਈ ਢੁਕਵਾਂ ਹੱਲ ਨਾ ਕੀਤਾ ਗਿਆ ਤਾ ਆਉਣ ਵਾਲੀ 9 ਅਕਤੂਬਰ ਨੂੰ ਸੂਬਾ ਪੱਧਰ ਦੇ ਸਮਰਥਕਾਂ ਨਾਲ ਐਸ.ਡੀ.ਐਮ. ਦਫਤਰ ਵਿਖੇ ਧਾਰਨਾ ਲਗਾਇਆ ਜਾਵੇਗਾ। ਇਸ ਤੋਂ ਪਹਿਲਾ ਸ਼੍ਰੀ ਖੁਰਾਲਗੜ੍ਹ ਸਾਹਿਬ ਦੀ ਪਵਿੱਤਰ ਧਰਤੀ ਤੋਂ 20 ਅਤੇ 27 ਸਤੰਬਰ ਨੂੰ ਯਾਤਰਾ ਸ਼ੁਰੂ ਹੋਵੇਗੀ ਜੋ ਫਿਲੌਰ ਆ ਕੇ ਸਮਾਪਤ ਹੋਵੇਗੀ। ਇਸ ਮੌਕੇ ਡਾਕਟਰ ਨਛੱਤਰ ਪਾਲ ਐਮ.ਐਲ.ਏ., ਐਡਵੋਕੇਟ ਬਲਵਿੰਦਰ ਕੁਮਾਰ, ਤੀਰਥ ਰਾਜਪੁਰਾ , ਚੌਧਰੀ ਗੁਰਨਾਮ, ਲਾਲ ਚੰਦ ਔਜਲਾ ਜਨਰਲ ਸਕੱਤਰ, ਰਾਮ ਸਰੂਪ ਸਰੋਏ , ਗੁਰਮੇਲ ਚੁਮਬਰ, ਪ੍ਰਵੀਨ ਬੰਗਾ , ਦਲਜੀਤ ਰਾਏ ਜਿਲਾ ਪ੍ਰਧਾਨ ਹੋਸ਼ਿਆਰਪੁਰ , ਜਗਦੀਸ਼ ਸ਼ੇਰਪੁਰੀ , ਖੁਸ਼ੀ ਰਾਮ ਜਿਲਾ ਪ੍ਰਭਾਰੀ ਇੰਚਾਰਜ ਵਿਧਾਨ ਸਭਾ ਹਲਕਾ ਫਿਲੌਰ ਅਤੇ ਹੋਰ ਹਾਜ਼ਰ ਸਨ ।

# ਰਾਜ ਸਰਕਾਰ ਦਾ ਮੁਆਵਜ਼ੇ ਦਾ ਐਲਾਨ ਪੀੜਤਾਂ ਨਾਲ ਕੋਝਾ ਮਜ਼ਾਕ : ਸੇਖੋਂ

**ਜਲੰਧਰ** : ਪੰਜਾਬ ਵਿੱਚ ਹੜ੍ਹਾਂ ਦੀ ਮਾਰ ਨਾਲ ਹੋਈ ਤਬਾਹੀ ਦੀ ਭਰਪਾਈ ਲਈ ਰਾਜ ਸਰਕਾਰ ਵੱਲੋਂ ਐਲਾਨ ਕੀਤਾ ਮੁਆਵਜ਼ਾ ਤਾਂ ਰਾਹਤ ਤੋਂ ਵੀ ਥੱਲੇ ਪੀੜਤਾਂ ਨਾਲ ਇੱਕ ਤਰ੍ਹਾਂ ਕੋਝਾ ਮਜ਼ਾਕ ਹੈ। ਇਹ ਦੋਸ਼ ਲਾਉਂਦਿਆਂ ਸੀ ਪੀ ਆਈ ਐੱਮ ਪੰਜਾਬ ਦੇ ਸਕੱਤਰ ਕਾਮਰੇਡ ਸੁਖਵਿੰਦਰ ਸਿੰਘ ਸੇਖੋਂ ਨੇ ਕਿਹਾ ਕਿ ਇਸ ਤਬਾਹੀ ਦੀ ਗਿਰਦਾਵਰੀ ਤੇ ਨਿਸ਼ਾਨਦੇਹੀ ਕਰਵਾ ਕੇ ਸੌ ਫੀਸਦੀ ਮੁਆਵਜ਼ਾ ਦੇਣਾ ਚਾਹੀਦਾ ਹੈ, ਤਾਂ ਜੋ ਪੀੜਤ ਲੋਕ ਮੁੜ ਪੈਰਾਂ 'ਤੇ ਖੜ੍ਹੇ ਹੋ ਸਕਣ।ਕਾਮਰੇਡ ਸੇਖੋਂ ਨੇ ਕਿਹਾ ਕਿ ਭਾਵੇਂ ਬਾਰਸ਼ਾਂ ਸਦਕਾ ਇਸ ਨੂੰ ਕੁਦਰਤੀ ਆਫ਼ਤ ਮੰਨਿਆ ਗਿਆ ਹੈ, ਪਰ ਇਸ ਤਬਾਹੀ ਲਈ ਇੱਕ ਹੱਦ ਤੱਕ ਰਾਜ ਸਰਕਾਰਾਂ ਵੀ ਦੋਸ਼ੀ ਹਨ। ਜਿਹਨਾਂ ਨਾ ਡਰੇਨਾਂ ਦੀ ਸਫ਼ਾਈ ਕਰਵਾਈ, ਨਾ ਹੀ ਸੜਕਾਂ ਹੇਠਾਂ ਸਾਈਫਨ ਬਣਵਾਏ ਅਤੇ ਨਾ ਦਰਿਆਵਾਂ ਦਾ ਪਾਣੀ ਅੱਗੇ ਲੰਘਣ ਲਈ ਕੋਈ ਠੋਸ ਕਦਮ ਚੁੱਕੇ। ਇੱਥੇ ਹੀ ਬੱਸ ਨਹੀਂ ਡੈਮਾਂ ਵਿੱਚ ਵੀ ਵੱਡੀ ਮਾਤਰਾ ਵਿੱਚ ਪਾਣੀ ਇਕੱਠਾ ਕਰਕੇ ਇੱਕਦਮ ਛੱਡਿਆ। ਇਸ ਤਰ੍ਹਾਂ ਪੰਜਾਬ ਦੇ ਲੋਕਾਂ ਦੇ ਹੋਏ ਨੁਕਸਾਨ ਸਬੰਧੀ ਸਰਕਾਰਾਂ ਵੀ ਜੁੰਮੇਵਾਰ ਹਨ ਅਤੇ ਹੁਣ ਸਰਕਾਰਾਂ ਦਾ ਫ਼ਰਜ਼ ਬਣਦਾ ਹੈ ਕਿ ਪੀੜਤ ਲੋਕਾਂ ਨੂੰ ਮੁੜ ਪੈਰਾਂ 'ਤੇ ਖੜ੍ਹਾ ਕਰਨ ਲਈ ਵੱਡੇ ਹਿਰਦੇ ਨਾਲ ਮੁਆਵਜ਼ਾ ਦੇਵੇ।ਸੂਬਾ ਸਕੱਤਰ ਨੇ ਕਿਹਾ ਕਿ ਰਾਜ ਸਰਕਾਰ ਵੱਲੋਂ ਵੀਹ ਹਜ਼ਾਰ ਰੁਪਏ ਪ੍ਰਤੀ ਏਕੜ ਫ਼ਸਲ ਦਾ ਮੁਆਵਜ਼ਾ ਦੇਣਾ ਤਾਂ ਬਿਜਾਈ ਦਾ ਮੁੱਲ ਵੀ ਨਹੀਂ ਮੋੜਦਾ।ਪਿਛਲੇ ਸਮੇਂ ਨਕਲੀ ਸ਼ਰਾਬ ਪੀ ਕੇ ਮਰਨ ਵਾਲਿਆਂ ਨੂੰ ਵੀ ਸਰਕਾਰ ਨੇ ਦਸ ਦਸ ਲੱਖ ਰੁਪਏ ਦਿੱਤੇ ਸਨ, ਪਰ ਅੱਜ ਕੁਦਰਤੀ ਆਫ਼ਤ ਦੀ ਭੇਟ ਚੜ੍ਹੇ ਕਿਸਾਨਾਂ ਨੂੰ ਚਾਰ ਲੱਖ ਮੁਆਵਜ਼ਾ ਦੇਣਾ ਤਾਂ ਕੋਝਾ ਮਜ਼ਾਕ ਹੀ ਮੰਨਿਆ ਜਾ ਸਕਦਾ ਹੈ।ਕਾਮਰੇਡ ਸੇਖੋਂ ਨੇ ਕਿਹਾ ਕਿ ਘਰਾਂ ਅਤੇ ਪਸ਼ੂ ਧਨ ਦੇ ਨੁਕਸਾਨ ਦਾ ਮੁਆਵਜ਼ਾ ਦੇਣ ਲਈ ਭਗਵੰਤ ਸਰਕਾਰ ਵੱਲੋਂ ਕਿਸੇ ਪੈਮਾਨੇ ਦਾ ਐਲਾਨ ਨਹੀਂ ਕੀਤਾ ਗਿਆ ਅਤੇ ਮਜ਼ਦੂਰਾਂ ਦੇ ਨੁਕਸਾਨ ਬਾਰੇ ਵੀ ਚੁੱਪ ਵੱਟ ਲਈ ਹੈ, ਜਦੋਂ ਕਿ ਗਰੀਬ ਕਿਰਤੀਆਂ ਮਜ਼ਦੂਰਾਂ ਦੇ ਘਰਾਂ ਅਤੇ ਮਾਲ ਡੰਗਰ ਦਾ ਵੀ ਭਾਰੀ ਨੁਕਸਾਨ ਹੋਇਆ ਹੈ। ਉਹਨਾਂ ਮੰਗ ਕੀਤੀ ਕਿ ਨੁਕਸਾਨ ਦਾ ਜਾਇਜ਼ਾ ਲੈਣ ਲਈ ਗਿਰਦਾਵਰੀ ਅਤੇ ਨਿਸ਼ਾਨਦੇਹੀ ਕਰਵਾ ਕੇ ਕਿਸਾਨਾਂ ਤੇ ਮਜ਼ਦੂਰਾਂ ਨੂੰ ਸੌ ਫੀਸਦੀ ਮੁਆਵਜ਼ਾ ਦਿੱਤਾ ਜਾਵੇ। 'ਜਿਸਦਾ ਖੇਤ ਉਸ ਦੀ ਰੇਤ' ਨੀਤੀ ਭਾਵੇਂ ਕਿਸਾਨਾਂ ਦੀ ਮੰਗ ਅਨੁਸਾਰ ਹੈ, ਪਰ ਇਸ ਨੂੰ ਸਮਾਂਬੱਧ ਕਰਨਾ ਜਾਇਜ਼ ਨਹੀਂ। ਬਹੁਤ ਇਲਾਕਿਆਂ ਵਿੱਚ ਤਾਂ ਕਈ ਕਈ ਮਹੀਨੇ ਪਾਣੀ ਖੜ੍ਹਾ ਰਹੇਗਾ ਅਤੇ ਰੇਤ ਚੁੱਕਣ ਦਾ ਸਮਾਂ ਨਹੀਂ ਲੱਗ ਸਕੇਗਾ। ਇਸ ਲਈ ਸਮੇਂ ਦੀ ਪਾਬੰਦੀ ਖਤਮ ਕਰਨੀ ਚਾਹੀਦੀ ਹੈ।ਕਾਮਰੇਡ ਸੇਖੋਂ ਨੇ ਕਿਹਾ ਕਿ ਹਰ ਸਾਲ ਦਰਿਆਵਾਂ, ਨਹਿਰਾਂ ਤੇ ਡਰੇਨਾਂ ਦੀ ਸਫਾਈ ਕਰਨ, ਇਹਨਾਂ ਚੋਂ ਸਿਲਟ ਕੱਢਣ ਅਤੇ ਕਿਨਾਰੇ ਮਜ਼ਬੂਤ ਕਰਨ ਲਈ ਕਰੋੜਾਂ ਰੁਪਏ ਰਿਲੀਜ਼ ਕੀਤੇ ਜਾਂਦੇ ਹਨ। ਪਿਛਲੇ ਦੱਸ ਸਾਲਾਂ ਵਿੱਚ ਕਿੰਨੀ ਰਕਮ ਰਿਲੀਜ਼ ਕੀਤੀ ਗਈ ਅਤੇ ਉਹ ਕਿੱਥੇ ਕਿੱਥੇ ਖ਼ਰਚ ਕੀਤੀ ਗਈ, ਇਸ ਦੀ ਉੱਚ ਪੱਧਰੀ ਪੜਤਾਲ ਕਰਵਾਉਣੀ ਚਾਹੀਦੀ ਹੈ।

# ਸੰਤ ਬਾਬਾ ਸ਼ਿਵ ਜੀ ਦੀ ਬਰਸੀ ਮੌਕੇ ਸੰਤ ਸਮਾਗਮ ਅੱਜ



**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)**- ਪਿੰਡ ਕੋਟ ਫਤੂਹੀ ਵਿਖੇ ਡੇਰਾ108 ਸੰਤ ਬਾਬਾ ਸ਼ਿਵ ਜੀ ਮਹਾਰਾਜ ਜੀ ਦੇ ਅਸਥਾਨ ਤੇ ਸਮੂਹ ਨਗਰ ਨਿਵਾਸੀ, ਗ੍ਰਾਮ ਪੰਚਾਇਤ, ਪ੍ਰਵਾਸੀ ਭਾਰਤੀਆਂ ਅਤੇ ਇਲਾਕੇ ਦੇ ਸਹਿਯੋਗ ਨਾਲ ਬ੍ਰਹਮ ਗਿਆਨੀ 108 ਸੰਤ ਬਾਬਾ ਹਰੀ ਸਿੰਘ ਨੈਕੀ ਵਾਲਿਆਂ ਦੇ ਪਰਮ ਸੇਵਕ ਸੰਤ ਬਾਬਾ ਸ਼ਿਵ ਜੀ ਮਹਾਰਾਜ ਜੀ ਦੀ ਸਲਾਨਾ 11 ਸਤੰਬਰ ਨੂੰ ਸੰਤ ਸਮਾਗਮ ਅਤੇ ਧਾਰਮਿਕ ਸਮਾਗਮ ਡੇਰੇ ਦੇ ਮੁੱਖ ਸੇਵਾਦਾਰ ਸੰਤ ਬਾਬਾ ਕਸ਼ਮੀਰ ਸਿੰਘ ਕੋਟ ਫਤੂਹੀ, ਸੰਤ ਬਾਬਾ ਜਗਤਾਰ ਸਿੰਘ ਕੋਟ ਫਤੂਹੀ ਦੀ ਅਗਵਾਈ ਹੇਠ ਸ਼ਰਧਾ ਭਾਵਨਾ ਨਾਲ ਕਰਵਾਏ ਜਾ ਰਹੇ ਹਨ। ਇਸ ਮੌਕੇ ਡੇਰੇ ਦੇ ਮੁੱਖ ਸੇਵਾਦਾਰ ਸੰਤ ਬਾਬਾ ਕਸ਼ਮੀਰ ਸਿੰਘ ਕੋਟ ਫਤੂਹੀ, ਸੰਤ ਬਾਬਾ ਜਗਤਾਰ ਸਿੰਘ ਕੋਟ ਫਤੂਹੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ 1 ਸਤੰਬਰ ਤੋਂ ਬਰਸੀ ਸਮਾਗਮ ਸਬੰਧੀ ਸ੍ਰੀ ਆਖੰਡ ਪਾਠ ਸਾਹਿਬ ਜੀ ਦੀ ਲੜੀ ਆਰੰਭ ਹੈ। ਉਨ੍ਹਾਂ ਦੱਸਿਆ ਕਿ ਸੰਤ ਬਾਬਾ ਸ਼ਿਵ ਜੀ ਮਹਾਰਾਜ ਜੀ ਦੀ ਸਲਾਨਾ 32ਵੀਂ ਬਰਸੀ ਮੌਕੇ 11ਸਤੰਬਰ ਨੂੰ ਸ਼੍ਰੀ ਅਖੰਡ ਪਾਠ ਸਾਹਿਬ ਜੀ ਦੀ ਲੜੀ ਦੇ ਭੋਗ ਪਾਏ ਜਾਣਗੇ। ਉਪਰੰਤ ਦੀਵਾਨ ਹਾਲ ਵਿੱਚ ਇਲਾਕੇ ਭਰ ਤੋਂ ਸਾਧੂ, ਸੰਤ, ਮਹਾਂਪੁਰਸ਼, ਰਾਗੀ ਜਥੇ ਗੁਰਬਾਣੀ ਗੁਰਇਤਿਹਾਸ, ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਇਸ ਮੌਕੇ ਸਮਾਗਮ ਦੌਰਾਨ ਚਾਹ ਪਕੌੜੇ ਅਤੇ ਗੁਰੂ ਜੀ ਦੇ ਲੰਗਰ ਅਤੁੱਟ ਵਰਤਾਏ ਜਾਣਗੇ। ਇਸ ਪ੍ਰੋਗਰਾਮ ਦੀ ਜਾਣਕਾਰੀ ਬੂਟਾ ਰਾਮ ਅਮਰੀਕਾ, ਤੇਜਪਾਲ ਸਿੰਘ ਰਾਜਪੁਰ ਭਾਈਆਂ ਨੇ ਪ੍ਰੈਸ ਨੂੰ ਦਿੱਤੀ।

# ਸਿੰਘਪੁਰ, ਪਲਾਸੀ ਦੇ ਪਿੰਡ ਵਾਸੀ ਰਾਹਤ ਕੈਂਪਾਂ ਤੋਂ ਘਰਾਂ ਨੂੰ ਵਾਪਸ ਜਾਣ ਲੱਗੇ

**ਭਲਾਣ, ਨੰਗਲ (ਹਰਭਜਨ ਢਿੱਲੋਂ, ਸੁਰਜੀਤ ਸਿੰਘ)**- ਹਰਜੋਤ ਸਿੰਘ ਬੈਂਸ ਸਿੱਖਿਆ ਅਤੇ ਸੂਚਨਾ ਤੇ ਲੋਕ ਸੰਪਰਕ ਵਿਭਾਗ ਨੇ ਦੱਸਿਆ ਕਿ ਉਨ੍ਹਾਂ ਦੇ ਵਿਧਾਨ ਸਭਾ ਹਲਕਾ ਸ੍ਰੀ ਅਨੰਦਪੁਰ ਸਾਹਿਬ ਦੇ ਹੜ੍ਹ ਪ੍ਰਭਾਵਿਤ ਪਿੰਡਾਂ ਵਿੱਚ 100 ਪ੍ਰਤੀਸ਼ਤ ਸੜਕੀ ਸੰਪਰਕ, ਬਿਜਲੀ ਸਪਲਾਈ ਅਤੇ ਪਾਣੀ ਸਪਲਾਈ ਮੁੜ ਬਹਾਲ ਕਰ ਦਿੱਤੀ ਗਈ ਹੈ, ਤਾਂ ਜੋ ਪਿੰਡ ਵਾਸੀਆਂ ਨੂੰ ਰਾਹਤ ਮਿਲ ਸਕੇ। ਉਨ੍ਹਾਂ ਦੱਸਿਆ ਕਿ ਸਿੰਘਪੁਰ-ਪਲਾਸੀ ਦੇ ਵਾਸੀ ਹੁਣ ਹੜ੍ਹ ਦੇ ਪਾਣੀਆਂ ਦੇ ਘਟਣ ਤੋਂ ਬਾਅਦ ਰਾਹਤ ਕੈਂਪਾਂ ਤੋਂ ਆਪਣੇ ਘਰਾਂ ਵਾਪਸ ਜਾਣ ਲੱਗ ਪਏ ਹਨ। ਸ. ਬੈਂਸ ਖੁਦ ਪਿਛਲੇ ਕਈ ਦਿਨਾਂ ਤੋਂ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਮੌਕੇ 'ਤੇ ਕੰਮ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਹਰਸਾ ਬੇਲਾ, ਪੱਤੀ ਦੂਲਚੀ ਅਤੇ ਬੇਲਾ ਸ਼ਿਵ ਸਿੰਘ ਵਰਗੇ ਪਿੰਡ, ਜੋ ਹੜ੍ਹ ਦੇ ਪਾਣੀ ਕਾਰਨ ਕੱਟ ਗਏ ਸਨ, ਮੁੜ ਜੋੜੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਕੱਲ੍ਹ 90 ਪ੍ਰਤੀਸ਼ਤ ਕੰਮ ਮੁਕੰਮਲ ਕਰ ਲਿਆ ਗਿਆ ਸੀ ਪਰ ਕੁਝ ਮਕੈਨਿਕਲ ਰੁਕਾਵਟਾਂ ਕਰਕੇ ਦੇਰ ਹੋ ਗਈ। ਹਾਲਾਂਕਿ ਉਨ੍ਹਾਂ ਯਕੀਨੀ ਬਣਾਇਆ ਕਿ ਇਹ ਕੰਮ ਅੱਜ ਕੁਝ ਘੰਟਿਆਂ ਵਿੱਚ ਪੂਰਾ ਹੋ ਜਾਵੇਗਾ। ਸ. ਬੈਂਸ ਨੇ ਹੋਰ ਦੱਸਿਆ ਕਿ ਬੇਲਾ ਧਿਆਨੀ ਦਾ ਟੁੱਟਿਆ ਲੱਕੜ ਦਾ ਪੁੱਲ ਹੁਣ ਮਜ਼ਬੂਤ ਮੋਟਰਯੋਗ ਪੁੱਲ ਵਿੱਚ ਤਬਦੀਲ ਕੀਤਾ ਜਾਵੇਗਾ, ਜਿਸ ਨਾਲ ਲੰਬੇ ਸਮੇਂ ਲਈ ਸੁਰੱਖਿਆ ਅਤੇ ਬਿਹਤਰ ਸੰਪਰਕ ਸੁਨਿਸ਼ਚਿਤ ਹੋਵੇਗਾ।

# ਧੁੱਸੀ ਬੰਨ੍ਹ 'ਤੇ ਸੇਵਾ ਕਰ ਰਹੇ ਸੇਵਾਦਾਰਾਂ ਨੂੰ ਫਰੂਟ ਦਾ ਲੰਗਰ ਕੀਤਾ ਤਕਸੀਮ

**ਫਿਲੌਰ (ਨਿਰਮਲ)**- ਬਾਬਾ ਮੋਤੀ ਰਾਮ ਮਹਿਰਾ ਜੀ ਵੈਲਫੇਅਰ ਸੁਸਾਇਟੀ ਪੰਜਾਬ, ਭੀਕੇਯੂ ਦੁਆਬਾ ਵੱਲੋ ਧੁੱਸੀ ਬੰਨ੍ਹ ਸੰਗੋਵਾਲ, ਮੌ ਸਾਹਿਬ, ਮੀਓਵਾਲ, ਬੁਰਜ ਪੁਖਤਾ ਦਾ ਦੌਰਾ ਕੀਤਾ। ਇਸ ਮੌਕੇ ਬਾਬਾ ਮੋਤੀ ਰਾਮ ਮਹਿਰਾ ਜੀ ਵੈਲਫੇਅਰ ਸੁਸਾਇਟੀ ਪੰਜਾਬ, ਭੀਕੇਯੂ ਦੁਆਬਾ ਵੱਲੋ ਬੰਨ੍ਹ ਸੇਵਾਦਾਰਾਂ 'ਤੇ ਨਰੇਗਾ ਵਰਕਰਾਂ ਨੂੰ ਫਰੂਟ ਦਾ ਲੰਗਰ ਤਕਸੀਮ ਕੀਤਾ। ਇਸ ਮੌਕੇ ਬਾਬਾ ਮੋਤੀ ਰਾਮ ਮਹਿਰਾ ਜੀ ਵੈਲਫੇਅਰ ਸੁਸਾਇਟੀ ਪੰਜਾਬ ਦੇ ਚੇਅਰਮੈਨ ਪਲਵਿੰਦਰ ਸਿੰਘ ਦੁਸਾਂਝ ਸਮਾਜ ਸੇਵੀ, ਪ੍ਰਧਾਨ ਤਰਸੇਮ ਰੁਪਾਣਾ ਅਤੇ ਮੈਬਰਾਂ ਭੀਕੇਯੂ ਦੁਆਬਾ ਜ਼ਿਲ੍ਹਾ ਜਲੰਧਰ ਪ੍ਰਧਾਨ ਹਰਜੀਤ ਸਿੰਘ ਢੇਸੀ, ਸੁਰਿੰਦਰ ਪਾਲ ਸਿੰਘ ਸੀਨੀਅਰ ਮੀਤ ਪ੍ਰਧਾਨ, ਤਰਸੇਮ ਸਿੰਘ ਢਿੱਲੋਂ ਨੇ ਕਿਹਾ ਕਿ ਇਹ ਸ਼ਲਾਘਾਯੋਗ ਕਦਮ ਹੈ। ਇਸ ਮੌਕੇ 'ਤੇ ਬਾਬਾ ਸਰੂਪ ਸਿੰਘ ਬੱਛੋਵਾਲ, ਰਣਜੀਤ ਸਿੰਘ ਖੇਲਾ ਸਰਕਲ ਪ੍ਰਧਾਨ ਗੁਰਾਇਆ, ਸੁੱਖਾ ਗੁੜਾ, ਮਨਜੀਤ ਸਿੰਘ ਜੀਤਾ, ਦਲਜਿੰਦਰ ਸਿੰਘ ਦੁਸਾਂਝ, ਸਾਦੀ ਰਾਮ ਸੁਸਾਇਟੀ ਦੇ ਮੈਂਬਰ ਅਹੁਦੇਦਾਰ ਅਤੇ ਵਰਕਰ ਹਾਜ਼ਰ ਸਨ।



# ਪੇਡਾ ਨੇ ਨਿਵੇਸ਼ ਦੇ ਮੌਕਿਆਂ ਦੀ ਪੜਚੋਲ ਲਈ ਇੱਕ ਰੋਜ਼ਾ ਕਾਨਫਰੰਸ ਕਰਵਾਈ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਪੰਜਾਬ ਊਰਜਾ ਵਿਕਾਸ ਏਜੰਸੀ (ਪੇਡਾ) ਨੇ ਪੰਜਾਬ ਦੇ ਉਦਯੋਗਾਂ ਅਤੇ ਐਮ.ਐਸ.ਐਮ.ਈਜ਼. ਵਿੱਚ ਊਰਜਾ ਕੁਸ਼ਲ ਪ੍ਰੋਜੈਕਟਾਂ ਲਈ ਨਿਵੇਸ਼ ਦੇ ਮੌਕਿਆਂ ਦੀ ਪੜਚੋਲ ਬਾਰੇ 'ਊਰਜਾ ਕੁਸ਼ਲਤਾ ਲਈ ਨਿਵੇਸ਼ ਬਾਜ਼ਾਰ' ਵਿਸ਼ੇ ਉੱਤੇ ਇਕ ਰੋਜ਼ਾ ਕਾਨਫਰੰਸ ਕਰਵਾਈ। ਇਸ ਸਮਾਗਮ ਦੌਰਾਨ ਇਸ ਮਹੱਤਵਪੂਰਨ ਖੇਤਰ ਵਿੱਚ ਨਿਵੇਸ਼ ਨੂੰ ਉਤਸ਼ਾਹਿਤ ਕਰਨ ਲਈ ਉਦਯੋਗਾਂ, ਵਿੱਤੀ ਸੰਸਥਾਵਾਂ, ਬੈਂਕਾਂ, ਮਨੋਨੀਤ ਖਪਤਕਾਰਾਂ, ਐਮ.ਐਸ. ਐਮ. ਈਜ਼ ਅਤੇ ਉਪਕਰਣ ਨਿਰਮਾਤਾਵਾਂ ਸਮੇਤ ਮੁੱਖ ਭਾਈਵਾਲਾਂ ਵੱਲੋਂ ਵਿਚਾਰ ਚਰਚਾ ਕੀਤੀ ਗਈ। ਇੱਥੇ ਕਿਸਾਨ ਭਵਨ ਵਿਖੇ ਕਾਨਫਰੰਸ ਨੂੰ ਸੰਬੋਧਨ ਕਰਦਿਆਂ, ਪੇਡਾ ਦੇ ਮੁੱਖ ਕਾਰਜਕਾਰੀ ਅਧਿਕਾਰੀ (ਸੀ.ਈ.ਓ.) ਸ੍ਰੀਮਤੀ ਨੀਲਿਮਾ ਨੇ ਸੂਬੇ ਵਿੱਚ ਉਦਯੋਗਾਂ ਅਤੇ ਐਮ.ਐਸ.ਐਮ.ਈਜ਼ ਵਿੱਚ ਊਰਜਾ ਕੁਸ਼ਲਤਾ ਅਤੇ ਨਵੀਆਂ ਤੇ ਨਵੀਨਤਾਕਾਰੀ ਊਰਜਾ ਕੁਸ਼ਲ ਤਕਨਾਲੋਜੀਆਂ ਨੂੰ ਲਾਗੂ ਕਰਨ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਆਰਥਿਕ ਵਿਕਾਸ ਅਤੇ ਵਿੱਤੀ ਸਹਾਇਤਾ ਨੂੰ ਉਤਸ਼ਾਹਿਤ ਕਰਨ ਸਬੰਧੀ ਰਾਜ-ਵਿਆਪੀ ਊਰਜਾ ਕੁਸ਼ਲਤਾ ਪ੍ਰਾਜੈਕਟਾਂ ਵਿੱਚ ਉਦਯੋਗਾਂ ਅਤੇ ਐਮ.ਐਸ.ਐਮ.ਈਜ਼ ਦੀ ਭੂਮਿਕਾ ਨੂੰ ਉਜਾਗਰ ਕਰਦਿਆਂ ਨੀਲਿਮਾ ਨੇ ਕਿਹਾ ਕਿ ਨਵੀਂ ਅਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ ਅਮਨ ਅਰੋੜਾ ਦੀ ਅਗਵਾਈ ਹੇਠ, ਸੂਬੇ ਵੱਲੋਂ ਸਾਫ਼ ਸੁਥਰੀ ਊਰਜਾ ਸਬੰਧੀ ਹੱਲਾਂ 'ਤੇ ਧਿਆਨ ਕੇਂਦ੍ਰਤ ਕਰਕੇ ਊਰਜਾ ਤਬਦੀਲੀ ਵਿੱਚ ਦੇਸ਼ ਦੀ ਅਗਵਾਈ ਕੀਤੀ ਜਾ ਰਹੀ ਹੈ ਅਤੇ ਇਸ ਕਾਨਫਰੰਸ ਦਾ ਉਦੇਸ਼ ਊਰਜਾ ਕੁਸ਼ਲਤਾ ਨੂੰ ਹੋਰ ਬਾਜ਼ਾਰ ਅਨੁਕੂਲ ਬਣਾਉਣਾ ਹੈ।




# ਸਿਹਤ ਮੰਤਰੀ ਵੱਲੋਂ ਪਾਣੀ ਤੇ ਮੱਛਰਾਂ ਤੋਂ ਹੋਣ ਵਾਲੀਆਂ ਬਿਮਾਰੀਆਂ ਖਿਲਾਫ਼ ਮੁਹਿੰਮ ਚਲਾਉਣ ਦੇ ਨਿਰਦੇਸ਼

● ਕੇਂਦਰ ਸਰਕਾਰ ਨੂੰ 60,000 ਕਰੋੜ ਰੁਪਏ ਦਾ ਬਕਾਇਆ ਫੰਡ ਤੁਰੰਤ ਜਾਰੀ ਕਰਨ ਦੀ ਕੀਤੀ ਅਪੀਲ

**ਜਲੰਧਰ (ਸ਼ੈਲੀ ਐਲਬਰਟ, ਇਕਬਾਲ ਸਿੰਘ ਉੱਭੀ)**- ਪੰਜਾਬ ਦੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਮੰਗਲਵਾਰ ਨੂੰ ਸਿਹਤ ਵਿਭਾਗ ਅਤੇ ਨਗਰ ਨਿਗਮ ਜਲੰਧਰ ਨੂੰ ਹਾਲ ਹੀ ਵਿੱਚ ਆਏ ਹੜ੍ਹਾਂ ਅਤੇ ਲਗਾਤਾਰ ਬਾਰਿਸ਼ ਤੋਂ ਬਾਅਦ ਪਾਣੀ ਅਤੇ ਮੱਛਰਾਂ ਤੋਂ ਹੋਣ ਵਾਲੀਆਂ ਬਿਮਾਰੀਆਂ ਖਿਲਾਫ਼ ਵੱਡੇ ਪੱਧਰ 'ਤੇ ਮੁਹਿੰਮ ਵਿੱਢਣ ਦੇ ਨਿਰਦੇਸ਼ ਦਿੱਤੇ। ਇਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਇੱਕ ਸਮੀਖਿਆ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਸਿਹਤ ਮੰਤਰੀ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਬਿਮਾਰੀਆਂ ਦੇ ਸੰਭਾਵੀ ਫੈਲਾਅ, ਖਾਸ ਕਰ ਡਾਇਰੀਆ ਲਈ ਤਿਆਰੀ ਕਰਨਾ ਸਮੇਂ ਦੀ ਲੋੜ ਹੈ। ਡਾ. ਸਿੰਘ ਨੇ ਅਧਿਕਾਰੀਆਂ ਨੂੰ ਬਿਮਾਰੀ ਫੈਲਣ ਤੋਂ ਰੋਕਣ ਲਈ ਸ਼ਹਿਰੀ ਅਤੇ ਪੇਂਡੂ ਦੋਵਾਂ ਖੇਤਰਾਂ ਵਿੱਚ ਪਾਣੀ ਦੀ ਜਾਂਚ ਅਤੇ ਕਲੋਰੀਨੇਸ਼ਨ ਨੂੰ ਤਰਜੀਹ ਦੇਣ ਦੀ ਹਦਾਇਤ ਕੀਤੀ। ਇਸ ਮੌਕੇ ਉਨ੍ਹਾਂ ਨਾਲ ਵਿਧਾਇਕ ਬਲਕਾਰ ਸਿੰਘ, ਵਿਧਾਇਕ ਇੰਦਰਜੀਤ ਕੌਰ ਮਾਨ, ਕਮਿਸ਼ਨਰ ਨਗਰ ਨਿਗਮ ਸੰਦੀਪ ਰਿਸ਼ੀ, ਵਧੀਕ ਡਿਪਟੀ ਕਮਿਸ਼ਨਰ (ਜ) ਅਮਨਿੰਦਰ ਕੌਰ, ਸੀਨੀਅਰ 'ਆਪ' ਆਗੂ ਰਾਜਵਿੰਦਰ ਕੌਰ ਥਿਆੜਾ, ਨਿਤਿਨ ਕੋਹਲੀ, ਦਿਨੇਸ਼ ਢੱਲ ਅਤੇ ਪ੍ਰਿੰਸੀਪਲ ਪ੍ਰੇਮ ਕੁਮਾਰ ਵੀ ਮੌਜੂਦ ਸਨ। ਡਾ. ਸਿੰਘ ਨੇ ਜਨਤਕ ਸਿਹਤ ਪ੍ਰਤੀ ਪੰਜਾਬ ਸਰਕਾਰ ਦੀ ਵਚਨਬੱਧਤਾ ਦੁਹਰਾਈ ਅਤੇ ਜਿਨ੍ਹਾਂ ਕਿਸਾਨਾਂ ਦੀਆਂ ਫ਼ਸਲਾਂ ਦਾ ਨੁਕਸਾਨ ਹੋਇਆ ਹੈ, ਉਨ੍ਹਾਂ ਨੂੰ 20,000 ਰੁਪਏ ਪ੍ਰਤੀ ਏਕੜ ਮੁਆਵਜ਼ਾ ਅਤੇ ਦਰਿਆ ਕੰਢੇ ਰਹਿੰਦੇ ਕਿਸਾਨਾਂ ਨੂੰ ਆਪਣੇ ਖੇਤਾਂ ਵਿੱਚੋਂ ਰੇਤ ਕੱਢਣ ਅਤੇ ਵੇਚਣ ਦੀ ਆਗਿਆ ਦੇਣ ਵਾਲੀ ਨਵੀਂ ਨੀਤੀ ਵਰਗੇ ਲੋਕ-ਪੱਖੀ ਕਦਮਾਂ 'ਤੇ ਚਾਨਣਾ ਪਾਇਆ। ਸਿਹਤ ਮੰਤਰੀ ਨੇ ਕੇਂਦਰ ਸਰਕਾਰ 'ਤੇ ਪੰਜਾਬ ਦੇ ਬਕਾਇਆ 60,000 ਕਰੋੜ ਰੁਪਏ ਤੁਰੰਤ ਜਾਰੀ ਕਰਨ 'ਤੇ ਜ਼ੋਰ ਦਿੱਤਾ ਅਤੇ ਕਿਹਾ ਕਿ ਹੜ੍ਹਾਂ ਨਾਲ ਨੁਕਸਾਨੇ ਗਏ ਬੁਨਿਆਦੀ ਢਾਂਚੇ ਨੂੰ ਮੁੜ ਬਹਾਲ ਕਰਨ ਲਈ ਇਹ ਫੰਡ ਬਹੁਤ ਮਹੱਤਵਪੂਰਨ ਹਨ।



# 20,000 ਰੁਪਏ ਪ੍ਰਤੀ ਏਕੜ ਮੁਆਵਜ਼ਾ 'ਊਂਠ ਦੇ ਮੂੰਹ 'ਚ ਜੀਰਾ' ਦੇ ਬਰਾਬਰ : ਬਲਬੀਰ ਸਿੱਧੂ

**ਐਸ.ਏ.ਐਸ. ਨਗਰ (ਗੁਰਜੀਤ ਬਿੱਲਾ)**- ਸੀਨੀਅਰ ਕਾਂਗਰਸੀ ਆਗੂ ਅਤੇ ਸੂਬੇ ਦੇ ਸਾਬਕਾ ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਨੇ ਹੜ੍ਹਾਂ ਨਾਲ ਹੋਏ ਨੁਕਸਾਨ ਦੀ ਭਰਪਾਈ ਲਈ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਨੂੰ 20,000 ਰੁਪਏ ਪ੍ਰਤੀ ਏਕੜ ਮੁਆਵਜ਼ਾ ਦੇਣ ਦੇ ਐਲਾਨ ਨੂੰ 'ਊਂਠ ਦੇ ਮੂੰਹ ਵਿਚ ਜੀਰਾ' ਕਰਾਰ ਦਿੰਦਿਆਂ ਇਹ ਰਾਸ਼ੀ ਨਾਕਾਫ਼ੀ ਦੱਸਦੇ ਹੋਏ ਮੰਗ ਕੀਤੀ ਹੈ ਕਿ ਘੱਟੋ-ਘੱਟ 50,000 ਰੁਪਏ ਪ੍ਰਤੀ ਏਕੜ ਮੁਆਵਜ਼ਾ ਦਿੱਤਾ ਜਾਵੇ, ਤਾਂ ਜੋ ਕਿਸਾਨ ਆਪਣੀ ਅਗਲੀ ਫਸਲ ਦੀ ਬੀਜਾਈ ਕਰ ਸਕਣ। ਉਨ੍ਹਾਂ ਇਥੇ ਜਾਰੀ ਪ੍ਰੈਸ ਬਿਆਨ ਵਿੱਚ ਕਿਹਾ ਕਿ ਸੂਬੇ ਦੇ ਕਈ ਜ਼ਿਲ੍ਹਿਆਂ 'ਚ ਹਜ਼ਾਰਾਂ ਕਿਸਾਨਾਂ ਦੀ ਇਹ ਹਾਲਤ ਹੈ ਕਿ ਨਾ ਉਨ੍ਹਾਂ ਦੀ ਫਸਲ ਬਚੀ ਹੈ, ਨਾ ਮਕਾਨ, ਨਾ ਹੀ ਪਸ਼ੂ। ਇਨ੍ਹਾਂ ਹਾਲਾਤਾਂ 'ਚ 20,000 ਰੁਪਏ ਪ੍ਰਤੀ ਏਕੜ ਰਾਸ਼ੀ ਕਿਸੇ ਵੀ ਤਰ੍ਹਾਂ ਨਾਕਾਫੀ ਹੈ। ਇਹ ਰਕਮ ਤਾਂ ਸਿਰਫ਼ ਖ਼ਰਾਬ ਹੋਈ ਟਰੈਕਟਰ ਜਾਂ ਟਿਊਬਵੈਲ ਵਰਗੀ ਮਸ਼ੀਨਰੀ ਦੀ ਮੁਰੰਮਤ 'ਚ ਹੀ ਲੱਗ ਜਾਏਗੀ।

# ਲੋਕ ਘੋਲ ਦੇ ਸ਼ਹੀਦਾਂ ਦੀ ਯਾਦ 'ਚ ਕਿਰਤੀ ਕਿਸਾਨ ਯੂਨੀਅਨ ਪੰਜਾਬ ਨੇ ਸਮਾਗਮ ਕਰਵਾਇਆ



**ਕਾਲਾ ਸੰਘਿਆਂ (ਮਨਜੀਤ ਮਾਨ)**- ਜ਼ਿਲ੍ਹਾ ਕਪੂਰਥਲਾ ਦੇ ਇਤਿਹਾਸਕ ਕਸਬਾ ਕਾਲਾ ਸੰਘਿਆਂ ਵਿਖੇ ਕਾਲਾ ਸੰਘਿਆਂ ਦੇ 1972- 73 ਲੋਕ ਘੋਲ ਦੇ ਸ਼ਹੀਦਾਂ ਦੀ ਯਾਦ ਵਿੱਚ ਕਿਰਤੀ ਕਿਸਾਨ ਯੂਨੀਅਨ ਪੰਜਾਬ ਦੇ ਜ਼ਿਲ੍ਹਾ ਪ੍ਰਧਾਨ ਬਲਵਿੰਦਰ ਸਿੰਘ ਬਾਜਵਾ ਤੇ ਪਲਵਿੰਦਰ ਸਿੰਘ ਸੰਘਾ ਦੀ ਅਗਵਾਈ ਹੇਠ ਗੁਰਦੁਆਰਾ ਘੰਟਾ ਘਰ ਵਿਖੇ ਸ਼ਹੀਦੀ ਸਮਾਗਮ ਕਰਵਾਇਆ ਗਿਆ। ਇਸ ਮੌਕੇ ਕਿਰਤੀ ਕਿਸਾਨ ਯੂਨੀਅਨ ਪੰਜਾਬ ਦੇ ਸੂਬਾ ਜਨਰਲ ਸਕੱਤਰ ਕਾਮਰੇਡ ਰਛਪਾਲ ਸਿੰਘ ਅਤੇ ਜ਼ਿਲ੍ਹਾ ਪ੍ਰਧਾਨ ਬਲਵਿੰਦਰ ਸਿੰਘ ਬਾਜਵਾ ਸਮੇਤ ਹੋਰ ਆਗੂਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਲੋਕਾਂ ਘੋਲਾਂ ਵਿਚ ਸ਼ਹੀਦ ਹੋਏ ਸਾਥੀਆਂ ਨੇ ਹਮੇਸ਼ਾ ਲੋਕ ਦੀ ਲੜਾਈ ਲੜਦਿਆਂ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ ਅਤੇ ਹਮੇਸ਼ਾ ਸੱਤਾ 'ਤੇ ਕਾਬਜ਼ ਸਰਕਾਰਾਂ ਦੀਆਂ ਅੱਖਾਂ ਵਿੱਚ ਚੁੱਭਦੇ ਰਹੇ। ਉਹਨਾਂ ਕਿਹਾ ਕਿ ਅੱਜ ਦੀ ਸੈਂਟਰ ਦੀ ਮੋਦੀ ਸਰਕਾਰ, ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਕਿਸਾਨਾਂ ਦੀ ਜ਼ਬਰੀ ਜ਼ਮੀਨ ਨੂੰ ਐਕਵਾਇਰ ਕਰਨ ਸਮੇਤ ਅਨੇਕਾਂ ਕਿਸਾਨ ਵਿਰੋਧੀ ਨੀਤੀਆਂ ਨੂੰ ਕਿਸੇ ਵੀ ਹਾਲਤ ਵਿੱਚ ਲਾਗੂ ਨਹੀਂ ਹੋਣ ਦਿੱਤਾ ਜਾਵੇਗਾ। ਉਹਨਾਂ ਕਿਹਾ ਕਿ ਪੰਜਾਬ ਵਿੱਚ ਆਏ ਹੜ੍ਹ ਵਿੱਚ ਸਰਕਾਰਾਂ ਦੀ ਅਣਗਹਿਲੀ ਅਤੇ ਪੰਜਾਬ ਵਿਰੋਧੀ ਤਾਕਤਾਂ ਦੀ ਦੇਣ ਹਨ। ਇਸ ਮੌਕੇ ਲੋਕ ਕਲਾਂ ਕੇਂਦਰ ਕਪੂਰਥਲਾ ਵੱਲੋਂ ਪੰਜਾਬ 'ਚ ਆਏ ਹੜ੍ਹਾਂ 'ਚ ਸਰਕਾਰ ਅਤੇ ਪ੍ਰਸ਼ਾਸਨ ਦੀ ਭੂਮਿਕਾ 'ਤੇ ਤਨਜ਼ ਕੱਸਦਾ ਇਕ ਨਾਟਕ ਅਤੇ ਇਕ ਇਨਕਲਾਬੀ ਨਾਟਕ ਪੇਸ਼ ਕੀਤਾ ਗਿਆ। ਇਸ ਮੌਕੇ ਕਿਰਤੀ ਕਿਸਾਨ ਯੂਨੀਅਨ ਪੰਜਾਬ ਦੇ ਇਲਾਕਾ ਕਾਲ਼ਾ ਸੰਘਿਆਂ ਦੇ ਪ੍ਰਧਾਨ ਜਥੇਦਾਰ ਪਲਵਿੰਦਰ ਸਿੰਘ ਸੰਘਾ ਨੇ ਮੰਚ ਸੰਚਾਲਨ ਦੀ ਭੂਮਿਕਾ ਨਿਭਾਈ ਅਤੇ ਸਮਾਗਮ ਵਿੱਚ ਆਏ ਲੋਕਾਂ ਤੇ ਬੁਲਾਰਿਆਂ ਦਾ ਧੰਨਵਾਦ ਕੀਤਾ। ਇਸ ਮੌਕੇ ਗ਼ਦਰੀ ਬਾਬਾ ਹਰਨਾਮ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦਾ ਪ੍ਰਿੰਸੀਪਲ ਗੁਰਚਰਨ ਸਿੰਘ ਚਾਹਲ ਅਤੇ ਸਮੂਹ ਸਟਾਫ, ਨਰਿੰਦਰ ਸਿੰਘ ਸੰਘਾ, ਵਿਜੇ ਅਰੋੜਾ, ਪਰਮਿੰਦਰ ਸਿੰਘ, ਅਮਰੀਕ ਸਿੰਘ, ਕੁਲਵਿੰਦਰ ਕਿੰਦੀ, ਗੁਰਮੀਤ ਸਿੰਘ ਮੰਡੇਰ, ਪ੍ਰਧਾਨ ਸਾਬੀ ਰਸੂਲਪੁਰੀ, ਹਰਜਿੰਦਰ ਸਿੰਘ, ਕੁਲਦੀਪ ਕੁਮਾਰ ਦੀਪਾ, ਸੁਰਜੀਤ ਸਿੰਘ ਠੱਠਾ, ਕਾਮਰੇਡ ਪਰਗਣ ਸਿੰਘ, ਬਲਜਿੰਦਰ ਸਿੰਘ ਕਾਲਾ,ਗੁਰਮੇਲ ਸਿੰਘ ਗੋਲੀ, ਸਰਵਨ ਸਿੰਘ ਸੰਘਾ, ਕਸ਼ਮੀਰ ਸਿੰਘ ਸੋਢੀ ਕਾਲਾ ਸੰਘਿਆਂ, ਜੋਗਾ ਸਿੰਘ, ਹੁਕਮ ਸਿੰਘ ਕੋਹਾਲਾ, ਸ਼ਿੰਗਾਰਾ ਸਿੰਘ ਤੇ ਗੁਰਵਿੰਦਰ ਸਿੰਘ, ਪ੍ਰਧਾਨ ਸਾਬੀ ਰਸੂਲਪੁਰੀ ਆਦਿ ਹਾਜ਼ਰ ਸਨ।

# ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ 'ਚ ਅਧਿਆਪਕ ਦਿਵਸ ਮਨਾਇਆ



**ਆਦਮਪੁਰ (ਪਰਮਜੀਤ ਸਿੰਘ)**- ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਵਿਚ ਅਧਿਆਪਕ ਦਿਵਸ ਮਨਾਇਆ ਗਿਆ। ਸੰਤ ਬਾਬਾ ਮਲਕੀਤ ਸਿੰਘ (ਬਾਨੀ ਚਾਂਸਲਰ) ਅਤੇ ਸੰਤ ਬਾਬਾ ਦਿਲਾਵਰ ਸਿੰਘ (ਬ੍ਰਹਮ ਜੀ) ਦੇ ਆਸ਼ੀਰਵਾਦ ਨਾਲ ਸੰਤ ਬਾਬਾ ਜਨਕ ਸਿੰਘ, ਮਾਣਯੋਗ ਚਾਂਸਲਰ ਸੰਤ ਬਾਬਾ ਮਨਮੋਹਨ ਸਿੰਘ ਦੀ ਪ੍ਰੇਰਨਾ ਨਾਲ ਅਤੇ ਉਪ-ਕੁਲਪਤੀ ਡਾ. ਧਰਮਜੀਤ ਸਿੰਘ ਪਰਮਾਰ ਤੇ ਹਰਦਮਨ ਸਿੰਘ ਮਿਨਹਾਸ (ਸਕੱਤਰ) ਦੀ ਅਗਵਾਈ ਵਿਚ ਮਨਾਇਆ ਗਿਆ। ਸਮਾਰੋਹ ਦੀ ਸ਼ੁਰੂਆਤ ਪ੍ਰੋ. ਕੈਲਾਸ਼ ਅਤੇ ਉਨ੍ਹਾਂ ਦੇ ਸਾਥੀਆਂ ਨੇ ਗੁਰਮਤਿ ਸ਼ਬਦ ਗਾਇਨ ਨਾਲ ਕੀਤੀ। ਇਸ ਤੋਂ ਬਾਅਦ ਸ਼ਮ੍ਹਾ ਰੌਸ਼ਨ ਕੀਤੀ ਗਈ। ਇਸ ਮੌਕੇ ਯੂਨੀਵਰਸਿਟੀ ਦੇ ਉਪ-ਕੁਲਪਤੀ ਡਾ. ਧਰਮਜੀਤ ਸਿੰਘ ਪਰਮਾਰ ਨੇ ਅਧਿਆਪਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅਧਿਆਪਕ ਦਿਵਸ ਦੇ ਪਵਿੱਤਰ ਮੌਕੇ ਉੱਤੇ ਤੁਹਾਡਾ ਸਭ ਦਾ ਦਿਲੋਂ ਸਵਾਗਤ ਹੈ। ਉਨ੍ਹਾਂ ਕਿਹਾ ਕਿ ਅਧਿਆਪਕ ਸਾਡੇ ਸਮਾਜ ਦੀ ਰੀੜ੍ਹ ਦੀ ਹੱਡੀ ਹਨ। ਉਹ ਨਾ ਸਿਰਫ਼ ਗਿਆਨ ਦਿੰਦੇ ਹਨ, ਸਗੋਂ ਵਿਅਕਤੀ ਦੇ ਚਰਿੱਤਰ, ਸੋਚ ਅਤੇ ਜੀਵਨ ਨੂੰ ਦਿਸ਼ਾ ਦੇਣ ਵਾਲੇ ਮਾਰਗਦਰਸ਼ਕ ਵੀ ਹੁੰਦੇ ਹਨ। ਸਿੱਖਿਆ ਸਮਾਜ ਨੂੰ ਬਦਲਣ ਦੀ ਸਭ ਤੋਂ ਸ਼ਕਤੀਸ਼ਾਲੀ ਤਾਕਤ ਹੈ। ਉਨ੍ਹਾਂ ਕਿਹਾ ਕਿ ਮੈਂ ਹਰ ਅਧਿਆਪਕ ਨੂੰ ਇਹ ਸੰਦੇਸ਼ ਦੇਣਾ ਚਾਹੁੰਦਾ ਹਾਂ ਕਿ ਤੁਹਾਡੀ ਮਿਹਨਤ, ਤੁਹਾਡਾ ਧੀਰਜ ਅਤੇ ਤੁਹਾਡਾ ਸਮਰਪਣ ਹੀ ਸਾਡੀ ਆਉਣ ਵਾਲੀ ਪੀੜ੍ਹੀ ਦੀ ਬੁਨਿਆਦ ਹੈ। ਤੁਸੀਂ ਸਮਾਜ ਨਿਰਮਾਣ ਵਿੱਚ ਅਹਿਮ ਭੂਮਿਕਾ ਨਿਭਾ ਰਹੇ ਹੋ । ਪ੍ਰੋਗਰਾਮ ਦੇ ਅੰਤ ਵਿਚ ਸੰਤ ਬਾਬਾ ਜਨਕ ਸਿੰਘ, ਸੰਤ ਸਰਵਣ ਸਿੰਘ, ਸੰਤ ਬਾਬਾ ਮਨਮੋਹਨ ਸਿੰਘ, ਚਾਂਸਲਰ ਅਤੇ ਧਰਮਜੀਤ ਸਿੰਘ ਪਰਮਾਰ ਉਪ-ਕੁਲਪਤੀ, ਹਰਦਮਨ ਸਿੰਘ ਮਿਨਹਾਸ (ਸਕੱਤਰ) ਡਾ. ਰਜਿੰਦਰ ਕੁਮਾਰ ਰਜਿਸਟਰਾਰ, ਡਾ. ਵਿਜੈ ਧੀਰ, ਡੀਨ ਅਕਾਦਮਿਕ, ਪ੍ਰਿੰ ਰਣਜੀਤ ਸਿੰਘ, ਮੰਜੂ ਚਾਵਲਾ, ਜੋਗਿੰਦਰ ਸਿੰਘ ਅਜੜਾਮ, ਹਰਜਿੰਦਰ ਸਿੰਘ ਅਜੜਾਮ ਨੇ ਸੰਤ ਬਾਬਾ ਭਾਗ ਸਿੰਘ ਇੰਟਰਨੈਸ਼ਨਲ ਸਕੂਲ ਖਿਆਲਾ, ਸੰਤ ਬਾਬਾ ਭਾਗ ਸਿੰਘ ਪਬਲਿਕ ਸਕੂਲ ਬਿੰਜੋਂ, ਸੰਤ ਬਾਬਾ ਭਾਗ ਸਿੰਘ ਇੰਸੀਚਿਊਟ ਆਫ਼ ਨਰਸਿੰਗ ਅਤੇ ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ, ਖਿਆਲਾ, ਜਲੰਧਰ ਦੇ ਅਧਿਆਪਕਾਂ ਨੂੰ ਬੈਸਟ ਟੀਚਰ ਅਵਾਰਡ, ਰਿਸਰਚਰ ਅਵਾਰਡ, ਐਕਸੀਲੇਸ਼ਨ ਅਵਾਰਡ ਦਿੱਤੇ ਗਏ।ਇਸ ਮੌਕੇ ਸਮੁੱਚੇ ਅਧਿਆਪਕਾਂ, ਨਾਨ-ਟੀਚਿੰਗ ਸਟਾਫ ਨੂੰ ਵੀ ਸਨਮਾਨਤ ਕੀਤਾ ਗਿਆ।ਇਸ ਸਮੇਂ ਰੂਪ ਸਿੰਘ ਡਿਪਟੀ ਰਜਿਸਟਰਾਰ, ਵੱਖ-ਵੱਖ ਵਿਭਾਗਾਂ ਦੇ ਡੀਨ, ਮੁਖੀ, ਪ੍ਰੋਫ਼ੈਸਰ ਸਹਿਬਾਨ, ਇੰਸੀਚਿਊਟ ਆਫ਼ ਨਰਸਿੰਗ ਅਤੇ ਵੱਖ-ਵੱਖ ਸਕੂਲਾਂ ਤੋਂ ਅਧਿਆਪਕ ਹਾਜ਼ਰ ਸਨ। ਡਾ. ਹਰਪ੍ਰੀਤ ਸਿੰਘ ਨੇ ਮੰਚ ਸੰਚਾਲਨ ਦੀ ਭੂਮਿਕਾ ਨਿਭਾਈ।

# ਸਿੱਧੂ ਜਠੇਰੇ ਤੇ ਪਿੱਤਰ ਸਰਾਧ 14 ਨੂੰ ਭੀਣ 'ਚ ਮਨਾਇਆ ਜਾਵੇਗਾ



**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਪਿੰਡ ਭੀਣ ਵਿਖੇ ਸਿੱਧੂ ਜਠੇਰੇ ਸੇਵਾ ਵੈਲਫੇਅਰ ਕਮੇਟੀ ਦੇ ਮੁੱਖ ਸੇਵਾਦਾਰ ਸਤਨਾਮ ਸਿੰਘ ਕਮਲ ਸਿੱਧੂ ਨੇ ਦੱਸਿਆ ਕਿ ਵੱਡੇ ਵਡੇਰਿਆਂ ਦਾ ਪਿੱਤਰ ਸਰਾਧ 14 ਸਤੰਬਰ ਨੂੰ ਪਿੰਡ ਭੀਣ ਸਿੱਧੂ ਜਠੇਰਿਆਂ 'ਤੇ ਮਨਾਇਆ ਜਾਵੇਗਾ। ਸਵੇਰੇ ਮੂਰਤੀਆਂ ਦੇ ਇਸ਼ਨਾਨ ਕਰਵਾਏ ਜਾਣਗੇ, ਵਸਤਰ ਬਦਲੇ ਜਾਣਗੇ, ਨਿਸ਼ਾਨ ਸਾਹਿਬ ਚੜ੍ਹਾਉਣ ਦੀ ਰਸਮ ਅਦਾ ਕੀਤੀ ਜਾਵੇਗੀ ਅਤੇ ਹੋਰ ਰਸਮਾਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਕੀਤੀਆਂ ਜਾਣਗੀਆਂ।



ਸ਼ਹੀਦ ਕਾਮਰੇਡ ਮਲਕੀਤ ਚੰਦ ਮੇਹਲੀ ਦੇ ਪਰਵਾਰ ਪੁੱਤਰ ਅਮਰਜੀਤ ਮੇਹਲੀ ਨੂੰਹ ਬੀਬੀ ਸ਼ੀਲਾ ਰਾਣੀ ਵਲੋਂ ਸੀ ਪੀ ਆਈ ਦੀ ਨੈਸ਼ਨਲ ਕਾਨਫਰੰਸ ਲਈ ਵੀਹ ਹਜ਼ਾਰ ਰੁਪਏ ਪਾਰਟੀ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਨਰੰਜਣ ਦਾਸ ਮੇਹਲੀ ਨੂੰ ਭੇਟ ਕੀਤੇ।
(ਫੋਟੋ ਤੇ ਵੇਰਵਾ : ਬੰਗਾ, ਅਵਤਾਰ ਕਲੇਰ)

# 20 ਹਜ਼ਾਰ ਪ੍ਰਤੀ ਏਕੜ ਮੁਆਵਜ਼ਾ ਕਿਸਾਨੀ ਨੂੰ ਦੇਵੇਗਾ ਰਾਹਤ : ਡਾ. ਇਸ਼ਾਂਕ ਕੁਮਾਰ

**ਹੁਸ਼ਿਆਰਪੁਰ (ਓ ਪੀ ਰਾਣਾ)**- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਆਪਣੀ ਸਿਹਤ ਠੀਕ ਨਾ ਹੋਣ ਦੇ ਬਾਵਜੂਦ ਵੀ ਹਸਪਤਾਲ ਤੋਂ ਹੀ ਵੀਡਿਓ ਕਾਨਫਰੰਸ ਜ਼ਰੀਏ ਕੈਬਨਿਟ ਦੇ ਨਾਲ ਕੀਤੀ ਗਈ ਇੱਕ ਵਿਸ਼ੇਸ਼ ਮੀਟਿੰਗ ਵਿੱਚ ਹੜ੍ਹਾਂ ਦੀ ਮਾਰ ਝੱਲ ਰਹੇ ਪੰਜਾਬੀਆਂ ਅਤੇ ਪੰਜਾਬ ਦੇ ਕਿਸਾਨਾਂ ਦੇ ਹਿੱਤਾਂ ਵਿੱਚ ਜੋ ਇਤਿਹਾਸਿਕ ਫੈਸਲੇ ਲਏ ਹਨ, ਇਸ ਨਾਲ ਸ਼ਾਮ ਚੁਰਾਸੀ ਹਲਕਾ ਵਿਧਾਨ ਸਭਾ [illegible] ਪ੍ਰਭਾਵਿਤ ਹੋਈ ਜਨਤਾ ਅਤੇ ਕਿਸਾਨਾਂ ਨੂੰ ਵੱਡੀ ਰਾਹਤ ਮਿਲੇਗੀ। ਇਹ ਵਿਚਾਰ ਚੱਬੇਵਾਲ ਵਿਧਾਇਕ ਡਾ. ਇਸ਼ਾਂਕ ਕੁਮਾਰ ਨੇ ਜ਼ਾਹਿਰ ਕੀਤੇ। ਉਹਨਾਂ ਨੇ ਕਿਹਾ ਕਿ ਸਾਡੇ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਮੁੱਖ ਮੰਤਰੀ ਵੱਲੋਂ ਦਿੱਤੀ ਗਈ ਇਹ ਰਾਹਤ ਬਹੁਤ ਜਲਦੀ ਹੀ ਆਪਣੀਆਂ ਜ਼ਿੰਦਗੀਆਂ ਨੂੰ ਮੁੜ ਲੀਹ ਤੇ ਲਿਆਉਣ ਵਿੱਚ ਬਹੁਤ ਵੱਡੀ ਮਦਦਗਾਰ ਸਾਬਿਤ ਹੋਵੇਗੀ। ਉਹਨਾਂ ਦੱਸਿਆ ਕਿ ਇਸ ਅਹਿਮ ਮੀਟਿੰਗ ਵਿੱਚ ਸਰਕਾਰ ਵੱਲੋਂ ਪੰਜਾਬ ਦੇ ਕਿਸਾਨਾਂ ਨੂੰ 20 ਹਜ਼ਾਰ ਰੁਪਏ ਪ੍ਰਤੀ ਏਕੜ ਦਾ ਮੁਆਵਜ਼ਾ ਦੇਣ ਦੀ ਜੋ ਘੋਸ਼ਣਾ ਕੀਤੀ ਹੈ ਉਹ ਇਤਿਹਾਸ ਵਿੱਚ ਅੱਜ ਤੱਕ ਦਾ ਸਭ ਤੋਂ ਵੱਡਾ ਮੁਆਵਜ਼ਾ ਹੈ, ਹਾਲਾਂਕਿ ਜੋ ਨੁਕਸਾਨ ਸਾਡੇ ਪੰਜਾਬ ਦੇ ਕਿਸਾਨਾਂ ਦਾ ਇਹਨਾਂ ਹੜ੍ਹਾਂ ਕਰਕੇ ਹੋਇਆ ਹੈ ਉਸ ਨਾਲ ਉਸਦੀ ਪੂਰੀ ਭਰਪਾਈ ਤਾਂ ਨਹੀਂ ਹੋ ਸਕਦੀ ਪਰ ਸਾਡਾ ਪੰਜਾਬ ਦੇ ਅਣਖੀ ਕਿਸਾਨਾਂ ਨੂੰ ਕੇਂਦਰ ਦੀ ਮਦਦ ਤੋਂ ਬਿਨਾਂ ਵੀ ਇਹ ਮੁਆਵਜ਼ਾ ਦੇਣਾ [illegible]। ਉਹਨਾਂ ਨੇ ਇਹ ਵੀ ਕਿਹਾ ਕਿ ਹੜ੍ਹਾਂ ਵਿੱਚ ਮਰੇ ਪਸ਼ੂ ਦਾ ਵੀ ਮੁਆਵਜ਼ਾ ਦਿੱਤਾ ਜਾਏਗਾ। ਡਾ ਇਸ਼ਾਂਕ ਨੇ ਕਿਹਾ ਕਿ ਇਸ ਤੋਂ ਇਲਾਵਾ ਮੁੱਖ ਮੰਤਰੀ ਨੇ ਕਿਸਾਨਾਂ ਵੱਲੋਂ ਸਰਕਾਰੀ ਅਤੇ ਕੋਆਪਰੇਟਿਵ ਬੈਂਕਾਂ, ਸੁਸਾਇਟੀ ਤੋਂ ਲਏ ਗਏ ਕਰਜ਼ਿਆਂ ਦੀ ਵਾਪਸੀ ਵਿੱਚ ਵੀ 6 ਮਹੀਨੇ ਦੀ ਰਾਹਤ ਅਤੇ 6 ਮਹੀਨੇ ਦੇ ਵਿਆਜ ਦੀ ਮਾਫੀ ਦੀ ਘੋਸ਼ਣਾ ਵੀ ਕੀਤੀ ਜੋ ਇੱਕ ਇਤਿਹਾਸਿਕ ਫੈਸਲਾ ਹੈ।



# ਬੀ ਬੀ ਐੱਮ ਬੀ ਰਿਟਾਇਰੀਜ਼ ਯੂਨੀਅਨ ਦੀ ਮਹੀਨਾਵਾਰ ਮੀਟਿੰਗ



**ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਆਲ ਬੀ ਬੀ ਐਮ ਬੀ ਰੀਟਾਇਰੀਜ ਯੂਨੀਅਨ ਨੰਗਲ ਯੂਨਿਟ ਦੀ ਮੀਟਿੰਗ ਹਰੀ ਮਿੱਤਲ ਦੀ ਪ੍ਰਧਾਨਗੀ ਹੇਠ ਗੁਰਦੁਆਰਾ ਵਿਖੇ ਹੋਈ ਜਿਸ ਵਿੱਚ ਬੀ ਬੀ ਐਮ ਬੀ ਦੀ ਰੀਟਾਇਰੀ ਕਰਮਚਾਰੀਆਂ ਦੀਆਂ ਦਰਪੇਸ਼ ਸਮੱਸਿਆਵਾਂ ਤੇ ਵਿਚਾਰ ਵਟਾਂਦਰਾ ਕਰਨ ਤੋਂ ਇਲਾਵਾ ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਵਿੱਚ ਆਏ ਹੜ੍ਹਾਂ ਨਾਲ ਹੋਏ ਭਾਰੀ ਨੁਕਸਾਨ ਅਤੇ ਬੀ ਬੀ ਐਮ ਬੀ ਦੀ ਨੰਗਲ ਹਾਈਡਲ ਚੈਨਲ ਦੇ ਬੈਠੇ ਕਿਨਾਰਿਆਂ ਤੇ ਵੀ ਚਰਚਾ ਕੀਤੀ ਗਈ। ਮੀਟਿੰਗ ਨੂੰ ਸ੍ਰੀ ਮੋਹਨ ਲਾਲ ਸੈਣੀ, ਠਾਕੁਰ ਰਾਮ ਲਾਲ, ਹਰੀ ਮਿੱਤਲ, ਗੁਰਨਾਮ ਸਿੰਘ ਔਲਖ, ਸਰਵਣ ਕੁਮਾਰ ਆਦਿ ਨੇ ਸੰਬੋਧਨ ਕੀਤਾ। ਯੂਨੀਅਨ ਦੇ ਜਨਰਲ ਸਕੱਤਰ ਗੁਰਨਾਮ ਸਿੰਘ ਔਲਖ ਨੇ ਬੀ ਬੀ ਐਮ ਬੀ ਦੀ ਮੈਨੇਜਮੈਂਟ ਵੱਲੋਂ ਰੀਟਾਇਰੀਜ ਅਤੇ ਕਰਮਚਾਰੀਆਂ ਦੀ ਮੰਗਾਂ ਪ੍ਰਤੀ ਅਪਣਾਈ ਟਾਲ ਮਟੋਲ ਦੀ ਨੀਤੀ ਦੀ ਸਖ਼ਤ ਨੁਕਤਾਚੀਨੀ ਕੀਤੀ ਅਤੇ ਕਿਹਾ ਕਿ ਮੈਨੇਜਮੈਂਟ [illegible] ਅਕਾਲ ਚਲਾਣਾ ਕਰ ਚੁੱਕੇ ਬੀ ਬੀ ਐਮ ਬੀ ਦੇ ਕਰਮਚਾਰੀਆਂ ਨੂੰ ਵੀ ਇਨਸਾਫ਼ ਨਹੀਂ ਦੇ ਰਹੀ ਅਤੇ ਚੀਫ ਇੰਜਨੀਅਰ ਪਾਵਰ ਵਿੰਗ ਨੰਗਲ ਦੇ ਦਫਤਰ ਵੱਲੋਂ ਉਹਨਾਂ ਨੂੰ ਖੱਜਲ ਖੁਆਰ ਕੀਤਾ ਜਾ ਰਿਹਾ ਹੈ। [illegible]

# ਫੈਡਰੇਸ਼ਨ ਵਿਗਿਆਨਕ ਦੇ ਸਾਥੀ ਹੜ੍ਹਾਂ ਪ੍ਰਭਾਵਤ ਲੋਕਾਂ 'ਚ ਰਾਹਤ ਕਾਰਜਾਂ ਲਈ ਜੁਟੇ

**ਮਹਿਤਪੁਰ (ਰਾਜਾ)**- ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ (ਵਿਗਿਆਨਿਕ) ਦੀ ਸੂਬਾ ਪੱਧਰੀ ਵਰਚੂਅਲ ਮੀਟਿੰਗ ਗਗਨਦੀਪ ਸਿੰਘ ਭੁੱਲਰ ਦੀ ਅਗਵਾਈ ਹੇਠ ਹੋਈ । ਪੰਜਾਬ ਵਿੱਚ ਆਏ ਭਿਆਨਕ ਹੜ੍ਹਾਂ ਕਾਰਨ ਪੈਦਾ ਹੋਏ ਗੰਭੀਰ ਹਾਲਾਤਾਂ 'ਤੇ ਚਿੰਤਨ ਕੀਤਾ ਗਿਆ। ਮੀਟਿੰਗ ਦੀ ਜਾਣਕਾਰੀ ਦਿੰਦੇ ਹੋਏ ਸੂਬਾ ਜਨਰਲ ਸਕੱਤਰ ਐਨ ਡੀ ਤਿਵਾੜੀ ਨੇ ਦੱਸਿਆ ਕਿ ਫੈਡਰੇਸ਼ਨ ਵਿਗਿਆਨਿਕ ਦੇ ਸਾਥੀ ਲਗਾਤਾਰ ਹੜ੍ਹ ਪੀੜਤ ਏਰੀਏ ਵਿੱਚ ਵਿਚਰ ਰਹੇ ਹਨ। [illegible] ਅਗਵਾਈ ਵਿੱਚ ਕੰਵਲਜੀਤ ਸੰਗੋਵਾਲ, ਰਮਨ ਕੁਮਾਰ ਗੁਪਤਾ, ਰਾਕੇਸ਼ ਕੁਮਾਰ ਬੰਟੀ ਲਗਾਤਾਰ ਉਸ ਇਲਾਕੇ ਵਿੱਚ ਵਿਚਰ ਰਹੇ ਹਨ।ਸੂਬਾ ਵਿੱਤ ਸਕੱਤਰ [illegible] ਆਈਆਂ ਜਾਣਕਾਰੀਆਂ ਅਨੁਸਾਰ 7-8 ਦਿਨ ਵਿਚ ਹੜ੍ਹ ਦਾ ਪਾਣੀ ਘਟਣ ਨਾਲ ਅਸਲ ਹਾਲਾਤ ਦਾ ਪਤਾ ਲੱਗਿਆ ਹੈ। [illegible] ਵਿੱਚ ਇਸ ਗੱਲ 'ਤੇ ਵਿਚਾਰ ਕੀਤਾ ਗਿਆ ਕਿ ਪੰਜਾਬ ਸਰਕਾਰ ਵੱਲੋਂ ਸਾਂਝੇ ਫਰੰਟ ਨੂੰ ਵਾਰ ਵਾਰ ਮੀਟਿੰਗਾਂ ਦਾ ਸਮਾਂ ਦੇ ਕੇ ਮੀਟਿੰਗ ਅੱਗੇ ਪਾਉਣ ਦੀ [illegible]



# ਮੋਹਾਲੀ ਪੁਲਸ ਵੱਲੋਂ ਫਾਇਰਿੰਗ ਕਰਕੇ ਫ਼ਿਰੌਤੀਆਂ ਵਸੂਲਣ ਵਾਲੇ ਗਰੋਹ ਦਾ ਪਰਦਾ ਫਾਸ਼

● 2 ਵਿਅਕਤੀ ਗ੍ਰਿਫ਼ਤਾਰ, 2 ਹਥਿਆਰ ਤੇ 1 ਵਾਹਨ ਬ੍ਰਾਮਦ



**ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਡੇਰਾ ਬੱਸੀ (ਗੁਰਜੀਤ ਬਿੱਲਾ, ਵਿਨੈ ਕੁਮਾਰ ਜੈਨ)**- ਐੱਸ ਐੱਸ ਪੀ ਹਰਮਨਦੀਪ ਸਿੰਘ ਹਾਂਸ ਨੇ ਇੱਥੇ ਦੱਸਿਆ ਕਿ ਡੀ.ਆਈ.ਜੀ ਰੂਪਨਗਰ ਰੇਂਜ, ਹਰਚਰਨ ਸਿੰਘ ਭੁੱਲਰ, ਦੇ ਦਿਸ਼ਾ ਨਿਰਦੇਸ਼ਾਂ ਮੁਤਾਬਿਕ, ਸਮਾਜ ਵਿਰੋਧੀ ਅਨਸਰਾਂ ਖਿਲਾਫ ਜ਼ਿਲ੍ਹਾ ਪੁਲਿਸ ਵੱਲੋਂ ਚਲਾਈ ਗਈ ਮੁਹਿੰਮ ਨੂੰ ਉਸ ਸਮੇਂ ਵੱਡੀ ਸਫਲਤਾ ਮਿਲੀ, ਜਦੋਂ ਕਪਤਾਨ ਪੁਲਿਸ (ਦਿਹਾਤੀ), ਮਨਪ੍ਰੀਤ ਸਿੰਘ, ਕਪਤਾਨ ਪੁਲਿਸ (ਜਾਂਚ), ਸੌਰਵ ਜਿੰਦਲ ਅਤੇ ਕਪਤਾਨ ਪੁਲਿਸ (ਆਪਰੇਸ਼ਨ) ਤਲਵਿੰਦਰ ਸਿੰਘ ਗਿੱਲ, ਦੀ ਅਗਵਾਈ ਵਿੱਚ ਡੀ ਐਸ ਪੀ, ਡੇਰਾਬੱਸੀ ਬਿਕਰਮਜੀਤ ਸਿੰਘ ਬਰਾੜ ਦੀਆਂ ਟੀਮਾਂ ਵੱਲੋਂ ਫਿਰੌਤੀ ਮੰਗਣ ਦੀ ਨੀਅਤ ਨਾਲ ਅਮਨ ਹੋਟਲ ਗੁਲਾਬਗੜ੍ਹ ਰੋਡ ਡੇਰਾਬੱਸੀ ਤੇ ਬੀਤੀ 01-09-2025 ਨੂੰ ਰਾਤ ਸਮੇਂ ਫਾਇਰਿੰਗ ਕਰਨ ਵਾਲੇ 2 ਵਿਅਕਤੀਆ ਨੂੰ ਗ੍ਰਿਫ਼ਤਾਰ ਕਰਕੇ, ਉਨ੍ਹਾਂ ਪਾਸੋਂ ਵਾਰਦਾਤ ਵਿੱਚ ਵਰਤੇ 2 ਪਿਸਤੌਲ ਸਮੇਤ 4 ਮੈਗਜੀਨ ਅਤੇ ਵਾਰਦਾਤ ਵਿੱਚ ਵਰਤੀ ਹਾਂਡਾ ਐਕਟੀਵਾ ਬ੍ਰਾਮਦ ਕਰਨ ਵਿੱਚ ਸਫਲਤਾ ਪ੍ਰਾਪਤ ਕੀਤੀ। ਜ਼ਿਲ੍ਹਾ ਪੁਲਸ ਮੁਖੀ ਹਰਮਨਦੀਪ ਹਾਂਸ ਨੇ ਘਟਨਾ ਦਾ ਵੇਰਵਾ ਦਿੰਦੇ ਹੋਏ ਦੱਸਿਆ ਕਿ ਮਿਤੀ 01-09-2025 ਨੂੰ ਗੁਲਾਬਗੜ੍ਹ ਰੋਡ ਡੇਰਾਬੱਸੀ ਵਿਖੇ ਅਮਨ ਹੋਟਲ ਉਤੇ ਰਾਤ ਕਰੀਬ 2 ਵਜੇ ਤੜਕਸਾਰ ਫਾਇਰਿੰਗ ਦੀ ਘਟਨਾ ਵਾਪਰੀ, ਜਿਸ ਤੇ ਥਾਣਾ ਡੇਰਾਬੱਸੀ ਦੀ ਪੁਲਸ ਵੱਲੋਂ ਤੁਰੰਤ ਕਾਰਵਾਈ ਕਰਦਿਆਂ ਅਮਨ ਹੋਟਲ ਦੇ ਮਾਲਕ ਕਰਨ ਕੁਮਾਰ ਪੁੱਤਰ ਰੌਸ਼ਨ ਲਾਲ ਵਾਸੀ ਰੋਜ਼ਵੁੱਡ ਅਸਟੇਟ ਜੀ.ਬੀ.ਪੀ, ਰੋਡ ਗੁਲਾਬਗੜ੍ਹ ਦੇ ਬਿਆਨ ਤੇ ਮੁਕੱਦਮਾ ਨੰਬਰ 250, ਮਿਤੀ 01-09-2025 ਅ/ਧ 308(4) ਬੀ.ਐਨ.ਐਸ, 25 ਅਸਲਾ ਐਕਟ ਥਾਣਾ ਡੇਰਾਬੱਸੀ ਦਰਜ ਕੀਤਾ। ਐਸ.ਐਸ.ਪੀ ਹਰਮਨਦੀਪ ਹਾਂਸ ਨੇ ਅੱਗੇ ਦੱਸਿਆ ਕਿ ਘਟਨਾ ਵਾਲੇ ਦਿਨ ਤੋਂ ਹੀ ਐਂਟੀ ਨਾਰਕੋਟਿਸ ਸੈਲ ਤੇ ਸਪੈਸ਼ਲ ਸੈਲ, ਮੋਹਾਲੀ ਦੀਆਂ ਟੀਮਾਂ ਨੇ ਵਿਗਿਆਨਕ ਤਰੀਕਿਆ ਨਾਲ ਤਫਤੀਸ਼ ਕੀਤੀ ਅਤੇ ਮੋਹਾਲੀ ਇਲਾਕੇ ਵਿੱਚ ਖੁਫੀਆ ਅਪਰੇਸ਼ਨ ਕਰਕੇ ਇਸ ਗਿਰੋਹ ਦਾ ਸੁਰਾਗ ਲਗਾਇਆ ਜੋ ਪਿੰਡ ਬਾਕਰਪੁਰ ਅਤੇ ਪਿੰਡ ਮਟਰਾਂ ਥਾਣਾ ਐਰੋਸਿਟੀ ਤੋਂ ਸੰਚਾਲਨ ਕਰ ਰਿਹਾ ਸੀ। ਜਿਉਂ ਹੀ ਪੁਲਿਸ ਨੇ ਇਨ੍ਹਾਂ ਇਲਾਕਿਆਂ ਵਿੱਚ ਛਾਪੇਮਾਰੀ ਸ਼ੁਰੂ ਕੀਤੀ ਤਾਂ ਦੋਸ਼ੀ ਆਪਣੇ ਟਿਕਾਣਿਆਂ ਤੋਂ ਫਰਾਰ ਹੋ ਗਏ। ਜਿਨ੍ਹਾਂ ਦਾ ਪਿੱਛਾ ਕਰਕੇ ਵਾਰਦਾਤ ਸਮੇਂ ਹਾਂਡਾ ਐਕਟਿਵਾ ਸਕੂਟੀ ਚਲਾ ਰਹੇ ਨਵਜੋਤ ਸਿੰਘ ਉਰਫ ਸੈਂਟੀ ਪੁੱਤਰ ਗੁਰਮੁੱਖ ਸਿੰਘ ਵਾਸੀ ਪਿੰਡ ਮਟਰਾਂ ਥਾਣਾ ਐਰੋਸਿਟੀ ਨੂੰ ਪਿੰਡ ਮੌਲੀ ਸੈਕਟਰ 80, ਮੋਹਾਲੀ ਤੋਂ ਮਿਤੀ 07-09-2025 ਨੂੰ ਗ੍ਰਿਫਤਾਰ ਕੀਤਾ ਅਤੇ ਫਾਇਰਿੰਗ ਕਰਨ ਵਾਲੇ ਦੋਸ਼ੀ ਅਮਨਦੀਪ ਸਿੰਘ ਉਰਫ ਅਮਨਾ ਪੁੱਤਰ ਜਸਵੰਤ ਸਿੰਘ ਵਾਸੀ ਪਿੰਡ ਪੱਤੋਂ ਥਾਣਾ ਸੋਹਾਣਾ ਨੂੰ ਪਿੰਡ ਸੁਲਤਾਨਪੁਰ ਨੇੜੇ ਬਰਵਾਲਾ ਤੋਂ ਮਿਤੀ 08-09-2025 ਨੂੰ ਗ੍ਰਿਫਤਾਰ ਕੀਤਾ। ਦੋਹਾਂ ਦੋਸ਼ੀਆਂ ਦੀ ਨਿਸ਼ਾਨਦੇਹੀ ਤੇ ਵਾਰਦਾਤ ਵਿੱਚ ਵਰਤੇ ਦੋ ਪਿਸਤੌਲ 7.65 ਐਮ.ਐਮ ਸਮੇਤ 4 ਮੈਗਜੀਨ ਅਤੇ ਵਰਤੀ ਹਾਂਡਾ ਐਕਟਿਵਾ ਬ੍ਰਾਮਦ ਕਰ ਲਏ ਹਨ। ਦੋਸ਼ੀਆਂ ਦਾ ਇਕ ਸਾਥੀ ਅਨੀਕੇਤ ਸਿੰਘ ਪੁੱਤਰ ਬਲਕਾਰ ਸਿੰਘ ਵਾਸੀ ਪਿੰਡ ਬਾਕਰਪੁਰ ਫਰਾਰ ਹੈ, ਜਿਸ ਦੀ ਤਲਾਸ਼ ਜਾਰੀ ਹੈ।ਗ੍ਰਿਫਤਾਰ ਦੋਸ਼ੀਆਂ ਵਿਰੁੱਧ ਪਹਿਲਾਂ ਦਰਜ ਮੁਕੱਦਮਿਆਂ ਦਾ ਵੇਰਵਾ:-1. ਅਮਨਦੀਪ ਸਿੰਘ ਉਰਫ ਅਮਨਾ ਪੁੱਤਰ ਜਸਵੰਤ ਸਿੰਘ ਵਾਸੀ ਪਿੰਡ ਪਤੋਂ ਥਾਣਾ ਸੋਹਾਣਾ 2. ਨਵਜੋਤ ਸਿੰਘ ਉਰਫ ਸੈਂਟੀ ਪੁੱਤਰ ਗੁਰਮੁੱਖ ਸਿੰਘ ਵਾਸੀ ਪਿੰਡ ਮਟਰਾਂ ਥਾਣਾ ਐਰੋਸਿਟੀ।

# ਤਰਕਸ਼ੀਲ ਸੁਸਾਇਟੀ ਹੜ੍ਹ ਪੀੜਤਾਂ ਦੀ ਸੰਭਵ ਸਹਾਇਤਾ ਲਈ ਤੱਤਪਰ : ਜਗਦੀਸ਼



**ਬੰਗਾ (ਅਵਤਾਰ ਕਲੇਰ)**- ਤਰਕਸ਼ੀਲ ਸੋਸਾਇਟੀ ਪੰਜਾਬ ਜੋਨ ਨਵਾਂ ਸ਼ਹਿਰ ਦੀ ਮੀਟਿੰਗ ਜੋਨ ਮੁਖੀ ਮਾਸਟਰ ਜਗਦੀਸ਼ ਰਾਏਪੁਰ ਡੱਬਾ ਦੀ ਪ੍ਰਧਾਨਗੀ ਹੇਠ ਮਾਤਾ ਵਿਦਿਆਵਤੀ ਭਵਨ ਨਵਾਂ ਸ਼ਹਿਰ ਵਿਖੇ ਹੋਈ।ਇਸ ਮੀਟਿੰਗ ਵਿੱਚ ਵੱਖ-ਵੱਖ ਏਜੰਡਿਆਂ ਤੇ ਖੁੱਲ ਕੇ ਵਿਚਾਰ ਚਰਚਾ ਹੋਈ। ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਜੋਨ ਦੇ ਮੀਡੀਆ ਮੁਖੀ ਬਲਜਿੰਦਰ ਸ਼ਹਿਬਾਜ਼ਪੁਰੀ ਨੇ ਦੱਸਿਆ ਕਿ ਤਰਕਸ਼ੀਲ ਮੈਗਜ਼ੀਨ ਅੰਕ ਸਤੰਬਰ-ਅਕਤੂਬਰ ਦੀ ਵੰਡ ਜੋਨ ਦੇ ਵਿੱਤ ਵਿਭਾਗ ਮੁਖੀ ਸੁਖਵਿੰਦਰ ਗੋਗਾ ਦੁਆਰਾ ਕੀਤੀ ਗਈ।ਜੋਨ ਦੇ ਜਥੇਬੰਦਕ ਮੁਖੀ ਮਾ. ਜਗਦੀਸ਼ ਰਾਏਪੁਰ ਡੱਬਾ ਮਾਨਸਿਕ ਸਿਹਤ ਚੇਤਨਾ ਮਸ਼ਵਰਾ ਵਿਭਾਗ ਦੇ ਮੁਖੀ ਸੱਤਪਾਲ ਸਲੋਹ ਅਤੇ ਸੱਭਿਆਚਾਰਕ ਵਿਭਾਗ ਦੇ ਮੁਖੀ ਮੋਹਨ ਬੀਕਾ ਦੁਆਰਾ ਮੈਗਜ਼ੀਨ ਦੀ ਗਿਣਤੀ ਵਧਾਉਣ ਸਬੰਧੀ ਨੁਕਤੇ ਸਾਂਝੇ ਕੀਤੇ। ਉਹਨਾਂ ਇਹ ਵੀ ਕਿਹਾ ਕਿ ਤਰਕਸ਼ੀਲ ਸੁਸਾਇਟੀ ਪੰਜਾਬ ਹੜ੍ਹਾਂ ਦੀ ਮਾਰ ਹੇਠ ਆਏ ਇਲਾਕਿਆਂ ਵਿੱਚ ਪੀੜਤ ਲੋਕਾਂ ਦੀ ਸ਼ਨਾਖਤ ਕਰਕੇ ਉਨ੍ਹਾਂ ਦੀ ਸੰਭਵ ਮਦਦ ਕਰੇਗੀ। 28 ਸਤੰਬਰ ਨੂੰ ਸ਼ਹੀਦ ਭਗਤ ਸਿੰਘ ਦਾ ਜਨਮ ਦਿਨ ਮਨਾਉਣ ਸਬੰਧੀ ਸਲਾਹ ਮਸ਼ਵਰਾ ਹੋਇਆ। ਹੜ੍ਹ ਪੀੜਤਾਂ ਲਈ ਸਹਾਇਤਾ ਫੰਡ ਇਕੱਠਾ ਕਰਨ ਸਬੰਧੀ ਵਿਚਾਰ ਚਰਚਾ ਹੋਈ ਤੇ ਮੀਟਿੰਗ ਦੇ ਅਖੀਰ ਵਿੱਚ ਪਿਛਲੇ ਦਿਨੀਂ ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਗੜ੍ਹਸ਼ੰਕਰ ਵਲੋਂ ਕਰਵਾਈ ਗਈ ਪਰਵਾਰਕ ਮਿਲਣੀ ਸਬੰਧੀ ਰੀਵਿਊ ਕਰਵਾਇਆ ਗਿਆ ਜਿਸ ਵਿੱਚ ਸਾਥੀਆਂ ਨੇ ਤਰਕਸ਼ੀਲ ਮਿਲਣੀ ਵਿੱਚ ਰਹਿ ਗਈਆਂ ਕਮੀਆਂ ਪੇਸ਼ੀਆਂ ਬਾਰੇ ਖੁੱਲ੍ਹ ਕੇ ਵਿਚਾਰ ਚਰਚਾ ਕੀਤੀ। ਇਸ ਮੌਕੇ ਮਾਸਟਰ ਹਰਦੀਪ ਕੁਮਾਰ ਗੜ੍ਹਸ਼ੰਕਰ, ਹਰਜਿੰਦਰ ਸੂੰਨੀ ਅਤੇ ਸੁਖਵਿੰਦਰ ਲੰਗੇਰੀ ਆਦਿ ਹਾਜ਼ਰ ਸਨ।

# ਤਨਖਾਹ ਤੋਂ ਵਾਂਝੇ ਕੰਪਿਊਟਰ ਅਧਿਆਪਕਾਂ 'ਚ ਸਰਕਾਰ ਪ੍ਰਤੀ ਰੋਸ

**ਜਲੰਧਰ (ਰਾਜੇਸ਼ ਥਾਪਾ)**- ਕੰਪਿਊਟਰ ਅਧਿਆਪਕ ਯੂਨੀਅਨ ਪੰਜਾਬ ਦੀ ਜ਼ਿਲਾ ਇਕਾਈ ਜਲੰਧਰ ਤੋਂ ਪ੍ਰਧਾਨ ਰਮਨ ਕੁਮਾਰ ਅਤੇ ਸੂਬਾ ਪ੍ਰੈਸ ਸਕੱਤਰ ਹਰਜਿੰਦਰ ਮਹਿਸਮ ਪੁਰ ਨੇ ਸਾਂਝੇ ਤੌਰ ਤੇ ਪ੍ਰੈਸ ਨਾਲ ਜਾਣਕਾਰੀ ਸਾਂਝੀ ਕਰਦਿਆ ਦੱਸਿਆ ਕਿ ਪੰਜਾਬ ਸਰਕਾਰ ਸੂਬੇ ਦੇ ਸਰਕਾਰੀ ਸਕੂਲਾਂ ਵਿੱਚ ਸੇਵਾ ਨਿਭਾ ਰਹੇ ਕੰਪਿਊਟਰ ਅਧਿਆਪਕਾਂ ਨੂੰ ਸਮੇਂ ਸਿਰ ਤਨਖਾਹਾਂ ਦੇਣ ਵਿੱਚ ਨਾਕਾਮ ਰਹੀ। ਪਿਛਲਾ ਮਹੀਨੇ ਰੱਖੜੀ ਦਾ ਤਿਉਹਾਰ ਜੋ ਕਿ 9 ਅਗਸਤ ਨੂੰ ਸੀ ਪਰ ਇਹ ਅਧਿਆਪਕ ਰੱਖੜੀ ਦਾ ਤਿਉਹਾਰ ਵੀ ਬਿਨਾਂ ਤਨਖਾਹਾਂ ਤੋਂ ਮਨਾਉਣ ਲਈ ਮਜਬੂਰ ਸੀ ਜਦੋਂ ਕਿ ਵਿਭਾਗ ਦੇ ਬਾਕੀ ਅਧਿਆਪਕਾਂ ਨੂੰ ਮਹੀਨੇ ਦੀ 1 ਜਾਂ 2 ਤਰੀਕ ਨੂੰ ਹੀ ਤਨਖ਼ਾਹਾਂ ਜਾਰੀ ਕਰ ਦਿੱਤੀਆਂ ਜਾਂਦੀਆਂ ਹਨ। ਜ਼ਿਲ੍ਹੇ ਦੇ ਕੰਪਿਊਟਰ ਅਧਿਆਪਕਾਂ ਦਾ ਕਹਿਣਾ ਹੈ ਕਿ ਉਹਨਾਂ ਨੂੰ ਯਾਦ ਵੀ ਨਹੀਂ ਕਿ ਉਹਨਾਂ ਆਖ਼ਰੀ ਤਿਉਹਾਰ ਤਨਖਾਹਾਂ ਲੈ ਕੇ ਕਦੋਂ ਮਨਾਇਆ ਸੀ। ਇਹਨਾਂ ਅਧਿਆਪਕਾਂ ਨੇ ਇਹ ਵੀ ਦੱਸਿਆ ਕਿ ਇਸ ਸਬੰਧੀ ਜਦੋਂ ਵਿਭਾਗ ਦੇ ਸਮਰੱਥ ਅਧਿਕਾਰੀਆਂ ਨੂੰ ਮਿਲਿਆ ਗਿਆ ਤਾਂ ਉਹਨਾਂ ਵੱਲੋਂ ਇਸ ਤਰ੍ਹਾਂ ਅੱਗੇ ਤੋਂ ਨਾ ਹੋਣ ਦਾ ਭਰੋਸਾ ਦਿੱਤਾ ਗਿਆ ਅਤੇ ਇਸ ਸਬੰਧੀ ਅਗਸਤ ਮਹੀਨੇ ਵਿੱਚ ਕੰਪਿਊਟਰ ਅਧਿਆਪਕਾਂ ਦੀ ਅਤੇ ਸਕੂਲਾਂ ਦੇ ਦੂਸਰੇ ਅਧਿਆਪਕਾਂ ਦੀਆਂ ਤਨਖਾਹਾਂ ਜਾਰੀ ਕਰਨ ਦੀ ਮਿਤੀਆਂ ਸਬੰਧੀ ਡਾਟਾ ਵੀ ਗੂਗਲ ਸ਼ੀਟ ਰਾਹੀਂ ਇਕੱਠਾ ਕੀਤਾ ਗਿਆ ਸੀ, ਪ੍ਰੰਤੂ ਉਹ ਵੀ ਗੋਂਗਲੂਆਂ ਤੋਂ ਮਿੱਟੀ ਝਾੜਨ ਵਾਂਗ ਪ੍ਰਤੀਤ ਹੁੰਦਾ ਜਾਪਦਾ ਕਿਉਂਕਿ ਇਸ ਮਹੀਨੇ ਦੀ 9 ਤਰੀਕ ਹੋਣ ਤੱਕ ਵੀ ਕੰਪਿਊਟਰ ਅਧਿਆਪਕਾਂ ਦੀਆਂ ਤਨਖ਼ਾਹਾਂ ਅਜੇ ਤੱਕ ਜ਼ਿਲ੍ਹਾ ਸਿੱਖਿਆ ਅਫ਼ਸਰਾਂ ਦੇ ਖਾਤਿਆਂ ਵਿੱਚ ਤਕਸੀਮ ਨਹੀਂ ਹੋਈਆਂ।

# ਬੇਜ਼ਮੀਨਿਆਂ ਨੂੰ ਅਣਗੌਲਿਆਂ ਕਰਨ ਵਿਰੁੱਧ ਮਜ਼ਦੂਰ ਸੜਕਾਂ 'ਤੇ




**ਕਾਲਾ ਸੰਘਿਆਂ (ਮਨਜੀਤ ਮਾਨ)**- ਪੰਜਾਬ ਅੰਦਰ ਹੜ੍ਹਾਂ/ਬਾਰਸ਼ਾਂ ਵਲੋਂ ਮਚਾਈ ਗਈ ਭਾਰੀ ਤਬਾਹੀ ਮਗਰੋਂ ਪੰਜਾਬ ਸਰਕਾਰ ਵੱਲੋਂ ਐਲਾਨ ਕੀਤੇ ਰਾਹਤ ਫੰਡ ਮੌਕੇ ਸਮਾਜ ਦੇ ਸਭ ਤੋਂ ਗਰੀਬ ਵਰਗ ਦੇ ਲੋਕਾਂ ਨੂੰ ਬਿਲਕੁਲ ਹੀ ਅਣਗੌਲੇ ਕਰਨ ਵਿਰੁੱਧ ਅੱਜ ਮਜ਼ਦੂਰ ਸੜਕਾਂ 'ਤੇ ਉਤਰੇ। ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਇਲਾਕਾ ਨਕਦਰ -ਸ਼ਾਹਕੋਟ ਦੇ ਪ੍ਰਧਾਨ ਹਰਪਾਲ ਬਿੱਟੂ ਅਤੇ ਇਲਾਕਾ ਕਮੇਟੀ ਮੈਂਬਰ ਸਤਨਾਮ ਉੱਗੀ ਦੀ ਅਗਵਾਈ ਹੇਠ ਮਜ਼ਦੂਰਾਂ ਨੇ ਪਿੰਡਾਂ ਵਿਚ ਰੋਸ ਮਾਰਚ ਕਰਕੇ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਮਜ਼ਦੂਰ ਤੇ ਦਲਿਤ ਵਿਰੋਧੀ ਦੱਸਦਿਆਂ ਕਿਹਾ ਕਿ ਇਸ ਮੁਸੀਬਤ ਦੀ ਘੜੀ ਵਿੱਚ ਵੀ ਮੁੱਖ ਮੰਤਰੀ ਵਲੋਂ ਦਲਿਤਾਂ ਨਾਲ਼ ਜਾਤਪਾਤੀ ਵਿਤਕਰਾ ਅਤੀ ਨਿੰਦਣਯੋਗ ਹੈ। ਉਨ੍ਹਾਂ ਕਿਹਾ ਬੇਸ਼ੱਕ ਦਰਿਆਵਾਂ ਲਾਗਲੇ ਲੋਕਾਂ ਦਾ ਬਹੁਤ ਵੱਡਾ ਨੁਕਸਾਨ ਹੋਇਆ ਹੈ ਪਰ ਅੱਧ ਕੱਚੇ ਪੱਕੇ ਮਕਾਨਾਂ ਵਾਲੇ ਦਲਿਤਾਂ ਨੂੰ ਦੂਹਰੀ ਤੀਹਰੀ ਮਾਰ ਪਈ ਹੈ। ਮਜ਼ਦੂਰਾਂ ਨੇ ਮੰਗ ਕੀਤੀ ਕਿ ਹੜ੍ਹਾਂ ਵਿਚ ਜਾਨ ਗੁਆਉਣ ਵਾਲਿਆਂ ਦੇ ਪਰਵਾਰਾਂ ਨੂੰ 25 ਲੱਖ ਰੁਪਏ ਦੀ ਸਹਾਇਤਾ ਰਾਸ਼ੀ ਦਿੱਤੀ ਜਾਵੇ, ਮਜ਼ਦੂਰਾਂ ਦੇ ਢਹਿ ਗਏ ਘਰਾਂ ਨੂੰ ਮੁੜ ਉਸਾਰਨ ਲਈ 15 ਲੱਖ ਅਤੇ ਬਾਲੇ ਗਾਡਰਾਂ ਵਾਲੀਆਂ ਛੱਤਾਂ ਬਦਲਣ ਲਈ 5 ਲੱਖ ਰੁਪਏ ਦੀ ਰਾਸ਼ੀ ਜਾਰੀ ਕੀਤੀ ਜਾਵੇ, ਮਜ਼ਦੂਰ ਆਗੂਆਂ ਨੇ ਕਿਹਾ ਕਿ ਪਿਛਲੇ ਸਮਿਆਂ ਅੰਦਰ ਵੀ ਸਰਕਾਰੀ ਸਰਵੇਖਣ ਨਿਰਾ ਧੋਖਾ ਹੀ ਸਾਬਤ ਹੋਏ ਹਨ ਤੇ ਹੁਣ ਵੀ ਦਲਿਤ ਵਿਰੋਧੀ ਮਾਨਸਿਕਤਾ ਵਾਲੀ ਸਰਕਾਰ ਤੇ ਇਸ ਦੇ ਅਧਿਕਾਰੀਆਂ ਤੋਂ ਕੋਈ ਆਸ ਨਹੀਂ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ 11-12 ਦੇ ਧਰਨਿਆਂ 'ਚ ਪਰਵਾਰਾਂ ਸਮੇਤ ਪਹੁੰਚਣ।

# ਵਿਦਿਆਰਥੀਆਂ ਨੇ 9 ਗੋਲਡ, 8 ਸਿਲਵਰ ਤੇ 4 ਬਰੌਂਜ਼ ਮੈਡਲ ਜਿੱਤ ਕੇ ਰਚਿਆ ਇਤਿਹਾਸ

**ਮਹਿਤਪੁਰ (ਰਾਜਾ)**- ਜੇ ਡੀ ਸੈਂਟਰਲ ਸਕੂਲ ਆਦਰਮਾਨ ਦੇ ਹੋਣਹਾਰ ਵਿਦਿਆਰਥੀਆਂ ਵੱਲੋਂ ਜੋਨਲ ਐਥਲੈਟਿਕਸ ਮੀਟ 2025 ਵਿੱਚ ਲੜਕਿਆਂ ਦੇ ਟਰੈਕ ਈਵੈਂਟਸ ਵਿੱਚ ਸਫਲਤਾ ਹਾਸਲ ਕਰਕੇ ਜ਼ਿਲ੍ਹਾ ਪੱਧਰੀ ਖੇਡਾਂ ਵਿੱਚ ਪ੍ਰਵੇਸ਼ ਕੀਤਾ। ਰਵੀ ਪਾਲ ਸਿੰਘ ਵੀ ਦਾ ਪਾਏ ਹੋਏ ਪੂਰਨਿਆਂ ਤੇ ਚੱਲਦੇ ਸਰਦਾਰ ਸਿਮਰਜੀਤ ਸਿੰਘ ਮੰਮੀ ਅਤੇ ਪ੍ਰਿੰਸੀਪਲ ਰੰਜਨਾ ਰਾਏ ਅਤੇ ਡੀ ਪੀ ਮਾਸਟਰ ਸਰਦਾਰ ਚਮਕੌਰ ਸਿੰਘ ਦੀ ਅਗਵਾਈ ਹੇਠ ਸਾਰਾ ਅਭਿਆਸ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਮਹਿਤਪੁਰ ਵਿਖੇ ਚੱਲ ਰਹੀਆਂ ਜੋਨਲ ਐਥਲੈਟਿਕਸ ਖੇਡਾਂ ਵਿੱਚ ਵਰਿੰਦਰ ਸਿੰਘ ਸ਼ਾਟ ਪੁੱਟ ਵਿੱਚ ਫ਼ਸਟ, ਡਿਸਕਸ ਵਿੱਚ ਫ਼ਸਟ, ਬਰਾਇਡਨ, ਸਾਹਿਬਜੋਤ ਸਿੰਘ, ਗੁਰਅੰਮ੍ਰਿਤ ਸਿੰਘ ਅਤੇ ਦਿਲਸ਼ਾਨ ਚੌਹਾਨ ਰਿਲੇਅ ਰੇਸ ਵਿੱਚ ਫ਼ਸਟ,ਅਤੇ ਹਰਜੋਤ ਸਿੰਘ ਸ਼ਾਟ ਪੁੱਟ ਵਿੱਚ ਸੈਕਿੰਡ, ਡਿਸਕਸ ਵਿੱਚ ਸੈਕਿੰਡ ,ਬਰਾਇਡਨ ਹਾਈ ਜੰਪ ਵਿੱਚ ਸੈਕਿੰਡ, ਮਾਨਕਪ੍ਰੀਤ ਸਿੰਘ ਲੌਂਗ ਜੰਪ ਵਿੱਚ ਫ਼ਸਟ, ਸ਼ਿਵਰਾਜ ਜੋਹਲ ਹਾਈ ਜੰਪ ਵਿੱਚ ਥਰਡ ਆਦਿ ਪੁਜ਼ੀਸ਼ਨਾਂ ਹਾਸਲ ਕਰ ਕੇ ਇਲਾਕੇ ਅਤੇ ਸਕੂਲ ਦਾ ਨਾਮ ਰੌਸ਼ਨ ਕੀਤਾ। ਇਸੇ ਤਰ੍ਹਾਂ ਸ਼ੰਕਰ ਵਿਖੇ ਚੱਲ ਰਹੀਆਂ ਜੋਨਲ ਐਥਲੈਟਿਕਸ ਵਿੱਚ ਤਾਜਦੀਪ ਸਿੰਘ 100 ਮੀਟਰ ਰੇਸ ਵਿੱਚ ਫ਼ਸਟ, ਸਾਹਿਬ ਪ੍ਰਤਾਪ ਹਾਈ ਜੰਪ ਵਿੱਚ ਫ਼ਸਟ, ਕਰਨਪ੍ਰੀਤ ਸਿੰਘ ਹਾਈ ਜੰਪ ਵਿੱਚ ਫ਼ਸਟ, ਗੁਰਵਾਰਸ ਸਿੰਘ ਟ੍ਰਿਪਲ ਜੰਪ ਵਿੱਚ ਫ਼ਸਟ, ਆਇਊਸ਼ ਚੌਹਾਨ ਟ੍ਰਿਪਲ ਜੰਪ ਵਿੱਚ ਫ਼ਸਟ, ਤਰਨਵੀਰ ਸਿੰਘ ਡਿਸਕਸ ਵਿੱਚ ਫ਼ਸਟ, ਤਰਨਵੀਰ ਸਿੰਘ,ਆਇਊਸ਼ ਚੌਹਾਨ, ਤਾਜਦੀਪ ਸਿੰਘ, ਸਾਹਿਬਪ੍ਰਤਾਪ ਸਿੰਘ ਰਿਲੇਅ ਰੇਸ ਵਿੱਚ ਫ਼ਸਟ, ਇਸੇ ਤਰ੍ਹਾਂ ਤਾਜਦੀਪ ਸਿੰਘ 200 ਮੀਟਰ ਰੇਸ ਵਿੱਚ ਸੈਕਿੰਡ, ਕਰਨਪ੍ਰੀਤ ਸਿੰਘ ਟ੍ਰਿਪਲ ਜੰਪ ਵਿੱਚ ਸੈਕਿੰਡ, ਗੁਰਵਾਰਸ ਸਿੰਘ ਸ਼ਾਟ ਪੁੱਟ ਵਿੱਚ ਸੈਕਿੰਡ, ਅਰਮਾਨਦੀਪ ਸਿੰਘ ਡਿਸਕਸ ਥਰੋਅ ਵਿੱਚ ਸੈਕਿੰਡ,ਆਇਊਸ਼ ਚੌਹਾਨ ਲੌਂਗ ਜੰਪ ਵਿੱਚ ਥਰਡ ਆਦਿ ਪੁਜ਼ੀਸ਼ਨਾਂ ਹਾਸਲ ਕੀਤੀਆਂ ਗਈਆਂ।

# ਜਮਹੂਰੀ ਕਿਸਾਨ ਸਭਾ ਨੇ ਹੜ੍ਹ ਪੀੜਤਾਂ ਦੀਆਂ ਮੰਗਾਂ ਸੰਬੰਧੀ ਮੁੱਖ ਮੰਤਰੀ ਨੂੰ ਮੰਗ ਪੱਤਰ ਭੇਜਿਆ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਜਮਹੂਰੀ ਕਿਸਾਨ ਸਭਾ ਇਕਾਈ ਗੜ੍ਹਸ਼ੰਕਰ ਵਲੋਂ ਗਿਆਨੀ ਅਵਤਾਰ ਸਿੰਘ ਦੀ ਅਗਵਾਈ ਵਿੱਚ ਮੰਗ ਪੱਤਰ ਐਸ.ਡੀ.ਐਮ. ਦਫਤਰ ਗੜ੍ਹਸ਼ੰਕਰ ਦੀ ਸੁਪਰਡੈਂਟ ਨੂੰ ਦਿੱਤਾ ਗਿਆ ਕਿਉਂਕਿ ਐਸ.ਡੀ.ਐਮ. ਸਾਹਿਬ ਕਿਸੇ ਰੁਝੇਵੇਂ ਕਾਰਨ ਦਫਤਰ ਵਿਚ ਮੌਜੂਦ ਨਹੀਂ ਸਨ। ਇਸ ਸਮੇਂ ਇਕਾਈ ਦੇ ਸਕੱਤਰ ਰਾਮ ਜੀ ਦਾਸ ਚੌਹਾਨ ਵਲੋਂ ਮੰਗਾਂ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਹੜ੍ਹ ਕਾਰਨ ਮਰੇ ਵਿਅਕਤੀਆਂ ਨੂੰ ਪ੍ਰਤੀ ਵਿਅਕਤੀ ਦਸ ਲੱਖ ਰੁਪੈ ਮੁਆਵਜ਼ਾ ਦਿੱਤਾ ਜਾਵੇ, ਬਰਬਾਦ ਹੋਈਆਂ ਫ਼ਸਲਾਂ ਲਈ ਪ੍ਰਤੀ ਏਕੜ 70 ਹਜ਼ਾਰ,ਗੰਨੇ ਦੀ ਫ਼ਸਲ ਲਈ ਪ੍ਰਤੀ ਏਕੜ ਇੱਕ ਲੱਖ ਰੁਪਏ ਮੁਆਵਜ਼ਾ ਦਿੱਤਾ ਜਾਵੇ,ਮੁਆਵਜ਼ੇ ਦੀ ਰਕਮ ਅਸਲੀ ਕਾਸ਼ਤਕਾਰ ਨੂੰ ਹੀ ਦਿੱਤੀ ਜਾਵੇ,ਹੜ੍ਹ ਪ੍ਰਭਾਵਿਤ ਖੇਤਰਾਂ ਦੇ ਬੇਜ਼ਮੀਨੇ ਪਰਿਵਾਰਾਂ ਨੂੰ ਪ੍ਰਤੀ ਪਰਿਵਾਰ 10 ਹਜ਼ਾਰ ਰੁਪੈ ਦਿੱਤੇ ਜਾਣ,ਮ੍ਰਿਤਕ ਪਸ਼ੂਆਂ ਲਈ ਪ੍ਰਤੀ ਪਸ਼ੂ ਇੱਕ ਲੱਖ ਰੁਪੈ ਦੀ ਰਾਸ਼ੀ ਦਿੱਤੀ ਜਾਵੇ, ਡਿੱਗੇ ਘਰਾਂ ਲਈ ਪ੍ਰਤੀ ਘਰ ਦਸ ਲੱਖ ਰੁਪਏ ਦਿੱਤੇ ਜਾਣ, ਨੁਕਸਾਨੀਆਂ ਸੜਕਾਂ ਤੇ ਪੁਲਾਂ ਆਦਿ ਦੀ ਮੁਰੰਮਤ ਜਲਦੀ ਤੋਂ ਜਲਦੀ ਕੀਤੀ ਜਾਵੇ। ਦਫਤਰ ਸੁਪਰਡੈਂਟ ਵਲੋਂ ਯਕੀਨ ਦਵਾਇਆ ਗਿਆ ਕਿ ਮੰਗ ਪੱਤਰ ਸ਼ਿਫਾਰਸ਼ ਤਹਿਤ ਉੱਚ ਅਧਿਕਾਰੀਆਂ ਨੂੰ ਭੇਜ ਦਿੱਤਾ ਜਾਵੇਗਾ।

## ਗਾਦੜਾ ਗੋਤ ਦਾ ਸਲਾਨਾ ਜੋੜ ਮੇਲਾ 14 ਨੂੰ

**ਫਿਲੌਰ (ਨਿਰਮਲ)**- ਗਾਦੜਾ ਗੋਤ ਵਾਲਿਆਂ ਪਰਵਾਰਾਂ ਦੇ ਜਠੇਰਿਆਂ ਦਾ ਸਲਾਨਾ ਜੋੜ ਮੇਲਾ 14 ਸਤੰਬਰ ਨੂੰ ਪਿੰਡ ਬਾਲੋ ਤਹਿਸੀਲ ਬੰਗਾ ਸ਼ਹੀਦ ਭਗਤ ਸਿੰਘ ਨਗਰ ਵਿਖੇ ਮਨਾਇਆ ਜਾਵੇਗਾ। ਇਹ ਜਾਣਕਾਰੀ ਦਿੰਦੇ ਹੋਏ ਪ੍ਰਧਾਨ ਸੋਮ ਪ੍ਰਕਾਸ਼, ਸੋਹਨ ਲਾਲ ਫਿਲੌਰ, ਹਰਭਜਨ ਸਿੰਘ ਨੇ ਦੱਸਿਆ ਕਿ ਲੰਗਰ ਅਤੁੱਟ ਵਰਤੇਗਾ।

## ਧੁੱਸੀ ਬੰਨ੍ਹ 'ਚ ਪਏ ਪਾੜ ਨੂੰ ਪੂਰਨ ਦਾ ਕੰਮ ਜੰਗੀ ਪੱਧਰ 'ਤੇ ਜਾਰੀ : ਡਿਪਟੀ ਕਮਿਸ਼ਨਰ





**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਨੇੜਲੇ ਪਿੰਡ ਬੁਰਜ ਟਹਿਲ ਦਾਸ ਵਿਖੇ ਸਤਲੁਜ ਦਰਿਆ ਦੇ ਧੁੱਸੀ ਬੰਨ੍ਹ ਨੂੰ ਲੱਗੀ ਢਾਅ ਉਪਰੰਤ ਪਏ ਪਾੜ ਨੂੰ ਪੂਰਨ ਅਤੇ ਬੰਨ੍ਹ ਨੂੰ ਮਜ਼ਬੂਤ ਕਰਨ ਦਾ ਕੰਮ ਪ੍ਰਸ਼ਾਸਨਿਕ ਅਧਿਕਾਰੀਆਂ, ਭਾਰਤ ਫੌਜ ਦੀ ਟੀਮ ਦੀ ਨਿਗਰਾਨੀ ਹੇਠ ਪਿੰਡਾਂ ਦੇ ਵਸਨੀਕਾਂ ਵੱਲੋਂ ਜੰਗੀ ਪੱਧਰ 'ਤੇ ਜਾਰੀ ਹੈ। ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ, ਜੋ ਜਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀਆਂ ਸਮੇਤ ਸਵੇਰ ਤੋਂ ਹੀ ਬੰਨ੍ਹ 'ਤੇ ਮੌਜੂਦ ਰਹੇ, ਨੇ ਦੱਸਿਆ ਕਿ ਬੰਨ੍ਹ ਵਿੱਚ ਪਏ 100 ਫੁੱਟ ਦੇ ਕਰੀਬ ਪਾੜ ਕਰਕੇ ਨਾਲ ਲੱਗਦੀਆਂ ਖੇਤੀ ਜ਼ਮੀਨਾਂ ਨੂੰ ਕੋਈ ਨੁਕਸਾਨ ਨਹੀਂ ਪੁੱਜਾ ਕਿਉਂਕਿ ਦਰਿਆ ਵਿੱਚ ਪਿੱਛੋਂ ਪਾਣੀ ਦਾ ਵਹਾਅ ਘੱਟ ਸੀ ਅਤੇ ਪਾੜ ਵਾਲੀ ਜਗ੍ਹਾ 'ਤੇ ਜ਼ਮੀਨਾਂ ਥੋੜੀਆਂ ਉੱਚੀਆਂ ਹਨ। ਉਨ੍ਹਾਂ ਕਿਹਾ ਕਿ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਭਾਰਤੀ ਫੌਜ ਦੀ ਟੀਮ ਵੀ ਲਗਾਤਾਰ ਬੰਨ੍ਹ ਦੀ ਮਜ਼ਬੂਤੀ ਵਿੱਚ ਜੁਟੀ ਹੋਈ ਹੈ ਅਤੇ ਮੌਜੂਦਾ ਸਥਿਤੀ 'ਤੇ ਕੰਟਰੋਲ ਕਰਨ ਲਈ ਲਗਾਤਾਰ ਉਪਰਾਲੇ ਜਾਰੀ ਹਨ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਬੰਨ੍ਹ ਦੀ ਹੋਰ ਮਜ਼ਬੂਤੀ ਲਈ ਮਸ਼ੀਨਾਂ ਨਾਲ ਰਿੰਗ ਬੰਨ੍ਹ ਬਣਾਉਣ ਦਾ ਕੰਮ ਵੀ ਸ਼ੁਰੂ ਕੀਤਾ ਜਾ ਚੁੱਕਾ ਹੈ। ਇਸ ਮੌਕੇ ਐਸ.ਐਸ.ਪੀ. ਡਾ. ਮਹਿਤਾਬ ਸਿੰਘ, ਜਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਸਤਨਾਮ ਸਿੰਘ ਜਲਾਲਪੁਰ, ਆਮ ਆਦਮੀ ਪਾਰਟੀ ਦੇ ਆਗੂ ਲਲਿਤ ਮੋਹਨ ਪਾਠਕ, ਐਸ.ਡੀ.ਐਮ. ਅਨਮਜਯੋਤ ਕੌਰ, ਤਹਿਸੀਲਦਾਰ ਮਨਿੰਦਰ ਸਿੰਘ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਅਤੇ ਪਿੰਡਾਂ ਦੇ ਲੋਕ ਭਾਰੀ ਗਿਣਤੀ ਵਿੱਚ ਮੌਜੂਦ ਸਨ।

# ਗੰਨਾ ਕਿਸਾਨਾਂ ਦੀਆਂ ਸਮੱਸਿਆਵਾਂ ਨੂੰ ਲੈ ਕੇ ਵਫਦ ਮਿੱਲ ਪ੍ਰਸ਼ਾਸਨ ਨੂੰ ਮਿਲਿਆ



**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਇੱਥੇ ਕਿਰਤੀ ਕਿਸਾਨ ਯੂਨੀਅਨ ਸ਼. ਭ. ਸ. ਨਗਰ ਵੱਲੋਂ ਗੰਨਾ ਕਿਸਾਨਾਂ ਦੀਆਂ ਸਮੱਸਿਆਵਾਂ ਨੂੰ ਲੈ ਕੇ ਕੋਆਪਰੇਟਿਵ ਸ਼ੂਗਰ ਮਿੱਲ ਨਵਾਂਸ਼ਹਿਰ ਦੇ ਜਨਰਲ ਮੈਨੇਜਰ ਸਮੇਤ ਸਮੁੱਚੇ ਪ੍ਰਸ਼ਾਸਨ ਨੂੰ ਸੂਬਾ ਮੀਤ ਪ੍ਰਧਾਨ ਹਰਮੇਸ਼ ਸਿੰਘ ਢੇਸੀ, ਜ਼ਿਲ੍ਹਾ ਪ੍ਰਧਾਨ ਸੁਰਿੰਦਰ ਸਿੰਘ ਬੈਂਸ, ਬਲਾਕ ਨਵਾਂਸ਼ਹਿਰ ਦੇ ਪ੍ਰਧਾਨ ਕੁਲਵੀਰ ਸਿੰਘ ਸ਼ਾਹਪੁਰ ਦੀ ਅਗਵਾਈ ਹੇਠ ਵਫਦ ਮਿਲਿਆ। ਮਿੱਲ ਪ੍ਰਸ਼ਾਸਨ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਕਿਸਾਨਾਂ ਦੇ ਬਕਾਏ ਦੇ ਸਾਢੇ ਤਿੰਨ ਕਰੋੜ ਰੁ. ਆ ਗਏ ਹਨ ਅਤੇ ਜਲਦੀ ਹੀ ਸੰਬੰਧਤ ਕਿਸਾਨਾਂ ਨੂੰ ਵੰਡ ਦਿੱਤੇ ਜਾਣਗੇ। ਵਫਦ ਨੇ ਮੰਗ ਕੀਤੀ ਕਿ ਮਿੱਲ ਕਿਸੇ ਵੀ ਹਾਲਤ ਵਿਚ ਇਕ ਨਵੰਬਰ ਤੋਂ ਲੇਟ ਨਹੀਂ ਚੱਲਣੀ ਚਾਹੀਦੀ ਅਤੇ ਹਰ ਤਰ੍ਹਾਂ ਦੀ ਮੁਰੰਮਤ ਦਾ ਕੰਮ ਸਮੇਂ ਸਿਰ ਨਿਬੇੜ ਲਿਆ ਜਾਵੇ। ਕਿਸੇ ਵੀ ਕੁਤਾਹੀ ਲਈ ਮਿੱਲ ਪ੍ਰਸ਼ਾਸਨ ਜਿੰਮੇਵਾਰ ਹੋਵੇਗਾ। ਪ੍ਰਸ਼ਾਸਨ ਨੇ ਦੱਸਿਆ ਕਿ ਜਨਰੇਸ਼ਨ ਪਲਾਂਟ ਦੇ ਅਧਿਕਾਰ ਇਸ ਵਾਰ ਮਿੱਲ ਪ੍ਰਸ਼ਾਸਨ ਨੇ ਲੈ ਲਏ ਹਨ ਅਤੇ ਸਮੁੱਚੇ ਪ੍ਰਬੰਧ ਪਹਿਲਾਂ ਹੀ ਕਰ ਲਏ ਜਾਣਗੇ ਅਤੇ ਮਿੱਲ ਸਮੇਂ ਸਿਰ ਪਿੜਾਈ ਕਰਨਾ ਸ਼ੁਰੂ ਕਰ ਦੇਵੇਗੀ। ਇਸ ਮੌਕੇ ਜ਼ਿਲ੍ਹਾ ਆਗੂ ਬਿੱਕਰ ਸਿੰਘ ਸ਼ੇਖੂਪੁਰ ਬਾਗ, ਰਾਮਜੀ ਦਾਸ ਰਾਣਾ, ਤਾਰਾ ਸਿੰਘ ਸ਼ਾਹਪੁਰ, ਕੁਲਵਿੰਦਰ ਸਿੰਘ ਉਸਮਾਨਪੁਰ ਸਮੇਤ ਬਹੁਤ ਸਾਰੇ ਗੰਨਾ ਕਸ਼ਤਕਾਰ ਸ਼ਾਮਲ ਸਨ।

# ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਦੇ ਮਿੱਤਲ ਸਕੂਲ ਆਫ਼ ਬਿਜ਼ਨਸ ਨੇ ਪਲੇਸਮੈਂਟ 'ਚ ਇੱਕ ਨਵਾਂ ਮਾਪਦੰਡ ਸਥਾਪਤ ਕੀਤਾ




**ਜਲੰਧਰ (ਸ਼ੈਲੀ ਐਲਬਰਟ)**- ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐਲ ਪੀ ਯੂ) ਦੇ ਮਿੱਤਲ ਸਕੂਲ ਆਫ਼ ਬਿਜ਼ਨਸ (ਐਮ ਐਸ ਬੀ) ਨੇ 2025 ਦੀ ਕਲਾਸ ਲਈ ਆਪਣੀ ਐਮ ਬੀ ਏ ਪਲੇਸਮੈਂਟ ਵਿੱਚ ਸ਼ਾਨਦਾਰ ਸਫਲਤਾ ਪ੍ਰਾਪਤ ਕਰਕੇ ਇੱਕ ਵਾਰ ਫਿਰ ਭਾਰਤ ਵਿੱਚ ਪ੍ਰਬੰਧਨ ਸਿੱਖਿਆ ਵਿੱਚ ਇੱਕ ਨਵਾਂ ਮਾਪਦੰਡ ਸਥਾਪਤ ਕੀਤਾ ਹੈ। ਇੱਕ ਬਹੁ-ਰਾਸ਼ਟਰੀ ਕਾਰਪੋਰੇਸ਼ਨ ਵਿੱਚ ਮਾਨਿਕ ਸਲਾਰੀਆ ਦੁਆਰਾ ਪ੍ਰਾਪਤ ?49.46 ਲੱਖ ਦੇ ਸਭ ਤੋਂ ਵੱਧ ਪੈਕੇਜ ਦੇ ਨਾਲ, ਐਮ ਐਸ ਬੀ ਨੇ ਗਲੋਬਲ ਵਪਾਰਕ ਉੱਦਮੀਆਂ ਨੂੰ ਤਿਆਰ ਕਰਨ ਲਈ ਇੱਕ ਹੱਬ ਵਜੋਂ ਆਪਣੀ ਸਾਖ ਨੂੰ ਮਜ਼ਬੂਤ ਕੀਤਾ ਹੈ। ਸਿਖਰਲੇ 10 ਪ੍ਰਤੀਸ਼ਤ ਨੇ 12.00 ਲੱਖ ਦੇ ਪ੍ਰਭਾਵਸ਼ਾਲੀ ਪੈਕੇਜ ਪ੍ਰਾਪਤ ਕੀਤੇ। 250 ਤੋਂ ਵੱਧ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਕੰਪਨੀਆਂ ਨੇ ਇਸ ਭਰਤੀ ਪ੍ਰਕਿਰਿਆ ਨੂੰ ਸੁਵਿਧਾਜਨਕ ਬਣਾਇਆ ਹੈ। ਇਨ੍ਹਾਂ ਵਿੱਚ ਡੇਲੋਇਟ, ਕੇ ਪੀ ਐਮ ਜੀ, ਈ ਵਾਈ, ਐਚ ਡੀ ਐਫ ਸੀ ਬੈਂਕ, ਆਈ ਸੀ ਆਈ ਸੀ ਆਈ ਬੈਂਕ, ਐਕਸਿਸ ਬੈਂਕ, ਫੈਡਰਲ ਬੈਂਕ, ਨੇਸਲੇ, ਏਸ਼ੀਅਨ ਪੇਂਟਸ, ਫਲਿੱਪਕਾਰਟ, ਬ੍ਰਾਡਰਿਜ ਫਾਈਨੈਂਸ਼ੀਅਲ ਸਰਵਿਸਿਜ਼, ਹਾਈ ਰੇਡੀਅਸ, ਬਲਿੰਕਿਟ, ਟ੍ਰਾਈਡੈਂਟ ਗਰੁੱਪ, ਆਦਿਤਿਆ ਬਿਰਲਾ, ਟੀ ਸੀ ਐਸ, ਵਿਪਰੋ ਕੰਜ਼ਿਊਮਰਜ਼ ਅਤੇ ਬਰਜਰ ਪੇਂਟਸ ਸ਼ਾਮਲ ਸਨ।15% ਗ੍ਰੈਜੂਏਟ ਵਿਦਿਆਰਥੀਆਂ ਨੇ ਉੱਦਮਤਾ ਦੀ ਚੋਣ ਕਰਨ ਦੇ ਨਾਲ, ਇਹਨਾਂ ਉੱਭਰਦੇ ਉੱਦਮੀਆਂ ਨੇ ਗ੍ਰੈਜੂਏਸ਼ਨ ਤੋਂ ਪਹਿਲਾਂ ਹੀ 2 ਕਰੋੜ ਰੁਪਏ ਤੋਂ ਵੱਧ ਦੀ ਉੱਦਮੀ ਪੂੰਜੀ ਸਫਲਤਾਪੂਰਵਕ ਇਕੱਠੀ ਕੀਤੀ ਹੈ, ਜਿਸ ਵਿੱਚ ਇੰਡੀਅਨ ਏਂਜਲ ਨੈੱਟਵਰਕ, ਮਾਰਵਾੜੀ ਕੈਟਾਲਿਸਟ ਅਤੇ ਵੈਂਚਰ ਬੋਲਟ ਸਮੇਤ ਸਥਾਪਿਤ ਨਿਵੇਸ਼ ਨੈੱਟਵਰਕਾਂ ਦੇ ਸਮਰਥਨ ਨਾਲ ਸ਼ਾਮਲ ਹਨ।ਵਿਦਿਆਰਥੀ ਅਮਰੀਕਾ, ਯੂਕੇ, ਆਸਟ੍ਰੇਲੀਆ ਅਤੇ ਯੂਰਪ ਦੀਆਂ ਯੂਨੀਵਰਸਿਟੀਆਂ ਨਾਲ ਅੰਤਰਰਾਸ਼ਟਰੀ ਕ੍ਰੈਡਿਟ ਟ੍ਰਾਂਸਫਰ ਵਿਕਲਪਾਂ ਰਾਹੀਂ ਗਲੋਬਲ ਹੁਨਰ ਪ੍ਰਾਪਤ ਕਰ ਸਕਦੇ ਹਨ।ਡਾ. ਅਸ਼ੋਕ ਕੁਮਾਰ ਮਿੱਤਲ, ਐਮ ਪੀ (ਰਾਜ ਸਭਾ) ਅਤੇ ਐਲ ਪੀ ਯੂ ਦੇ ਸੰਸਥਾਪਕ ਚਾਂਸਲਰ ਨੇ ਕਿਹਾ, ਐਲ ਪੀ ਯੂ ਬੇਅੰਤ ਸੰਭਾਵਨਾਵਾਂ ਦੇ ਪ੍ਰਵੇਸ਼ ਦੁਆਰ ਵਜੋਂ ਖੜ੍ਹਾ ਹੈ, ਜਿੱਥੇ ਨੌਜਵਾਨ ਦਿਮਾਗ ਕੱਲ੍ਹ ਦੇ ਨੇਤਾ, ਨਵੀਨਤਾਕਾਰੀ ਅਤੇ ਉੱਦਮੀ ਬਣਦੇ ਹਨ। ਐਲਪੀਯੂ ਵਿਦਿਆਰਥੀਆਂ ਨੂੰ ਅੰਤਰਰਾਸ਼ਟਰੀ ਅਨੁਭਵ, ਉੱਦਮਤਾ ਦੀ ਭਾਵਨਾ ਅਤੇ ਇੱਕ ਅਜਿਹੀ ਸਿੱਖਿਆ ਪ੍ਰਦਾਨ ਕਰਨ ਵਿੱਚ ਮਾਣ ਮਹਿਸੂਸ ਕਰਦਾ ਹੈ ਜੋ ਉਨ੍ਹਾਂ ਨੂੰ ਨਾ ਸਿਰਫ਼ ਆਪਣੇ ਕਰੀਅਰ ਵਿੱਚ ਵੱਡੀਆਂ ਉਚਾਈਆਂ ਪ੍ਰਾਪਤ ਕਰਨ ਲਈ ਤਿਆਰ ਕਰਦੀ ਹੈ, ਸਗੋਂ ਉਦਯੋਗ ਨੂੰ ਨਵੀਆਂ ਉਚਾਈਆਂ 'ਤੇ ਲਿਜਾਣ ਅਤੇ ਦੁਨੀਆ ਲਈ ਨਵੇਂ ਮੌਕੇ ਪੈਦਾ ਕਰਨ ਲਈ ਵੀ ਤਿਆਰ ਕਰਦੀ ਹੈ।



# ਕਰੰਟ ਨਾਲ ਬਲਦ ਮਰਿਆ

**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)**- ਮੋਹਣ ਸਿੰਘ ਪੁੱਤਰ ਜਵਾਲਾ ਸਿੰਘ ਆਪਣੇ ਭਤੀਜੇ ਮਨਜੀਤ ਸਿੰਘ ਤੇ ਉਨ੍ਹਾਂ ਦੇ ਸਾਥੀ ਰਾਜੇਸ਼ ਕੁਮਾਰ, ਕਮਲਜੀਤ ਸਿੰਘ, ਪਿਆਰਾ ਸਿੰਘ, ਚਰਨਜੀਤ ਸਿੰਘ ਚੰਨਾ, ਸੰਤੋਖ ਸਿੰਘ, ਜਸਪਾਲ ਸਿੰਘ ਆਦਿ ਨੇ ਦੱਸਿਆ ਕਿ ਸਵੇਰੇ ਸਾਢੇ ਸੱਤ ਕੁ ਵਜੇ ਦੇ ਕਰੀਬ ਉਹ ਘਰੋ ਆਪਣੇ ਖੇਤਾਂ ਵਿਚੋਂ ਰੇਹੜੇ ਉੱਪਰ ਪਸ਼ੂਆਂ ਲਈ ਚਾਰਾ ਲੈ ਜਾ ਰਹੇ ਸਨ, ਜਦੋਂ ਉਹ ਆਪਣੇ ਖੇਤਾਂ ਵੱਲ ਨੂੰ ਜਾ ਰਹੇ ਸਨ ਤਾ ਸੜਕ ਕਿਨਾਰੇ ਲੱਗੇ ਬਿਜਲੀ ਦੇ ਲੋਹੇ ਦੇ ਖੰਭੇ ਨੇ ਅਚਾਨਕ ਰੇਹੜੇ ਦੇ ਬਲਦ ਆਪਣੇ ਵੱਲ ਖਿੱਚ ਲਿਆ, ਜਿਸ ਨਾਲ ਮੌਕੇ ਤੇ ਬਲਦ ਦੀ ਬਿਜਲੀ ਦੇ ਕਰੰਟ ਨਾਲ ਮੌਤ ਹੋ ਗਈ। ਪਰ ਰੇਹੜਾ ਲੱਕੜੀ ਦਾ ਰੇਹੜਾ ਹੋਣ ਕਰ ਕੇ ਦੋਵੇਂ ਵਿਅਕਤੀਆਂ ਦਾ ਬਚਾਅ ਰਿਹਾ ਮੌਕੇ ਤੇ ਬਿਜਲੀ ਦੇ ਮੁਲਾਜ਼ਮਾਂ ਨੇ ਲਾਈਟ ਬੰਦ ਕਰਵਾ ਦਿੱਤੀ। ਜਦਕਿ ਉਨ੍ਹਾਂ ਦੱਸਿਆ ਕਿ ਇੱਥੇ ਅੱਗੇ ਖੰਭਿਆਂ ਤੇ ਬਿਜਲੀ ਦੀਆ ਤਾਰਾਂ ਢਿੱਲੀਆਂ ਹੋਣ ਦੇ ਨਾਲ, ਕੋਈ ਵੀ ਅਰਥ ਨਹੀ ਹੈ, ਜਿਸ ਕਰ ਕੇ ਇਹ ਘਟਨਾ ਵਾਪਰੀ, ਉਨ੍ਹਾਂ ਸਬੰਧਿਤ ਵਿਭਾਗ ਦੇ ਉੱਚ ਅਧਿਕਾਰੀਆਂ ਨੂੰ ਢਿੱਲੀਆਂ ਤਾਰਾਂ ਨੂੰ ਠੀਕ ਕਰਨ ਦੀ ਮੰਗ ਕੀਤੀ।

## ਸੁਰਭੀ ਪਰਾਸ਼ਰ ਵੱਲੋਂ ਕਾਨੂੰਨੀ ਸਹਾਇਤਾ ਕਲੀਨਿਕ ਦਾ ਅਚਨਚੇਤ ਨਿਰੀਖਣ



**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਸ੍ਰੀ ਅਤੁਲ ਕਸਾਨਾ, ਜਿਲ੍ਹਾ ਅਤੇ ਸੈਸ਼ਨਜ਼ ਜੱਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੇ ਨਿਰਦੇਸ਼ਾਂ ਅਨੁਸਾਰ, ਸੁਰਭੀ ਪਰਾਸ਼ਰ, ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਐਸ.ਏ.ਐਸ. ਨਗਰ ਨੇ ਜ਼ਿਲ੍ਹਾ ਸੈਨਿਕ ਬੋਰਡ, ਫੇਜ਼-10, ਮੋਹਾਲੀ ਵਿਖੇ ਸਥਾਪਿਤ ਕਾਨੂੰਨੀ ਸਹਾਇਤਾ ਕਲੀਨਿਕ ਦਾ ਅਚਨਚੇਤ ਨਿਰੀਖਣ ਕੀਤਾ। ਨਿਰੀਖਣ ਦੌਰਾਨ ਉਨ੍ਹਾਂ ਨੇ ਕਾਨੂੰਨੀ ਸਹਾਇਤਾ ਕਲੀਨਿਕ ਵਿੱਚ ਤਾਇਨਾਤ ਪੈਰਾ ਲੀਗਲ ਵਲੰਟੀਅਰ ਨਾਲ ਮੁਲਾਕਾਤ ਕੀਤੀ ਅਤੇ ਜ਼ਿਲ੍ਹਾ ਸੈਨਿਕ ਬੋਰਡ ਦੁਆਰਾ ਰੱਖੇ ਗਏ ਰਜਿਸਟਰਾਂ ਦੀ ਜਾਂਚ ਕੀਤੀ। ਸ਼੍ਰੀਮਤੀ ਸੁਰਭੀ ਪਰਾਸ਼ਰ, ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਐਸ.ਏ.ਐਸ. ਨਗਰ ਨੇ ਅੱਗੇ ਦੱਸਿਆ ਕਿ 'ਰਾਸ਼ਟਰੀ ਕਾਨੂੰਨੀ ਸੇਵਾਵਾਂ ਅਥਾਰਟੀ (ਕਾਨੂੰਨੀ ਸੇਵਾਵਾਂ ਕਲੀਨਿਕ) ਨਿਯਮ, 2011' ਵਿੱਚ ਸ਼ਾਮਲ ਉਪਬੰਧਾਂ ਦੇ ਅਨੁਸਾਰ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਨੇ ਰਾਜ/ਜ਼ਿਲ੍ਹਾ ਰੱਖਿਆ ਭਲਾਈ ਸੇਵਾਵਾਂ ਦਫਤਰਾਂ ਵਿੱਚ ਸਥਾਪਤ ਕਾਨੂੰਨੀ ਸੇਵਾਵਾਂ ਕਲੀਨਿਕਾਂ ਦੇ ਪ੍ਰਭਾਵਸ਼ਾਲੀ ਕੰਮਕਾਜ ਨੂੰ ਯਕੀਨੀ ਬਣਾਉਣ ਲਈ ਦਿਸ਼ਾ ਨਿਰਦੇਸ਼ ਜਾਰੀ ਕੀਤੇ ਗਏ ਹਨ। ਕਾਨੂੰਨੀ ਸੇਵਾਵਾਂ ਕਲੀਨਿਕ ਕੰਮਕਾਜੀ ਦਿਨਾਂ ਦੌਰਾਨ ਸਵੇਰੇ 9:00 ਵਜੇ ਤੋਂ ਸ਼ਾਮ 5:00 ਵਜੇ ਤੱਕ ਕੰਮ ਕਰੇਗਾ।

## ਰੰਧਾਵਾ ਵੱਲੋਂ ਅਧਿਕਾਰੀਆਂ ਨੂੰ ਗਰਾਊਂਡ ਲੈਵਲ 'ਤੇ ਲੋਕਾਂ ਦੇ ਕੰਮ ਕਰਵਾਉਣ ਦੀ ਹਦਾਇਤ



**ਡੇਰਾਬੱਸੀ (ਵਿਨੈ ਕੁਮਾਰ ਜੈਨ)**- ਹਲਕਾ ਵਿਧਾਇਕ ਸ. ਕੁਲਜੀਤ ਸਿੰਘ ਰੰਧਾਵਾ ਨੇ ਨਗਰ ਕੌਂਸਲ ਦਫ਼ਤਰ ਡੇਰਾਬੱਸੀ ਵਿਖੇ ਨਗਰ ਕੌਂਸਲ ਪ੍ਰਧਾਨ, ਬਲਾਕ ਪ੍ਰਧਾਨ, ਐਮ.ਸੀ. ਤੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ। ਇਸ ਦੌਰਾਨ ਉਨ੍ਹਾਂ ਨੇ ਸ਼ਹਿਰ ਵਿੱਚ ਲਗਾਤਾਰ ਪਏ ਮੀਂਹ ਅਤੇ ਬਰਸਾਤੀ ਪਾਣੀ ਕਾਰਨ ਪ੍ਰਭਾਵਿਤ ਹੋਏ ਕੰਮਾਂ ਤੇ ਰਿਪੇਅਰ ਸਬੰਧੀ ਵਿਚਾਰ-ਵਟਾਂਦਰਾ ਕੀਤਾ। ਉਨ੍ਹਾਂ ਨੇ ਹਦਾਇਤ ਕੀਤੀ ਕਿ ਸਾਰੇ ਅਧਿਕਾਰੀ ਆਪਸੀ ਤਾਲਮੇਲ ਨਾਲ ਗਰਾਊਂਡ ਲੈਵਲ 'ਤੇ ਲੋਕਾਂ ਦੇ ਕੰਮ ਜਲਦੀ ਕਰਵਾਉਣ। ਸ੍ਰੀ ਰੰਧਾਵਾ ਨੇ ਕਿਹਾ ਕਿ ਭਾਰੀ ਬਰਸਾਤ ਕਾਰਨ ਕਈ ਗਲੀਆਂ ਖਰਾਬ ਹੋਈਆਂ ਹਨ, ਪੇਵਰ ਬਲਾਕ ਉਖੜ ਗਏ ਹਨ, ਕੁਝ ਘਰ ਢਹਿ ਗਏ ਹਨ ਅਤੇ ਕਈ ਗਰੀਬ ਪਰਿਵਾਰ ਛੱਤ, ਖਾਣ-ਪੀਣ ਅਤੇ ਰਾਸ਼ਨ ਤੋਂ ਵੀ ਵਾਂਝੇ ਹਨ। ਉਨ੍ਹਾਂ ਦੱਸਿਆ ਕਿ ਪ੍ਰਭਾਵਿਤ ਵਿਅਕਤੀ ਆਪਣੇ ਮੁੱਦੇ ਦਫ਼ਤਰ ਦੇ ਫੋਨ ਨੰਬਰ 01762-280095 ਤੇ ਸੰਪਰਕ ਕਰਕੇ ਦਰਜ ਕਰਵਾ ਸਕਦੇ ਹਨ। ਬਰਸਾਤ ਨਾਲ ਹੋਏ ਨੁਕਸਾਨ ਦੀਆਂ ਤਸਵੀਰਾਂ ਵੀ ਭੇਜੀਆਂ ਜਾ ਸਕਦੀਆਂ ਹਨ, ਤਾਂ ਜੋ ਹਰ ਲੋੜਵੰਦ ਨੂੰ ਤੁਰੰਤ ਮਦਦ ਪਹੁੰਚਾਈ ਜਾ ਸਕੇ।

# ਲੁਠੇੜੀ ਸਕੂਲ ਵਿਖੇ ਦੋ ਲੈਕਚਰਾਰਾਂ ਨੇ ਅਹੁਦਾ ਸੰਭਾਲਿਆ



**ਸ੍ਰੀ ਚਮਕੌਰ ਸਾਹਿਬ (ਗੁਰਵਿੰਦਰ ਸਿੰਘ ਬੋਬੀ)**- ਨਜ਼ਦੀਕੀ ਪਿੰਡ ਲੁਠੇੜੀ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿਖੇ ਰਾਜਨੀਤੀ ਸ਼ਾਸਤਰ ਅਤੇ ਅਰਥ ਸ਼ਾਸਤਰ ਦੀਆਂ ਖਾਲੀ ਪਈਆਂ ਅਸਾਮੀਆਂ ਤੇ ਦੋ ਲੈਕਚਰਾਰਾਂ ਨੇ ਅਹੁਦਾ ਸੰਭਾਲ ਲਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਕੂਲ ਦੇ ਅਧਿਆਪਕ ਧਰਮਿੰਦਰ ਸਿੰਘ ਭੰਗੂ ਨੇ ਦੱਸਿਆ ਕਿ ਰਿਤੂ ਸ਼ਰਮਾ ਜੋ ਕਿ ਹੁਸ਼ਿਆਰਪੁਰ ਤੋਂ ਬਦਲ ਕੇ ਆਏ ਹਨ , ਨੇ ਬਤੌਰ ਲੈਕਚਰਾਰ ਅਰਥਸ਼ਾਸਤਰ ਅਤੇ ਕੁਲਵੰਤ ਕੌਰ ਜੋ ਕਿ ਫਿਰੋਜ਼ਪੁਰ ਤੋਂ ਬਦਲ ਕੇ ਆਏ ਹਨ, ਨੇ ਲੈਕਚਰਾਰ ਰਾਜਨੀਤੀ ਸ਼ਾਸਤਰ ਦਾ ਅਹੁਦਾ ਸੰਭਾਲ ਲਿਆ ਹੈ। ਇਸ ਮੌਕੇ ਪ੍ਰਿੰਸੀਪਲ ਇੰਦਰਜੀਤ ਕੌਰ ਦੀ ਅਗਵਾਈ ਵਿੱਚ ਸਮੂਹ ਸਟਾਫ ਨੇ ਉਹਨਾਂ ਨੂੰ ਜੀ ਆਇਆਂ ਕਿਹਾ ਅਤੇ ਹਰ ਤਰ੍ਹਾਂ ਸਹਿਯੋਗ ਦੇਣ ਬਾਰੇ ਕਿਹਾ। ਕਿਸ ਮੌਕੇ ਡਾਕਟਰ ਬਲਜੀਤ ਕੌਰ , ਸਰੀਨਾ ਰਾਏ, ਕੁਲਦੀਪ ਕੌਰ, ਮਨਿੰਦਰ ਚੱਢਾ, ਲਖਵਿੰਦਰ ਸਿੰਘ, ਹਰਿੰਦਰ ਕੁਮਾਰ ਕਾਈਨੌਰ, ਗੁਰਮਿੰਦਰ ਸਿੰਘ ਹੁੰਦਲ ਪਮੌਰ, ਸੁਰਮੁੱਖ ਸਿੰਘ ਲੋਟੇ ਧੀਮਾਨ, ਜਸਵਿੰਦਰ ਕੌਰ, ਰੋਜ਼ੀ ਰਾਣੀ, ਅਮਨਪ੍ਰੀਤ ਕੌਰ ਆਦਿ ਸਮੇਤ ਸਮੂਹ ਸਟਾਫ਼ ਹਾਜ਼ਰ ਸੀ।

# ਸੁਖਬੀਰ ਬਾਦਲ ਵੱਲੋਂ ਹੜ੍ਹ ਪੀੜਤਾਂ ਦੀ ਮਦਦ ਕਰਨਾ ਸ਼ਲਾਘਾਯੋਗ : ਲਖਵਿੰਦਰ, ਸਤਪਾਲ



**ਟਾਂਡਾ ਉੜਮੁੜ (ਜਸਵਿੰਦਰ ਸੰਧੂ ਓਂਕਾਰ ਸਿੰਘ)**- ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਬੀਤੇ ਦਿਨੀ ਪਾਰਟੀ ਦਫਤਰ ਵਿਖੇ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨਾਂ ਤੇ ਹਲਕਾ ਇੰਚਾਰਜਾਂ ਦੀ ਮੀਟਿੰਗ ਕਰਕੇ ਹੜ ਪੀੜਤ ਪਰਵਾਰਾਂ ਵਾਸਤੇ ਜੋ ਵੱਡੇ ਐਲਾਨ ਕੀਤੇ ਉਹ ਪਾਰਟੀ ਪ੍ਰਧਾਨ ਦਾ ਬਹੁਤ ਸ਼ਲਾਘਾਯੋਗ ਉਪਰਾਲਾ ਹੈ ਤੇ ਸ ਸੁਖਬੀਰ ਸਿੰਘ ਬਾਦਲ ਵੱਲੋਂ ਸਾਡੀ ਜੋ ਸੇਵਾ ਲਗਾਈ ਜਾਵੇਗੀ ਜਿੱਥੇ ਪਹਿਲਾਂ ਲਗਾਤਾਰ 20 ਦਿਨਾਂ ਤੋਂ ਨਿਭਾ ਰਹੇ ਹਾਂ ਉਹ ਅਗਾਂਹ ਵੀ ਨਿਭਾਉਂਦੇ ਰਵਾਂਗੇ। ਇਹਨਾਂ ਗੱਲਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਜ਼ਿਲਾ ਹੁਸ਼ਿਆਰਪੁਰ ਦੇ ਪ੍ਰਧਾਨ ਲਖਵਿੰਦਰ ਸਿੰਘ ਲੱਖੀ ਸੀਨੀਅਰ ਅਕਾਲੀ ਆਗੂ, ਸਤਪਾਲ ਸਿੰਘ ਮੁਲਤਾਨੀ ਨੇ ਗੱਲਬਾਤ ਕਰਨ ਸਮੇਂ ਕੀਤਾ। ਇਸ ਸਮੇਂ ਉਹਨਾਂ ਦੇ ਨਾਲ ਸ਼੍ਰੋਮਣੀ ਅਕਾਲੀ ਦਲ ਐਸ ਸੀ ਵਿੰਗ ਦੇ ਸੀਨੀਅਰ ਆਗੂ ਸਰਬਜੀਤ ਸਿੰਘ ਮੋਮੀ, ਇੱਕਬਾਲ ਸਿੰਘ ਜੌਹਲ ,ਗੁਰ ਪ੍ਰਤਾਪ ਸਿੰਘ ਮੰਡ ਸੁਰਜੀਤ ਸਿੰਘ ਵੀ ਹਾਜ਼ਰ ਸੀ। ਇਸ ਮੌਕੇ ਉਕਤ ਅਕਾਲੀ ਆਗੂਆਂ ਨੇ ਗੱਲਬਾਤ ਦੌਰਾਨ ਕਿਹਾ ਕਿ ਪਾਰਟੀ ਪ੍ਰਧਾਨ ਸ ਸੁਖਬੀਰ ਸਿੰਘ ਬਾਦਲ ਵੱਲੋਂ ਜੋ ਹੜ ਪੀੜਤ ਪਰਿਵਾਰਾਂ ਦੀ ਮਦਦ ਵਾਸਤੇ ਪੰਜ ਸੌ ਟਰੱਕ ਪਸ਼ੂਆਂ ਦਾ ਅਚਾਰ, ਪੰਜ ਸੌ ਟਰੱਕ ਤੂੜੀ , ਪੰਜ ਸੌ ਫੋਗਿੰਗ ਮਸ਼ੀਨਾਂ, 125 ਡਾਕਟਰੀ ਟੀਮਾਂ, 25 ਵੈਟਨਰੀ ਮੈਡੀਕਲ ਟੀਮਾਂ ,30 ਹਜ਼ਾਰ ਕੁਇੰਟਲ ਕਣਕ ,1 ਲੱਖ ਏਕੜ ਜ਼ਮੀਨ ਵਿੱਚ ਬੀਜੀ ਜਾਣ ਵਾਲੀ ਕਣਕ ਦਾ ਬੀਜ, ਇਹਨਾਂ ਸਾਰੀਆਂ ਚੀਜ਼ਾਂ ਦਾ ਪ੍ਰਬੰਧ ਕਰਨਾ ਸਰਦਾਰ ਬਾਦਲ ਦਾ ਬਹੁਤ ਵੱਡਾ ਉਪਰਾਲਾ ਹੈ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਲਖਵਿੰਦਰ ਸਿੰਘ ਲੱਖੀ ਅਤੇ ਅਕਾਲੀ ਆਗੂ ਸਤਪਾਲ ਸਿੰਘ ਮੁਲਤਾਨੀ ਨੇ ਹੋਰ ਕਿਹਾ ਕਿ ਹਲਕਾ ਉੜਮੁੜ ਟਾਂਡਾ ਦੇ ਹੜ ਪੀੜਤ ਖੇਤਰਾਂ ਵਿੱਚ ਲਗਭਗ ਪਿਛਲੇ ਤਿੰਨ ਹਫਤਿਆਂ ਤੋਂ ਸਾਡੀ ਟੀਮ ਵੱਲੋਂ ਲਗਾਤਾਰ ਪੀੜਿਤ ਪਰਿਵਾਰਾਂ ਦੀ ਮਦਦ ਕੀਤੀ ਜਾ ਰਹੀ ਹੈ।

# ਰਿਆਤ ਬਾਹਰਾ ਇੰਟਰਨੈਸ਼ਨਲ ਸਕੂਲ ਵੱਲੋਂ ਅੰਤਰਰਾਸ਼ਟਰੀ ਤਗਮਾ ਜੇਤੂਆਂ ਦਾ ਸਨਮਾਨ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਰਿਆਤ ਬਾਹਰਾ ਇੰਟਰਨੈਸ਼ਨਲ ਸਕੂਲ ਨੇ ਅੰਤਰਰਾਸ਼ਟਰੀ ਤਗਮਾ ਜੇਤੂਆਂ ਲਈ ਇੱਕ ਸਨਮਾਨ ਸਮਾਰੋਹ ਦਾ ਆਯੋਜਨ ਕੀਤਾ। ਪ੍ਰਿੰਸੀਪਲ ਰਸ਼ਮੀ ਸ਼ਰਮਾ ਦੀ ਅਗਵਾਈ ਵਿੱਚ ਹੋਏ ਇਸ ਸਮਾਗਮ ਵਿੱਚ ਵੈਭਵ ਓਹਰੀ ਅਤੇ ਇਸ਼ਮੀਤ ਕੌਰ ਦਾ ਸਨਮਾਨ ਕੀਤਾ ਗਿਆ, ਜਿਨ੍ਹਾਂ ਨੇ ਜੂਨੀਅਰ ਕੁਰਸ਼ ਸਾਊਥ ਏਸ਼ੀਆ ਇੰਟਰਨੈਸ਼ਨਲ ਚੈਂਪੀਅਨਸ਼ਿਪ ਵਿੱਚ ਕਾਂਸੀ ਦੇ ਤਗਮੇ ਜਿੱਤ ਕੇ ਸਕੂਲ ਅਤੇ ਖੇਤਰ ਦਾ ਨਾਮ ਰੌਸ਼ਨ ਕੀਤਾ। ਇਸ ਮੌਕੇ ਸਾਬਕਾ ਸੰਸਦ ਮੈਂਬਰ ਅਵਿਨਾਸ਼ ਰਾਏ ਖੰਨਾ ਅਤੇ ਡਾ. ਚੰਦਰ ਮੋਹਨ (ਐਕਟਿੰਗ ਵਾਈਸ ਚਾਂਸਲਰ, ਰਿਆਤ ਬਾਹਰਾ ਪ੍ਰੋਫੈਸ਼ਨਲ ਯੂਨੀਵਰਸਿਟੀ) ਨੇ ਜੇਤੂਆਂ ਨੂੰ ਸਨਮਾਨਤ ਕੀਤਾ ਅਤੇ ਉਨ੍ਹਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ। ਦੋਵਾਂ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ ਨੂੰ ਦੇਖਦੇ ਹੋਏ ਸਕੂਲ ਨੇ ਉਨ੍ਹਾਂ ਦੀਆਂ 100 ਪ੍ਰਤੀਸ਼ਤ ਫੀਸਾਂ ਮੁਆਫ਼ ਕਰ ਦਿੱਤੀਆਂ ਹਨ। ਪ੍ਰਿੰਸੀਪਲ ਰਸ਼ਮੀ ਸ਼ਰਮਾ ਨੇ ਕਿਹਾ ਕਿ ਸਕੂਲ ਦਾ ਉਦੇਸ਼ ਪੜ੍ਹਾਈ ਅਤੇ ਖੇਡਾਂ ਦੋਵਾਂ ਵਿੱਚ ਵਿਦਿਆਰਥੀਆਂ ਦੀ ਪ੍ਰਤਿਭਾ ਨੂੰ ਨਿਖਾਰਨਾ ਹੈ। ਇਸ ਸਮਾਗਮ ਵਿੱਚ ਵਿਦਿਆਰਥੀਆਂ ਤੋਂ ਇਲਾਵਾ ਸਕੂਲ ਦਾ ਸਮੁੱਚਾ ਸਟਾਫ਼ ਵੀ ਮੌਜੂਦ ਸੀ।

## ਪੇਂਡੂ ਤੇ ਖੇਤ ਮਜ਼ਦੂਰ ਯੂਨੀਅਨ ਦੇ ਸਾਂਝੇ ਮੋਰਚੇ ਵੱਲੋਂ ਐੱਸ ਡੀ ਐੱਮ ਫਿਲੌਰ ਨੂੰ ਦਿੱਤਾ ਜਾਵੇਗਾ ਮੰਗ ਪੱਤਰ



**ਫਿਲੌਰ (ਨਿਰਮਲ)**- ਪੇਂਡੂ ਅਤੇ ਖੇਤ ਮਜ਼ਦੂਰ ਯੂਨੀਅਨ ਵੱਲੋਂ ਕੀਤੇ ਗਏ ਫੈਸਲੇ ਮੁਤਾਬਿਕ ਤਹਿਸੀਲ ਫਿਲੌਰ ਵਿਖੇ ਐੱਸ ਡੀ ਐੱਮ ਫਿਲੌਰ ਨੂੰ 11 ਸਤੰਬਰ ਨੂੰ ਮੰਗ ਪੱਤਰ ਦਿੱਤਾ ਜਾਵੇਗਾ ਅਤੇ ਬਾਰਿਸ਼ ਨਾਲ ਮਜ਼ਦੂਰਾਂ ਦੇ ਹੋਏ ਜਾਨੀ ਅਤੇ ਮਾਲੀ ਨੁਕਸਾਨ ਦਾ ਮੁਆਵਜ਼ਾ ਦਿੱਤਾ ਜਾਵੇ। ਹੜ੍ਹਾਂ ਕਾਰਨ ਮਕਾਨ ਅਤੇ ਛੱਤਾਂ ਦਾ ਸਰਵੇ ਕਰਵਾਇਆ ਜਾਵੇ, ਬਾਰਿਸ਼ਾਂ ਨਾਲ ਮਜ਼ਦੂਰਾਂ ਦੀਆਂ ਟੁੱਟੀਆਂ ਦਿਹਾੜੀਆਂ ਦੀ ਪ੍ਰਭਾਈ ਕੀਤੀ ਜਾਵੇ। ਇਸ ਸਮੇਂ ਦਿਹਾਤੀ ਮਜ਼ਦੂਰ ਸਭਾ ਦੇ ਜ਼ਿਲ੍ਹਾ ਕਮੇਟੀ ਮੈਂਬਰ ਕੁਲਦੀਪ ਵਾਲੀਆ, ਮੇਜਰ ਫਿਲੌਰ ਪਰਵਿੰਦਰ ਸਿੰਘ ਫਲਪੋਤਾ, ਹੰਸ ਰਾਜ ਪੱਬਮਾਂ, ਰਾਮਨਾਥ, ਅੰਮ੍ਰਿਤ ਨੰਗਲ ਆਦਿ ਸ਼ਾਮਿਲ ਹੋਏ।

# ਕੋਟਲੀ ਤੇ ਪ੍ਰਧਾਨ ਕਰਵਲ ਨੇ 2.87 ਕਰੋੜ ਦੇ 115 ਘਰਾਂ ਲਈ ਜ਼ਰੂਰਤਮੰਦਾਂ ਨੂੰ ਸੌਂਪੇ ਮਨਜ਼ੂਰੀ ਪੱਤਰ



**ਆਦਮਪੁਰ (ਪਰਮਜੀਤ ਸਿੰਘ)**- ਨਗਰ ਕੌਂਸਲ ਦਫ਼ਤਰ ਵਿਖੇ ਆਦਮਪੁਰ ਹਲਕੇ ਦੇ ਵਿਧਾਇਕ ਸੁਖਵਿੰਦਰ ਸਿੰਘ ਕੋਟਲੀ ਅਤੇ ਨਗਰ ਕੌਂਸਲ ਦੇ ਪ੍ਰਧਾਨ ਦਰਸ਼ਨ ਸਿੰਘ ਕਰਵਲ ਦੀ ਅਗਵਾਈ ਹੇਠ ਤੇ ਸਾਰੇ ਕੌਂਸਲਰ ਸਾਹਿਬਾਨ ਦੀ ਹਾਜ਼ਰੀ ਵਿੱਚ ਪੀ.ਐਮ.ਏ.ਵਾਈ. ਸਕੀਮ ਤਹਿਤ 2.87 ਕਰੋੜ ਰੁਪਏ ਦੇ ਜ਼ਰੂਰਤਮੰਦ ਲੋਕਾਂ ਲਈ ਬਣਾਏ ਜਾਣ ਵਾਲੇ 115 ਵਿਅਕਤੀਆਂ ਦੇ ਘਰਾਂ ਦੀ ਨਵੀਂ ਉਸਾਰੀ ਕਰਨ ਲਈ 2.5 ਲੱਖ ਰੁਪਏ ਪ੍ਰਤੀ ਘਰ ਅਲਾਟਮੈਂਟ ਪੱਤਰ ਜਾਰੀ ਕੀਤੇ ਗਏ। ਇਸ ਮੌਕੇ ਪੱਤਰ ਲੈਣ ਆਏ ਲਾਭਪਾਤਰੀਆਂ ਨੇ ਪ੍ਰਧਾਨ ਦਰਸ਼ਨ ਸਿੰਘ ਕਰਵਲ ਅਤੇ ਸਮੂਹ ਕੌਂਸਲਰ ਸਾਹਿਬਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਾਡੇ ਘਰ ਲੰਬੇ ਸਮੇਂ ਤੋਂ ਨਹੀਂ ਬਣੇ ਸਨ, ਪਰ ਉਨ੍ਹਾਂ ਨੇ ਪੂਰੇ ਯਤਨ ਕਰਕੇ ਸਰਵੇ ਦੇ ਅਨੁਸਾਰ ਸਾਰੀ ਕਾਗਜ਼ੀ ਕਾਰਵਾਈ ਪੂਰੀ ਕਰਵਾਈ ਅਤੇ ਅੱਜ ਸਾਨੂੰ ਅਲਾਟਮੈਂਟ ਪੱਤਰ ਜਾਰੀ ਕੀਤੇ ਗਏ। ਅਸੀਂ ਇਸ ਲਈ ਬਹੁਤ ਧੰਨਵਾਦੀ ਹਾਂ।ਇਸ ਸੰਬੰਧੀ ਪ੍ਰਧਾਨ ਦਰਸ਼ਨ ਸਿੰਘ ਕਰਵਲ ਨੇ ਕਿਹਾ ਕਿ ਮਕਾਨ ਸ਼ੁਰੂ ਕਰਨ ਲਈ ਤੁਰੰਤ 115 ਵਿਅਕਤੀਆਂ ਦੇ ਖਾਤਿਆਂ ਵਿੱਚ 50,000 ਪਾ ਦਿੱਤੇ ਜਾਣਗੇ। ਲੈਂਟਰ ਪੂਰਾ ਹੋਣ 'ਤੇ 1 ਲੱਖ ਅਦਾ ਕੀਤਾ ਜਾਵੇਗਾ ਅਤੇ ਬਾਕੀ ਰਹਿੰਦੀ ਰਕਮ ਕੰਮ ਪੂਰਾ ਹੋਣ 'ਤੇ ਤੁਰੰਤ ਅਦਾ ਕਰ ਦਿੱਤੀ ਜਾਵੇਗੀ। ਇਸ ਮੌਕੇ ਭੁਪਿੰਦਰ ਸਿੰਘ ਭਿੰਦਾ (ਕੌਂਸਲਰ), ਵੀਨਾ ਚੋਡਾ (ਸੀਨੀਅਰ ਵਾਇਸ ਪ੍ਰਧਾਨ ਨਗਰ ਕੌਂਸਲ ਆਦਮਪੁਰ, ਸੁਸ਼ਮਾ (ਕੌਂਸਲਰ), ਜੋਗਿੰਦਰ ਪਾਲ (ਕੌਂਸਲਰ), ਸੁਖਵਿੰਦਰ ਕੌਰ (ਕੌਂਸਲਰ), ਰਜਿੰਦਰ ਕੌਰ (ਕੌਂਸਲਰ), ਹਰਜਿੰਦਰ ਸਿੰਘ (ਕੌਂਸਲਰ), ਵਰੁਣ ਚੋਡਾ, ਰਾਜੇਸ਼ ਰਾਜੂ, ਕੈਪਟਨ ਗੁਰਮੀਤ ਸਿੰਘ, ਸੁਨੀਤਾ ਆਦਿ ਹਾਜ਼ਰ ਸਨ।


# ਐੱਸ ਕੇ ਐੱਮ ਨੇ ਹੜ੍ਹ ਪੀੜਤ ਪਿੰਡਾਂ ਦੀ ਰਿਪੋਰਟ ਪ੍ਰਸ਼ਾਸਨ ਨੂੰ ਸੌਂਪੀ

● ਮੋਰਚੇ ਨੇ ਸਰਕਾਰ ਦੀ ਮੁਆਵਾਜ਼ਾ ਰਾਸ਼ੀ 'ਚ ਵਾਧੇ ਦੀ ਮੰਗ ਕੀਤੀ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਸਬ ਡਵੀਜ਼ਨ ਮੁਕੇਰੀਆਂ ਦੀ ਕਿਸਾਨ ਜੱਥੇਬੰਦੀਆਂ ਨੇ ਸੰਯੁਕਤ ਕਿਸਾਨ ਮੋਰਚਾ ਦੇ ਬੈਨਰ ਹੇਠਾਂ ਹੜ੍ਹ ਪੀੜਤ ਪਿੰਡਾਂ ਦੀਆਂ ਮੁਸ਼ਕਲਾਂ ਸਬੰਧੀ ਇੱਕ ਪੈਨਲ ਮੀਟਿੰਗ ਐਸ ਡੀ ਐਮ ਮੁਕੇਰੀਆਂ ਨਾਲ ਕੀਤੀ। ਇਸ ਮੌਕੇ ਮੋਰਚੇ ਨੇ ਹੜ ਪੀੜਤਾਂ ਦੀਆਂ ਮੰਗਾਂ ਸਬੰਧੀ ਇੱਕ ਮੰਗ ਪੱਤਰ ਐਸ ਡੀ ਐਮ ਮੁਕੇਰੀਆਂ ਨੇ ਸੌਂਪਿਆ ਹੈ। ਐਸ ਡੀ ਐਮ ਮੁਕੇਰੀਆਂ ਅੰਕੁਰ ਮਹਿੰਦਰੂ ਅਤੇ ਤਹਿਸੀਲਦਾਰ ਲਖਵਿੰਦਰ ਸਿੰਘ ਗਿੱਲ ਨਾਲ ਹੋਈ ਪੈਨਲ ਮੀਟਿੰਗ 'ਚ ਕਿਸਾਨ ਆਗੂਆਂ ਨੇ ਦੱਸਿਆ ਕਿ ਸੰਯੁਕਤ ਕਿਸਾਨ ਮੋਰਚੇ ਵੱਲੋ ਹੜਾਂ ਕਾਰਨ ਹੋਏ ਨੁਕਸਾਨ ਦੀ ਇੱਕ ਵਿਸਥਾਰਤ ਰਿਪੋਰਟ ਅਧਿਕਾਰੀਆਂ ਨੂੰ ਸੌਂਪੀ ਗਈ। ਇਹ ਰਿਪੋਰਟ ਰਿਟਾ ਕਾਨੂੰਗੋ ਅਤੇ ਮੋਰਚੇ ਦੇ ਆਗੂ ਅਮਰਜੀਤ ਸਿੰਘ ਵੱਲੋਂ ਤਿਆਰ ਕੀਤੀ ਗਈ ਹੈ। ਮੋਰਚੇ ਨੇ ਬੀਤੇ ਦਿਨੀਂ ਮੁਕੇਰੀਆਂ ਦੇ 23 ਹੜ੍ਹ ਪ੍ਰਭਾਵਿਤ ਪਿੰਡਾਂ ਦਾ ਦੌਰਾ ਕੀਤਾ ਸੀ, ਲੋਕਾਂ ਦੇ ਹੋਏ ਫਸਲੀ, ਜਾਨੀ ਅਤੇ ਮਾਲ ਡੰਗਰ ਦੇ ਹੋਏ ਨੁਕਸਾਨ ਦਾ ਜਾਇਜ਼ਾ ਲਿਆ। ਮੋਰਚੇ ਨੇ ਸਰਕਾਰ ਵੱਲੋਂ ਐਲਾਨੀ ਮੁਆਵਜਾ ਰਾਸ਼ੀ ਨੂੰ ਘੱਟ ਦੱਸਿਆ ਹੈ। ਮੁਆਵਜੇ 'ਚ ਪ੍ਰਤੀ ਏਕੜ ਗੰਨੇ ਦੀ ਫਸਲ ਲਈ ਇੱਕ ਲੱਖ ਰੁਪਏ, ਬਾਸਮਤੀ ਲਈ 70 ਹਜ਼ਾਰ, ਹੋਰ ਫਸਲਾਂ ਦੇ ਖਰਾਬੇ ਲਈ 60 ਹਜ਼ਾਰ ਰੁਪਏ ਦੇਣ ਦੀ ਮੰਗ ਕੀਤੀ ਹੈ। ਮੀਂਹ ਜਾਂ ਹੜ ਕਾਰਨ ਢਹਿ ਚੁੱਕੇ ਕੋਠਿਆਂ ਲਈ ਯਕਮੁਸ਼ਤ 5 ਲੱਖ ਅਤੇ ਪਾਰਸ਼ਲੀ ਢਹੇ ਮਕਾਨਾਂ ਲਈ ਚਾਰ ਲੱਖ ਰੁਪਏ ਦੇ ਮੁਆਵਜਾ ਦਿੱਤਾ ਜਾਵੇ। ਹੜ ਕਾਰਨ ਰੁੜੀਆਂ ਜਾਂ ਗਾਰ ਪੈਣ ਕਾਰਨ ਨੁਕਸਾਨੀਆਂ ਜ਼ਮੀਨਾਂ ਲਈ ਪ੍ਰਤੀ ਏਕੜ ਇੱਕ ਲੱਖ ਰੁਪਿਆ, ਹੜ ਕਾਰਨ ਮਾਰੇ ਗਏ ਦੁਧਾਰੂ ਪਸ਼ੂ ਮੱਝ ਲਈ ਇੱਕ ਲੱਖ, ਗਾਂ ਲਈ 70 ਹਜ਼ਾਰ ਅਤੇ ਛੋਟੇ ਜਾਨਵਰਾਂ ਲਈ 10 ਹਜ਼ਾਰ ਰੁਪਏ ਮੁਆਵਜੇ ਦੀ ਮੰਗ ਕੀਤੀ ਹੈ। ਹੜ ਮਾਰੇ ਪਿੰਡਾਂ 'ਚ ਕਿਸਾਨ ਮਜ਼ਦੂਰ ਕੰਮ ਤੋਂ ਵਿਹਲੇ ਹੋ ਗਏ ਹਨ, ਉਨ੍ਹਾਂ ਲਈ ਗੁਜ਼ਾਰਾ ਭੱਤਾ ਦੇਣ ਦੀ ਮੰਗ ਕੀਤੀ ਹੈ। ਇਨ੍ਹਾਂ ਪਿੰਡਾਂ 'ਚ ਹਰੇ ਪੱਠੇ ਅਤੇ ਸੁੱਕੇ ਚਾਰੇ ਦੀ ਤੋਟ ਆ ਗਈ ਹੈ। ਚਾਰੇ ਦਾ ਪ੍ਰਬੰਧ ਜਾਂ ਫਿਰ ਵਿੱਤੀ ਮਦਦ ਦਿੱਤੀ ਜਾਵੇ। ਬਿਆਸ ਦਰਿਆ 'ਚ ਸਟੋਨ ਕਰੱਸ਼ਰ ਅਤੇ ਖਣਨ ਨੂੰ ਬੰਦ ਕਰਨ ਕੀਤਾ ਜਾਵੇ। ਮੀਟਿੰਗ 'ਚ ਸਵਰਨ ਸਿੰਘ, ਅਵਤਾਰ ਸਿੰਘ ਬੌਬੀ, ਲਖਬੀਰ ਸਿੰਘ ਅਮਰਜੀਤ ਸਿੰਘ ਕਨੂੰਗੋ, ਸ਼ਾਮ ਸਿੰਘ, ਡਾ ਤੇਜਿੰਦਰ ਕਾਲੜਾ, ਰੋਸ਼ਨ ਖਾਨ, ਧਰਮਿੰਦਰ ਸਿੰਘ, ਕੇਹਰ ਸਿੰਘ ਤੇ ਗਿਰਧਾਰੀ ਲਾਲ ਤਲਵਾੜਾ ਆਦਿ ਕਿਸਾਨ ਆਗੂ ਹਾਜ਼ਰ ਸਨ।

## ਸਰਕਾਰੀ ਸਿਹਤ ਸੰਸਥਾਵਾਂ 'ਚ ਕਰਵਾਇਆ ਜਾਵੇ ਜਣੇਪਾ : ਸਿਵਲ ਸਰਜਨ



**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਜ਼ਿਲ੍ਹੇ ਦੀਆਂ ਵੱਖ-ਵੱਖ ਸਰਕਾਰੀ ਸਿਹਤ ਸੰਸਥਾਵਾਂ ਵਿਚ ਪ੍ਰਧਾਨ ਮੰਤਰੀ ਸੁਰੱਖਿਅਤ ਮਾਤ੍ਰਤਵ ਅਭਿਆਨ (ਪੀ.ਐਮ.ਐਸ.ਐਮ.ਏ.) ਦਿਵਸ ਮਨਾਇਆ ਗਿਆ, ਜਿਸ ਤਹਿਤ ਇਸਤਰੀ ਰੋਗਾਂ ਦੇ ਮਾਹਰ ਡਾਕਟਰਾਂ ਵਲੋਂ ਗਰਭਵਤੀ ਔਰਤਾਂ ਦੀ ਮੁਫ਼ਤ ਜਾਂਚ ਕੀਤੀ ਗਈ ਅਤੇ ਉਨ੍ਹਾਂ ਨੂੰ ਸੁਰੱਖਿਅਤ ਜਣੇਪੇ ਸਬੰਧੀ ਜਾਣਕਾਰੀ ਦਿਤੀ ਗਈ। ਸਿਵਲ ਸਰਜਨ ਡਾ. ਸੰਗੀਤਾ ਜੈਨ ਅਤੇ ਜ਼ਿਲ੍ਹਾ ਪਰਵਾਰ ਭਲਾਈ ਅਫ਼ਸਰ ਡਾ. ਤਮੰਨਾ ਸਿੰਘਲ ਨੇ ਦੱਸਿਆ ਕਿ ਇਸ ਪ੍ਰੋਗਰਾਮ ਤਹਿਤ ਹਰ ਮਹੀਨੇ ਦੀ 9 ਤਰੀਕ ਤੇ 23 ਤਰੀਕ ਨੂੰ ਗਰਭਵਤੀ ਔਰਤਾਂ ਖ਼ਾਸਕਰ ਉੱਚ ਜੋਖਮ ਵਾਲੀਆਂ ਗਰਭਵਤੀ ਔਰਤਾਂ ਦੀ ਮੁਫ਼ਤ ਜਾਂਚ ਕੀਤੀ ਜਾਂਦੀ ਹੈ। ਇਸ ਪ੍ਰੋਗਰਾਮ ਦਾ ਮੁੱਖ ਉਦੇਸ਼ ਦੂਜੀ ਅਤੇ ਤੀਜੀ ਤਿਮਾਹੀ ਵਾਲੀਆਂ ਗਰਭਵਤੀ ਔਰਤਾਂ ਦੀ ਜਾਂਚ ਕਰਨਾ ਅਤੇ ਹਾਈ-ਰਿਸਕ ਗਰਭਵਤੀ ਔਰਤਾਂ ਦੀ ਪਛਾਣ ਕਰ ਕੇ ਉਨ੍ਹਾਂ ਨੂੰ ਸਹੀ ਇਲਾਜ ਪ੍ਰਦਾਨ ਕਰਨਾ ਹੈ। ਸਿਹਤ ਅਧਿਕਾਰੀਆਂ ਨੇ ਆਮ ਲੋਕਾਂ ਖ਼ਾਸਕਰ ਗਰਭਵਤੀ ਔਰਤਾਂ ਨੂੰ ਸਰਕਾਰੀ ਸਿਹਤ ਸੰਸਥਾਵਾਂ ਵਿਖੇ ਪਹੁੰਚ ਕੇ ਸਿਹਤ ਵਿਭਾਗ ਵੱਲੋਂ ਦਿੱਤੀਆਂ ਜਾ ਰਹੀਆਂ ਮੁਫਤ ਸਹੂਲਤਾਂ ਦਾ ਵੱਧ ਤੋਂ ਵੱਧ ਲਾਭ ਉਠਾਉਣ ਲਈ ਅਪੀਲ ਕੀਤੀ।

11-SEP-PAGE-10.qxd 9/10/2025 9:30 PM Page 1



# ਮੀਮਸਾ ਮੰਡੀ ਦਾ ਫੜ੍ਹ ਪੱਕਾ ਕਰਾਉਣ ਲਈ ਮੰਗ ਪੱਤਰ ਸੌਂਪਿਆ



**ਧੂਰੀ (ਮਨੋਹਰ ਸਿੰਘ ਸੱਗੂ)**-ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਦੇ ਆਗੂਆਂ ਨੇ ਗੁਰਜੀਤ ਸਿੰਘ ਸੀਨੀਅਰ ਮੀਤ ਪ੍ਰਧਾਨ ਤੇ ਬਲਵਿੰਦਰ ਸਿੰਘ ਜੱਖਲਾਂ ਜ਼ਿਲ੍ਹਾ ਜਨਰਲ ਸਕੱਤਰ ਦੀ ਅਗਵਾਈ ਹੇਠ ਐੱਸ.ਡੀ.ਐੱਮ ਤੇ ਪੰਜਾਬ ਦੇ ਮੁੱਖ ਮੰਤਰੀ ਦੇ ਨਾਂਅ ਤਹਿਸੀਲਦਾਰ ਨੂੰ ਮੰਗ ਪੱਤਰ ਸੌਂਪਿਆ।ਆਗੂਆਂ ਨੇ ਦੱਸਿਆ ਕਿ ਖਰੀਦ ਕੇਂਦਰ ਮੀਮਸਾ ਦੇ ਫੜ ਨੂੰ ਨਵੇਂ ਸਿਰੇ ਤੋਂ ਬਣਾਉਣ ਦੇ ਕੰਮ ਦਾ ਉਦਘਾਟਨ ਫਰਵਰੀ 2025 'ਚ ਕੀਤਾ ਗਿਆ ਸੀ, ਜਿਸ ਕਾਰਨ ਮੰਡੀ ਦੀ ਪੁਟਾਈ ਕੀਤੀ ਗਈ ਸੀ, ਪਰ ਕੰਮ ਅਜੇ ਅਧੂਰਾ ਪਿਆ ਹੈ, ਜਦੋਂਕਿ ਝੋਨੇ ਦੀ ਫ਼ਸਲ ਦੀ ਖਰੀਦ 15 ਸਤੰਬਰ ਤੋਂ ਸ਼ੁਰੂ ਹੋਣ ਜਾ ਰਹੀ ਹੈ ਤੇ ਫੜ ਦਾ ਕੰਮ ਅਧੂਰਾ ਹੋਣ ਕਾਰਨ ਬਹੁਤ ਮੁਸ਼ਕਲ ਪੇਸ਼ ਆਵੇਗੀ।ਉਨ੍ਹਾਂ ਮੰਗ ਕੀਤੀ ਕਿ ਫੜ ਨੂੰ ਪੱਕਾ ਕਰਾਉਣ ਦਾ ਕੰਮ ਪਹਿਲ ਦੇ ਅਧਾਰ 'ਤੇ ਕਰਵਾਇਆ ਜਾਵੇ ਤਾਂ ਜੁ ਆੜ੍ਹਤੀਆਂ ਤੇ ਕਿਸਾਨਾਂ ਨੂੰ ਕੋਈ ਮੁਸ਼ਕਲ ਨਾ ਆਵੇ।

# ਚਾਰ ਵਿਦਿਆਰਥੀਆਂ ਨੂੰ ਪਨੇਸੀਆ ਬਾਇਓਟੈਕ ਲਿਮ: ਕੰਪਨੀ 'ਚ ਮਿਲੀ ਨੌਕਰੀ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪੰਜਾਬੀ ਯੂਨੀਵਰਸਿਟੀ ਦੇ ਜੈਵਿਕ ਤਕਨਾਲੋਜੀ ਤੇ ਭੋਜਨ ਤਕਨਾਲੋਜੀ ਵਿਭਾਗ ਦੇ ਚਾਰ ਵਿਦਿਆਰਥੀਆਂ ਨੂੰ ਪ੍ਰਸਿੱਧ ਕੰਪਨੀ ਪਨੇਸੀਆ ਬਾਇਓਟੈਕ ਲਿਮ: ਵਿੱਚ ਨੌਕਰੀ ਪ੍ਰਾਪਤ ਹੋਈ ਹੈ।ਟੀਕਿਆਂ (ਵੈਕਸੀਨ) ਦੇ ਨਿਰਮਾਣ ਵਿੱਚ ਭਾਰਤ ਦੀ ਪ੍ਰਮੁੱਖ ਕੰਪਨੀ ਪਨੇਸੀਆ ਬਾਇਓਟੈਕ ਲਿਮਿਟਡ ਦੇ ਪ੍ਰਤੀਨਿਧੀਆਂ ਵੱਲੋਂ ਪਿਛਲੇ ਦਿਨੀਂ ਯੂਨੀਵਰਸਿਟੀ ਕੈਂਪਸ ਵਿੱਚ ਪਲੇਸਮੈਂਟ ਦੇ ਮਕਸਦ ਲਈ ਦੌਰਾ ਕੀਤਾ ਗਿਆ ਸੀ।ਐੱਮ.ਐੱਸ-ਸੀ. (ਆਨਰਜ਼) ਬਾਇਓਟੈਕਨਾਲੋਜੀ ਤੋਂ ਸਦਸਿਮਰਤ ਕੌਰ ਤੇ ਗੁੰਜਨ ਸ਼ਰਮਾ, ਜਦੋਂ ਕਿ ਐੱਮ.ਐੱਸ-ਸੀ. (ਆਨਰਜ਼) ਮਾਈਕ੍ਰੋਬੀਅਲ ਐਂਡ ਫੂਡ ਟੈਕਨੋਲੋਜੀ ਤੋਂ ਪ੍ਰਭਪਰੀਤ ਕੌਰ ਤੇ ਅਗਰਿਮਾ ਸੋਹਲ ਦੀ ਨੌਕਰੀ ਲਈ ਚੋਣ ਹੋਈ।ਇਹ ਵਿਦਿਆਰਥੀ ਕੰਪਨੀ ਦੀ ਇੰਟਲੈਕਚੁਅਲ ਪ੍ਰਾਪਰਟੀ ਰਾਈਟਸ ਵਿਭਾਗ ਵਿੱਚ ਲਾਲੜੂ ਸੈਂਟਰ (ਐੱਸ.ਏ.ਐੱਸ. ਨਗਰ) ਤੇ ਬੱਦੀ (ਹਿਮਾਚਲ ਪ੍ਰਦੇਸ਼) ਵਿਖੇ ਵੈਕਸੀਨ ਮੈਨੂਫੈਕਚਰਿੰਗ ਯੂਨਿਟ ਵਿੱਚ ਕੰਮ ਕਰਨਗੇ।ਭਰਤੀ ਦੀ ਇਹ ਪ੍ਰਕਿਰਿਆ ਤਿੰਨ ਪੜਾਵਾਂ ਵਿੱਚ ਹੋਈ।ਪਹਿਲੇ ਪੜਾਅ 'ਚ 13 ਜੂਨ ਨੂੰ ਆਨਲਾਈਨ ਟੈਸਟ ਲਿਆ ਗਿਆ।ਦੂਜੇ ਪੜਾਅ ਵਿੱਚ 19 ਜੂਨ ਨੂੰ ਯੂਨੀਵਰਸਿਟੀ ਕੈਂਪਸ ਵਿਖੇ ਵਿਭਾਗ ਵਿੱਚ ਚੱਲਦੇ 12 ਵਿਦਿਆਰਥੀਆਂ ਨਾਲ ਇੰਟਰਵਿਊ ਹੋਈ।ਆਖਰੀ ਪੜਾਅ ਪਨੇਸੀਆ ਬਾਇਓਟੈਕ, ਬੱਦੀ ਵਿਖੇ ਸੰਪੰਨ ਹੋਇਆ, ਜਿੱਥੇ ਚਾਰ ਵਿਦਿਆਰਥੀ ਇਹ ਨੌਕਰੀ ਹਾਸਲ ਕਰਨ ਵਿੱਚ ਸਫ਼ਲ ਹੋਏ।ਐਸੋਸੀਏਟ ਡੀਨ ਖੋਜ ਪ੍ਰੋ. ਮਿਨੀ ਸਿੰਘ, ਜੋ ਇਸੇ ਵਿਭਾਗ ਵਿੱਚ ਅਧਿਆਪਕ ਵਜੋਂ ਕਾਰਜਸ਼ੀਲ ਹਨ, ਨੇ ਚੁਣੇ ਗਏ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਤੇ ਵਿਭਾਗ ਦੇ ਪਲੇਸਮੈਂਟ ਸੈੱਲ ਦੀ ਸ਼ਲਾਘਾ ਕੀਤੀ।

# ਬਾਬਾ ਜੁੜਵਾ ਸ਼ਾਹ ਦਾ ਮੇਲਾ ਸ਼ਰਧਾ ਨਾਲ ਮਨਾਇਆ



**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**-ਬਾਬਾ ਜੁੜਵਾ ਸ਼ਾਹ ਜੀ ਦਾ 33ਵਾਂ ਵਿਸ਼ਾਲ ਮੇਲਾ ਸਿਨੇਮਾ ਰੋਡ 'ਤੇ ਪੀਰ ਬਾਬਾ ਜੁੜਵਾ ਸ਼ਾਹ ਦੀ ਦਰਗਾਹ ਵਿਖੇ ਦਰਬਾਰ ਦੇ ਮੁੱਖ ਸੇਵਾਦਾਰ ਸ਼ੈਕੀ ਖੰਨਾ ਦੀ ਅਗਵਾਈ ਵਿੱਚ ਮਨਾਇਆ ਗਿਆ।ਵਿਸ਼ੇਸ਼ ਮਹਿਮਾਨਾਂ ਵਜੋਂ ਸ੍ਰੀ ਅਰਵਿੰਦ ਖੰਨਾ ਸੂਬਾ ਮੀਤ ਪ੍ਰਧਾਨ ਭਾਰਤੀ ਜਨਤਾ ਪਾਰਟੀ, ਮੈਡਮ ਸਬੀਨਾ ਅਰੋੜਾ ਪਤਨੀ ਮੰਤਰੀ ਅਮਨ ਅਰੋੜਾ, ਧਰਮ ਸਿੰਘ ਸਾਂਤੇ ਚੇਅਰਮੈਨ ਜਗਤਜੀਤ ਇੰਡਸਟਰੀ ਚੀਮਾ, ਮੈਡਮ ਦਾਮਨ ਥਿੰਦ ਬਾਜਵਾ ਜ਼ਿਲ੍ਹਾ ਪ੍ਰਧਾਨ ਭਾਜਪਾ, ਵਿਨਰਜੀਤ ਸਿੰਘ ਗੋਲਡੀ ਹਲਕਾ ਇੰਚਾਰਜ ਅਕਾਲੀ ਦਲ ਤੇ ਗੁਰਤੇਗ ਸਿੰਘ ਲੌਂਗੋਵਾਲ ਕਾਂਗਰਸੀ ਆਗੂ ਆਦਿ ਨੇ ਸ਼ਿਰਕਤ ਕੀਤੀ।ਇਸ ਮੌਕੇ ਇੰਟਰਨੈਸ਼ਨਲ ਸੂਫੀ ਕਲਾਕਾਰ ਰੀਤੂ ਨੂਰਾਂ, ਵਨੀਤ ਖਾਨ ਤੇ ਕਮਲ ਖਾਨ ਆਪਣੀ ਸੂਫੀ ਗਾਇਕੀ ਨਾਲ ਲੋਕਾਂ ਦਾ ਮਨੋਰੰਜਨ ਕੀਤਾ।ਕਮਲ ਖਾਨ ਨੇ ਆਪਣੇ ਗੀਤਾਂ ਇਕ ਘਰ ਵਿਚ ਤੇ ਦੂਜਾ ਘਰ ਯਾਰ ਦਾ ਅਲੀ ਅਲੀ ਕਹਿਣਗੇ ਆਦਿ ਗੀਤਾਂ ਨਾਲ ਮੇਲੇ ਨੂੰ ਸਿਖਰਾਂ 'ਤੇ ਪੁਚਾ ਦਿੱਤਾ।

# ਹੜ੍ਹ ਪੀੜਤਾਂ ਨੂੰ ਰਾਹਤ ਸਮੱਗਰੀ ਵੰਡਣ ਦਾ ਕੰਮ ਜਾਰੀ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**- ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਕਾਰਜਕਾਰੀ ਚੇਅਰਮੈਨ-ਕਮ-ਜੱਜ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਚੰਡੀਗੜ੍ਹ ਦੇ ਦਿਸ਼ਾ-ਨਿਰਦੇਸ਼ਾਂ ਤੇ ਮਾਨਯੋਗ ਮੈਂਬਰ ਸਕੱਤਰ ਨਵਦੀਪ ਕੌਰ ਅਤੇ ਸ੍ਰੀਮਤੀ ਅਰਵਿੰਦਰਪਾਲ ਮਾਨਯੋਗ ਜ਼ਿਲ੍ਹਾ ਤੇ ਸੈਸ਼ਨ ਜੱਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੀ ਰਹਿਨੁਮਾਈ ਹੇਠ ਅਨੁਰਾਧਾ ਚੀਫ ਜੁਡੀਸ਼ੀਅਲ ਮੈਜਿਸਟਰੇਟ-ਕਮ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਫਿਰੋਜ਼ਪੁਰ ਵੱਲੋਂ ਆਪਣੀ ਟੀਮ ਨਾਲ ਹੜ੍ਹ ਪ੍ਰਭਾਵਤ ਇਲਾਕਿਆਂ ਵਿੱਚ ਰਾਹਤ ਸਮੱਗਰੀ ਪਹੁੰਚਾਉਣ ਦਾ ਕੰਮ ਲਗਾਤਾਰ ਜਾਰੀ ਰੱਖਿਆ ਗਿਆ ਹੈ। ਚੀਫ ਜੁਡੀਸ਼ੀਅਲ ਮੈਜਿਸਟਰੇਟ ਅਨੁਰਾਧਾ ਨੇ ਦੱਸਿਆ ਕਿ ਅੱਜ ਪਿੰਡ ਗੱਟੀ ਰਾਜੋ ਕੇ ਵਿਖੇ ਹੜ੍ਹ ਪੀੜਤ ਪਰਿਵਾਰਾਂ ਨੂੰ ਰਾਹਤ ਸਮੱਗਰੀ ਪਹੁੰਚਾਉਣ ਲਈ ਟਰਾਲੀ ਭਰ ਕੇ ਰਵਾਨਾ ਕੀਤੀ ਗਈ ਹੈ ਤੇ ਉਨ੍ਹਾਂ ਦੀ ਸਾਰੀ ਟੀਮ ਇਸ ਰਾਹਤ ਸਮੱਗਰੀ ਨੂੰ ਹੜ੍ਹ ਪੀੜਤ ਪਰਵਾਰਾਂ ਵਿੱਚ ਵੰਡੇਗੀ। ਜੱਜ ਸਾਹਿਬ ਵੱਲੋਂ ਜਾਣਕਾਰੀ ਦਿੱਤੀ ਗਈ ਹੈ ਕਿ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੀ ਹਦਾਇਤਾਂ ਅਨੁਸਾਰ ਉਹ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਪਾਣੀ ਉਤਰਨ ਤੋਂ ਬਾਅਦ ਵੀ ਲੋਕਾਂ ਦੀ ਮਦਦ ਕਰਨ ਲਈ ਐਕਸ਼ਨ ਪਲੈਨ ਤਿਆਰ ਕਰ ਰਹੇ ਹਨ ਤੇ ਭਵਿੱਖ ਵਿੱਚ ਹੋਰ ਵੀ ਵੱਧ ਚੜ੍ਹ ਕੇ ਮਦਦ ਕਰਨਗੇ।

# ਵਿਧਾਇਕ ਕੋਹਲੀ ਵੱਲੋਂ 10 ਕਰੋੜ ਰੁਪਏ ਦੇ ਵਿਕਾਸ ਪ੍ਰੋਜੈਕਟਾਂ ਦਾ ਜਾਇਜ਼ਾ




**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪਟਿਆਲਾ ਦੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਆਪਣੇ ਹਲਕੇ ਵਿੱਚ ਲਗਭਗ 10 ਕਰੋੜ ਰੁਪਏ ਦੇ ਚੱਲ ਰਹੇ ਵਿਕਾਸ ਪ੍ਰੋਜੈਕਟਾਂ ਦਾ ਨਿਰੀਖਣ ਕੀਤਾ।ਇਸ ਮੌਕੇ ਉਨ੍ਹਾਂ ਨਾਲ ਨਗਰ ਨਿਗਮ ਕਮਿਸ਼ਨਰ ਪਰਮਵੀਰ ਸਿੰਘ ਤੇ ਹੋਰ ਅਧਿਕਾਰੀ ਵੀ ਮੌਜੂਦ ਸਨ।ਵਿਧਾਇਕ ਕੋਹਲੀ ਨੇ ਸਨੌਰੀ ਅੱਡਾ ਵਿਖੇ 2.50 ਕਰੋੜ ਰੁਪਏ ਦੀ ਅਨੁਮਾਨਤ ਲਾਗਤ ਨਾਲ ਇੱਕ ਕਮਿਊਨਿਟੀ ਸੈਂਟਰ, 2.25 ਕਰੋੜ ਰੁਪਏ ਦੀ ਲਾਗਤ ਨਾਲ ਮਾਡਲ ਟਾਊਨ ਵਿਖੇ ਇੱਕ ਲਾਇਬ੍ਰੇਰੀ, 2.50 ਕਰੋੜ ਰੁਪਏ ਦੀ ਲਾਗਤ ਨਾਲ ਮਾਡਲ ਟਾਊਨ ਵਿਖੇ ਇੱਕ ਕਮਿਊਨਿਟੀ ਸੈਂਟਰ ਅਤੇ 2 ਕਰੋੜ ਰੁਪਏ ਦੀ ਅਨੁਮਾਨਤ ਲਾਗਤ ਨਾਲ ਮਾਡਲ ਟਾਊਨ ਵਿਖੇ ਬਣ ਰਹੇ ਇੱਕ ਗੈਸਟ ਹਾਊਸ ਦਾ ਦੌਰਾ ਕੀਤਾ।ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਕਿਹਾ ਕਿ ਇਹ ਪ੍ਰੋਜੈਕਟ ਇਤਿਹਾਸਕ ਪਟਿਆਲਵੀਆਂ ਦਾ ਨਾਗਰਿਕ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਬਣਾਉਣਗੀਆਂ ਅਤੇ ਪਟਿਆਲਾ ਦੇ ਲੋਕਾਂ ਨੂੰ ਆਧੁਨਿਕ ਸਹੂਲਤਾਂ ਪ੍ਰਦਾਨ ਕਰਨਗੀਆਂ।ਅਜੀਤਪਾਲ ਸਿੰਘ ਨੇ ਕਿਹਾ ਕਿ ਕਮਿਊਨਿਟੀ ਸੈਂਟਰ ਤੇ ਗੈਸਟ ਹਾਊਸ ਮੱਧ ਵਰਗ ਦੇ ਪਰਵਾਰਾਂ ਲਈ ਵਰਦਾਨ ਸਾਬਤ ਹੋਣਗੇ, ਕਿਉਂਕਿ ਉਹ ਸਮਾਜਿਕ ਇਕੱਠਾਂ, ਵਿਆਹਾਂ, ਪਰਵਾਰਕ ਸਮਾਗਮਾਂ ਅਤੇ ਇੱਥੋਂ ਤੱਕ ਕਿ ਅਜ਼ੀਜ਼ਾਂ ਦੀਆਂ ਅੰਤਿਮ ਰਸਮਾਂ ਲਈ ਕਫ਼ਾਇਤੀ ਥਾਵਾਂ ਤੱਕ ਪਹੁੰਚ ਕਰ ਸਕਣਗੇ।ਉਨ੍ਹਾਂ ਅੱਗੇ ਕਿਹਾ ਕਿ ਜਦੋਂ ਅਮੀਰ ਪਰਿਵਾਰ ਮਹਿੰਗੇ ਮੈਰਿਜ ਪੈਲੇਸਾਂ ਦੀਆਂ ਸੇਵਾਵਾਂ ਲੈ ਸਕਦੇ ਹਨ, ਪਰ ਇਹ ਪ੍ਰੋਜੈਕਟ ਆਮ ਸ਼ਹਿਰੀਆਂ ਨੂੰ ਵੀ ਵਿਹਾਰਕ ਸਹੂਲਤਾਂ ਨਾਲ ਲੈਸ, ਘੱਟ ਕੀਮਤ ਵਾਲੀਆਂ ਕਮਿਊਨਿਟੀ ਸਹੂਲਤਾਂ ਪ੍ਰਦਾਨ ਕਰਨਗੀਆਂ।ਲਾਇਬ੍ਰੇਰੀ ਬਾਰੇ ਬੋਲਦਿਆਂ ਵਿਧਾਇਕ ਕੋਹਲੀ ਨੇ ਕਿਹਾ ਕਿ ਇਹ ਵਿਦਿਆਰਥੀਆਂ, ਖੋਜਕਰਤਾਵਾਂ ਅਤੇ ਗਿਆਨ ਪ੍ਰਾਪਤ ਕਰਨ ਵਾਲਿਆਂ ਲਈ ਇੱਕ ਜੀਵੰਤ ਕੇਂਦਰ ਵਜੋਂ ਕੰਮ ਕਰੇਗੀ।ਇਹ ਅਧਿਐਨ ਸਮੱਗਰੀ, ਡਿਜੀਟਲ ਸਰੋਤਾਂ ਅਤੇ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਲਈ ਇੱਕ ਸ਼ਾਂਤਮਈ ਵਾਤਾਵਰਣ ਪ੍ਰਦਾਨ ਕਰੇਗਾ।

# ਭਾਸ਼ਾ ਵਿਭਾਗ ਵੱਲੋਂ ਸਾਲ 2025 ਦੇ ਸਰਵੋਤਮ ਹਿੰਦੀ ਤੇ ਉਰਦੂ ਪੁਸਤਕ ਪੁਰਸਕਾਰਾਂ ਦਾ ਐਲਾਨ

## ਦੋਵਾਂ ਭਾਸ਼ਾਵਾਂ ਦੀਆਂ 5 ਸਰਵੋਤਮ ਪੁਸਤਕਾਂ ਨੂੰ ਪ੍ਰਦਾਨ ਕੀਤੇ ਜਾਣਗੇ ਪੁਰਸਕਾਰ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪੰਜਾਬ ਸਰਕਾਰ ਵੱਲੋਂ ਭਾਸ਼ਾ ਵਿਭਾਗ ਪੰਜਾਬ ਰਾਹੀਂ ਹਰ ਸਾਲ ਪੰਜਾਬੀ, ਹਿੰਦੀ ਤੇ ਉਰਦੂ ਭਾਸ਼ਾ ਦੀਆਂ ਪੁਸਤਕਾਂ ਨੂੰ ਪ੍ਰਦਾਨ ਕੀਤੇ ਜਾਣ ਵਾਲੇ ਸਰਵੋਤਮ ਪੁਸਤਕ ਪੁਰਸਕਾਰਾਂ ਤਹਿਤ ਵਿਭਾਗ ਵੱਲੋਂ ਹਿੰਦੀ ਤੇ ਉਰਦੂ ਭਾਸ਼ਾਵਾਂ ਦੇ ਸਰਵੋਤਮ ਪੁਸਤਕ ਪੁਰਸਕਾਰਾਂ (2025) ਦਾ ਐਲਾਨ ਕਰ ਦਿੱਤਾ ਗਿਆ ਹੈ।ਇਸ ਸਬੰਧੀ ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ ਸ੍ਰ. ਜਸਵੰਤ ਸਿੰਘ ਜ਼ਫ਼ਰ ਨੇ ਦੱਸਿਆ ਕਿ ਇਹ ਪੁਰਸਕਾਰ ਨਵੰਬਰ 2025 ਦੇ ਪੰਜਾਬੀ ਮਾਹ ਦੇ ਰਾਜਪੱਧਰੀ ਸਮਾਪਨ ਸਮਾਰੋਹ ਦੌਰਾਨ ਭਾਸ਼ਾ ਭਵਨ ਪਟਿਆਲਾ ਵਿਖੇ ਪ੍ਰਦਾਨ ਕੀਤੇ ਜਾਣਗੇ।ਉਨ੍ਹਾਂ ਦੱਸਿਆ ਕਿ ਇਨ੍ਹਾਂ ਪੁਰਸਕਾਰਾਂ ਲਈ ਪਿਛਲੇ ਸਾਲ-2024 ਦੌਰਾਨ ਛਪੀਆਂ ਪੁਸਤਕਾਂ ਦੀ ਸਰਵੋਤਮ ਹਿੰਦੀ ਤੇ ਉਰਦੂ ਪੁਸਤਕ ਪੁਰਸਕਾਰਾਂ ਲਈ ਮੰਗ ਕੀਤੀ ਗਈ ਸੀ ਅਤੇ ਵੱਖ-ਵੱਖ ਖੇਤਰਾਂ ਦੇ ਵਿਦਵਾਨ ਵਿਸ਼ਾ ਮਾਹਰਾਂ ਤੋਂ ਇਨ੍ਹਾਂ ਪੁਸਤਕਾਂ ਦਾ ਮੁਲਾਂਕਣ ਕਰਵਾਇਆ ਗਿਆ ਅਤੇ ਸਰਵੋਤਮ ਪੁਸਤਕਾਂ ਦੀ ਚੋਣ ਕੀਤੀ ਗਈ। ਇਸ ਪੁਰਸਕਾਰ 'ਚ ਇਨਾਮੀ ਰਾਸ਼ੀ 31,000/- ਦੇ ਨਾਲ-ਨਾਲ ਇਕ ਦੋਸ਼ਾਲਾ ਤੇ ਸਨਮਾਨ ਚਿੰਨ੍ਹ ਭੇਟ ਕੀਤਾ ਜਾਵੇਗਾ।ਦੱਸਣਯੋਗ ਹੈ ਕਿ ਇਹ ਪੁਰਸਕਾਰ ਸਾਲ 2024 'ਚ ਛਪੀਆਂ ਹਿੰਦੀ ਭਾਸ਼ਾ ਦੀਆਂ ਵੱਖ-ਵੱਖ ਵੰਨਗੀਆਂ ਨਾਲ ਸਬੰਧਤ 4 ਸਰਵੋਤਮ ਪੁਸਤਕਾਂ ਨੂੰ ਦਿੱਤੇ ਜਾਣਗੇ।ਇਨ੍ਹਾਂ ਪੁਰਸਕਾਰਾਂ ਲਈ ਵੱਖ-ਵੱਖ ਵਿਧਾਵਾਂ ਦੀਆਂ 26 ਕਿਤਾਬਾਂ ਪ੍ਰਾਪਤ ਹੋਈਆਂ ਸਨ।ਉਰਦੂ ਦੇ ਇੱਕ ਪੁਰਸਕਾਰ ਲਈ 3 ਕਿਤਾਬਾਂ ਪ੍ਰਾਪਤ ਹੋਈਆਂ ਸਨ।ਐਲਾਨੇ ਗਏ ਸਰਵੋਤਮ ਹਿੰਦੀ ਪੁਸਤਕ ਪੁਰਸਕਾਰਾਂ ਤਹਿਤ ਗਿਆਨੀ ਸੰਤ ਸਿੰਘ (ਕਵਿਤਾ) ਪੁਰਸਕਾਰ ਕਮਲ ਪੁਰੀ ਦੀ ਪੁਸਤਕ 'ਚਾਕ ਪਰ ਚੜ੍ਹੇ ਸ਼ਬਦ' ਨੂੰ, ਸੁਦਰਸ਼ਨ ਗਲਪ (ਨਾਵਲ/ਕਹਾਣੀ) ਪੁਰਸਕਾਰ ਅਨੰਤ ਸ਼ਰਮਾ ਅਨੰਤ ਦੀ ਪੁਸਤਕ 'ਘਰ-ਘਰ ਕੀ ਕਹਾਣੀ' ਨੂੰ, ਇੰਦਰਨਾਥ ਮਦਾਨ (ਆਲੋਚਨਾ/ਸੰਪਾਦਨ/ਗਿਆਨ/ਖੋਜ) ਪੁਰਸਕਾਰ ਡਾ. ਨੀਤੂ ਰਾਣੀ ਦੀ ਪੁਸਤਕ 'ਸ਼੍ਰੀ ਲਾਲ ਸ਼ੁਕਲ ਕੇ ਸਾਹਿਤਯ ਮੇਂ ਰਾਜਨੀਤਕ ਚੇਤਨਾ ਕੇ ਸਵਰ' ਨੂੰ, ਬਾਬਾ ਫ਼ਤਹਿ ਸਿੰਘ (ਬਾਲ ਸਾਹਿਤ) ਪੁਰਸਕਾਰ ਸੁਸ਼ੀਲ ਕੁਮਾਰ ਫੁੱਲ ਦੀ ਪੁਸਤਕ 'ਲਲਕਾਰ' ਨੂੰ ਪ੍ਰਦਾਨ ਕੀਤੇ ਜਾਣਗੇ।ਸਰਵੋਤਮ ਉਰਦੂ ਪੁਸਤਕ ਪੁਰਸਕਾਰ ਤਹਿਤ ਹਾਫ਼ਿਜ਼ ਮਹਿਮੂਦ ਸ਼ੀਰਾਨੀ (ਤਨਕੀਦ)-2025, ਡਾ. ਕਹਿਕਸ਼ਾਂ ਫ਼ਲਕ ਦੀ ਪੁਸਤਕ 'ਉਰਦੂ ਅਫ਼ਸਾਨਾ ਔਰ ਪੰਜਾਬ' ਨੂੰ ਪ੍ਰਦਾਨ ਕੀਤਾ ਜਾਵੇਗਾ। ਸ. ਜਸਵੰਤ ਸਿੰਘ ਜ਼ਫ਼ਰ ਨੇ ਦੱਸਿਆ ਕਿ ਵਿਭਾਗ ਵੱਲੋਂ ਹਰ ਸਾਲ ਦਿੱਤੇ ਜਾਣ ਵਾਲੇ ਵੱਖ-ਵੱਖ ਭਾਸ਼ਾਵਾਂ ਦੇ ਸਰਵੋਤਮ ਪੁਸਤਕ ਪੁਰਸਕਾਰ ਪੰਜਾਬੀ ਮਾਹ ਦੇ ਸਮਾਗਮਾਂ ਦੌਰਾਨ ਪ੍ਰਦਾਨ ਕੀਤੇ ਜਾਣਗੇ।




# ਸਰਕਾਰ ਵੱਲੋਂ ਲਏ ਫੈਸਲੇ ਹੜ੍ਹ ਪੀੜਤਾਂ ਨੂੰ ਦੇਣਗੇ ਰਾਹਤ : ਹਰਚੰਦ ਬਰਸਟ

## ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਨੇ ਪੰਜਾਬ ਕੈਬਨਿਟ ਦੀ ਬੈਠਕ 'ਚ ਲਏ ਫੈਸਲਿਆਂ ਦੀ ਕੀਤੀ ਸ਼ਲਾਘਾ

**ਸਮਾਣਾ (ਗੁਰਪਿਆਰ ਸਿੰਘ ਬੱਲ)**-ਆਮ ਆਦਮੀ ਪਾਰਟੀ ਪੰਜਾਬ ਦੇ ਸੂਬਾ ਜਨਰਲ ਸਕੱਤਰ ਤੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਸ੍ਰ. ਹਰਚੰਦ ਸਿੰਘ ਬਰਸਟ ਨੇ ਪੰਜਾਬ ਦੇ ਮਾਣਯੋਗ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਹੜ੍ਹ ਪੀੜਤਾਂ ਲਈ ਲਏ ਗਏ ਵੱਡੇ ਫੈਸਲਿਆਂ ਦੀ ਸ਼ਲਾਘਾ ਕੀਤੀ ਹੈ।ਉਨ੍ਹਾਂ ਕਿਹਾ ਕਿ ਹੜ੍ਹਾਂ ਕਾਰਨ ਪੰਜਾਬ ਤੇ ਪੰਜਾਬ ਵਾਸੀਆਂ ਦਾ ਵੱਡੇ ਪੱਧਰ 'ਤੇ ਨੁਕਸਾਨ ਹੋਇਆ ਹੈ ਅਤੇ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਹੜ੍ਹ ਪੀੜਤਾਂ ਦੀ ਲਗਾਤਾਰ ਮਦਦ ਕੀਤੀ ਜਾ ਰਹੀ ਹੈ।ਬੀਤੇ ਦਿਨੀਂ ਹੋਈ ਪੰਜਾਬ ਕੈਬਨਿਟ ਦੀ ਬੈਠਕ ਵਿੱਚ ਹੜ੍ਹ ਪੀੜਤਾਂ ਲਈ ਵੱਡੇ ਫੈਸਲੇ ਲਏ ਗਏ ਹਨ।ਉਨ੍ਹਾਂ ਕਿਹਾ ਕਿ ਹੜ੍ਹਾਂ ਕਾਰਨ ਖੇਤਾਂ ਵਿੱਚ ਰੇਤ/ਮਿੱਟੀ ਜਮ੍ਹਾਂ ਹੋ ਗਈ ਹੈ, ਜਿਸ ਦੇ ਲਈ ਪੰਜਾਬ ਕੈਬਨਿਟ ਵੱਲੋਂ ਜਿਸ ਦਾ ਖੇਤ, ਉਸ ਦੀ ਰੇਤ ਯੋਜਨਾ ਨੂੰ ਮਨਜ਼ੂਰੀ ਦਿੱਤੀ ਗਈ ਹੈ, ਜੋ ਕਿ ਹੜ੍ਹ ਪੀੜਤ ਕਿਸਾਨਾਂ ਨੂੰ ਵੱਡੀ ਰਾਹਤ ਦੇਵੇਗੀ। ਸ੍ਰ. ਬਰਸਟ ਨੇ ਕਿਹਾ ਕਿ ਇਸ ਦੇ ਨਾਲ ਹੀ ਸੂਬਾ ਸਰਕਾਰ ਵੱਲੋਂ ਹੜ੍ਹਾਂ ਨਾਲ ਨੁਕਸਾਨੀਆਂ ਫਸਲਾਂ ਦਾ 20 ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ ਦੇਣ ਦਾ ਵੀ ਫੈਸਲਾ ਲਿਆ ਹੈ, ਜੋ ਕਿ ਪੂਰੇ ਦੇਸ਼ ਵਿੱਚ ਸਭ ਤੋਂ ਵੱਧ ਮੁਆਵਜ਼ਾ ਰਾਸ਼ੀ ਹੈ।ਇਸ ਨਾਲ ਕਿਸਾਨ ਮੁੜ ਤੋਂ ਆਪਣੇ ਪੈਰਾਂ 'ਤੇ ਖੜੇ ਹੋ ਸਕਣਗੇ।ਨਾਲ ਹੀ ਹੜ੍ਹਾਂ ਦੌਰਾਨ ਜਾਨ ਗੁਆਉਣ ਵਾਲਿਆਂ ਦੇ ਪਰਵਾਰਾਂ ਨੂੰ 4 ਲੱਖ ਰੁਪਏ ਵਿੱਤੀ ਸਹਾਇਤਾ ਦਿੱਤੀ ਜਾਵੇਗੀ।ਇਸ ਦੇ ਨਾਲ ਹੀ ਕਿਸਾਨਾਂ ਨੂੰ 6 ਮਹੀਨੇ ਲਈ ਕਰਜ਼ੇ ਦੀਆਂ ਕਿਸ਼ਤਾਂ ਨਾ ਦੇਣ ਦੀ ਛੂਟ ਦਿੱਤੀ ਗਈ ਹੈ।ਹੜ੍ਹ ਪ੍ਰਭਾਵਿਤ ਪਿੰਡਾਂ ਵਿੱਚ ਮੈਡੀਕਲ ਕੈਂਪ ਵੀ ਲਗਾਏ ਜਾਣਗੇ।ਘਰਾਂ ਤੇ ਪਸ਼ੂਧਨ ਦੇ ਨੁਕਸਾਨ ਦੇ ਸਰਵੇਖਣ ਤੋਂ ਬਾਅਦ ਮੁਆਵਜ਼ਾ ਦਿੱਤਾ ਜਾਵੇਗਾ।ਉਨ੍ਹਾਂ ਕਿਹਾ ਕਿ ਹੜ੍ਹ ਪ੍ਰਭਾਵਿਤ ਪਰਵਾਰਾਂ ਦੀ ਸਹਾਇਤਾ ਲਈ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਲਏ ਗਏ ਫੈਸਲੇ ਨਾ ਸਿਰਫ਼ ਪਰਵਾਰਾਂ ਨੂੰ ਤੁਰੰਤ ਰਾਹਤ ਦੇਣਗੇ, ਸਗੋਂ ਭਵਿੱਖ ਲਈ ਨਵਾਂ ਆਸਰਾ ਵੀ ਬਣਨਗੇ।

ਉਨ੍ਹਾਂ ਕਿਹਾ ਕਿ ਪੰਜਾਬ ਦੇ ਮਾਣਯੋਗ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਹਰ ਪ੍ਰਕਾਰ ਦੀ ਮਦਦ ਪਹੁੰਚਾਈ ਜਾ ਰਹੀ ਹੈ।

# ਜੀ ਐੱਸ ਟੀ ਰਾਹਤ ਕੰਪਨੀਆਂ ਨੇ ਹੜੱਪੀ, ਪਹਿਲਾਂ ਹੀ ਕੀਤਾ ਕੀਮਤਾਂ 'ਚ ਵਾਧਾ : ਪ੍ਰਮੋਦ ਗੁਪਤਾ

## *ਉਪਭੋਗਤਾਵਾਂ ਤੱਕ ਨਹੀਂ ਪੁੱਜਿਆ ਲਾਭ*

**ਧੂਰੀ (ਮਨੋਹਰ ਸਿੰਘ ਸੱਗੂ)**-ਪੰਜਾਬ ਪ੍ਰਦੇਸ਼ ਰਿਟੇਲ ਐਂਡ ਹੋਲਸੇਲ ਕਰਿਆਨਾ ਐਸੋਸੀਏਸ਼ਨ ਦੇ ਸੂਬਾ ਪ੍ਰਧਾਨ ਪ੍ਰਮੋਦ ਕੁਮਾਰ ਗੁਪਤਾ ਨੇ ਆਪਣੇ ਬਿਆਨ ਰਾਹੀਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਜੀ ਐੱਸ ਟੀ ਦਰਾਂ 'ਚ ਕਟੌਤੀ ਕਰਕੇ ਉਪਭੋਗਤਾਵਾਂ ਨੂੰ ਰਾਹਤ ਦੇਣ ਦੀ ਕੋਸ਼ਿਸ਼ ਕੀਤੀ ਗਈ ਸੀ, ਪਰ ਕਰਿਆਨਾ ਤੇ ਐੱਫ਼ ਐੱਮ ਸੀ ਜੀ ਖੇਤਰ ਦੀਆਂ ਬਹੁਤੀਆਂ ਕੰਪਨੀਆਂ ਨੇ ਇਸ ਦੇ ਉਲਟ ਆਪਣੇ ਉਤਪਾਦਾਂ ਦੀਆਂ ਕੀਮਤਾਂ ਵਧਾ ਦਿੱਤੀਆਂ।ਸ੍ਰੀ ਗੁਪਤਾ ਨੇ ਕਿਹਾ ਕਿ ਇਸ ਦਾ ਨਤੀਜਾ ਇਹ ਹੋਇਆ ਕਿ ਆਮ ਲੋਕਾਂ ਨੂੰ ਕੇਂਦਰ ਸਰਕਾਰ ਵੱਲੋਂ ਜੀ ਐੱਸ ਟੀ ਦਰਾਂ 'ਚ ਕੀਤੀ ਗਈ ਕਟੌਤੀ ਦਾ ਕੋਈ ਲਾਭ ਨਹੀਂ ਮਿਲਿਆ, ਸਗੋਂ ਰਾਹਤ ਸਿੱਧੇ ਕੰਪਨੀਆਂ ਦੀ ਜੇਬ 'ਚ ਚਲੀ ਗਈ।ਉਨ੍ਹਾਂ ਉਦਾਹਰਣ ਦੇ ਤੌਰ 'ਤੇ ਦੱਸਿਆ ਕਿ ਦੇਸੀ ਘਿਓ ਦਾ ਭਾਵ 30 ਤੋਂ 35 ਰੁਪਏ ਪ੍ਰਤੀ ਲੀਟਰ ਤੱਕ ਵਧਾ ਦਿੱਤਾ ਗਿਆ ਅਤੇ ਜੋ ਪੈਕਿੰਗ ਪਹਿਲਾਂ 95 ਰੁਪਏ ਐੱਮ.ਆਰ.ਪੀ. ਸੀ, ਉਸ ਦੀ ਕੀਮਤ ਹੁਣ 110 ਤੋਂ 120 ਰੁਪਏ ਕਰ ਦਿੱਤੀ ਗਈ।ਇਸੇ ਤਰ੍ਹਾਂ ਹੋਰ ਜ਼ਰੂਰੀ ਚੀਜ਼ਾਂ 'ਤੇ ਵੀ ਉਪਭੋਗਤਾਵਾਂ ਨੂੰ ਕੋਈ ਰਾਹਤ ਨਹੀਂ ਮਿਲੀ।ਪ੍ਰਮੋਦ ਗੁਪਤਾ ਨੇ ਕੇਂਦਰ ਸਰਕਾਰ ਤੇ ਵਿੱਤ ਮੰਤਰਾਲੇ ਤੋਂ ਸਖਤ ਕਾਰਵਾਈ ਦੀ ਮੰਗ ਕਰਦਿਆਂ ਕਿਹਾ ਕਿ ਅਜਿਹੀਆਂ ਕੰਪਨੀਆਂ ਨੂੰ ਜਵਾਬਦੇਹ ਬਣਾਇਆ ਜਾਵੇ ਅਤੇ ਇਹ ਯਕੀਨੀ ਬਣਾਇਆ ਜਾਵੇ ਕਿ ਜੀ ਐੱਸ ਟੀ ਦਰਾਂ 'ਚ ਕੀਤੀ ਕਟੌਤੀ ਦਾ ਲਾਭ ਸਹੀ ਅਰਥਾਂ 'ਚ ਉਪਭੋਗਤਾਵਾਂ ਤੇ ਵਪਾਰੀ ਤੱਕ ਪੁੱਜੇ, ਨਹੀਂ ਤਾਂ ਇਹ ਸਕੀਮ ਸਿਰਫ਼ ਉਦਯੋਗਪਤੀਆਂ ਦੇ ਹਿਤ ਤੱਕ ਸੀਮਤ ਹੋ ਕੇ ਰਹਿ ਜਾਵੇਗੀ।

# ਰੂਸ ਵੱਲੋਂ ਕੈਂਸਰ ਦੇ ਇਲਾਜ ਲਈ ਟੀਕਾ ਵਿਕਸਤ, ਸਾਰੇ ਟਰਾਇਲਾਂ 'ਚ ਟੀਕੇ ਦੇ ਸਫ਼ਲ ਹੋਣ ਦਾ ਦਾਅਵਾ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਰੂਸ ਨੇ ਕੈਂਸਰ ਵਿਰੁੱਧ ਲੜਾਈ ਵਿੱਚ ਇੱਕ ਨਵੀਂ ਸਫਲਤਾ ਪ੍ਰਾਪਤ ਕੀਤੀ ਹੈ।ਇਸ ਦੀ ਫੈਡਰਲ ਮੈਡੀਕਲ ਤੇ ਬਾਇਓਲਾਜੀਕਲ ਏਜੰਸੀ (ਐੱਫ ਐੱਮ ਬੀ ਏ) ਨੇ ਇੱਕ ਕੈਂਸਰ ਟੀਕਾ ਵਿਕਸਤ ਕੀਤਾ ਹੈ।ਐੱਫ ਐੱਮ ਬੀ ਏ ਮੁਖੀ ਵੇਰੋਨਿਕਾ ਸਕਵੋਰਤਸੋਵਾ ਨੇ ਕਿਹਾ ਕਿ ਰੂਸੀ ਐਂਟਰੋਮਿਕਸ ਕੈਂਸਰ ਟੀਕਾ ਹੁਣ ਵਰਤੋਂ ਲਈ ਤਿਆਰ ਹੈ। ਇਸ ਐੱਮਆਰਐੱਨਏ-ਅਧਾਰਤ ਟੀਕੇ ਨੇ ਆਪਣੀ ਸੁਰੱਖਿਆ ਤੇ ਪ੍ਰਭਾਵਸ਼ੀਲਤਾ ਨੂੰ ਸਾਬਤ ਕਰਦੇ ਹੋਏ ਸਾਰੇ ਪ੍ਰੀ-ਕਲੀਨਿਕਲ ਟੈਸਟਾਂ ਨੂੰ ਸਫ਼ਲਤਾਪੂਰਵਕ ਪਾਸ ਕਰ ਲਿਆ ਹੈ।ਇਸ ਟੀਕੇ ਦਾ ਸ਼ੁਰੂਆਤੀ ਟੀਚਾ ਕੋਲੋਰੈਕਟਲ ਕੈਂਸਰ (ਕੋਲਨ ਕੈਂਸਰ) ਹੋਵੇਗਾ।ਰੂਸੀ ਸਮਾਚਾਰ ਏਜੰਸੀ ਤਾਸ ਦੀ ਰਿਪੋਰਟ ਅਨੁਸਾਰ ਰੂਸ ਦੇ ਕੈਂਸਰ ਟੀਕੇ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ ਤੇ ਐੱਫ ਐੱਮ ਬੀ ਏ ਮੁਖੀ ਵੇਰੋਨਿਕਾ ਸਕਵੋਰਤਸੋਵਾ ਨੇ ਪੂਰਬੀ ਆਰਥਿਕ ਫੋਰਮ ਵਿੱਚ ਇਸ ਦਾ ਐਲਾਨ ਕੀਤਾ ਹੈ।ਸਕਵੋਰਤਸੋਵਾ ਨੇ ਕਿਹਾ ਕਿ ਇਹ ਖੋਜ ਕਈ ਸਾਲਾਂ ਤੱਕ ਚੱਲੀ। ਉਨ੍ਹਾਂ ਨੇ ਕਿਹਾ ਕਿ ਪ੍ਰੀ-ਕਲੀਨਿਕਲ ਟਰਾਇਲ ਟੀਕੇ ਦੀ ਸੁਰੱਖਿਆ, ਵਾਰ-ਵਾਰ ਵਰਤੋਂ ਦੇ ਨਵੀਂ ਬਾਵਜੂਦ ਇਸਦੀ ਪ੍ਰਭਾਵਸ਼ੀਲਤਾ ਦੀ ਥਲ ਪੁਸ਼ਟੀ ਕਰਦੇ ਹਨ।ਖੋਜਕਾਰਾਂ ਨੇ ਇਸ ਦੌਰਾਨ ਟਿਊਮਰ ਦੇ ਆਕਾਰ ਵਿੱਚ ਕਮੀ ਤੇ ਟਿਊਮਰ ਦੇ ਵਾਧੇ ਵਿੱਚ ਕਮੀ ਦੇਖੀ।ਇਸ ਤੋਂ ਇਲਾਵਾ ਅਧਿਐਨਾਂ ਨੇ ਟੀਕੇ ਦੇ ਕਾਰਨ ਮਰੀਜ਼ਾਂ ਦੇ ਬਚਾਅ ਦੀ ਦਰ ਵਿੱਚ ਵਾਧੇ ਦਾ ਵੀ ਸੰਕੇਤ ਦਿੱਤਾ।ਇਸ ਟੀਕੇ ਦਾ ਸ਼ੁਰੂਆਤੀ ਟੀਚਾ ਕੋਲੋਰੈਕਟਲ ਕੈਂਸਰ ਹੋਵੇਗਾ।ਇਸ ਤੋਂ ਇਲਾਵਾ ਗਲੀਓਬਲਾਸਟੋਮਾ (ਦਿਮਾਗ ਦਾ ਕੈਂਸਰ) ਤੇ ਖਾਸ ਕਿਸਮਾਂ ਦੇ ਮੇਲਾਨੋਮਾ ਲਈ ਟੀਕੇ ਵਿਕਸਤ ਕਰਨ ਵਿੱਚ ਵਾਅਦਾ ਕਰਨ ਵਾਲੀ ਪ੍ਰਗਤੀ ਹੋਈ ਹੈ, ਜਿਸ ਵਿੱਚ ਓਕੂਲਰ ਮੇਲਾਨੋਮਾ (ਅੱਖਾਂ ਦੇ ਕੈਂਸਰ ਦੀ ਇੱਕ ਕਿਸਮ) ਸ਼ਾਮਲ ਹੈ, ਜੋ ਇਸ ਸਮੇਂ ਆਪਣੇ ਐਡਵਾਂਸ ਪੜਾਅ ਵਿੱਚ ਹਨ।

# ਹੜ੍ਹ ਪੀੜਤ ਮਜ਼ਦੂਰਾਂ ਦੀਆਂ ਮੰਗਾਂ ਲਈ 12 ਨੂੰ ਡੀ ਸੀ ਦਫਤਰ ਅੱਗੇ ਧਰਨਾ

**ਮੋਗਾ (ਇਕਬਾਲ ਸਿੰਘ ਖਹਿਰਾ)**

ਦਾਣਾ ਮੰਡੀ ਮੋਗਾ ਵਿਖੇ ਕਿਰਤੀ ਕਾਮਿਆਂ ਦੀ ਸੂਬਾ ਕਮੇਟੀ ਮੈਂਬਰ ਲਖਵੀਰ ਸਿੰਘ ਲੱਖਾ ਦੀ ਪ੍ਰਧਾਨਗੀ ਵਿੱਚ ਮੀਟਿੰਗ ਹੋਈ।ਇਸ ਮੀਟਿੰਗ ਵਿੱਚ ਜ਼ਿਲ੍ਹਾ ਸਕੱਤਰ ਕਾਮਰੇਡ ਸਿੰਦਰ ਸਿੰਘ ਸਾਫੂਵਾਲਾ, ਮੀਤ ਪ੍ਰਧਾਨ ਬੱਗਾ ਸਿੰਘ ਤੇ ਮਲਕੀਤ ਸਿੰਘ ਘਾਲੀ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।ਇਸ ਮੀਟਿੰਗ ਵਿੱਚ ਜ਼ਿਆਦਾ ਗਿਣਤੀ ਈ-ਰਿਕਸ਼ਾ ਚਾਲਕਾਂ ਦੀ ਸੀ।ਇਹ ਰਿਕਸ਼ਾ ਚਾਲਕਾਂ ਨੇ ਦੱਸਿਆ ਕਿ ਉਹ ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੀਆਂ ਸਰਗਰਮੀਆਂ ਤੇ ਕੰਮਾਂ ਤੋਂ ਪ੍ਰਭਾਵਿਤ ਹੋ ਕੇ ਇਸ ਵਿੱਚ ਸ਼ਾਮਲ ਹੋਣਾ ਚਾਹੁੰਦੇ ਹਨ।ਮੀਟਿੰਗ ਨੂੰ ਸੂਬਾ ਕਮੇਟੀ ਮੈਂਬਰ ਲਖਵੀਰ ਸਿੰਘ ਲੱਖਾ, ਜ਼ਿਲ੍ਹਾ ਸਕੱਤਰ ਕਾਮਰੇਡ ਸ਼ਿੰਦਰ ਸਿੰਘ ਸਾਫੂਵਾਲਾ, ਨਿਹਾਲ ਸਿੰਘ ਵਾਲਾ ਬਲਾਕ ਦੇ ਪ੍ਰਧਾਨ ਸੁਖਵਿੰਦਰ ਸਿੰਘ ਨੇ ਕਿਹਾ ਕਿ ਈ-ਰਿਕਸ਼ਾ ਚਾਲਕ ਵੀ ਮਜ਼ਦੂਰੀ ਕਰਕੇ ਆਪਣੇ ਪਰਵਾਰ ਪਾਲਦੇ ਹਨ। ਉਨ੍ਹਾਂ ਨੇ ਜੋ ਸਾਡੀ ਜਥੇਬੰਦੀ ਵਿੱਚ ਸ਼ਾਮਲ ਹੋਣ ਦਾ ਫੈਸਲਾ ਕੀਤਾ ਹੈ, ਅਸੀਂ ਉਸ ਦੀ ਪ੍ਰਸੰਸਾ ਕਰਦੇ ਹਾਂ ਅਤੇ 'ਜੀ ਆਇਆਂ ਨੂੰ' ਕਹਿੰਦੇ ਹਾਂ।ਨਵੇਂ ਸ਼ਾਮਲ ਹੋਏ ਸਾਥੀਆਂ ਦੀ ਕਮੇਟੀ ਦਾ ਗਠਨ ਕੀਤਾ ਗਿਆ, ਜਿਸ 'ਚ ਪ੍ਰਧਾਨ ਤਰਸੇਮ ਸਿੰਘ ਸੋਨਾ, ਮੀਤ ਪ੍ਰਧਾਨ ਗੁਰਦੀਪ ਸਿੰਘ, ਪ੍ਰੈੱਸ ਸਕੱਤਰ ਗੁਰਸੇਵਕ ਸਿੰਘ ਚੜਿੱਕ, ਸੇਵਕ ਸਿੰਘ ਖਜ਼ਾਨਚੀ, ਸਲਾਹਕਾਰ ਜਗਜੀਤ ਸਿੰਘ ਚੜਿੱਕ, ਜਨਰਲ ਸਕੱਤਰ ਚਰਨਜੀਤ ਸਿੰਘ, ਕਮੇਟੀ ਮੈਂਬਰ ਪ੍ਰਭਜੋਤ, ਚਮਕੌਰ ਸਿੰਘ ਬਾਘਾ ਪੁਰਾਣਾ ਤੇ ਜਰਨੈਲ ਸਿੰਘ ਬਾਘਾ ਪੁਰਾਣਾ ਆਦਿ ਚੁਣੇ ਗਏ।ਆਗੂਆਂ ਨੇ ਸੱਦਾ ਦਿੱਤਾ ਕਿ 11-12 ਸਤੰਬਰ ਨੂੰ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਫਰੰਟ ਵੱਲੋਂ ਹੜ੍ਹਾਂ ਦੀ ਮਾਰ ਹੇਠ ਆਏ ਮਜ਼ਦੂਰਾਂ ਦੀਆਂ ਮੰਗਾਂ ਲਈ ਐੱਸ.ਡੀ.ਐੱਮ. ਤੇ ਡੀ ਸੀ ਦਫ਼ਤਰਾਂ ਅੱਗੇ ਧਰਨੇ ਦਿੱਤੇ ਜਾ ਰਹੇ ਹਨ।ਸਾਰੇ ਮਜ਼ਦੂਰ ਭਰਾਵਾਂ ਨੂੰ ਉਸ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ ਗਈ। ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਡਿਪਟੀ ਕਮਿਸ਼ਨਰ ਮੋਗਾ ਦੇ ਦਫ਼ਤਰ ਅੱਗੇ 12 ਸਤੰਬਰ ਵਾਲੇ ਸਾਂਝੇ ਧਰਨੇ ਵਿੱਚ ਸ਼ਾਮਲ ਹੋਵੇਗੀ।

# ਮਾਛੀਵਾੜਾ ਅਨਾਜ ਮੰਡੀ 'ਚ ਝੋਨੇ ਦੀ ਪ੍ਰਾਈਵੇਟ ਤੌਰ 'ਤੇ ਖਰੀਦ ਸ਼ੁਰੂ

## ■ ਬਾਸਮਤੀ 1509 ਕਿਸਮ 3200 ਰੁਪਏ ਪ੍ਰਤੀ ਕੁਇੰਟਲ ਤੱਕ ਵਿਕੀ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਥਾਨਕ ਅਨਾਜ ਮੰਡੀ ਵਿੱਚ ਝੋਨੇ ਦੀ ਅਗੇਤੀ ਕਿਸਮ 1509 ਬਾਸਮਤੀ ਦੀ ਪ੍ਰਾਈਵੇਟ ਤੌਰ 'ਤੇ ਖਰੀਦ ਸ਼ੁਰੂ ਹੋ ਗਈ, ਜਿਸ ਦੀ ਰਸਮੀ ਉਦਘਾਟਨ ਆੜ੍ਹਤੀ ਐਸੋਸੀਏਸ਼ਨ ਦੇ ਪ੍ਰਧਾਨ ਮੋਹਿਤ ਕੁੰਦਰਾ ਤੇ ਮਾਰਕੀਟ ਕਮੇਟੀ ਚੇਅਰਮੈਨ ਸੁਖਵਿੰਦਰ ਸਿੰਘ ਗਿੱਲ ਨੇ ਕੀਤਾ। ਅਨਾਜ ਮੰਡੀ ਵਿਖੇ ਮੋਹਣ ਲਾਲ (ਹੇਡੋਂ ਵਾਲੇ) ਜਗਨਨਾਥ ਦੀ ਆੜ੍ਹਤ 'ਤੇ ਕਿਸਾਨ ਬਾਰਾ ਸਿੰਘ ਵਾਸੀ ਪਿੰਡ ਲਖਨਪੁਰ (ਖਮਾਣੋਂ) ਆਪਣੀ ਫਸਲ ਵੇਚਣ ਲਈ ਆਇਆ, ਜਿਸ ਨੂੰ ਪ੍ਰਾਈਵੇਟ ਵਪਾਰੀ ਇਨਫਿਨਟੀ ਐਗਰੋ ਇੰਡਸਟਰੀ ਨੇ 3021 ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਖਰੀਦ ਕੀਤਾ। ਇਸ ਤੋਂ ਇਲਾਵਾ ਲੂਥਰਾ ਐਂਡ ਸੰਨਜ਼ ਤੇ ਲੂਥਰਾ ਬ੍ਰਦਰਜ਼ ਆੜ੍ਹਤ ਤੋਂ ਅੱਜ ਕਿਸਾਨ ਦੀ ਫਸਲ 3111 ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਪ੍ਰਾਈਵੇਟ ਏਜੰਸੀ ਜੀ.ਐੱਨ.ਓਵਰਸੀਜ਼ ਤੇ ਲਕਸ਼ਮੀ ਰਾਈਸ ਮਿਲ ਵੱਲੋਂ ਖਰੀਦੀ ਗਈ। ਇਸ ਮੌਕੇ ਕਿਸਾਨ ਬਾਰਾ ਸਿੰਘ ਨੇ ਦੱਸਿਆ ਕਿ ਉਸ ਨੇ ਝੋਨੇ ਦੀ ਅਗੇਤੀ ਕਿਸਮ ਦੀ ਬਿਜਾਈ ਕੀਤੀ ਸੀ, ਜਿਸ ਦਾ ਝਾੜ ਕਰੀਬ 20 ਤੋਂ 22 ਕੁਇੰਟਲ ਨਿਕਲਿਆ। ਉਨ੍ਹਾਂ ਕਿਹਾ ਕਿ ਇਹ ਫਸਲ 3000 ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਵਿਕੀ ਹੈ। ਇਸ ਮੌਕੇ ਆੜ੍ਹਤੀ ਐਸੋਸੀਏਸ਼ਨ ਦੇ ਪ੍ਰਧਾਨ ਮੋਹਿਤ ਕੁੰਦਰਾ ਨੇ ਕਿਹਾ ਕਿ ਮਾਛੀਵਾੜਾ ਮੰਡੀ ਵਿੱਚ ਬਾਸਮਤੀ ਫਸਲ ਦਾ ਭਾਅ ਕਿਸਾਨਾਂ ਨੂੰ 3000 ਤੋਂ 3200 ਰੁਪਏ ਪ੍ਰਤੀ ਕੁਇੰਟਲ ਮਿਲ ਰਿਹਾ ਹੈ ਜੋ ਕਿ ਆਸਪਾਸ ਦੀਆਂ ਮੰਡੀਆਂ ਨਾਲੋਂ ਕਿਤੇ ਵੱਧ ਹੈ। ਉਨ੍ਹਾਂ ਦੱਸਿਆ ਕਿ ਮਾਛੀਵਾੜਾ ਇਲਾਕੇ ਵਿਚ ਬਾਸਮਤੀ ਦੇ ਕਾਫ਼ੀ ਪਲਾਟ ਹਨ ਤੇ ਇੱਥੇ ਪ੍ਰਾਈਵੇਟ ਤੌਰ 'ਤੇ ਖਰੀਦਦਾਰ ਵੀ ਵੱਧ ਹਨ, ਜਿਸ ਕਾਰਨ ਭਾਅ ਚੰਗਾ ਹੈ। ਇਸ ਮੌਕੇ ਸ਼ੈਲਰ ਮਾਲਕ ਕਸਤੂਰੀ ਲਾਲ ਮਿੰਟੂ, ਸਾਬਕਾ ਪ੍ਰਧਾਨ ਤੇਜਿੰਦਰ ਸਿੰਘ ਕੂੰਨਰ, ਗੁਰਨਾਮ ਸਿੰਘ ਨਾਗਰਾ, ਸੁਰਿੰਦਰ ਬਾਂਸਲ, ਐਡਵੋਕੇਟ ਕਪਿਲ ਆਨੰਦ, ਜਨਰਲ ਸਕੱਤਰ ਨਿਤਿਨ ਜੈਨ, ਬਿਕਰਮ ਲੂਥਰਾ, ਪ੍ਰਦੀਪ ਮਲਹੋਤਰਾ, ਰਾਜੀਵ ਕੌਸ਼ਲ, ਪਰਨੀਤ ਕਾਹਲੋਂ, ਹਰਕੇਸ਼ ਨਹਿਰਾ, ਬਲਵਿੰਦਰ ਸਿੰਘ ਬਿੰਦਰ, ਜਤਿਨ ਚੌਰਾਇਆ, ਰਾਜਵਿੰਦਰ ਸਿੰਘ ਸੈਣੀ, ਜਗਮੀਤ ਸਿੰਘ ਮੱਕੜ, ਪ੍ਰਵੀਨ ਮੱਕੜ, ਹਰਵਿੰਦਰ ਸਿੰਘ ਸ਼ੇਰੀਆਂ, ਸ਼ਿਵ ਬਾਂਸਲ, ਪੁਸ਼ਪਿੰਦਰ ਧੰਨੋਆ, ਪਰਮਿੰਦਰ ਗੁਲਿਆਨੀ, ਪੁਨੀਤ ਜੈਨ, ਪ੍ਰਿੰਸ ਮਿੱਠੇਵਾਲ, ਸ਼ਸ਼ੀ ਭਾਟੀਆ, ਅਮਿਤ ਭਾਟੀਆ, ਬਿਕਰਮ ਸੰਧੂ, ਹੈਪੀ ਬਾਂਸਲ, ਮਨੋਜ ਬਾਂਸਲ, ਜੈਦੀਪ ਕਾਹਲੋਂ ਆਦਿ ਮੌਜੂਦ ਸਨ।

# ਪੰਜਾਬ ਸਰਕਾਰ ਵੱਲੋਂ ਮੁਆਵਜ਼ਾ ਰਾਸ਼ੀ ਦਾ ਐਲਾਨ ਸ਼ਲਾਘਾਯੋਗ ਕਦਮ : ਢਿੱਲੋਂ

**ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਪੰਜਾਬ ਵਿੱਚ ਆਮ ਲੋਕ ਕੁਦਰਤੀ ਆਫ਼ਤ ਵਿੱਚ ਫਸੇ ਹੋਏ ਹਨ, ਪਰ ਵਾਰ ਵਾਰ ਬੇਨਤੀਆਂ ਕਰਨ ਦੇ ਬਾਵਜੂਦ ਭਾਜਪਾ ਦੀ ਕੇਂਦਰੀ ਸਰਕਾਰ ਵੱਲੋਂ ਕੋਈ ਹਮਦਰਦੀ ਦੇ ਸ਼ਬਦ ਪੰਜਾਬੀਆਂ ਲਈ ਨਾ ਬੋਲਿਆ ਜਾਣਾ ਅਤਿ ਦੁੱਖਦਾਇਕ ਹੈ।ਪ੍ਰਧਾਨ ਮੰਤਰੀ ਵੱਲੋਂ ਪੰਜਾਬ ਦਾ ਦੌਰਾ ਕਰਨ ਬਾਰੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੂਬਾ ਸਪੋਕਸਪਰਸਨ ਤੇ ਚੇਅਰਮੈਨ ਮਾਰਕੀਟ ਕਮੇਟੀ ਸਰਹਿੰਦ ਫਤਿਹਗੜ੍ਹ ਸਾਹਿਬ ਗੁਰਵਿੰਦਰ ਸਿੰਘ ਢਿੱਲੋਂ ਨੇ ਕਿਹਾ ਕਿ ਇਹ ਇੱਕ ਸ਼ਲਾਘਾਯੋਗ ਕਦਮ ਹੈ, ਜਿਸ ਦਾ ਆਮ ਆਦਮੀ ਪਾਰਟੀ ਸੁਆਗਤ ਕਰਦੀ ਹੈ, ਜੋ ਬਹੁਤ ਜ਼ਿਆਦਾ ਲੇਟ ਹੈ, ਪਰ ਦੇਰ ਆਇਦ ਦਰੁਸਤ ਆਇਦ ਹੈ।ਮੁੱਖ ਮੰਤਰੀ ਪੰਜਾਬ ਵੱਲੋਂ ਕੈਬਨਿਟ ਵਿੱਚ ਸ਼ਲਾਘਾਯੋਗ ਕਦਮ ਚੁੱਕਦਿਆਂ 'ਜਿਸ ਦਾ ਖੇਤ, ਉਸ ਦੀ ਰੇਤ' ਬਾਰੇ ਫ਼ੈਸਲਾ, 20 ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ, ਮੌਤ ਦੇ ਮੂੰਹ ਵਿੱਚ ਜਾਣ ਵਾਲਿਆਂ ਦੇ ਪਰਵਾਰ ਨੂੰ 4 ਲੱਖ, ਪਸ਼ੂਆਂ, ਮਕਾਨ ਆਦਿ ਨੁਕਸਾਨ ਦਾ ਮੁਆਵਜ਼ਾ ਐਲਾਨਿਆ ਗਿਆ, ਜੋ ਪੰਜਾਬ ਸਰਕਾਰ ਵੱਲੋਂ ਇੱਕ ਵਧੀਆ ਫੈਸਲਾ ਕੀਤਾ ਗਿਆ ਹੈ, ਜੋ ਜ਼ਖਮਾਂ 'ਤੇ ਮੱਲ੍ਹਮ ਲਗਾਉਣ ਦਾ ਕੰਮ ਕਰੇਗਾ।ਇਹ ਮੁਆਵਜ਼ਾ ਪੰਜਾਬ ਸਰਕਾਰ ਵੱਲੋਂ ਆਪਣੇ ਤੌਰ 'ਤੇ ਦਿੱਤਾ ਜਾਣਾ ਹੈ।

# ਧੂਰੀ ਵਿਕਾਸ ਮੰਚ ਦਾ ਵਫ਼ਦ ਸ਼ਹਿਰ ਦੀਆਂ ਸਮੱਸਿਆਵਾਂ ਸੰਬੰਧੀ ਓ ਐੱਸ ਡੀ ਨੂੰ ਮਿਲਿਆ

## ■ ਓਵਰ ਬਰਿੱਜ ਦੇ ਕੰਮ ਵਿੱਚ ਕੇਂਦਰ ਸਰਕਾਰ ਅੜਿੱਕਾ ਬਣ ਰਹੀ ਹੈ : ਸੁਖਵੀਰ ਸਿੰਘ ■ ਸ਼ਹਿਰ 'ਚ ਬਰਸਾਤੀ ਪਾਣੀ ਦੇ ਨਿਕਾਸ ਲਈ ਪਾਇਪਾਂ ਵਿਛਾਉਣ ਦੀ ਮੰਗ



**ਧੂਰੀ (ਮਨੋਹਰ ਸਿੰਘ ਸੱਗੂ, ਮੋਹਿਤ ਗਰਗ, ਬਿੰਨੀ ਗਰਗ)**

ਧੂਰੀ ਵਿਕਾਸ ਮੰਚ ਦਾ ਇੱਕ ਵਫ਼ਦ ਮੰਚ ਦੇ ਪ੍ਰਧਾਨ ਅਮਨ ਗਰਗ ਤੇ ਜਨਰਲ ਸਕੱਤਰ ਹੰਸ ਰਾਜ ਬਜਾਜ ਦੀ ਅਗਵਾਈ ਹੇਠ ਮੁੱਖ ਮੰਤਰੀ ਭਗਵੰਤ ਮਾਨ ਦੇ ਓ.ਐੱਸ.ਡੀ. ਸੁਖਵੀਰ ਸਿੰਘ ਨੂੰ ਸਥਾਨਕ ਮੁੱਖ ਮੰਤਰੀ ਕੈਂਪਸ ਦਫ਼ਤਰ ਵਿਖੇ ਮਿਲਿਆ।

ਜਾਣਕਾਰੀ ਦਿੰਦਿਆਂ ਵਫ਼ਦ ਦੇ ਉੱਪ ਚੇਅਰਮੈਨ ਐਡਵੋਕੇਟ ਰਾਜੇਸ਼ਵਰ ਚੌਧਰੀ ਨੇ ਦੱਸਿਆ ਕਿ ਵਫ਼ਦ ਵੱਲੋਂ ਮੰਗ ਪੱਤਰ ਰਾਹੀਂ ਸ਼ਹਿਰ ਵਿੱਚ ਆਵਾਜਾਈ ਦੀ ਸਮੱਸਿਆ ਦੇ ਸਥਾਈ ਹੱਲ ਲਈ ਓਵਰ ਬਰਿੱਜ ਜਲਦੀ ਬਣਾਉਣ, ਸ਼ਹਿਰ ਦੇ ਬਰਸਾਤੀ ਪਾਣੀ ਦੇ ਨਿਕਾਸੀ ਲਈ ਪਾਇਪਾਂ ਵਿਛਾਉਣ, ਦੌਲਤਪੁਰ ਰੋਡ 'ਤੇ ਐੱਸ.ਟੀ.ਪੀ. ਪਲਾਂਟ ਸਥਾਪਤ ਕਰਨ, ਤੋਤਾਪੁਰੀ ਰੋਡ ਵਾਲੇ ਪਲਾਂਟਾ ਦੀ ਮੁਰੰਮਤ ਕਰਨ, ਸ਼ਹਿਰ ਦੀ ਅੰਦਰੂਨੀ ਰੋਡ ਦੇ ਚੱਲਦੇ ਕੰਮ ਵਿੱਚ ਤੇਜ਼ੀ ਲਿਆਉਣ ਤੇ ਹਾਲ ਹੀ ਦੌਰਾਨ ਬਣਾਈ ਗਈ ਪਾਠਸ਼ਾਲਾ ਰੋਡ ਦੇ ਟੁੱਟਣ ਵਰਗੀਆਂ ਹੋਰ ਸਮੱਸਿਆਵਾਂ ਧਿਆਨ ਵਿੱਚ ਲਿਆਂਦੀਆਂ ਗਈਆਂ।

ਵਫ਼ਦ ਦੀ ਗੱਲ ਨੂੰ ਧਿਆਨ ਨਾਲ ਸੁਣਦਿਆ ਓ.ਐੱਸ.ਡੀ. ਸੁਖਵੀਰ ਸਿੰਘ ਨੇ ਓਵਰ ਬਰਿੱਜ ਬਾਰੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਓਵਰ ਬਰਿੱਜ ਸਬੰਧੀ ਤਮਾਮ ਤਿਆਰੀਆਂ ਮੁਕੰਮਲ ਕਰ ਲਈਆਂ ਗਈਆ ਹਨ, ਪਰ ਕੇਂਦਰ ਸਰਕਾਰ ਵੱਲੋਂ ਆਪਣੇ ਸਿਆਸੀ ਹਿੱਤਾਂ ਲਈ ਜਾਣ ਬੁੱਝ ਕੇ ਅੜਿੱਕੇ ਡਾਹੇ ਜਾ ਰਹੇ ਹਨ।ਬਰਸਾਤੀ ਪਾਣੀ ਦੇ ਨਿਕਾਸ ਲਈ ਪਾਇਪਾਂ ਵਿਛਾਉਣ ਸੰਬੰਧੀ ਉਨ੍ਹਾਂ ਕਿਹਾ ਕਿ ਇਸ ਸੰਬੰਧੀ ਤਕਨੀਕੀ ਰਾਏ ਲਈ ਜਾ ਰਹੀ ਹੈ।ਐੱਸ.ਟੀ.ਪੀ. ਪਲਾਂਟ ਦੀ ਸਥਾਪਤੀ ਬਾਰੇ ਉਨ੍ਹਾਂ ਕਿਹਾ ਕਿ ਸਾਰੇ ਅਧਿਕਾਰੀਆਂ ਵੱਲੋਂ ਵੱਖ ਵੱਖ ਸਾਈਟਾਂ ਦਾ ਦੌਰਾ ਕਰਕੇ ਜਗ੍ਹਾ ਖ਼ਰੀਦਣ ਲਈ ਤਿਆਰ ਹੈ ਤੇ ਜਲਦੀ ਹੀ ਐੱਸ.ਟੀ.ਪੀ. ਪਲਾਂਟ ਦਾ ਕੰਮ ਸ਼ੁਰੂ ਕਰਵਾਇਆ ਜਾਵੇਗਾ ਅਤੇ ਤੋਤਾਪੁਰੀ ਰੋਡ ਵਾਲੇ ਐੱਸ.ਟੀ.ਪੀ. ਪਲਾਂਟ ਦੀ ਮੁਰੰਮਤ ਕਰਵਾਈ ਜਾਵੇਗੀ।

ਇਸ ਮੌਕੇ ਮੁੱਖ ਮੰਤਰੀ ਕੈਂਪਸ ਦਫ਼ਤਰ ਦੇ ਇੰਚਾਰਜ ਰਾਜਵੰਤ ਸਿੰਘ ਘੁੱਲੀ, ਪੰਜਾਬ ਗਊ ਸੇਵਾ ਕਮਿਸ਼ਨ ਦੇ ਚੇਅਰਮੈਨ ਅਸ਼ੋਕ ਕੁਮਾਰ ਲੱਖਾ, ਪੰਜਾਬ ਵਕਫ਼ ਬੋਰਡ ਦੇ ਮੈਂਬਰ ਡਾ. ਅਨਵਰ ਭਸੌੜ, ਸਾਬਕਾ ਪ੍ਰਧਾਨ ਸੰਦੀਪ ਤਾਇਲ, ਪੰਜਾਬ ਸਮਾਲ ਸਕੇਲ ਦੇ ਡਾਇਰੈਕਟਰ ਅਨਿਲ ਮਿੱਤਲ ਆਦਿ ਹਾਜ਼ਰ ਸਨ।

# ਵਿਧਾਇਕ ਗੈਰੀ ਬੜਿੰਗ ਨੇ ਰਾਹਤ ਸਮੱਗਰੀ ਨਾਲ ਭਰੀਆਂ ਟਰਾਲੀਆਂ ਹੜ੍ਹ ਪੀੜਤ ਪਿੰਡਾਂ 'ਚ ਭੇਜੀਆਂ



**ਅਮਲੋਹ (ਪ੍ਰਮੋਦ ਭਾਰਦਵਾਜ)**-ਵਿਧਾਇਕ ਗੁਰਿੰਦਰ ਸਿੰਘ ਗੈਰੀ ਬੜਿੰਗ ਨੇ ਪਿਛਲੇ ਦਿਨੀਂ ਹਲਕਾ ਵਾਸੀਆਂ ਦੇ ਸਹਿਯੋਗ ਨਾਲ ਇਕੱਤਰ ਕੀਤੀ ਗਈ ਰਾਹਤ ਸਮੱਗਰੀ ਨਾਲ ਭਰੀਆਂ 4 ਟਰਾਲੀਆਂ, ਆਪਣੀ ਨਿਗਰਾਨੀ ਹੇਠ ਜ਼ਿਲ੍ਹਾ ਫ਼ਿਰੋਜ਼ਪੁਰ ਦੇ ਹੁਸੈਨੀਵਾਲਾ ਬਾਰਡਰ ਨਜ਼ਦੀਕ ਸਥਿਤ ਪਿੰਡਾਂ ਵਿੱਚ ਪੁਚਾਈਆਂ ਤਾਂ ਜੁ ਹੜ੍ਹ ਪੀੜਤ ਲੋਕਾਂ ਨੂੰ ਸੁੱਕਾ ਰਾਸ਼ਨ ਤੇ ਪਸ਼ੂਆਂ ਲਈ ਫੀਡ ਚਾਰੇ ਦੀ ਕੋਈ ਕਮੀ ਨਾ ਆਵੇ।ਵਿਧਾਇਕ ਗੈਰੀ ਬੜਿੰਗ ਨੇ ਕਿਹਾ ਕਿ ਉਹ ਪਿਛਲੇ ਕਈ ਦਿਨਾਂ ਤੋਂ ਰਾਜ ਦੇ ਵੱਖ-ਵੱਖ ਹੜ੍ਹ ਪ੍ਰਭਾਵਤ ਜ਼ਿਲ੍ਹਿਆਂ ਵਿੱਚ ਲੋੜਵੰਦਾਂ ਦੀ ਮਦਦ ਲਈ ਕਾਰਜਸ਼ੀਲ ਸਨ ਅਤੇ ਅਜਿਹੇ ਵੇਲੇ ਅਮਲੋਹ ਵਾਸੀਆਂ ਤੇ ਖਾਸ ਕਰਕੇ ਪਿੰਡ ਮਛਰਾਈ ਦੀ ਸੰਗਤ ਨੇ ਹੜ੍ਹ ਪੀੜਤ ਪਰਵਾਰਾਂ ਨਾਲ ਡੂੰਘੀ ਹਮਦਰਦੀ ਦਾ ਇਜ਼ਹਾਰ ਕਰਦਿਆਂ ਰਾਹਤ ਸਮੱਗਰੀ ਦਾ ਪ੍ਰਬੰਧ ਕੀਤਾ ਸੀ, ਜਿਸ ਨੂੰ ਲੋੜਵੰਦ ਲੋਕਾਂ ਤੱਕ ਪੁਚਾਉਣ ਲਈ ਉਹ ਖੁਦ ਆਪਣੀ ਟੀਮ ਸਮੇਤ ਜ਼ਿਲ੍ਹਾ ਫਿਰੋਜ਼ਪੁਰ ਦੇ ਹੜ੍ਹ ਪ੍ਰਭਾਵਤ ਪਿੰਡਾਂ ਵਿੱਚ ਪਹੁੰਚੇ ਹਨ ਤੇ ਆਮ ਆਦਮੀ ਪਾਰਟੀ ਦੇ ਸਰਗਰਮ ਆਗੂਆਂ ਤੇ ਵਰਕਰਾਂ ਦੇ ਸਹਿਯੋਗ ਨਾਲ 7-8 ਪਿੰਡਾਂ ਦੀਆਂ ਗ੍ਰਾਮ ਪੰਚਾਇਤਾਂ ਨੂੰ ਰਾਹਤ ਸਮੱਗਰੀ ਸੌਂਪੀ ਗਈ ਹੈ ਤਾਂ ਜੁ ਲੋੜ ਅਨੁਸਾਰ ਸਮਾਨ ਦੀ ਢੁਕਵੀਂ ਵੰਡ ਹੋ ਸਕੇ।ਨਸ਼ਾ ਮੁਕਤੀ ਮੋਰਚਾ ਦੇ ਜ਼ਿਲ੍ਹਾ ਪ੍ਰਧਾਨ ਓਂਕਾਰ ਸਿੰਘ ਚੌਹਾਨ ਨੇ ਕਿਹਾ ਕਿ ਹੜ੍ਹ ਪੀੜਤਾਂ ਦੀ ਢੁਕਵੀਂ ਮਦਦ ਲਈ ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਕਿਸੇ ਕਿਸਮ ਦੀ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ।ਉਨ੍ਹਾਂ ਦੱਸਿਆ ਕਿ ਪ੍ਰਸ਼ਾਸਨ ਨਾਲ ਤਾਲਮੇਲ ਕਰਦਿਆਂ ਜ਼ਰੂਰਤਮੰਦਾਂ ਨੂੰ ਰਾਹਤ ਸਮੱਗਰੀ ਸੌਂਪੀ ਗਈ ਹੈ ਅਤੇ ਨਸ਼ਾ ਮੁਕਤੀ ਮੋਰਚਾ ਦੇ ਸਰਗਰਮ ਵਲੰਟੀਅਰ ਵੀ ਤਨਦੇਹੀ ਨਾਲ ਪੀੜਤਾਂ ਦੀ ਮਦਦ ਵਿੱਚ ਜੁਟੇ ਹੋਏ ਹਨ।

# ਗੁਰਮੁਖੀ ਕੈਲੀਗ੍ਰਾਫ਼ੀ ਤੇ ਪੋਟ ਪੇਂਟਿੰਗ ਵਰਕਸ਼ਾਪ ਲਾਈ




**ਬੱਧਨੀ ਕਲਾਂ (ਲਵਲੀ ਮਾਛੀਕੇ)**-ਸੁਨੱਖੀ ਪੰਜਾਬਣ ਦਿੱਲੀ ਦੇ ਡਾ. ਅਵਨੀਤ ਕੌਰ ਭਾਟੀਆ ਦੀ ਅਗਵਾਈ ਹੇਠ ਫਿਲਮ ਐਂਡ ਫੋਟੋਗ੍ਰਾਫੀ ਇੰਸਟੀਚਿਊਟ ਦਿੱਲੀ ਵਿਖੇ ਗੁਰਮੁਖੀ ਕੈਲੀਗ੍ਰਾਫੀ ਤੇ ਪੋਟ ਪੇਂਟਿੰਗ ਦੀ ਵਿਸ਼ੇਸ਼ ਵਰਕਸ਼ਾਪ ਆਯੋਜਤ ਕੀਤੀ ਗਈ।ਸੰਸਥਾ ਦੇ ਆਯੋਜਕ ਪਰਮਦੀਪ ਕੌਰ ਵੱਲੋਂ ਕੀਤੀ ਗਈ ਇਸ ਵਰਕਸ਼ਾਪ ਵਿੱਚ ਭਾਗ ਲੈਣ ਵਾਲਿਆਂ ਨੂੰ ਗੁਰਮੁਖੀ ਅੱਖਰਾਂ ਦੀ ਸੁੰਦਰਤਾ ਨਾਲ ਜਾਣੂ ਕਰਾਇਆ ਗਿਆ ਤੇ ਫਿਰ 'ਗੁਰਮੁਖੀ ਕੀਅਰੀ' ਪੋਟ ਪੇਂਟਿੰਗ ਮੁਕਾਬਲੇ ਵੀ ਕਰਾਏ ਗਏ। ਮਾਂ ਬੋਲੀ ਪੰਜਾਬੀ ਨੂੰ ਸਮਰਪਤ ਇਸ ਪ੍ਰੋਗਰਾਮ ਵਿੱਚ ਰੰਗਾਂ ਵਿੱਚ ਰੰਗੀਆਂ ਲਿਖਤਾਂ ਦੀ ਖੂਬਸੂਰਤੀ ਨੇ ਸਭ ਦੇ ਦਿਲ ਮੋਹ ਲਏ ਤੇ ਪੰਜਾਬੀ ਵਿਰਸੇ, ਸੱਭਿਆਚਾਰ ਨਾਲ ਜੋੜ ਦਾ ਅਹਿਸਾਸ ਕਰਾਇਆ, ਜਿਨ੍ਹਾਂ 'ਚੋਂ ਪਰਮਿੰਦਰ ਕੌਰ ਦੀ ਪੰਜਾਬੀ ਭਾਸ਼ਾ ਪ੍ਰਤੀ ਸਮਰਪਣ ਸੋਚ ਸਾਕਸ਼ਾਤ ਨਜ਼ਰ ਆ ਰਹੀ ਸੀ।ਡਾਕਟਰ ਅਵਨੀਤ ਕੌਰ ਭਾਟੀਆ, ਡਾ ਰਾਜਵਿੰਦਰ ਸਿੰਘ ਰੌਂਤਾ, ਪ੍ਰੋ ਰਿੰਪਲ ਢਿੱਲੋਂ ਗਿੱਧਾ ਕੋਚ ਨੇ ਪੋਟ ਪੇਂਟਿੰਗ ਤੇ ਕੇਲਿਗਰਾਫੀ ਦੇ ਪ੍ਰਤੀਯੋਗੀਆਂ ਦੇ ਪ੍ਰਦਰਸ਼ਨਾਂ ਦੀ ਬੜੀ ਗੰਭੀਰਤਾ ਨਾਲ ਪਰਖ ਕੀਤੀ ਤੇ ਉਨ੍ਹਾਂ ਦੇ ਜਜ਼ਬੇ ਨੂੰ ਸਲਾਮ ਕੀਤਾ ਤੇ ਉਨ੍ਹਾਂ ਦਾ ਸਨਮਾਨ ਵੀ ਕੀਤਾ।ਲੇਖਕ ਤੇ ਪੱਤਰਕਾਰ ਡਾਕਟਰ ਰਾਜਵਿੰਦਰ ਰੌਂਤਾ ਨੇ ਪਰਮਦੀਪ ਕੌਰ ਨੂੰ ਵਧਾਈ ਦਿੰਦਿਆਂ ਕਿਹਾ ਕਿ ਦਿੱਲੀ ਮਹਾਂਨਗਰ ਵਿੱਚ ਪੰਜਾਬੀ ਭਾਸ਼ਾ ਵਿੱਚ ਅੱਖਰਕਾਰੀ ਨੂੰ ਉਤਸ਼ਾਹਤ ਕਰਨਾ ਪੰਜਾਬੀ ਬੱਚਿਆਂ ਨੂੰ ਮਾਂ ਬੋਲੀ ਨਾਲ ਜੋੜਨਾ ਬਹੁਤ ਵੱਡਾ ਕਾਰਜ ਹੈ।

# ਸਿਰਸਾ ਖੇਤਰ ਨੂੰ ਹੜ੍ਹ ਪ੍ਰਭਾਵਿਤ ਐਲਾਨਿਆ ਜਾਵੇ : ਸਵਰਨ ਸਿੰਘ ਵਿਰਕ



**ਸਿਰਸਾ (ਸੁਰਿੰਦਰ ਪਾਲ ਸਿੰਘ)**-ਸਿਰਸਾ ਖੇਤਰ ਵਿੱਚ ਘੱਗਰ ਦੇ ਰਿੰਗ ਬੰਨ੍ਹ ਖੁਰ ਜਾਣ ਕਾਰਨ ਕਿਸਾਨਾਂ ਦੀ 12 ਤੋਂ13 ਹਜ਼ਾਰ ਏਕੜ ਖੜ੍ਹੀ ਫ਼ਸਲ ਡੁੱਬ ਗਈ ਹੈ। ਜੇਕਰ ਮੀਂਹ ਕਾਰਨ ਹੋਏ ਕੁੱਲ ਨੁਕਸਾਨ ਦੀ ਗੱਲ ਕਰੀਏ ਤਾਂ ਲਗਭਗ 300 ਪਿੰਡਾਂ ਦੇ 13000 ਤੋਂ ਵੱਧ ਕਿਸਾਨਾਂ ਨੇ ਮੁਆਵਜ਼ਾ ਪੋਰਟਲ 'ਤੇ ਰਜਿਸਟਰੇਸ਼ਨ ਕਰਵਾਈ ਹੈ। ਕਿਸਾਨਾਂ ਨੇ ਲਗਭਗ 88 ਹਜ਼ਾਰ ਏਕੜ ਖੇਤਰ ਵਿੱਚ ਨੁਕਸਾਨ ਦਿਖਾਇਆ ਹੈ। ਅਜਿਹੀ ਸਥਿਤੀ ਵਿੱਚ ਆਫ਼ਤ ਪ੍ਰਬੰਧਨ ਮੁਲਾਜ਼ਮ ਅਤੇ ਪਟਵਾਰੀ ਖੇਤਾਂ ਤੋਂ ਸਰਵੇਖਣ ਕਰਕੇ ਨੁਕਸਾਨ ਦਾ ਮੁਲਾਂਕਣ ਕਰ ਰਹੇ ਹਨ। ਸਿਰਸਾ ਵਿੱਚ ਘੱਗਰ ਦਰਿਆ ਦੇ ਟੁੱਟੇ ਬੰਨ੍ਹਾਂ ਵਿੱਚੋਂ ਪਾਣੀ ਨਿਕਲਣ ਕਾਰਨ ਖੇਤਾਂ ਵਿੱਚ ਖੜ੍ਹੀਆਂ ਫ਼ਸਲਾਂ ਤੇ ਬਿਨਾਂ ਟਿਊਬਵੈੱਲ ਪੂਰੀ ਤਰ੍ਹਾਂ ਡੁੱਬ ਗਏ ਹਨ। ਪਾਣੀ ਪਨਿਹਾਰੀ ਪਿੰਡ ਤੋਂ ਨੇਜਾਡੇਲਾ ਕਲਾਂ, ਝੋਰੜਨਾਲੀ ਤੋਂ ਅਹਿਮਦਪੁਰ ਦੇ ਖੇਤਾਂ ਅਤੇ ਅਹਿਮਦਪੁਰ ਤੋਂ ਮੀਰਪੁਰ ਦੇ ਖੇਤਾਂ ਤੱਕ ਪਹੁੰਚਿਆ ਹੈ ਅਤੇ ਇਹ ਪਾਣੀ ਘੱਗਰ ਬੰਨ੍ਹ ਟੁੱਟਣ ਤੋਂ ਬਾਅਦ ਹੀ ਆਇਆ ਹੈ। ਖਬਰ ਲਿਖੇ ਜਾਣ ਤੱਕ ਘਗਰ ਵਿੱਚ ਪਾਣੀ ਨਾਮਾਤਰ ਹੀ ਘਟਿਆ ਹੈ ਅਤੇ ਅਗਲੇ ਦੋ ਦਿਨ ਖ਼ਤਰੇ ਦੀ ਘੰਟੀ ਹਨ ਅਤੇ ਇਸਤੋਂ ਬਾਅਦ ਪਾਣੀ ਘੱਟਣ ਦੀ ਸੰਭਾਵਨਾ ਹੈ। ਕਿਸਾਨ ਸਭਾਂ ਦੇ ਆਗੂ ਕਾ: ਸਵਰਨ ਸਿੰਘ ਵਿਰਕ, ਡਾ: ਸੁਖਦੇਵ ਸਿੰਘ ਜੰਮੂ, ਬਲਰਾਜ ਸਿੰਘ ਬਣੀ, ਪਾਲਾ ਸਿੰਘ ਚੀਮਾਂ ਅਤੇ ਸੁਰਜੀਤ ਸਿੰਘ ਦਾ ਕਹਿਣਾ ਹੈ ਕਿਸਾਨਾਂ ਦੀ ਮੰਗ ਹੈ ਕਿ ਸਿਰਸਾ ਇਲਾਕੇ ਨੂੰ ਹੜ੍ਹ ਪ੍ਰਭਾਵਿਤ ਐਲਾਨਿਆ ਜਾਵੇ,ਤਾਂ ਜੋ ਸਾਰੇ ਲੋਕਾਂ ਨੂੰ ਮੁਆਵਜ਼ਾ ਮਿਲ ਸਕੇ। ਉਨਾਂ ਕਿਹਾ ਕਿ ਕੇਦਰ ਸਰਕਾਰ ਅਤੇ ਰਾਜ ਸਰਕਾਰ ਨੂੰ ਇਸ ਤ੍ਰਾਸਦੀ ਬਾਰੇ ਠੋਸ ਕਦਮ ਚੁੱਕਣੇ ਚਾਹੀਦੇ ਹਨ।

# ਸਰਕਾਰ ਤਬਾਹ ਹੋਈਆਂ ਫ਼ਸਲਾਂ ਦਾ 70 ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ ਦੇਵੇ : ਸਾਥੀ ਪੁੰਨਵਾਲ



**ਧੂਰੀ (ਮਨੋਹਰ ਸਿੰਘ ਸੱਗੂ)**-ਕੁੱਲ ਹਿੰਦ ਕਿਸਾਨ ਸਭਾ ਦੇ ਸੂਬਾਈ ਮੀਤ ਪ੍ਰਧਾਨ ਕਾਮਰੇਡ ਮੇਜਰ ਸਿੰਘ ਪੁੰਨਵਾਲ ਨੇ ਪੰਜਾਬ ਸਰਕਾਰ ਵੱਲੋਂ ਹੜ੍ਹਾਂ ਕਾਰਨ ਹੋਏ ਨੁਕਸਾਨ ਲਈ ਐਲਾਨੀ ਮੁਆਵਜ਼ਾ ਪੈਕੇਜ ਰਾਸ਼ੀ ਨੂੰ ਕਿਸਾਨਾਂ, ਮਜਦੂਰਾਂ ਤੇ ਆਮ ਲੋਕਾਂ ਦੇ ਹੋਏ ਨੁਕਸਾਨ ਦੇ ਮੁਕਾਬਲੇ ਨਾ ਮਾਤਰ ਕਰਾਰ ਦਿੱਤਾ।ਸਾਥੀ ਮੇਜਰ ਸਿੰਘ ਪੁੰਨਵਾਲ ਨੇ ਕੁੱਲ ਹਿੰਦ ਕਿਸਾਨ ਸਭਾ ਤੇ ਸੰਯੁਕਤ ਕਿਸਾਨ ਮੋਰਚੇ ਵੱਲੋਂ ਮੰਗ ਕੀਤੀ ਕਿ ਹੜ੍ਹਾਂ ਕਾਰਨ ਨੁਕਸਾਨੀਆਂ ਫਸਲਾਂ ਦਾ 20 ਹਜ਼ਾਰ ਰੁਪਏ ਪ੍ਰਤੀ ਏਕੜ ਐਲਾਨਿਆ ਮੁਆਵਜ਼ਾ 70 ਹਜ਼ਾਰ ਰੁਪਏ ਪ੍ਰਤੀ ਏਕੜ ਦਿੱਤਾ ਜਾਵੇ ਤੇ ਨੁਕਸਾਨੇ ਗਏ ਪਸ਼ੂਆਂ ਦਾ ਪ੍ਰਤੀ ਪਸ਼ੂ 1 ਲੱਖ ਰੁਪਿਆ ਦਿੱਤਾ ਜਾਵੇ।ਸਾਥੀ ਪੁੰਨਵਾਲ ਨੇ ਹੜ੍ਹਾਂ ਕਾਰਨ ਮੌਤ ਦਾ ਸ਼ਿਕਾਰ ਹੋਏ ਵਿਅਕਤੀ ਦੇ ਪਰਿਵਾਰ ਲਈ ਐਲਾਨੇ 4 ਲੱਖ ਰੁਪਏ ਦੀ ਮਦਦ ਨੂੰ ਇਨਸਾਨੀਅਤ ਨਾਲ ਮਜ਼ਾਕ ਕਰਾਰ ਦਿੰਦਿਆਂ ਕਿਹਾ ਕਿ ਜਦੋਂ ਸ਼ਰਾਬ ਕਾਂਡ 'ਚ ਮਰੇ ਵਿਅਕਤੀ ਦੇ ਪਰਵਾਰ ਨੂੰ ਸਰਕਾਰ 10 ਲੱਖ ਰੁਪਏ ਦੀ ਮਦਦ ਦੇ ਸਕਦੀ ਹੈ, ਫੇਰ ਹੜ੍ਹਾਂ ਕਾਰਨ ਮੌਤ ਦਾ ਸ਼ਿਕਾਰ ਹੋਏ ਵਿਅਕਤੀ ਦੇ ਪਰਵਾਰ ਨੂੰ 10 ਲੱਖ ਰੁਪਏ ਦੀ ਮਦਦ ਕਿਉਂ ਨਹੀਂ ਦਿੱਤੀ ਜਾ ਸਕਦੀ।ਸਾਥੀ ਪੁੰਨਵਾਲ ਨੇ ਪੰਜਾਬ ਸਰਕਾਰ ਵੱਲੋਂ ਕਰਜ਼ੇ ਦੀ ਕਿਸ਼ਤ ਦੀ ਵਸੂਲੀ ਅੱਗੇ ਪਾਉਣ ਬਾਰੇ ਕਿਹਾ ਕਿ ਕਿਸ਼ਤ ਦੀ ਵਸੂਲੀ ਅੱਗੇ ਪਾਉਣ ਦੀ ਬਜਾਏ ਸਗੋਂ ਕਿਸ਼ਤ ਮੁਆਫ਼ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਹੜ੍ਹਾਂ ਦਾ ਪਾਣੀ ਉਤਰਨ ਤੋਂ ਬਾਅਦ ਅਗਲੀ ਫ਼ਸਲ ਦੀ ਬਿਜਾਈ ਲਈ ਖਾਦ, ਬੀਜ ਅਤੇ ਡੀਜ਼ਲ ਦੀ ਲੋੜ ਹੋਵੇਗੀ, ਪਰ ਹੜ੍ਹਾਂ ਦੀ ਤਬਾਹੀ ਕਾਰਨ ਲੋਕਾਂ ਦਾ ਕੁੱਝ ਨਹੀਂ ਬਚਿਆ ਅਤੇ ਅਜਿਹੀ ਸਥਿਤੀ 'ਚ ਲੋਕਾਂ ਦੇ ਮੁੜ ਵਸੇਬੇ ਲਈ ਸਰਕਾਰ ਨੂੰ ਜ਼ਿੰਮੇਵਾਰੀ ਲੈਣੀ ਚਾਹੀਦੀ ਹੈ।

# ਜੀ ਜੀ ਐੱਸ ਯੂਨੀਵਰਸਿਟੀ 'ਚ ਅੰਤਰਰਾਸ਼ਟਰੀ ਸਾਖਰਤਾ ਦਿਵਸ ਮਨਾਇਆ



**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਫਤਿਹਗੜ੍ਹ ਸਾਹਿਬ ਨੇ ਵੱਖ-ਵੱਖ ਵਿਭਾਗਾਂ ਤੇ ਐੱਨ ਐੱਸ ਐੱਸ ਯੂਨਿਟਾਂ ਦੁਆਰਾ ਆਯੋਜਿਤ ਗਤੀਵਿਧੀਆਂ ਨਾਲ ਅੰਤਰਰਾਸ਼ਟਰੀ ਸਾਖਰਤਾ ਦਿਵਸ ਮਨਾਇਆ, ਜਿਸ ਵਿੱਚ ਸਮਾਜ ਨੂੰ ਆਕਾਰ ਦੇਣ ਵਿੱਚ ਸਾਖਰਤਾ ਦੀ ਮਹੱਤਤਾ ਨੂੰ ਉਜਾਗਰ ਕੀਤਾ ਗਿਆ।ਅੰਗਰੇਜ਼ੀ ਵਿਭਾਗ ਨੇ 'ਡਿਜੀਟਲ ਯੁੱਗ ਵਿੱਚ ਸਾਖਰਤਾ ਨੂੰ ਉਤਸ਼ਾਹਿਤ ਕਰਨਾ' ਵਿਸ਼ੇ 'ਤੇ ਇੱਕ ਪੋਸਟਰ ਮੇਕਿੰਗ ਮੁਕਾਬਲਾ ਆਯੋਜਿਤ ਕੀਤਾ।ਵਿਭਾਗ ਦੇ ਮੁਖੀ ਤੇ ਡਾਇਰੈਕਟਰ, ਆਈਕਿਊਏਸੀ ਡਾ. ਅੰਕਦੀਪ ਕੌਰ ਅਟਵਾਲ ਦੀ ਅਗਵਾਈ ਹੇਠ ਕਰਵਾਏ ਗਏ ਇਸ ਸਮਾਗਮ ਦਾ ਉਦੇਸ਼ ਵਿਦਿਆਰਥੀਆਂ ਨੂੰ ਅੱਜ ਦੇ ਤਕਨਾਲੋਜੀ-ਸੰਚਾਲਿਤ ਸੰਸਾਰ ਵਿੱਚ ਡਿਜੀਟਲ ਸਾਖਰਤਾ ਦੀ ਭੂਮਿਕਾ ਪ੍ਰਤੀ ਸੰਵੇਦਨਸ਼ੀਲ ਬਣਾਉਣਾ ਸੀ।ਮੁਕਾਬਲੇ ਵਿੱਚ ਬੀਏ (ਆਨਰਜ਼) ਅੰਗਰੇਜ਼ੀ ਦੀ ਮਨਜੋਤ ਕੌਰ ਤੇ ਰਾਜਵੀਰ ਕੌਰ ਜੇਤੂ ਰਹੇ।ਐਂਟਰੀਆਂ ਦਾ ਨਿਰਣਾ ਸ੍ਰੀਮਤੀ ਜਸਪ੍ਰੀਤ ਕੌਰ ਤੇ ਡਾ. ਬਲਜੀਤ ਕੌਰ ਦੁਆਰਾ ਕੀਤਾ ਗਿਆ, ਜਿਨ੍ਹਾਂ ਨੇ ਭਾਗੀਦਾਰਾਂ ਦੀ ਰਚਨਾਤਮਕਤਾ ਤੇ ਵਿਆਖਿਆ ਦੀ ਸ਼ਲਾਘਾ ਕੀਤੀ।ਡਾ. ਅਟਵਾਲ ਨੇ ਜ਼ੋਰ ਦਿੱਤਾ ਕਿ ਡਿਜੀਟਲ ਯੁੱਗ ਵਿੱਚ ਸਾਖਰਤਾ ਪੜ੍ਹਨ ਤੇ ਲਿਖਣ ਤੋਂ ਪਰੇ ਹੈ, ਕਿਉਂਕਿ ਇਸ ਵਿੱਚ ਗਿਆਨ ਤੱਕ ਜ਼ਿੰਮੇਵਾਰ ਪਹੁੰਚ ਤੇ ਸਮਾਜਿਕ ਯੋਗਦਾਨ ਸ਼ਾਮਲ ਹੈ।ਐੱਨ ਐੱਸ ਐੱਸ ਪ੍ਰੋਗਰਾਮ ਕੋਆਰਡੀਨੇਟਰ ਡਾ. ਹਰਨੀਤ ਬਿਲਿੰਗ ਦੀ ਅਗਵਾਈ ਹੇਠ ਐੱਨਐੱਸ ਐੱਸ ਯੂਨਿਟ (ਕਾਮਰਸ ਤੇ ਪ੍ਰਬੰਧਨ ਫੈਕਲਟੀ) ਨੇ ਸਾਖਰਤਾ ਬਾਰੇ ਜਾਗਰੂਕਤਾ ਫੈਲਾਉਣ ਲਈ ਇੱਕ ਛੋਟੀ ਵੀਡੀਓ ਸਕ੍ਰੀਨਿੰਗ ਗਤੀਵਿਧੀ ਦਾ ਆਯੋਜਨ ਕੀਤਾ।ਲਗਭਗ 50 ਐੱਨ ਐੱਸ ਐੱਸ ਵਲੰਟੀਅਰਾਂ ਨੇ ਸਰਗਰਮੀ ਨਾਲ ਹਿੱਸਾ ਲਿਆ।ਡਾ. ਰੁਚੀ ਮਲਹੋਤਰਾ ਪ੍ਰੋਗਰਾਮ ਅਫਸਰ ਐੱਨ ਐੱਸ ਐੱਸ ਨੇ ਸਾਖਰਤਾ ਨੂੰ ਇੱਕ ਬਰਾਬਰੀ ਵਾਲੇ ਤੇ ਪ੍ਰਗਤੀਸ਼ੀਲ ਸਮਾਜ ਦੀ ਨੀਂਹ ਵਜੋਂ ਉਜਾਗਰ ਕੀਤਾ ਤੇ ਵਿਦਿਆਰਥੀਆਂ ਨੂੰ ਸਿੱਖਿਆ ਦੇ ਪ੍ਰਸਾਰ ਵਿੱਚ ਮਸ਼ਾਲਦਾਰ ਬਣਨ ਦੀ ਅਪੀਲ ਕੀਤੀ।ਇਸ ਮੌਕੇ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ. ਪ੍ਰਿਤਪਾਲ ਸਿੰਘ ਨੇ ਅੰਗਰੇਜ਼ੀ ਵਿਭਾਗ ਤੇ ਐੱਨ ਐੱਸ ਐੱਸ ਯੂਨਿਟਾਂ ਦੇ ਉਪਰਾਲਿਆਂ ਦੀ ਸ਼ਲਾਘਾ ਕੀਤੀ।ਉਨ੍ਹਾਂ ਵਿਦਿਆਰਥੀਆਂ ਨੂੰ ਇੱਕ ਸਮਾਨ ਤੇ ਟਿਕਾਊ ਭਵਿੱਖ ਬਣਾਉਣ ਲਈ ਸਿੱਖਿਆ ਦੇ ਪ੍ਰਸਾਰ ਲਈ ਆਪਣੇ ਆਪ ਨੂੰ ਸਮਰਪਤ ਕਰਨ ਲਈ ਉਤਸ਼ਾਹਤ ਕੀਤਾ।

11 Sep Page 11-Majha-2521.qxd 9/10/2025 10:16 PM Page 1



# ਹੜ੍ਹ ਪੀੜਤ ਕਿਸਾਨਾਂ ਤੇ ਮਜ਼ਦੂਰਾਂ ਵੱਲੋਂ ਕੇਂਦਰ ਅਤੇ ਪੰਜਾਬ ਸਰਕਾਰ ਖਿਲਾਫ ਰੋਸ ਪ੍ਰਦਰਸ਼ਨ

***20 ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ੇ ਨੂੰ ਨਾਕਾਫੀ ਦੱਸਦਿਆਂ ਐੱਸ ਡੀ ਐੱਮ ਨੂੰ ਸੌਂਪਿਆ ਮੰਗ ਪੱਤਰ**

ਅਜਨਾਲਾ (ਸੁਖਜਿੰਦਰ ਸਿੰਘ ਰਾਜੂ)-ਜਮਹੂਰੀ ਕਿਸਾਨ ਸਭਾ ਪੰਜਾਬ ਦੇ ਸੂਬਾਈ ਸੱਦੇ 'ਤੇ ਇਥੇ ਜਮਹੂਰੀ ਕਿਸਾਨ ਸਭਾ ਦੇ ਪੰਜਾਬ ਦੇ ਸੂਬਾ ਪ੍ਰਧਾਨ ਡਾ. ਸਤਨਾਮ ਸਿੰਘ ਅਤੇ ਕਿਸਾਨ ਸਭਾ ਦੇ ਪ੍ਰਮੁੱਖ ਆਗੂ ਟਹਿਲ ਸਿੰਘ ਚੇਤਨਪੁਰਾ, ਸਤਵਿੰਦਰ ਸਿੰਘ ਓਠੀਆਂ ਸਾ. ਸਰਪੰਚ ਕੁਲਵਿੰਦਰ ਸਿੰਘ ਜੋਜ਼, ਸੁਰਜੀਤ ਸਿੰਘ ਡੂਰੇ ਗਿੱਲ, ਬਲਕਾਰ ਸਿੰਘ ਗੁਲਗੜ੍ਹ, ਦੇਸਾ ਸਿੰਘ ਭਿੰਡੀ ਔਲਖ ਤੇ ਪ੍ਰੋ. ਮਾਲਕ ਸਿੰਘ ਗੁਰਾਲਾ ਦੀ ਅਗਵਾਈ ਵਿੱਚ ਅਜਨਾਲਾ ਸ਼ਹਿਰ ਦੇ ਮੁੱਖ ਬਾਜ਼ਾਰਾਂ ਵਿੱਚ ਹੜ੍ਹਾਂ ਨਾਲ ਤਬਾਹ ਹੋਈਆਂ ਫ਼ਸਲਾਂ, ਦਰਿਆ ਬੁਰਦ ਹੋਈਆਂ ਜ਼ਮੀਨਾਂ, ਜਾਨ-ਮਾਲ, ਮਕਾਨਾਂ, ਪਸ਼ੂਆਂ, ਢੋਰਾਂ-ਮਸ਼ੀਨਰੀ ਆਦਿ ਦੇ ਹੋਏ ਨੁਕਸਾਨ ਦਾ ਢੁੱਕਵਾਂ ਮੁਆਵਜ਼ਾ ਲੈਣ ਸਬੰਧੀ ਪੰਜਾਬ ਤੇ ਕੇਂਦਰ ਸਰਕਾਰ ਵਿਰੁੱਧ ਆਵਾਜ਼ ਬੁਲੰਦ ਕਰਦਿਆਂ ਰੋਹ ਭਰਿਆ ਪ੍ਰਦਰਸ਼ਨ ਕਰਨ ਉਪਰੰਤ ਸਰਕਾਰ ਵਿਰੁੱਧ ਨਾਅਰੇ ਲਾਉਂਦਿਆਂ ਐੱਸਡੀਐੱਮ ਦੇ ਦਫ਼ਤਰ ਸਾਹਮਣੇ ਵਿਸ਼ਾਲ ਮੁਜ਼ਾਹਰਾ ਕੀਤਾ ਜਿਸ ਵਿਚ ਵੱਡੀ ਗਿਣਤੀ 'ਚ ਹੜ੍ਹ ਪੀੜਤ ਕਿਸਾਨ ਤੇ ਮਜ਼ਦੂਰ ਸ਼ਾਮਿਲ ਹੋਏ ਮੁਜ਼ਾਹਰੇ ਨੂੰ ਸੰਬੋਧਨ ਕਰਦਿਆਂ ਡਾ. ਸਤਨਾਮ ਸਿੰਘ ਅਜਨਾਲਾ ਨੇ ਕਿਹਾ ਕਿ ਇਹ ਹੜ੍ਹਾਂ ਦੀ ਮਾਰ ਕੁਦਰਤੀ ਨਹੀਂ ਸਗੋਂ ਭਗਵੰਤ ਮਾਨ ਦੀ ਸਰਕਾਰ ਵੱਲੋਂ ਥੀਨ ਡੈਮ ਦੇ ਪ੍ਰਬੰਧਾਂ 'ਚ ਅਣਗਹਿਲੀ ਵਰਤਣ ਕਾਰਨ ਇਹ ਵੱਡਾ ਦੁਖਾਂਤ ਵਾਪਰਿਆ! ਐੱਸ. ਡੀ. ਐੱਮ. ਅਜਨਾਲਾ ਨੂੰ ਮੰਗ ਪੱਤਰ ਦੇ ਕੇ ਪੁਰਜ਼ੋਰ ਮੰਗ ਕੀਤੀ ਕਿ



ਹੜ੍ਹਾਂ ਨਾਲ ਮਾਰੀਆਂ ਗਈਆਂ ਫਸਲਾਂ ਦਾ 70 ਹਜ਼ਾਰ ਤੇ ਗੰਨੇ ਦਾ 1 ਲੱਖ ਰੁਪਏ ਪ੍ਰਤੀ ਏਕੜ ਮੁਆਵਜ਼ਾ ਦਿੱਤਾ ਜਾਵੇ। ਮੰਗ ਕੀਤੀ ਗਈ ਕਿ ਹਰੇਕ ਹੜ੍ਹ ਪੀੜਤ ਖੇਤ ਮਜ਼ਦੂਰ ਪਰਿਵਾਰ ਨੂੰ 10 ਹਜ਼ਾਰ ਰੁਪਏ ਦਿੱਤੇ ਜਾਣ। ਹੜ੍ਹਾਂ ਵਿਚ ਮਨੁੱਖੀ ਮੌਤ ਲਈ 10 ਲੱਖ ਰੁਪਏ ਅਤੇ ਮਾਰੇ ਗਏ ਡੰਗਰਾਂ ਲਈ 1 ਲੱਖ ਰੁਪਏ, ਢਹਿ ਗਏ ਮਕਾਨਾਂ ਲਈ 10 ਲੱਖ ਰੁਪਏ ਦਿੱਤੇ ਜਾਣ। ਛੋਟੇ ਦੁਕਾਨਦਾਰ ਤੇ ਹੋਰ ਕਾਰੋਬਾਰੀ ਲੋਕਾਂ ਨੂੰ ਵੀ 1-1 ਲੱਖ ਰੁਪਏ ਅੰਤ੍ਰਿਮ ਰਾਹਤ ਵਜੋਂ ਦਿੱਤੇ ਜਾਣ। ਡਾ. ਅਜਨਾਲਾ ਨੇ ਭਗਵੰਤ ਮਾਨ ਦੀ ਸਰਕਾਰ ਵੱਲੋਂ ਜਿਹੜਾ 20 ਹਜ਼ਾਰ ਰੁਪਏ ਪ੍ਰਤੀ ਏਕੜ ਫਸਲਾਂ ਦਾ ਮੁਆਵਜ਼ਾ ਦੇਣ ਦਾ ਐਲਾਨ ਕੀਤਾ ਗਿਆ ਉਸ ਦੀ ਸਖ਼ਤ ਅਲੋਚਨਾ ਕੀਤੀ ਗਈ। ਡਾ. ਅਜਨਾਲਾ ਨੇ ਪ੍ਰਤੀ ਏਕੜ ਮੁਆਵਜ਼ਾ 70 ਹਜ਼ਾਰ ਰੁਪਏ ਮੰਗਿਆ। ਮੰਗ ਪੱਤਰ ਪ੍ਰਾਪਤ ਕਰਦਿਆਂ ਐੱਸਡੀਐੱਮ ਅਜਨਾਲਾ ਰਵਿੰਦਰ ਸਿੰਘ ਅਰੋੜਾ ਨੇ ਵਿਸ਼ਵਾਸ ਦਿਵਾਇਆ ਕਿ ਇਹ ਤੁਰੰਤ ਮੰਗ ਪੱਤਰ ਸਿਫ਼ਾਰਸ਼ ਤਹਿਤ ਮੁੱਖ ਮੰਤਰੀ ਨੂੰ ਭੇਜ ਦਿੱਤਾ ਜਾਵੇਗਾ! ਮੁਜ਼ਾਹਰੇ ਵਿਚ ਹਰਨੇ ਤੋਂ ਇਲਾਵਾ ਹਰਨੇਕ ਸਿੰਘ ਨੇਪਾਲ, ਬਲਵਿੰਦਰ ਸਿੰਘ ਡਿਆਲ ਭੱਟੀ, ਅਮਰਜੀਤ ਸਿੰਘ ਹਰੜ ਖੁਰਦ, ਕਾਲਾ ਸਿੰਘ ਡੱਲਾ, ਨੌਜਵਾਨ ਸਭਾ ਦੇ ਆਗੂ ਲੋਕ ਗਾਇਕ ਗੁਰਪਾਲ ਗਿੱਲ ਸੈਦਪੁਰ, ਜਗਪ੍ਰੀਤ ਸਿੰਘ ਜੋਸ਼, ਸਰਪੰਚ ਇੰਦਰਜੀਤ ਸਿੰਘ ਅਨੈਤਪੁਰਾ, ਕਰਨੈਲ ਸਿੰਘ ਤੇ ਅਮਰਜੀਤ ਸਿੰਘ ਭਿੰਡੀ ਸੈਦਾਂ ਆਦਿ ਨੇ ਪ੍ਰਦਰਸ਼ਨਕਾਰੀਆਂ ਨੂੰ ਸੰਬੋਧਨ ਕੀਤਾ।

# ਪੈਸਿਆਂ ਦੇ ਲੈਣ-ਦੇਣ ਨੂੰ ਲੈ ਕੇ ਘਰ 'ਚ ਦਾਖਲ ਹੋ ਕੇ ਚਲਾਈਆਂ ਗੋਲੀਆਂ

ਭਿੱਖੀਵਿੰਡ (ਲਖਵਿੰਦਰ ਸਿੰਘ ਗੋਲਨ/ਰਣਬੀਰ ਸਿੰਘ ਗੋਲਨ)-ਥਾਣਾ ਖਾਲੜਾ ਅਧੀਨ ਆਉਂਦੇ ਪਿੰਡ ਬਾਸਰਕੇ ਵਿੱਚ ਪੈਸਿਆਂ ਦੇ ਲੈਣ ਦੇਣ ਨੂੰ ਲੈ ਕੇ ਇੱਕ ਧਿਰ ਵੱਲੋਂ ਘਰ ਵਿੱਚ ਦਾਖਲ ਹੋ ਕੇ ਗੋਲੀਆਂ ਚਲਾਉਣ ਦਾ ਮਾਮਲਾ ਸਾਹਮਣੇ ਆਇਆ ਹੈ।ਗੋਲੀ ਚੱਲਣ ਨਾਲ ਤਿੰਨ ਵਿਅਕਤੀ ਗੰਭੀਰ ਰੂਪ ਵਿੱਚ ਜ਼ਖਮੀ ਦੱਸੇ ਜਾ ਰਹੇ, ਜਿਨ੍ਹਾਂ ਵਿੱਚੋਂ ਇੱਕ ਬਜ਼ੁਰਗ ਦੀ ਹਾਲਤ ਗੰਭੀਰ ਬਣੀ ਹੋਈ ਹੈ।ਜਾਣਕਾਰੀ ਅਨੁਸਾਰ ਸਰਬਜੀਤ ਸਿੰਘ ਪੁੱਤਰ ਹਰਬੰਸ ਸਿੰਘ ਰਣਜੋਤ ਸਿੰਘ ਅਤੇ ਲਵਪ੍ਰੀਤ ਸਿੰਘ ਭਿੱਖੀਵਿੰਡ ਦੇ ਨਿੱਜੀ ਹਸਪਤਾਲ ਵਿੱਚ ਜ਼ੇਰੇ ਇਲਾਜ ਹਨ।ਇਸ ਸਬੰਧੀ ਮੀਡੀਆ ਨੂੰ ਜਾਣਕਾਰੀ ਦਿੰਦਿਆਂ ਹਸਪਤਾਲ ਵਿੱਚ ਜ਼ੇਰੇ ਇਲਾਜ ਰਣਜੋਤ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਨ੍ਹਾਂ ਦਾ ਵਿਰੋਧੀ ਧਿਰ ਨਾਲ ਪੈਸਿਆਂ ਦਾ ਲੈਣ ਦੇਣ ਸੀ, ਜਿਸ ਨੂੰ ਲੈ ਕੇ ਉਨ੍ਹਾਂ ਵੱਲੋਂ ਪਹਿਲਾਂ ਵੀ ਕਈ ਵਾਰ ਅਜਿਹੀਆਂ ਵਾਰਦਾਤਾਂ ਨੂੰ ਅੰਜਾਮ ਦਿੱਤਾ ਗਿਆ ਹੈ ਅਤੇ ਅੱਜ ਜਦੋਂ ਘਰ ਵਿੱਚ ਮੌਜੂਦ ਸੀ ਤਾਂ ਉਸ ਵਕਤ ਵਿਰੋਧੀ ਧਿਰ ਦੇ ਤਕਰੀਬਨ 20 ਤੋਂ 25 ਵਿਅਕਤੀ ਘਰ ਵਿੱਚ ਦਾਖਲ ਹੋਏ ਅਤੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ ਜਿਸ ਵਿੱਚ ਗੋਲੀਆਂ ਲੱਗਣ ਨਾਲ ਤਿੰਨ ਜਣੇ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਏ।ਮੌਕੇ





'ਤੇ ਪਹੁੰਚੇ ਥਾਣਾ ਖਾਲੜਾ ਦੇ ਮੁਖੀ ਰਣਜੀਤ ਸਿੰਘ ਨੇ ਕਿਹਾ ਕਿ ਗੋਲੀ ਚੱਲਣ ਦੀ ਘਟਨਾ ਸਬੰਧੀ ਉਨ੍ਹਾਂ ਨੂੰ ਜਾਣਕਾਰੀ ਮਿਲੀ ਸੀ ਜਿਸ ਸਬੰਧੀ ਉਨ੍ਹਾਂ ਵੱਲੋਂ ਤਫਤੀਸ਼ ਕੀਤੀ ਜਾ ਰਹੀ ਹੈ।ਜੋ ਵੀ ਤੱਥ ਸਾਹਮਣੇ ਆਉਣਗੇ, ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

# ਜ਼ਿਲ੍ਹਾ ਪੱਧਰੀ ਰਾਹਤ ਕੇਂਦਰ ਗੁਰਦਾਸਪੁਰ ਨੇ ਵੱਡੀ ਮਾਤਰਾ 'ਚ ਲੋੜੀਂਦਾ ਸਾਮਾਨ ਹੜ੍ਹ ਪ੍ਰਭਾਵਿਤ ਪਰਿਵਾਰਾਂ ਤੱਕ ਭੇਜਿਆ

ਧਾਰੀਵਾਲ, (ਮਨਦੀਪ ਸਿੰਘ ਵਿੱਕੀ)-ਪੰਜਾਬ ਸਰਕਾਰ ਦੀ ਅਗਵਾਈ ਹੇਠ ਜ਼ਿਲ੍ਹਾ ਪ੍ਰਸ਼ਾਸਨ ਗੁਰਦਾਸਪੁਰ ਵੱਲੋਂ ਹੜ੍ਹ ਪੀੜ੍ਹਤਾਂ ਦੀ ਸਹਾਇਤਾ ਲਈ ਯਤਨ ਲਗਾਤਾਰ ਜਾਰੀ ਹਨ।ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪੰਚਾਇਤ ਭਵਨ ਗੁਰਦਾਸਪੁਰ ਵਿਖੇ ਬਣਾਏ ਗਏ ਸਹਾਇਤਾ ਕੇਂਦਰ ਵੱਲੋਂ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਰਾਹਤ ਸਮੱਗਰੀ ਪਹੁੰਚਾਉਣ ਵਿੱਚ ਅਹਿਮ ਭੂਮਿਕਾ ਨਿਭਾਈ ਜਾ ਰਹੀ ਹੈ।ਕੇਂਦਰ ਦੇ ਨੋਡਲ ਅਫ਼ਸਰ ਆਰਟੀਓ ਨਵਜੋਤ ਸ਼ਰਮਾ ਨੇ ਦੱਸਿਆ ਕਿ ਇਸ ਕੇਂਦਰ ਤੋਂ ਹੁਣ ਤੱਕ 7300 ਤੋਂ ਵੱਧ ਰਾਸ਼ਨ ਦੀਆਂ ਕਿੱਟਾਂ (ਜਿਸ ਵਿੱਚ ਆਟਾ, ਚਾਵਲ, ਤੇਲ, ਚਾਹ ਪੱਤੀ, ਖੰਡ, ਮਸਾਲੇ, ਸੁੱਕੇ ਦੁੱਧ ਦੇ ਪੈਕੇਟ, ਬੱਚਿਆਂ ਲਈ ਬਿਸਕੁਟ ਆਦਿ ਸ਼ਾਮਲ ਹੈ) ਭੇਜੀਆਂ ਗਈਆਂ ਹਨ।ਇਸ ਤੋਂ ਇਲਾਵਾ ਹੜ੍ਹ ਪੀੜ੍ਹਤਾਂ ਲਈ ਪੀਣ ਵਾਲੇ ਪਾਣੀ ਦੀਆਂ 8784 ਪੇਟੀਆਂ, ਮਿਕਸਡ ਫੂਡ 7233 ਦੇ ਪੈਕੇਟ, 10-10 ਕਿੱਲੋ ਦੇ 1100 ਬੈਗ, 7603 ਓ. ਆਰ. ਐੱਸ. ਪੈਕੇਟ, 18000 ਸੈਨੇਟਰੀ ਪੈਡ, ਹਾਈਜੀਨ ਕਿੱਟਾਂ, 1667 ਓਡੋਮਾਸ, ਮੱਛਰਦਾਨੀਆਂ, ਗੱਦੇ, ਰਸੋਈ ਦੇ ਭਾਂਡੇ, ਦਵਾਈਆਂ, ਕੱਪੜੇ, ਚੱਪਲਾਂ ਆਦਿ ਘਰੇਲੂ ਜ਼ਰੂਰਤ ਦਾ ਸਮਾਨ ਭੇਜਿਆ ਗਿਆ ਹੈ।ਆਰਟੀਓ ਨਵਜੋਤ ਸ਼ਰਮਾ ਨੇ ਅੱਗੇ ਦੱਸਿਆ ਕਿ ਜ਼ਿਲ੍ਹਾ ਪੱਧਰੀ ਰਾਹਤ ਕੇਂਦਰ ਵੱਲੋਂ 3206 ਤਰਪਾਲਾਂ ਅਤੇ ਪਸ਼ੂਆਂ ਦੀ ਫੀਡ ਦੇ 2708 ਬੋਰੇ ਅਤੇ ਪਸ਼ੂਆਂ ਦਾ ਚਾਰਾ 4700 ਕੁਇੰਟਲ ਸਾਈਲੇਜ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਭੇਜਿਆ ਗਿਆ ਹੈ।ਉਨ੍ਹਾਂ ਕਿਹਾ ਕਿ ਹੜ੍ਹ ਪ੍ਰਭਾਵਿਤ ਖੇਤਰਾਂ ਦੇ



ਐੱਸਡੀਐੱਮਜ਼ ਵੱਲੋਂ ਰਾਹਤ ਸਮਗਰੀ ਦੀ ਜੋ ਵੀ ਡਿਮਾਂਡ ਆਉਂਦੀ ਹੈ ਜ਼ਿਲ੍ਹਾ ਪੱਧਰੀ ਰਾਹਤ ਕੇਂਦਰ ਵੱਲੋਂ ਉਸ ਨੂੰ ਪੂਰਾ ਕੀਤਾ ਜਾਂਦਾ ਹੈ।

ਉਨ੍ਹਾਂ ਸਮਾਜ ਸੇਵੀ ਸੰਸਥਾਵਾਂ ਅਤੇ ਦਾਨੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਹੜ੍ਹ ਪੀੜ੍ਹਤਾਂ ਨੂੰ ਰਾਹਤ ਸਮੱਗਰੀ ਦੇਣ ਤੋਂ ਪਹਿਲਾਂ ਜ਼ਿਲ੍ਹਾ ਪ੍ਰਸ਼ਾਸਨ ਨਾਲ ਰਾਬਤਾ ਜ਼ਰੂਰ ਕਰਨ ਤਾਂ ਜੋ ਉਨ੍ਹਾਂ ਨੂੰ ਇਹ ਪਤਾ ਲੱਗ ਜਾਵੇਗਾ ਕਿ ਕਿਸ ਇਲਾਕੇ ਵਿੱਚ ਮਦਦ ਦੀ ਜ਼ਿਆਦਾ ਜ਼ਰੂਰਤ ਹੈ ਅਤੇ ਹੜ੍ਹ ਪੀੜ੍ਹਤਾਂ ਦੀਆਂ ਲੋੜਾਂ ਕੀ ਹਨ।ਉਨ੍ਹਾਂ ਕਿਹਾ ਜ਼ਿਲ੍ਹਾ ਪ੍ਰਸ਼ਾਸਨ ਦੀ ਅਗਵਾਈ ਹੇਠ ਸਹਾਇਤਾ ਕੇਂਦਰ ਹੜ੍ਹ ਪੀੜ੍ਹਤਾਂ ਦੀ ਮਦਦ ਲਈ ਹਰ ਸਮੇਂ ਹਾਜ਼ਰ ਹੈ।

# ਵਿਧਾਇਕਾ ਅਰੁਣਾ ਚੌਧਰੀ ਵੱਲੋਂ ਭੇਜੀਆਂ ਰਾਸ਼ਨ ਕਿੱਟਾਂ ਟੀਮ ਮੈਂਬਰਾਂ ਨੇ ਪਿੰਡ-ਪਿੰਡ ਵੰਡੀਆਂ

ਦੀਨਾਨਗਰ, (ਬਲਵਿੰਦਰ ਸਿੰਘ ਬਿੱਲਾ)-ਸਾਬਕਾ ਕੈਬਨਿਟ ਮੰਤਰੀ ਅਤੇ ਮੌਜੂਦਾ ਵਿਧਾਇਕਾ ਅਰੁਣਾ ਚੌਧਰੀ ਵੱਲੋਂ ਹੜ੍ਹ ਪੀੜਤਾਂ ਦੀ ਮਦਦ ਲਈ ਲਗਾਤਾਰ ਕੀਤੇ ਜਾ ਰਹੇ ਉਪਰਾਲਿਆਂ ਦੀ ਲੜੀ ਤਹਿਤ ਪਿੰਡ ਬਾਲਾਪਿੰਡੀ, ਚੱਕਰਾਜਾ, ਤਾਜਪੁਰ ਅਤੇ ਮੱਦੇਪੁਰ ਵਿਖੇ ਰਾਸ਼ਨ ਦੀਆਂ ਕਿੱਟਾਂ ਭੇਜੀਆਂ ਗਈਆਂ।ਅਰੁਣਾ ਚੌਧਰੀ ਵੱਲੋਂ ਇਨ੍ਹਾਂ ਰਾਸ਼ਨ ਕਿੱਟਾਂ ਨੂੰ ਵੱਖ-ਵੱਖ ਪਿੰਡਾਂ ਲਈ ਆਪਣੇ ਗ੍ਰਹਿ ਤੋਂ ਰਵਾਨਾ ਕੀਤਾ ਗਿਆ ਜਿਨ੍ਹਾਂ ਨੂੰ ਅੱਗੇ ਉਨ੍ਹਾਂ ਦੀ ਟੀਮ ਵੱਲੋਂ ਪ੍ਰਭਾਵਿਤ ਪਿੰਡਾਂ ਵਿੱਚ ਪਹੁੰਚ ਕੇ ਲੋੜਵੰਦਾਂ ਵਿੱਚ ਵੰਡਿਆ ਗਿਆ।



ਗੱਡੀਆਂ ਰਵਾਨਾ ਕਰਨ ਮੌਕੇ ਵਿਧਾਇਕਾ ਅਰੁਣਾ ਚੌਧਰੀ ਨੇ ਕਿਹਾ ਕਿ ਮੁਸੀਬਤ ਦੀ ਇਸ ਘੜੀ ਵਿੱਚ ਆਪਣੇ ਲੋਕਾਂ ਦੀ ਮਦਦ ਕਰਨਾ ਉਹ ਆਪਣਾ ਫ਼ਰਜ਼ ਸਮਝਦੇ ਹਨ ਅਤੇ ਇਸ ਕੁਦਰਤੀ ਆਫ਼ਤ ਦੇ ਆਉਣ ਤੇ ਉਹ ਪਹਿਲੇ ਹੀ ਦਿਨ ਤੋਂ ਆਪਣੀ ਟੀਮ ਸਮੇਤ ਪੀੜਤ ਲੋਕਾਂ ਤੱਕ ਪਹੁੰਚ ਕਰਕੇ ਉਨ੍ਹਾਂ ਦੀ ਮੌਜੂਦਾ ਹਾਲਤ ਅਤੇ ਪ੍ਰਭਾਵਿਤ ਪਿੰਡਾਂ ਦਾ ਜਾਇਜ਼ਾ ਲੈਂਦੇ ਆ ਰਹੇ ਹਨ।ਉਨ੍ਹਾਂ ਕਿਹਾ ਕਿ ਬਹੁਤੇ ਪਿੰਡਾਂ ਵਿੱਚ ਤਾਂ ਉਨ੍ਹਾਂ ਵੱਲੋਂ ਦੂਸਰੀ ਵਾਰ ਰਾਹਤ ਸਮੱਗਰੀ ਜ਼ਰੀਏ ਮਦਦ ਭਿਜਵਾਈ ਗਈ ਹੈ ਅਤੇ ਅਗਾਂਹ ਵੀ ਉਹ ਮਦਦ ਦਾ ਭਰੋਸਾ ਦਿੰਦੇ ਹਨ। ਉਨ੍ਹਾਂ ਕਿਹਾ ਕਿ ਪਿੰਡਾਂ ਵਿੱਚ ਪਾਣੀ ਦਾ ਪੱਧਰ ਘੱਟ ਹੋਣ ਕਾਰਨ ਆਵਾਜਾਈ ਸ਼ੁਰੂ ਹੋ ਗਈ ਹੈ ਅਤੇ ਵੱਖ-ਵੱਖ ਸੁਰੱਖਿਅਤ ਥਾਵਾਂ 'ਤੇ ਆਸਰਾ ਲੈਣ ਵਾਲੇ ਲੋਕ ਘਰਾਂ ਨੂੰ ਪਰਤ ਆਏ ਹਨ ਪਰ ਨਿੱਜੀ ਤੌਰ 'ਤੇ ਉਨ੍ਹਾਂ ਦੀਆਂ ਮੁਸ਼ਕਿਲਾਂ ਅਜੇ ਘੱਟ ਨਹੀਂ ਹੋਈਆਂ ਹਨ ਜਿਨ੍ਹਾਂ ਨੂੰ ਸਮੇਂ ਸਮੇਂ 'ਤੇ ਮਦਦ ਭੇਜ ਕੇ ਰਾਹਤ ਪਹੁੰਚਾਉਣ ਦਾ ਯਤਨ ਕੀਤਾ ਜਾ ਰਿਹਾ ਹੈ।

ਇਸ ਮੌਕੇ ਐੱਨਆਰਆਈ ਮੌਂਟੀ ਘੁੰਮਣ, ਜਗਰੂਪ ਰੰਧਾਵਾ, ਪੰਕਜ ਕੁਮਾਰ, ਦੀਦਾਰ ਸਿੰਘ ਲਾਡੀ ਤਾਜਪੁਰ, ਅਮਰਨਾਥ ਚੱਕਰਾਜਾ, ਬੱਬੂ ਪੰਡੋਰੀ ਬੈਂਸਾਂ, ਵਿਜੇ ਸ਼ਰਮਾ, ਹਰਪਾਲ ਸਿੰਘ, ਬਿਕਰਮਜੀਤ ਮੱਦੇਪੁਰ, ਅੰਗਰੇਜ਼ ਸਿੰਘ, ਦਲਬੀਰ ਸਿੰਘ, ਅਮਰਜੀਤ ਮੱਦੇਪੁਰ, ਸਰਪੰਚ ਕਮਲੇਸ਼ ਕੁਮਾਰੀ ਬਾਲਾਪਿੰਡੀ, ਗੌਰਵ ਗੋਰੂ, ਸੁਰੇਸ਼ ਕੁਮਾਰ ਬਾਲਾਪਿੰਡੀ ਅਤੇ ਰਾਮ ਸਰੂਪ ਤੋਂ ਇਲਾਵਾ ਪਿੰਡਾਂ ਦੇ ਮੋਹਤਬਰ ਹਾਜ਼ਰ ਸਨ।

# ਸ੍ਰੀ ਗੁਰੂ ਅੰਗਦ ਦੇਵ ਜੀ ਦੇ ਗੁਰਤਾਗੱਦੀ ਦਿਵਸ ਨੂੰ ਸਮਰਪਿਤ ਸਾਲਾਨਾ ਜੋੜ ਮੇਲਾ ਸ਼ੁਰੂ

ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)-ਸ੍ਰੀ ਗੁਰੂ ਅੰਗਦ ਦੇਵ ਜੀ ਦਾ ਗੁਰਤਾਗੱਦੀ ਦਿਵਸ, ਅੱਠ ਗੁਰੂ ਸਾਹਿਬਾਨ ਦੀ ਚਰਨ ਛੋਹ ਪ੍ਰਾਪਤ ਪਵਿੱਤਰ ਧਰਤੀ ਸ੍ਰੀ ਖਡੂਰ ਸਾਹਿਬ ਵਿਖੇ ਲੋਕਲ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਡੇਰਾ ਕਾਰ ਸੇਵਾ ਖਡੂਰ ਸਾਹਿਬ ਅਤੇ ਸਿੱਖ ਸੰਗਤਾਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਭਾਵਨਾ ਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ, ਲੋਕਲ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਬਜੀਤ ਸਿੰਘ ਬਾਨੀਆਂ, ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਪਰਮਜੀਤ ਸਿੰਘ ਬਾਨੀਆਂ ਅਤੇ ਹੋਰ ਪ੍ਰਬੰਧਕਾਂ ਨੇ ਪੱਤਰਕਾਰਾਂ ਨਾਲ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਮੇਲਾ 10 ਸਤੰਬਰ ਤੋਂ ਲੈ ਕੇ 12 ਤੱਕ ਰਹੇਗਾ।ਇਸ ਮੌਕੇ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਵਿਖੇ ਰੱਖੇ ਗਏ ਸ੍ਰੀ ਸਹਿਜ ਪਾਠ ਦੇ ਭੋਗ 12 ਸਤੰਬਰ ਦਿਨ ਸ਼ੁੱਕਰਵਾਰ ਨੂੰ ਸਵੇਰੇ 9 ਵਜੇ ਪਾਏ ਜਾਣਗੇ। ਇਸ ਮੌਕੇ ਕਵੀਸ਼ਰੀ ਦਰਬਾਰ 11 ਸਤੰਬਰ ਦਿਨ ਵੀਰਵਾਰ ਨੂੰ ਸਵੇਰੇ 10 ਵਜੇ ਤੋਂ ਸ਼ਾਮ 4 ਵਜੇ ਤੱਕ ਹੋਵੇਗਾ ਅਤੇ ਇਸੇ ਰਾਤ ਨੂੰ 8.30 ਵਜੇ ਤੋਂ ਰਾਤ 11 ਵਜੇ ਤੱਕ ਮਹਾਨ ਗੁਰਮਤਿ ਸਮਾਗਮ ਹੋਵੇਗਾ। 12 ਸਤੰਬਰ ਦਿਨ ਸ਼ੁੱਕਰਵਾਰ ਨੂੰ ਮਹਾਨ ਢਾਡੀ ਦਰਬਾਰ ਸਵੇਰੇ 10 ਵਜੇ ਤੋਂ ਸ਼ਾਮ 4 ਵਜੇ ਤੱਕ ਇਸੇ ਰਾਤ 8.30 ਵਜੇ ਤੋਂ ਰਾਤ 12 ਵਜੇ ਤੱਕ ਕਵੀ ਦਰਬਾਰ ਹੋਵੇਗਾ। ਇਨ੍ਹਾਂ ਸਾਰੇ ਗੁਰਮਤਿ ਸਮਾਗਮਾਂ ਵਿੱਚ ਪੰਥ ਦੇ ਮਹਾਨ ਕਵੀਸ਼ਰ, ਰਾਗੀ, ਢਾਡੀ ਅਤੇ ਪੰਥ ਪ੍ਰਸਿੱਧ ਕਥਾਵਾਚਕ ਸਾਲਾਨਾ ਜੋੜ ਮੇਲੇ ਵਿੱਚ ਸੰਗਤਾਂ ਨੂੰ ਗੁਰੂ ਜਸ ਸਰਵਣ ਕਰਵਾ ਕੇ ਨਿਹਾਲ ਕਰਨਗੇ।ਇਸ ਮੌਕੇ 12 ਸਤੰਬਰ ਦਿਨ ਸ਼ੁੱਕਰਵਾਰ ਯਾਦਗਰ ਬਾਬਾ ਸਾਧੂ ਸਿੰਘ ਜੀ ਵਿਖੇ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ ਮਹਾਨ ਅੰਮ੍ਰਿਤ ਸੰਚਾਰ ਹੋਵੇਗਾ, ਖੰਡੇ ਬਾਟੇ ਦਾ ਅੰਮ੍ਰਿਤ ਛੱਕ ਕੇ ਗੁਰੂ ਵਾਲੇ ਬਣੋ। ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ 11 ਵਜੇ ਤੱਕ ਕੇਸੀ ਇਸ਼ਨਾਨ ਕਰਕੇ ਪਹੁੰਚਣ ਦੀ ਕਿਰਪਾਲਤਾ ਕਰਨੀ।ਇਸ ਮੌਕੇ ਮੀਤ ਪ੍ਰਧਾਨ ਨਰਿੰਦਰ ਸਿੰਘ ਸਾਹ ਖਡੂਰ ਸਾਹਿਬ, ਸਕੱਤਰ ਜਥੇਦਾਰ ਗੱਜਣ ਸਿੰਘ ਖਡੂਰ ਸਾਹਿਬ, ਕੈਸ਼ੀਅਰ ਮਨਜੀਤ ਸਿੰਘ ਖਡੂਰ ਸਾਹਿਬ, ਮਲੂਕ ਸਿੰਘ ਰਾਮਪੁਰ, ਕਾਬਲ ਸਿੰਘ ਬਾਨੀਆਂ ਆਦਿ ਹਾਜ਼ਰ ਸਨ।



# ਦੋ ਧਿਰਾਂ ਦੌਰਾਨ ਚੱਲੀਆਂ ਗੋਲੀਆਂ 'ਚ ਤਿੰਨ ਵਿਅਕਤੀ ਜ਼ਖ਼ਮੀ, ਇੱਕ ਦੀ ਹਾਲਤ ਗੰਭੀਰ

**ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)**-ਭਿੱਖੀਵਿੰਡ 'ਚ ਦੋ ਧਿਰਾਂ ਵਿਚਕਾਰ ਗੋਲੀਆਂ ਚੱਲਣ ਦੀ ਖ਼ਬਰ ਸਾਹਮਣੇ ਆਈ ਹੈ।ਕਥਿਤ ਤੌਰ 'ਤੇ ਝੜਪ ਦੌਰਾਨ ਇੱਕ ਧਿਰ ਦੇ ਤਕਰੀਬਨ ਤੇਰਾਂ ਜਣਿਆਂ ਵੱਲੋਂ ਦੂਜੀ ਧਿਰ ਦੇ ਤਿੰਨ ਵਿਅਕਤੀਆਂ ਨੂੰ ਜ਼ਖ਼ਮੀ ਕੀਤਾ ਗਿਆ ਹੈ, ਜਿਨ੍ਹਾਂ 'ਚੋਂ ਇੱਕ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ।ਇਸ ਸੰਬੰਧੀ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਗੁਰਭਿੰਦਰ ਸਿੰਘ ਤੇ ਗੁਰਲਾਲ ਸਿੰਘ ਨੇ ਦੱਸਿਆ ਕਿ ਉਹ ਆਪਣੇ ਸਾਥੀ ਪ੍ਰਭਦੀਪ ਸਿੰਘ ਪੁੱਤਰ ਹਰਪਾਲ ਸਿੰਘ ਵਾਸੀ ਸੁਰਸਿੰਘ ਅਤੇ ਗੁਰਪ੍ਰੀਤ ਸਿੰਘ ਪੁੱਤਰ ਤੇਗਾ ਸਿੰਘ ਵਾਸੀ ਭਿੱਖੀਵਿੰਡ ਨਾਲ ਕਾਰ ਵਿੱਚ ਸਵਾਰ ਹੋ ਕੇ ਕਿਤੇ ਜਾ ਰਹੇ ਸਨ।ਵਿਰੋਧੀ ਧਿਰ ਦੇ ਬਾਰਾਂ ਤੋਂ ਤੇਰਾਂ ਜਣਿਆਂ ਨੇ ਕਾਰ ਰੋਕ ਕੇ ਉਨ੍ਹਾਂ 'ਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰ ਦਿੱਤਾ।ਨੌਜਵਾਨਾਂ ਦਾ ਕਹਿਣਾ ਸੀ ਕਿ ਉਪਰੋਕਤ ਵਿਅਕਤੀਆਂ ਨੇ ਜਾਨੋਂ ਮਾਰਨ ਦੀ ਨੀਅਤ ਉਨ੍ਹਾਂ 'ਤੇ ਗੋਲੀਆਂ ਵੀ ਚਲਾਈਆਂ।ਉਨ੍ਹਾਂ ਦੱਸਿਆ ਕਿ ਸਿਵਲ ਹਸਪਤਾਲ ਸੁਰਸਿੰਘ ਨੇ ਮੁੱਢਲੀ ਸਹਾਇਤਾ ਦੇਣ ਮਗਰੋਂ ਉਨ੍ਹਾਂ ਨੂੰ ਭਿੱਖੀਵਿੰਡ ਦੇ ਨਿੱਜੀ ਹਸਪਤਾਲ ਵਿਖੇ ਰੈਫਰ ਕਰ ਦਿੱਤਾ ਹੈ।ਉਧਰ ਵਿਰੋਧੀ ਧਿਰ ਦੇ ਵਿਅਕਤੀ ਚਾਨਣ ਸਿੰਘ ਨੇ ਦੱਸਿਆ ਕਿ ਉਕਤ ਧਿਰ ਦੇ ਨੌਜਵਾਨ ਉਨ੍ਹਾਂ ਦੇ ਘਰ ਸਾਹਮਣੇ ਕਾਰ ਖੜ੍ਹੀ ਕਰਕੇ ਨਸ਼ੇ ਦਾ ਸੇਵਨ ਕਰ ਰਹੇ ਸਨ।ਜਦੋਂ ਇਨ੍ਹਾਂ ਨੌਜਵਾਨਾਂ ਨੂੰ ਘਰ ਸਾਹਮਣੇ ਗੱਡੀ ਖੜ੍ਹੀ ਕਰਕੇ ਨਸ਼ਾ ਕਰਨ ਤੋਂ ਰੋਕਿਆ ਗਿਆ ਤਾਂ ਉਕਤ ਨੌਜਵਾਨਾਂ ਨੇ ਜਾਨੋਂ ਮਾਰਨ ਦੀ ਨੀਅਤ ਨਾਲ ਪਿਸਤੌਲ ਨਾਲ ਉਨ੍ਹਾਂ 'ਤੇ ਗੋਲੀਆਂ ਨਾਲ ਹਮਲਾ ਕਰ ਦਿੱਤਾ।



ਚਾਨਣ ਸਿੰਘ ਨੇ ਦੱਸਿਆ ਕਿ ਕਾਰ ਸਵਾਰਾਂ ਕੋਲ ਇੱਕ ਨਾਜਾਇਜ਼ ਹਥਿਆਰ ਵੀ ਹੈ, ਜੋ ਪੁਲਸ ਨੇ ਬਰਾਮਦ ਕਰ ਲਿਆ ਹੈ।ਉਨ੍ਹਾਂ ਪੁਲਸ ਪ੍ਰਸ਼ਾਸਨ ਪਾਸੋਂ ਇਨਸਾਫ਼ ਦੀ ਮੰਗ ਕੀਤੀ ਹੈ।ਉੱਧਰ ਇਸ ਮਾਮਲੇ ਸੰਬੰਧੀ ਜਾਂਚ ਅਧਿਕਾਰੀ ਏਐੱਸਆਈ ਸਲਵਿੰਦਰ ਸਿੰਘ ਨੇ ਕਿਹਾ ਕਿ ਮਾਮਲੇ ਦੀ ਬਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ ਤੇ ਜਾਂਚ ਵਿੱਚ ਸਾਹਮਣੇ ਆਉਣ ਵਾਲੇ ਤੱਥਾਂ ਦੇ ਆਧਾਰ 'ਤੇ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

# ਪੰਜਾਬੀਆਂ ਨਾਲ ਪਰੇਸ਼ਾਨੀ ਦੇ ਸਮੇਂ 'ਚ ਮਜ਼ਬੂਤੀ ਨਾਲ ਖੜ੍ਹੇ ਹਨ ਪ੍ਰਧਾਨ ਮੰਤਰੀ : ਤਰੁਣ ਚੁੱਘ

ਛੇਹਰਟਾ, (ਮਨੋਜ ਕੁਮਾਰ)-ਭਾਜਪਾ ਦੇ ਕੌਮੀ ਜਨਰਲ ਸਕੱਤਰ ਤਰੁਣ ਚੁੱਘ ਨੇ ਪੰਜਾਬ ਤੇ ਹਿਮਾਚਲ ਵਿਚ ਆਏ ਭਿਆਨਕ ਹੜ੍ਹ ਦੇ ਮੱਦੇਨਜ਼ਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਵਿੱਤੀ ਸਹਾਇਤਾ ਦੇ ਐਲਾਨ ਦਾ ਸਵਾਗਤ ਕੀਤਾ ਹੈ। ਚੁੱਘ ਨੇ ਕਿਹਾ ਕਿ ਪ੍ਰਧਾਨ ਮੰਤਰੀ ਨੇ ਮੰਗਲਵਾਰ ਨੂੰ ਗੁਰਦਾਸਪੁਰ ਦੌਰੇ ਦੌਰਾਨ ਪੰਜਾਬ ਦੇ ਲੋਕਾਂ ਦੀਆਂ ਮੁਸ਼ਕਲਾਂ ਨੂੰ ਦਿਲੋਂ ਸੁਣਿਆ ਤੇ ਸੰਵੇਦਨਸ਼ੀਲਤਾ ਨਾਲ ਉਨ੍ਹਾਂ ਦਾ ਦਰਦ ਮਹਿਸੂਸ ਕੀਤਾ। ਚੁੱਘ ਨੇ ਕਿਹਾ ਕਿ ਪ੍ਰਧਾਨ ਮੰਤਰੀ ਨੇ ਗੁਰਦਾਸਪੁਰ ਵਿਚ ਬੈਠਕ ਕਰਕੇ ਕਿਸਾਨਾਂ, ਮਜ਼ਦੂਰਾਂ ਤੇ ਹੋਰ ਪ੍ਰਭਾਵਿਤ ਪਰਿਵਾਰਾਂ ਦੀਆਂ ਗੱਲਾਂ ਧੀਰਜ ਨਾਲ ਸੁਣੀਆਂ। ਉਨ੍ਹਾਂ ਨੇ ਉਨ੍ਹਾਂ ਦੇ ਦਰਦ ਨੂੰ ਪੂਰੀ ਹਮਦਰਦੀ ਨਾਲ ਸਮਝਿਆ ਤੇ ਰਾਹਤ ਲਈ ਵੱਡੇ ਫ਼ੈਸਲੇ ਕੀਤੇ ਜੋ ਪੀੜਤਾਂ ਦੇ ਦੁੱਖ ਘਟਾਉਣ ਵਿਚ ਮਦਦਗਾਰ ਸਾਬਤ ਹੋਣਗੇ। ਉਨ੍ਹਾਂ ਦੱਸਿਆ ਕਿ ਪ੍ਰਧਾਨ ਮੰਤਰੀ ਨੇ ਪੰਜਾਬ ਲਈ 1600 ਕਰੋੜ ਰੁਪਏ ਦੀ ਵਿੱਤੀ ਸਹਾਇਤਾ ਦਾ ਐਲਾਨ ਕੀਤਾ ਹੈ, ਜੋ ਰਾਜ ਦੇ ਖ਼ਜ਼ਾਨੇ 'ਚ ਪਹਿਲਾਂ ਹੀ ਮੌਜੂਦ 12,000 ਕਰੋੜ ਤੋਂ ਅਲੱਗ ਹੈ। ਕੇਂਦਰ ਸਰਕਾਰ ਨੇ ਐੱਸ. ਡੀ. ਆਰ. ਐੱਫ. ਦੀ ਦੂਜੀ ਕਿਸ਼ਤ ਅਤੇ ਕਿਸਾਨ ਸਮਾਨ ਨਿਧੀ ਦੀ ਅਗਾਊਂ ਰਕਮ ਵੀ ਜਾਰੀ ਕਰਨ ਦਾ ਫ਼ੈਸਲਾ ਕੀਤਾ ਹੈ। ਹੜ੍ਹਾਂ 'ਚ ਮਾਰੇ ਗਏ ਲੋਕਾਂ ਦੇ ਪਰਿਵਾਰਾਂ ਨੂੰ 2 ਲੱਖ ਤੇ ਜ਼ਖ਼ਮੀ ਹੋਏ ਲੋਕਾਂ ਨੂੰ 50 ਹਜ਼ਾਰ ਦੀ ਸਹਾਇਤਾ ਦਿੱਤੀ ਜਾਵੇਗੀ। ਜਿਨ੍ਹਾਂ ਬੱਚਿਆਂ ਨੇ ਮਾਤਾ-ਪਿਤਾ ਗੁਆਏ ਹਨ, ਉਨ੍ਹਾਂ ਦੀ ਦੇਖਭਾਲ ਪੀ. ਐੱਮ. ਕੇਅਰਜ਼ ਫਾਰ ਚਿਲਡਰਨ ਯੋਜਨਾ ਅਧੀਨ ਕੀਤੀ ਜਾਵੇਗੀ। ਚੁੱਘ ਨੇ ਕਿਹਾ ਕਿ ਪ੍ਰਧਾਨ ਮੰਤਰੀ ਨੇ ਘਰਾਂ ਦੇ ਮੁੜ ਨਿਰਮਾਣ ਲਈ ਪ੍ਰਧਾਨ ਮੰਤਰੀ ਆਵਾਸ ਯੋਜਨਾ ਹੇਠ ਸਹਾਇਤਾ ਦੇਣ, ਸਕੂਲਾਂ ਦੀ ਮੁਰੰਮਤ ਤੇ ਰਾਹਾਂ-ਮਾਰਗਾਂ, ਸਿੰਚਾਈ ਤੇ ਜਲ ਸੰਭਾਲ ਢਾਂਚੇ ਲਈ ਵੱਡੇ ਪੱਧਰ 'ਤੇ ਮਦਦ ਦਾ ਭਰੋਸਾ ਦਿੱਤਾ ਹੈ। ਉਨ੍ਹਾਂ ਨੇ ਕਿਸਾਨਾਂ ਲਈ ਵੱਖ-ਵੱਖ ਪ੍ਰਾਜੈਕਟਾਂ ਨੂੰ ਸਹਿਯੋਗ ਦੇਣ ਦੀ ਗੱਲ ਕੀਤੀ।



ਚੁੱਘ ਨੇ ਕਿਹਾ ਕਿ ਮੋਦੀ ਨੇ ਹਰ ਪੰਜਾਬੀ ਨੂੰ ਵਿਸ਼ਵਾਸ ਦਿਵਾਇਆ ਹੈ ਕਿ ਕੇਂਦਰ ਸਰਕਾਰ ਇਸ ਮੁਸ਼ਕਲ ਘੜੀ ਵਿਚ ਉਨ੍ਹਾਂ ਦੇ ਨਾਲ ਖੜ੍ਹੀ ਹੈ। ਉਨ੍ਹਾਂ ਕਿਹਾ ਕਿ ਇਕ ਪੰਜਾਬੀ ਹੋਣ ਦੇ ਨਾਤੇ ਉਹ ਪ੍ਰਧਾਨ ਮੰਤਰੀ ਮੋਦੀ ਦਾ ਧੰਨਵਾਦ ਕਰਦੇ ਹਨ, ਜਿਨ੍ਹਾਂ ਨੇ ਹਰ ਹੜ੍ਹ ਪੀੜਤ ਪਰਿਵਾਰ ਦਾ ਹੌਸਲਾ ਵਧਾਇਆ ਹੈ। ਚੁੱਘ ਨੇ ਦੋਹਰਾਇਆ ਕਿ ਪੰਜਾਬ ਨੂੰ ਮੁੜ ਸਧਾਰਨ ਹਾਲਾਤ ਵਿਚ ਲਿਆਂਦੇ ਜਾਣ ਤਕ ਕੇਂਦਰ ਸਰਕਾਰ ਹਰ ਸੰਭਵ ਮਦਦ ਜਾਰੀ ਰੱਖੇਗੀ।

## ਚੇਅਰਮੈਨ ਮਾਨਿਕ ਮਹਿਤਾ ਨੇ ਮੰਡੀ 'ਚ ਝੋਨੇ ਦੇ ਖਰੀਦ ਸੀਜ਼ਨ ਸੰਬੰਧੀ ਪ੍ਰਬੰਧਾਂ ਦਾ ਲਿਆ ਜਾਇਜ਼ਾ



ਬਟਾਲਾ, (ਡਾ. ਮਲਵਿੰਦਰ ਸਿੰਘ)-ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਸ਼ੈਰੀ ਕਲਸੀ ਦੇ ਦਿਸ਼ਾ-ਨਿਰਦੇਸ਼ਾਂ ਹੇਠ ਮਾਨਿਕ ਮਹਿਤਾ, ਚੇਅਰਮੈਨ ਮਾਰਕੀਟ ਕਮੇਟੀ ਬਟਾਲਾ ਵੱਲੋਂ ਝੋਨੇ ਦੇ ਸ਼ੀਜਨ ਪ੍ਰਬੰਧਾਂ ਨੂੰ ਮੁੱਖ ਰੱਖਦਿਆਂ ਹੋਏ ਕਿਸਾਨਾਂ, ਮਜ਼ਦੂਰਾਂ ਅਤੇ ਆੜ੍ਹਤੀਆਂ ਨੂੰ ਕੋਈ ਮੁਸ਼ਕਿਲ ਨਾ ਆਵੇ, ਦਾਣਾ ਮੰਡੀ ਬਟਾਲਾ ਵਿਖੇ ਕੀਤੇ ਜਾ ਰਹੇ ਪ੍ਰਬੰਧਾਂ ਦਾ ਜਾਇਜ਼ਾ ਲਿਆ ਗਿਆ।ਗੱਲ ਕਰਦਿਆਂ ਚੇਅਰਮੈਨ ਮਾਨਿਕ ਮਹਿਤਾ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਝੋਨੇ ਦੇ ਸ਼ੀਜਨ ਨੂੰ ਮੁੱਖ ਰੱਖਦਿਆਂ ਖਰੀਦ ਪ੍ਰਬੰਧਾਂ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ ਤਾਂ ਜੋ ਕਿਸਾਨਾਂ ਭਰਾਵਾਂ ਨੂੰ ਮੰਡੀਆਂ ਵਿੱਚ ਕਿਸੇ ਵੀ ਤਰ੍ਹਾਂ ਦੀ ਮੁਸ਼ਕਿਲ ਪੇਸ਼ ਨਾ ਆਵੇ।ਉਨ੍ਹਾਂ ਸਬੰਧਤ ਅਧਿਕਾਰੀਆਂ ਨੂੰ ਝੋਨੇ ਦੀ ਖਰੀਦ ਸ਼ੁਰੂ ਹੋਣ ਤੋਂ ਪਹਿਲਾਂ ਸਾਰੇ ਪ੍ਰਬੰਧ ਮੁਕੰਮਲ ਕਰਨ ਲਈ ਕਿਹਾ ਤਾਂ ਜੋ ਮੰਡੀਆਂ ਵਿੱਚ ਖਰੀਦ ਪ੍ਰਕਿਰਿਆ ਸੁਚਾਰੂ ਢੰਗ ਨਾਲ ਚੱਲ ਸਕੇ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦਾਣਾ ਮੰਡੀਆਂ ਵਿੱਚ ਕਿਸਾਨਾਂ ਨੂੰ ਸਹੂਲਤ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ।

# ਪ੍ਰਧਾਨ ਮੰਤਰੀ ਮੋਦੀ ਨੇ ਪੰਜਾਬੀਆਂ ਨਾਲ ਮਤਰੇਈ ਮਾਂ ਵਾਲਾ ਸਲੂਕ ਕੀਤਾ : ਸ਼ਮਸ਼ੇਰ ਸਿੰਘ

**ਦੀਨਾਨਗਰ-(ਬਲਵਿੰਦਰ ਸਿੰਘ ਬਿੱਲਾ)**-ਹੜ੍ਹਾਂ ਦੀ ਮਾਰ ਹੇਠ ਬੁਰੀ ਤਰ੍ਹਾਂ ਆਏ ਪੰਜਾਬ ਨੂੰ ਦੇਸ਼ ਦੇ ਪ੍ਰਧਾਨ ਮੰਤਰੀ ਤੋਂ ਬਹੁਤ ਉਮੀਦਾਂ ਸਨ ਕਿ ਉਹ ਇਸ ਸੰਕਟ ਦੀ ਘੜੀ ਵਿੱਚ ਪੰਜਾਬੀਆਂ ਦੀ ਬਾਂਹ ਫੜਨਗੇ ਪਰ ਉਨ੍ਹਾਂ ਦੇ ਦੌਰੇ ਨੇ ਹੜ੍ਹਾਂ ਦੀ ਮਾਰ ਕਾਰਨ ਜ਼ਖ਼ਮੀ ਹੋਏ ਪੰਜਾਬ ਦੇ ਜ਼ਖ਼ਮਾਂ ਉਪਰ ਮੱਲ੍ਹਮ ਲਾਉਣ ਦੀ ਥਾਂ ਲੂਣ ਭੁੱਕਣ ਦਾ ਕੰਮ ਕੀਤਾ ਹੈ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਪ੍ਰਧਾਨ ਮੰਤਰੀ ਦੇ ਪੰਜਾਬ ਦੌਰੇ ਮਗਰੋਂ ਗੱਲਬਾਤ ਦੌਰਾਨ ਕੀਤਾ।ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਕਿਹਾ ਕਿ ਪੂਰੀ ਦੁਨੀਆ ਨੂੰ ਪਤਾ ਹੈ ਕਿ ਹੜ੍ਹਾਂ ਦੀ ਮਾਰ ਕਾਰਨ ਪੂਰਾ ਪੰਜਾਬ ਪ੍ਰਭਾਵਿਤ ਹੋਇਆ ਹੈ ਅਤੇ ਪੰਜਾਬ ਨੂੰ 20 ਹਜ਼ਾਰ ਕਰੋੜ ਰੁਪਏ ਤੋਂ ਉਪਰ ਦਾ ਨੁਕਸਾਨ ਹੋਇਆ ਹੈ।ਸ਼ਮਸ਼ੇਰ ਸਿੰਘ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਪੰਜਾਬ ਦੀ ਸਹਾਇਤਾ ਤਾਂ ਕੀ ਕਰਨੀ ਹੈ ਸਗੋਂ ਪੰਜਾਬ ਦੇ ਹਿੱਸੇ ਦੇ ਪੈਸੇ ਵੀ ਕੇਂਦਰ ਸਰਕਾਰ ਡੱਕ ਕੇ ਬੈਠੀ ਹੋਈ ਹੈ।ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੂੰ ਪੰਜਾਬ ਸਰਕਾਰ ਨੇ ਅਪੀਲ ਕੀਤੀ ਸੀ ਕਿ ਕੇਂਦਰ ਵੱਲੋਂ ਪੰਜਾਬ ਸਰਕਾਰ ਦੇ ਰੋਕੇ ਗਏ 60 ਹਜ਼ਾਰ ਕਰੋੜ ਰੁਪਏ ਹੀ ਜਾਰੀ ਕਰ ਦਿੱਤੇ ਜਾਣ ਤਾਂ ਜੋ ਪੰਜਾਬ ਸਰਕਾਰ ਇਸ ਰਕਮ ਨੂੰ ਹੜ੍ਹ ਪ੍ਰਭਾਵਿਤਾਂ ਦੀ ਸਹਾਇਤਾ ਲਈ ਖਰਚ ਸਕੇ ਪਰ ਕੇਂਦਰ ਸਰਕਾਰ ਨੇ ਉਸ ਵੱਲ ਵੀ ਕੋਈ ਧਿਆਨ ਨਹੀਂ ਦਿੱਤਾ ਜਿਸ ਕਾਰਨ ਪੰਜਾਬੀਆਂ ਅੰਦਰ ਦੇਸ਼ ਦੇ ਪ੍ਰਧਾਨ ਮੰਤਰੀ ਅਤੇ ਭਾਜਪਾ ਪ੍ਰਤੀ ਸਖ਼ਤ ਨਾਰਾਜ਼ਗੀ ਹੈ।ਉਨ੍ਹਾਂ ਨੇ ਪੰਜਾਬ ਦੇ ਭਾਜਪਾ ਆਗੂਆਂ ਨੂੰ ਵੀ ਕਿਹਾ ਕਿ ਉਹ ਇਸ ਸੰਕਟ ਦੀ ਘੜੀ ਵਿੱਚ ਪਾਰਟੀਬਾਜ਼ੀ ਤੋਂ ਉੱਪਰ ਉਠ ਕੇ ਪੰਜਾਬ ਦੇ ਲੋਕਾਂ ਦੇ ਨਾਲ ਖੜੇ ਹੋਣ ਅਤੇ ਸੱਚੇ ਪੰਜਾਬੀ ਹੋਣ ਦਾ ਸਬੂਤ ਦੇਣ।ਇਸ ਮੌਕੇ ਉਨ੍ਹਾਂ ਦੇ ਨਾਲ ਰਿਟਾ. ਪ੍ਰਿੰ. ਸੁਖਦੇਵ ਰਾਜ, ਮਾਸਟਰ ਜੈਲ ਸਿੰਘ ਅਤੇ ਨੋਬਲ ਸਿੰਘ ਤਲੰਵਡੀ ਵੀ ਮੌਜੂਦ ਸਨ।



# ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਵੱਲੋਂ ਜ਼ਿਮਨੀ ਚੋਣਾਂ 'ਚ 'ਆਪ' ਤੇ ਭਾਜਪਾ ਆਗੂਆਂ ਤੋਂ ਸਵਾਲ ਪੁੱਛੇ ਜਾਣ ਦਾ ਐਲਾਨ

ਤਰਨਤਾਰਨ, (ਪ੍ਰਿਤਪਾਲ ਸਿੰਘ)-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਨੇ ਐਲਾਨ ਕੀਤਾ ਹੈ ਕਿ ਤਰਨਤਾਰਨ ਦੀ ਜ਼ਿਮਨੀ ਚੋਣਾਂ ਦੌਰਾਨ ਜਦੋਂ ਆਮ ਆਦਮੀ ਪਾਰਟੀ ਅਤੇ ਭਾਜਪਾ ਦੇ ਵਿਧਾਇਕ ਜਾਂ ਮੰਤਰੀ ਪਿੰਡਾਂ ਵਿੱਚ ਜਾਣਗੇ ਤਾਂ ਉਨ੍ਹਾਂ ਨੂੰ ਲੋਕਾਂ ਵੱਲੋਂ ਸਵਾਲ ਪੁੱਛੇ ਜਾਣਗੇ।ਜੇਕਰ ਉਨ੍ਹਾਂ ਨੇ ਜਵਾਬ ਨਾ ਦਿੱਤਾ ਤਾਂ ਕਾਲੀਆਂ ਝੰਡੀਆਂ ਦਿਖਾ ਕੇ ਵਿਰੋਧ ਪ੍ਰਦਰਸ਼ਨ ਕੀਤਾ ਜਾਵੇਗਾ।ਮੀਟਿੰਗ ਵਿੱਚ ਸੂਬਾ ਆਗੂ ਤੇ ਜ਼ਿਲ੍ਹਾ ਸਕੱਤਰ ਹਰਜਿੰਦਰ ਸਿੰਘ ਸ਼ਕਰੀ ਅਤੇ ਜਰਨੈਲ ਸਿੰਘ ਨੂਰਦੀ ਨੇ ਕਿਹਾ ਕਿ ਸ਼ੰਭੂ ਅਤੇ ਖਨੌਰੀ ਬਾਰਡਰ ਤੇ ਮੋਰਚੇ ਖ਼ਿਲਾਫ਼ ਜਬਰ ਕਰਨ ਲਈ ਆਪ ਸਰਕਾਰ ਅਤੇ ਭਾਜਪਾ ਜ਼ਿੰਮੇਵਾਰ ਹਨ ਅਤੇ ਉਨ੍ਹਾਂ ਤੋਂ ਪਿੰਡਾਂ ਵਿੱਚ ਜਵਾਬ ਤਲਬ ਕੀਤਾ ਜਾਵੇਗਾ।ਆਗੂਆਂ ਬੀਬੀ ਉਪਜੀਤ ਕੌਰ, ਸਲਵਿੰਦਰ ਸਿੰਘ ਜੀਉਬਾਲਾ, ਮਨਜਿੰਦਰ ਸਿੰਘ ਗੋਹਲਵੜ, ਕੁਲਵਿੰਦਰ ਸਿੰਘ ਕੈਰੋਂਵਾਲ, ਪਰਮਜੀਤ ਸਿੰਘ ਛੀਨਾ ਅਤੇ ਸਰਵਨ ਸਿੰਘ ਵਲੀਪੁਰ ਨੇ ਕਿਹਾ ਕਿ ਇਹ ਹੜ ਕੁਦਰਤੀ ਨਹੀਂ ਸਗੋਂ ਸਰਕਾਰੀ ਕਰੋਪੀ ਦਾ ਨਤੀਜਾ ਹਨ।ਮਾੜੇ ਜਲ ਪ੍ਰਬੰਧ ਅਤੇ ਕੁਦਰਤ ਨਾਲ ਛੇੜਛਾੜ ਇਸ ਦੀ ਵੱਡੀ ਵਜ੍ਹਾ ਹੈ।ਉਨ੍ਹਾਂ ਨੇ ਮੰਗ ਕੀਤੀ ਕਿ ਸਰਕਾਰ ਜਾਇਜ਼ਾ ਲੈ ਕੇ ਪ੍ਰਭਾਵਿਤ ਲੋਕਾਂ ਨੂੰ ਮੁਆਵਜ਼ਾ ਦੇਵੇ ਅਤੇ ਰੇਤਾ ਚੁੱਕਣ ਦਾ ਅਧਿਕਾਰ ਕਿਸਾਨਾਂ ਨੂੰ ਦਿੱਤਾ ਜਾਵੇ।ਜੇਕਰ ਮਾਈਨਿੰਗ ਵਿਭਾਗ ਨੇ ਅੜਿਕਾ ਪਾਇਆ ਤਾਂ ਇਸ ਦਾ ਵਿਰੋਧ ਕੀਤਾ ਜਾਵੇਗਾ।



# ਪਿਓ-ਪੁੱਤ ਸਣੇ 4 ਵਿਅਕਤੀ 12 ਕਿਲੋ ਹੈਰੋਇਨ ਸਮੇਤ ਗ੍ਰਿਫ਼ਤਾਰ

ਅੰਮ੍ਰਿਤਸਰ, (ਨਰਿੰਦਰ ਜੀਤ ਸਿੰਘ)-8.1 ਕਿਲੋਗ੍ਰਾਮ ਹੈਰੋਇਨ ਬਰਾਮਦਗੀ ਮਾਮਲੇ ਦੇ ਅਗਲੇ-ਪਿਛਲੇ ਸਬੰਧਾਂ 'ਤੇ ਤੁਰੰਤ ਕਾਰਵਾਈ ਕਰਦਿਆਂ ਕਮਿਸ਼ਨਰੇਟ ਪੁਲਸ ਅੰਮ੍ਰਿਤਸਰ ਨੇ ਚਾਰ ਹੋਰ ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਦੇ ਕਬਜ਼ੇ ਵਿੱਚੋਂ 12 ਕਿਲੋਗ੍ਰਾਮ ਹੈਰੋਇਨ,.30 ਬੋਰ ਪਿਸਤੌਲ ਸਮੇਤ ਇੱਕ ਮੈਗਜ਼ੀਨ ਬਰਾਮਦ ਕੀਤੀ ਹੈ, ਜਿਸ ਨਾਲ ਇਸ ਮਾਮਲੇ ਵਿੱਚ ਜ਼ਬਤ ਕੀਤੀ ਗਈ ਹੈਰੋਇਨ 20.1 ਕਿਲੋਗ੍ਰਾਮ ਤੱਕ ਪਹੁੰਚ ਗਈ ਹੈ।



ਇਹ ਜਾਣਕਾਰੀ ਡਾਇਰੈਕਟਰ ਜਨਰਲ ਆਫ਼ ਪੁਲਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ।ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਗੁਰਭੇਜ ਸਿੰਘ (50) ਅਤੇ ਉਸਦਾ ਪੁੱਤਰ ਗੁਰਦਿੱਤ ਸਿੰਘ (22) ਦੋਵੇਂ ਵਾਸੀ ਪਿੰਡ ਨਾਰਲਾ, ਤਰਨਤਾਰਨ; ਮਲਕੀਤ ਸਿੰਘ (50) ਵਾਸੀ ਪਿੰਡ ਡੱਲ, ਤਰਨਤਾਰਨ ਅਤੇ ਗੁਰਜੀਤ ਸਿੰਘ (29) ਵਾਸੀ ਪਿੰਡ ਕੋਟਲੀ ਸਾਕਾ, ਅਜਨਾਲਾ, ਅੰਮ੍ਰਿਤਸਰ ਵਜੋਂ ਹੋਈ ਹੈ।ਡੀਜੀਪੀ ਨੇ ਕਿਹਾ ਕਿ ਤਾਜ਼ਾ ਗ੍ਰਿਫ਼ਤਾਰੀਆਂ ਨਾਲ ਤਰਨਤਾਰਨ ਅਤੇ ਅੰਮ੍ਰਿਤਸਰ ਪੇਂਡੂ ਖੇਤਰਾਂ ਵਿੱਚ ਸਰਹੱਦ ਪਾਰੋਂ ਚੱਲ ਰਹੇ ਕਾਰਟੈਲ ਦੇ ਇੱਕ ਹੋਰ ਮਜ਼ਬੂਤ ਗਠਜੋੜ ਦਾ ਪਰਦਾਫਾਸ਼ ਹੋਇਆ ਹੈ।ਉਨ੍ਹਾਂ ਕਿਹਾ ਕਿ ਸਾਰੇ ਦੋਸ਼ੀ ਇੱਕ ਦੂਜੇ ਨਾਲ ਅਤੇ ਪਾਕਿਸਤਾਨ ਸਥਿਤ ਤਸਕਰਾਂ ਨਾਲ ਗੱਲਬਾਤ ਕਰਨ ਲਈ ਵਟਸਐਪ ਦੀ ਵਰਤੋਂ ਕਰ ਰਹੇ ਸਨ।ਡੀਜੀਪੀ ਨੇ ਕਿਹਾ ਕਿ ਇਸ ਮਾਮਲੇ ਵਿੱਚ ਅਗਲੇ-ਪਿਛਲੇ ਸਬੰਧ ਸਥਾਪਤ ਕਰਨ ਲਈ ਹੋਰ ਜਾਂਚ ਜਾਰੀ ਹੈ।

# ਜਸ਼ਨਦੀਪ ਕੌਰ ਵੱਲੋਂ ਰਾਜ ਪੱਧਰੀ ਐਥਲੈਟਿਕਸ ਮੁਕਾਬਲੇ 'ਚ ਦੂਸਰਾ ਸਥਾਨ ਹਾਸਲ



ਪੱਟੀ (ਬਲਦੇਵ ਸਿੰਘ ਸੰਧੂ)-ਸਤਲੁਜ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਠੱਕਰਪੁਰਾ ਦੀ ਜਸ਼ਨਦੀਪ ਕੌਰ ਜੋ ਕਿ ਦਸਵੀਂ ਜਮਾਤ ਦੀ ਵਿਦਿਆਰਥਣ ਹੈ, ਨੇ ਸਟੇਟ ਪੱਧਰ ਦੇ ਲੁਧਿਆਣੇ ਵਿਖੇ ਹੋਏ ਐਥਲੈਟਿਕਸ ਮੁਕਾਬਲਿਆਂ ਵਿੱਚ ਵੱਖ-ਵੱਖ ਜ਼ਿਲ੍ਹਿਆਂ ਤੋਂ ਆਏ ਹੋਰ ਖਿਡਾਰੀਆਂ ਨੂੰ ਜ਼ਬਰਦਸਤ ਟੱਕਰ ਦੇ ਕੇ 200 ਮੀਟਰ ਰੇਸ ਵਿੱਚ ਦੂਸਰਾ ਸਥਾਨ ਹਾਸਲ ਕੀਤਾ।

ਇਸ ਮੌਕੇ ਮੈਨੇਜਮੈਂਟ ਮੈਂਬਰ ਹਰਬੀਰ ਸਿੰਘ, ਹਰਨੂਰ ਸਿੰਘ, ਮੈਡਮ ਪਰਮਿੰਦਰ ਕੌਰ, ਪ੍ਰਿੰਸੀਪਲ ਰਾਜਬੀਰ ਕੌਰ ਅਤੇ ਵਾਇਸ ਪ੍ਰਿੰਸੀਪਲ ਦਲਬੀਰ ਕੌਰ ਨੇ ਵਿਦਿਆਰਥਣ ਦਾ ਮੂੰਹ ਮਿੱਠਾ ਕਰਵਾ ਕੇ ਵਧਾਈ ਦਿੱਤੀ ਅਤੇ ਭਵਿੱਖ ਲਈ ਸ਼ੁੱਭਕਾਮਨਾਵਾਂ ਦਿੱਤੀਆਂ ।ਮੈਡਮ ਨੇ ਭਵਿੱਖ ਵਿੱਚ ਵਿਦਿਆਰਥੀਆਂ ਨੂੰ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ।

# ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਦੀਆਂ ਹੜ੍ਹ ਪੀੜਤਾਂ ਲਈ ਮੁਫਤ ਸੇਵਾਵਾਂ

ਪੱਟੀ (ਬਲਦੇਵ ਸਿੰਘ ਸੰਧੂ)-ਕਾਫੀ ਦਿਨਾਂ ਤੋਂ ਪੰਜਾਬ ਅੰਦਰ ਆਏ ਹੜ੍ਹਾਂ ਕਾਰਨ ਹਜ਼ਾਰਾਂ ਪਿੰਡਾਂ ਦੇ ਪਰਿਵਾਰਾਂ ਦੇ ਪਰਿਵਾਰ ਪਾਣੀ ਦੀ ਮਾਰ ਹੇਠ ਆਏ ਹੋਏ ਹਨ। ਪਿੰਡ ਘੜੁੰਮ ਤੋਂ ਲੈ ਕੇ ਮੁੱਠਿਆਂਵਾਲੇ ਤੱਕ ਮੁੱਢਲੀਆਂ ਸਿਹਤ ਸਹੂਲਤਾਂ ਨੂੰ ਲਗਾਤਾਰ ਜਾਰੀ ਰੱਖਦਿਆਂ ਬੰਨ੍ਹ 'ਤੇ ਸੇਵਾ ਕਰ ਰਹੇ ਲੋਕਾਂ ਨੂੰ ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਨੇ ਮੁਫਤ ਸੇਵਾਵਾਂ ਦਿੱਤੀਆਂ।



ਇਸ ਮੌਕੇ ਜ਼ਿਲ੍ਹਾ ਪ੍ਰਧਾਨ ਨਛੱਤਰ ਸਿੰਘ ਚੀਮਾ ਨੇ ਸੰਪਰਦਾਇ ਸਰਹਾਲੀ ਸਾਹਿਬ ਦੇ ਮੁੱਖ ਸੇਵਾਦਾਰ ਬਾਬਾ ਸੁੱਖਾ ਸਿੰਘ ਦਾ ਵਿਸ਼ੇਸ਼ ਧੰਨਵਾਦ ਕਰਦਿਆਂ ਆਖਿਆ ਕਿ ਆਫ਼ਤ ਦੇ ਇਸ ਸਮੇਂ ਦੌਰਾਨ ਜੋ ਯੋਗਦਾਨ ਬਾਬਾ ਜੀ ਨੇ ਆਪਣੇ ਸੇਵਾਦਾਰਾਂ ਸਮੇਤ ਪਾਇਆ ਹੈ, ਸਾਡੀ ਜਥੇਬੰਦੀ ਬਾਬਾ ਜੀ ਦਾ ਤਹਿ ਦਿਲੋਂ ਸ਼ੁਕਰਾਨਾ ਕਰਦੀ ਹੈ।ਇਸ ਮੌਕੇ ਬਲਾਕ ਪ੍ਰਧਾਨ ਜੈਮਲ ਸਿੰਘ ਸੈਦੋ ਨੇ ਕਿਹਾ ਕਿ ਪੰਜਾਬ ਦੇ ਜਾਇਆਂ ਨੂੰ ਨਿੱਤ ਨਵੀਆਂ ਮੁਹਿੰਮਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਜਿਸ ਤਰ੍ਹਾਂ ਪੰਜਾਬ ਦੇ ਲੋਕਾਂ ਨੇ ਇਸ ਕੁਦਰਤੀ ਆਫ਼ਤ ਵਿੱਚ ਆਪਣੀ ਏਕਤਾ ਦਾ ਪ੍ਰਗਟਾਵਾ ਕੀਤਾ ਹੈ। ਉਹ ਬਹੁਤ ਹੀ ਸ਼ਲਾਘਾਯੋਗ ਹੈ।

ਇਸ ਮੌਕੇ ਬਲਵਿੰਦਰ ਸਿੰਘ ਕੋਟਲੀ, ਪ੍ਰਭਜੀਤ ਸਿੰਘ ਬਾਠ, ਸ਼ਮਸ਼ੇਰ ਸਿੰਘ ਬਾਜਵਾ, ਸੰਦੀਪ ਕੁਮਾਰ ਕੋਟ ਬੁੱਢਾ ਨੇ ਆਪਣੀਆਂ ਸੇਵਾਵਾਂ ਨਿਭਾਈਆਂ।


## ਉੱਤਰ ਰੇਲਵੇ

### ਈ. ਨਿਵਿਦਾ ਸੂਚਨਾ

ਸੀਨੀਅਰ ਮੰਡਲ ਸੰਕੇਤ ਅਤੇ ਦੂਰਸੰਚਾਰ ਇੰਜੀਨੀਅਰ, ਉੱਤਰ ਰੇਲਵੇ, ਫਿਰੋਜਪੁਰ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਟੈਂਡਰ ਨੰ. 433-ਸਿਗ/ਟੀ-28/25-26 ਈ. ਟੈਂਡਰਿੰਗ ਦੇ ਮਾਧਿਅਮ ਨਾਲ ਮਿਤੀ 01.10.2025 ਨੂੰ 12:30 ਵਜੇ ਤਕ ਵੈਬਸਾਈਟ https://www.ireps.gov.in'ਤੇ ਟੈਂਡਰਾਂ ਦੀ ਮੰਗ ਕੀਤੀ ਜਾਂਦੀ ਹੈ। ਟੈਂਡਰਕਰਤਾ ਆਪਣੇ ਟੈਂਡਰ ਅਸਲੀ/ਸੰਸ਼ੋਧਿਤ ਤੈਅ ਕੀਤੇ ਗਏ ਸਮੇਂ ਅਤੇ ਮਿਤੀ ਤਕ ਜਰੂਰ ਜਮ੍ਹਾ ਕਰਾਉਣ ਇਸ ਟੈਂਡਰ ਦੇ ਤਹਿਤ ਮੈਨੂੰਅਲ ਟੈਂਡਰ ਵਰਜਿਤ ਹੈ ਅਤੇ ਜੇਕਰ ਕੋਈ ਮੈਨੂੰਅਲ ਟੈਂਡਰ ਪ੍ਰਾਪਤ ਹੋਵੇਗੀ ਤਾਂ ਉਹ ਮਾਨਯ ਨਹੀਂ ਹੋਵੇਗੀ।
ਠੇਕੇਦਾਰਾਂ ਦੁਆਰਾ ਟੈਂਡਰ ਡਾਕੂਮੈਂਟ ਦੀ ਕੀਮਤ ਅਤੇ ਬਿਆਨਾ ਰਾਸ਼ੀ ਜੋ ਕਿ ਇਸ ਟੈਂਡਰ ਦੇ ਲਈ ਮਾਨਯ ਹੈ ਉਹ ਕੇਵਲ ਆਈਆਰਈਪੀਐਸ ਪੋਰਟਲ ਜਿਵੇਂ ਕਿ ਨੈਟ ਬੈਂਕਿੰਗ, ਡੈਬਿਟ ਕਾਰਡ, ਕਰੈਡਿਟ ਕਾਰਡ ਆਦਿ ਦੁਆਰਾ ਸਵੀਕ੍ਰਿਤ ਕੀਤੀ ਜਾਵੇਗੀ ਇਸ ਦੇ ਇਲਾਵਾ ਡਿਮਾਂਡ ਡ੍ਰਾਫਟ, ਬੈਂਕਰ ਚੈਕ, ਡਿਪੋਜਿਟ ਰਸੀਦ, ਐਫਡੀਆਰ ਆਦਿ ਦੇ ਮਾਧਿਅਮ ਦੁਆਰਾ ਜਮ੍ਹਾ ਕਰਵਾਈ ਗਈ ਰਾਸ਼ੀ ਮਾਨਯ ਨਹੀਂ ਹੋਵੇਗੀ।
ਐਨ । ਆਈ । ਟੀ

| | | | |
|---|---|---|---|
| ਕੰਮ ਦਾ ਨਾਮ | (i) ਫਿਰੋਜਪੁਰ ਮੰਡਲ ਦੇ ਸਾਹਨੇਵਾਲ-ਜਲੰਧਰ ਸਿਟੀ ਸੈਕਸ਼ਨ ਉੱਤੇ ਬਲਾਕ ਕੰਮ ਦੇ ਲਈ ਦੋਹਰੀ ਪਹਿਚਾਨ ਦਾ ਪ੍ਰਾਵਧਾਨ। (ii) ਏਡੀਐਸਟੀਈ/ਫਿਰੋਜਪੁਰ ਦੇ ਅਨੁਭਾਗਾਂ ਦੇ ਲਈ ਇਕ ਸਾਲ ਦੇ ਲਈ ਅਨੁਭਾਗੀ ਸਿਗਨਲ ਰਖਰਖਾਅ ਕਾਂਟਰੈਕਟ (ਐਸਐਸਐਮਸੀ) | | |
| ਟੈਂਡਰ ਬੰਦ ਕਰਨ ਦੀ ਮਿਤੀ ਅਤੇ ਸਮਾਂ | 01.10.2025 12:30 | ਟੈਂਡਰ ਦੀ ਅਪਲੋਡ ਕਰਨ ਦੀ ਮਿਤੀ ਅਤੇ ਸਮਾਂ | 09.09.2025 16:19 |
| ਅੰਦਾਜਨ ਕੀਮਤ | (i) 7617360.54 (ii) 14984554.68 | ਬਿਡਿੰਗ ਸ਼ੁਰੂ ਦੀ ਮਿਤੀ ਆਈ.ਆਰ.ਈ.ਪੀ.ਐਸ | 17.09.2025 |
| ਬਿਆਨਾ ਰਾਸ਼ੀ(ਰੁ) | (i) 152400.00 (ii) 224900.00 | ਕੰਮ ਪੂਰਾ ਕਰਨ ਦਾ ਸਮਾਂ | (i) 6 ਮਹੀਨੇ (ii) 12 ਮਹੀਨੇ |
| ਨੋਟ | ਨਿਵਿਦਾਕਰਤਾ ਰੈਗੂਲਰ ਤੌਰ ਤੇ ਵੈਬਸਾਈਟ ਦੇ ਸੰਪਰਕ ਵਿਚ ਰਹਿ ਕੇ ਨਿਵਿਦਾ ਸੰਸ਼ੋਧਨਾਂ, ਸ਼ੁਧੀਪੱਤਰ ਆਦਿ ਦੇ ਬਾਰੇ ਵਿਚ ਖੁਦ ਨੂੰ ਅਪਡੇਟ ਰਖਣ। | | |

ਨਿਵਿਦਾ ਸੂਚਨਾ ਨੰ. 433-ਸਿਗ- ਟੀ-28-25-26 ਮਿਤੀ 10.09.2025 ਬੰਦ ਹੋਣ ਦੀ ਮਿਤੀ/ਸਮਾਂ: ਨੂੰ 01.10.2025 ਨੂੰ 12:30 ਵਜੇ 2755/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ


# ਵਿੱਦਿਅਕ ਸੰਸਥਾਵਾਂ ਅਤੇ ਘਰਾਂ 'ਚ ਫੌਗਿੰਗ ਕਰਵਾਈ ਗਈ : ਡਾ. ਗਿੱਲ

ਚੋਹਲਾ ਸਾਹਿਬ (ਰਮਨ ਚੱਢਾ)-ਸਿਵਲ ਸਰਜਨ ਤਰਨ ਤਾਰਨ ਡਾ. ਗੁਰਪ੍ਰੀਤ ਸਿੰਘ ਰਾਏ ਅਤੇ ਜ਼ਿਲ੍ਹਾ ਮਲੇਰੀਆ ਅਫਸਰ ਡਾ. ਰਾਘਵ ਗੁਪਤਾ ਦੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਡਾ. ਜਤਿੰਦਰ ਸਿੰਘ ਗਿੱਲ ਸੀਨੀਅਰ ਮੈਡੀਕਲ ਅਫਸਰ ਇੰਚਾਰਜ ਸੀਐੱਚਸੀ ਸਰਹਾਲੀ ਦੀ ਯੋਗ ਅਗਵਾਈ ਹੇਠ ਲੋਕਾਂ ਦੇ ਘਰਾਂ ਵਿੱਚ ਅਤੇ ਵੱਖ-ਵੱਖ ਵਿੱਦਿਅਕ ਸੰਸਥਾਵਾਂ ਵਿਖੇ ਪਾਣੀ ਤੋਂ ਹੋਣ ਵਾਲੀਆਂ ਬਿਮਾਰੀਆਂ ਦੀ ਰੋਕਥਾਮ ਲਈ ਫੌਗਿੰਗ ਕਰਵਾਈ ਗਈ। ਜਾਣਕਾਰੀ ਦਿੰਦੇ ਡਾ. ਜਤਿੰਦਰ ਸਿੰਘ ਗਿੱਲ ਨੇ ਦੱਸਿਆ ਕਿ ਬੀਤੇ ਕਈ ਦਿਨਾਂ ਤੋਂ ਹੋ ਰਹੀ ਲਗਾਤਾਰ ਬਾਰਿਸ਼ ਕਾਰਨ ਹਰ ਜਗ੍ਹਾ ਪਾਣੀ ਭਰ ਗਿਆ ਹੈ ਜਿਸ ਕਾਰਨ ਡੇਂਗੂ, ਮਲੇਰੀਆ ਅਤੇ ਚਿਕਨਗੁਨੀਆ ਵਰਗੀਆਂ ਬਿਮਾਰੀਆਂ ਫੈਲਣ ਦਾ ਖਦਸ਼ਾ ਬਣਿਆ ਰਹਿੰਦਾ ਹੈ। ਬਚਾਅ ਲਈ ਪਿੰਡ ਮੁੰਡਾ ਪਿੰਡ ਅਤੇ ਜੌਹਲ ਢਾਏ ਵਾਲਾ ਵਿਖੇ ਸਥਿਤ ਸਰਕਾਰੀ ਸਕੂਲਾਂ ਅਤੇ ਘਰ-ਘਰ ਜਾ ਕੇ ਫੌਗਿੰਗ ਕਰਵਾਈ ਗਈ ਹੈ। ਇਸ ਸਮੇਂ ਐੱਸਆਈ ਬਿਕਰਮਜੀਤ ਸਿੰਘ ਨੇ ਦੱਸਿਆ ਕਿ ਸਾਨੂੰ ਰਾਤ ਸੌਣ ਸਮੇਂ ਮੱਛਰ ਭਜਾਉਣ ਵਾਲੀਆਂ ਕਰੀਮਾਂ ਅਤੇ ਤੇਲਾਂ ਦੀ ਵਰਤੋਂ ਕਰਨੀ ਚਾਹੀਦੀ ਹੈ। ਜੇਕਰ ਤੁਹਾਨੂੰ ਤੇਜ਼ ਸਿਰ ਦਰਦ ਜਾਂ ਤੇਜ਼ ਬੁਖਾਰ ਹੈ ਤਾਂ ਤੁਰੰਤ ਨਜ਼ਦੀਕੀ ਸਿਹਤ ਕੇਂਦਰ ਵਿੱਚ ਜਾ ਕੇ ਆਪਣੀ ਜਾਂਚ ਕਰਵਾਓ। ਇਸ ਸਮੇਂ ਜਸਪਿੰਦਰ ਸਿੰਘ ਪ੍ਰਧਾਨ ਹੈਲਥ ਵਰਕਰ, ਗੁਰਦਿਆਲ ਸਿੰਘ ਹੈਲਥ ਵਰਕਰ, ਦਲਜੀਤ ਸਿੰਘ ਹੈਲਥ ਵਰਕਰ, ਸੰਤੋਖ ਸਿੰਘ ਹੈਲਥ ਵਰਕਰ, ਕਵਲਜੀਤ ਸਿੰਘ ਹੈਲਥ ਵਰਕਰ, ਸੁਖਦੀਪ ਸਿੰਘ ਹੈਲਥ ਵਰਕਰ, ਰਜਿੰਦਰ ਸਿੰਘ ਫਤਿਹਗੜ੍ਹ ਚੂੜੀਆਂ ਹੈਲਥ ਵਰਕਰ ਆਦਿ ਹਾਜ਼ਰ ਸਨ।




# ਹੜ੍ਹ ਮਾਰੇ ਇਲਾਕਿਆਂ 'ਚ ਰਾਹਤ ਅਤੇ ਮੁੜ ਵਸੇਬਾ ਕਾਰਜਾਂ ਨੂੰ ਤੇਜ਼ ਕੀਤਾ ਗਿਆ: ਸ਼ੈਰੀ ਕਲਸੀ

ਬਟਾਲਾ, (ਤਰਲੋਕ ਬੱਗਾ)-ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਰਾਹਤ ਅਤੇ ਪੁਨਰਵਾਸ ਕਾਰਜਾਂ ਨੂੰ ਤੇਜ਼ ਕੀਤਾ ਗਿਆ ਹੈ ਤਾਂ ਜੋ ਹੜ੍ਹ ਪ੍ਰਭਾਵਿਤ ਲੋਕਾਂ ਦੀ ਜ਼ਿੰਦਗੀ ਮੁੜ ਪਟੜੀ 'ਤੇ ਆ ਕੇ ਰਫਤਾਰ ਫੜ ਸਕੇ।ਲੋਕਾਂ ਦੀਆਂ ਮੁਸ਼ਕਿਲਾਂ ਸੁਣਦਿਆਂ ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਰਾਜ ਸਰਕਾਰ ਵਲੋਂ ਪ੍ਰਸ਼ਾਸਨ ਦੀਆਂ ਟੀਮਾਂ ਹਰ ਪ੍ਰਭਾਵਿਤ ਪਿੰਡ ਦੇ ਘਰ-ਘਰ ਤੱਕ ਪਹੁੰਚ ਕਰ ਰਹੀਆਂ ਹਨ ਅਤੇ ਅਧਿਕਾਰੀਆਂ ਨੂੰ ਇਹ ਯਕੀਨੀ ਬਣਾਉਣ ਲਈ ਕਿਹਾ ਜਾ ਰਿਹਾ ਕਿ ਕੋਈ ਵੀ ਲੋੜਵੰਦ ਵਿਅਕਤੀ ਸਰਕਾਰੀ ਰਾਹਤ ਤੇ ਮਦਦ ਤੋਂ ਵਾਂਝਾ ਨਾ ਰਹੇ।ਉਨ੍ਹਾਂ ਕਿਹਾ ਕਿ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਜਿਨ੍ਹਾਂ ਵਿਅਕਤੀਆਂ ਦੇ ਘਰਾਂ ਨੂੰ ਨੁਕਸਾਨ ਪਹੁੰਚਿਆ ਹੈ ਉਨ੍ਹਾਂ ਨੂੰ ਬਿਨਾਂ ਕਿਸੇ ਦੇਰੀ ਉਨ੍ਹਾਂ ਨੂੰ ਮੁਆਵਜ਼ਾ ਦੇਣਾ ਸ਼ੁਰੂ ਕੀਤਾ ਜਾਵੇਗਾ।ਇਸ ਦੇ ਨਾਲ ਹੀ ਸਬੰਧਤ ਵਿਭਾਗਾਂ ਵਲੋਂ ਹੜ੍ਹਾਂ ਕਾਰਨ ਫਸਲਾਂ, ਪਸ਼ੂਆਂ ਅਤੇ ਬੁਨਿਆਦੀ ਢਾਂਚੇ ਨੂੰ ਪਹੁੰਚੇ ਨੁਕਸਾਨ ਦੀ ਰਿਪੋਰਟ ਤਿਆਰ ਕਰਨ ਦੀ ਹਦਾਇਤ ਕੀਤੀ ਜਾ ਚੁੱਕੀ ਹੈ।ਸਿਹਤ ਵਿਭਾਗ ਵੱਲੋਂ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਮੈਡੀਕਲ ਕੈਂਪ ਲਗਾਤਾਰ ਲਗਾਏ ਜਾ ਰਹੇ ਹਨ, ਟੀਮਾਂ ਘਰ-ਘਰ ਜਾ ਕੇ ਲੋਕਾਂ ਨੂੰ ਬਿਮਾਰੀਆਂ ਤੋਂ ਬਚਣ ਲਈ ਜਾਗਰੂਕ ਕਰ ਰਹੀਆਂ ਹਨ। ਲਗਾਤਾਰ ਫੌਗਿੰਗ ਵੀ ਕਰਵਾਈ ਜਾ ਰਹੀ ਹੈ। ਇਸੇ ਤਰ੍ਹਾਂ ਪਸ਼ੂ ਪਾਲਣ ਵਿਭਾਗ ਵੱਲੋਂ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਪਸ਼ੂਆਂ ਦਾ ਇਲਾਜ ਕਰਨ ਦੇ ਨਾਲ ਪਸ਼ੂਆਂ ਦੇ ਚਾਰੇ ਦਾ ਵੀ ਪ੍ਰਬੰਧ ਕੀਤਾ ਗਿਆ ਹੈ।



# ਸੀਐੱਮਡੀ ਪਾਵਰਕਾਮ ਅਜੋਏ ਕੁਮਾਰ ਸਿਨਹਾ ਨੇ ਵੱਖ-ਵੱਖ ਬਿਜਲੀ ਘਰਾਂ ਦਾ ਕੀਤਾ ਦੌਰਾ

**ਫ਼ਤਿਹਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)**-ਬੀਤੇ ਦਿਨ ਪੰਜਾਬ ਰਾਜ ਪਾਵਰਕਾਮ ਲਿਮ. ਦੇ ਸੀ. ਐੱਮ. ਡੀ. ਅਜੋਏ ਕੁਮਾਰ ਸਿਨਹਾ (ਆਈ.ਏ.ਐੱਸ) ਅਤੇ ਡਾਇਰੈਕਟ ਡੀ. ਇੰਦਰਪਾਲ ਸਿੰਘ ਵੱਲੋਂ ਸਾਂਝੇ ਤੌਰ 'ਤੇ 66 ਕੇਵੀ ਸਬ ਸਟੇਸ਼ਨ ਰਮਦਾਸ, 66 ਕੇਵੀ ਸਬ ਸਟੇਸ਼ਨ ਸ਼ਹਿਜ਼ਾਦਾ ਅਤੇ 66 ਕੇ.ਵੀ ਸਬ ਸਟੇਸ਼ਨ ਡੇਰਾ ਬਾਬਾ ਨਾਨਕ ਦਾ ਦੌਰਾ ਕੀਤਾ ਗਿਆ।



ਇਸ ਦੌਰਾਨ ਉਨ੍ਹਾਂ ਵੱਲੋਂ ਹੜ੍ਹਾਂ ਨਾਲ ਬਿਜਲੀ ਘਰਾਂ ਦੇ ਹੋਏ ਨੁਕਸਾਨ ਦਾ ਜਾਇਜ਼ਾ ਲਿਆ ਗਿਆ ਅਤੇ ਨਾਲ ਹੀ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕੀਤਾ ਗਿਆ।ਉਨ੍ਹਾਂ ਨੇ ਅਧਿਕਾਰੀਆਂ ਨੂੰ ਬਿਜਲੀ ਦੀ ਸਪਲਾਈ ਨੂੰ ਸੁਚਾਰੂ ਰੂਪ ਵਿੱਚ ਚਲਾਉਣ ਅਤੇ ਹੜ੍ਹਾਂ ਨਾਲ ਪ੍ਰਭਾਵਿਤ ਹੋਏ ਖੇਤਰਾਂ ਵਿੱਚ ਬਿਜਲੀ ਸਪਲਾਈ ਨੂੰ ਸਮੇਂ ਨਾਲ ਬਹਾਲ ਕਰਨ ਦੀ ਹਦਾਇਤ ਕੀਤੀ।ਉਨ੍ਹਾਂ ਕਿਹਾ ਕਿ ਬਿਜਲੀ ਅਧਿਕਾਰੀ ਖੁਦ ਫੀਲਡ ਵਿੱਚ ਜਾ ਕੇ ਮੌਕਾ ਵੇਖਣ ਅਤੇ ਸਪਲਾਈ ਦੀ ਬਹਾਲੀ ਸਬੰਧੀ ਢੁੱਕਵੇਂ ਕਦਮ ਚੁੱਕੇ ਜਾਣ।

ਇਸ ਮੌਕੇ ਉਨ੍ਹਾਂ ਨਾਲ ਰਾਜੀਵ ਪ੍ਰਾਸ਼ਰ ਮੁੱਖ ਇੰਜੀ. ਬਾਰਡਰ ਜੋਨ ਅੰਮ੍ਰਿਤਸਰ, ਬਲਕਾਰ ਸਿੰਘ ਉੱਪ ਮੁੱਖ ਇੰਜੀ.ਸਬ-ਅਰਬਨ ਹਲਕਾ ਅੰਮ੍ਰਿਤਸਰ, ਅਨੀਸ਼ਦੀਪ ਸਿੰਘ ਵਧੀਕ ਨਿਗਰਾਨ ਇੰਜੀ. ਅਜਨਾਲਾ ਮੰਡਲ, ਜਗਤਾਰ ਸਿੰਘ ਸੀਨੀਅਰ ਕਾਰਜਕਾਰੀ ਇੰਜੀ. (ਦਿਹਾਤੀ) ਮੰਡਲ ਬਟਾਲਾ ਅਤੇ ਵੱਖ-ਵੱਖ ਡਵੀਜ਼ਨਾਂ ਦੇ ਐੱਸਡੀਓ ਸਮੇਤ ਅਨੇਕਾਂ ਅਧਿਕਾਰੀ ਹਾਜ਼ਿਰ ਰਹੇ।


## ਉੱਤਰ ਰੇਲਵੇ

### ਈ. ਨਿਵਿਦਾ ਸੂਚਨਾ

ਸੀਨੀਅਰ ਮੰਡਲ ਸੰਕੇਤ ਅਤੇ ਦੂਰਸੰਚਾਰ ਇੰਜੀਨੀਅਰ, ਉੱਤਰ ਰੇਲਵੇ, ਫਿਰੋਜਪੁਰ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਟੈਂਡਰ ਨੰ. 433-ਸਿਗ/ਟੀ-28/25-26 ਈ. ਟੈਂਡਰਿੰਗ ਦੇ ਮਾਧਿਅਮ ਨਾਲ ਮਿਤੀ 01.10.2025 ਨੂੰ 12:30 ਵਜੇ ਤਕ ਵੈਬਸਾਈਟ https://www.ireps.gov.in'ਤੇ ਟੈਂਡਰਾਂ ਦੀ ਮੰਗ ਕੀਤੀ ਜਾਂਦੀ ਹੈ। ਟੈਂਡਰਕਰਤਾ ਆਪਣੇ ਟੈਂਡਰ ਅਸਲੀ/ਸੰਸ਼ੋਧਿਤ ਤੈਅ ਕੀਤੇ ਗਏ ਸਮੇਂ ਅਤੇ ਮਿਤੀ ਤਕ ਜਰੂਰ ਜਮ੍ਹਾ ਕਰਾਉਣ ਇਸ ਟੈਂਡਰ ਦੇ ਤਹਿਤ ਮੈਨੂੰਅਲ ਟੈਂਡਰ ਵਰਜਿਤ ਹੈ ਅਤੇ ਜੇਕਰ ਕੋਈ ਮੈਨੂੰਅਲ ਟੈਂਡਰ ਪ੍ਰਾਪਤ ਹੋਵੇਗੀ ਤਾਂ ਉਹ ਮਾਨਯ ਨਹੀਂ ਹੋਵੇਗੀ।
ਠੇਕੇਦਾਰਾਂ ਦੁਆਰਾ ਟੈਂਡਰ ਡਾਕੂਮੈਂਟ ਦੀ ਕੀਮਤ ਅਤੇ ਬਿਆਨਾ ਰਾਸ਼ੀ ਜੋ ਕਿ ਇਸ ਟੈਂਡਰ ਦੇ ਲਈ ਮਾਨਯ ਹੈ ਉਹ ਕੇਵਲ ਆਈਆਰਈਪੀਐਸ ਪੋਰਟਲ ਜਿਵੇਂ ਕਿ ਨੈਟ ਬੈਂਕਿੰਗ, ਡੈਬਿਟ ਕਾਰਡ, ਕਰੈਡਿਟ ਕਾਰਡ ਆਦਿ ਦੁਆਰਾ ਸਵੀਕ੍ਰਿਤ ਕੀਤੀ ਜਾਵੇਗੀ ਇਸ ਦੇ ਇਲਾਵਾ ਡਿਮਾਂਡ ਡ੍ਰਾਫਟ, ਬੈਂਕਰ ਚੈਕ, ਡਿਪੋਜਿਟ ਰਸੀਦ, ਐਫਡੀਆਰ ਆਦਿ ਦੇ ਮਾਧਿਅਮ ਦੁਆਰਾ ਜਮ੍ਹਾ ਕਰਵਾਈ ਗਈ ਰਾਸ਼ੀ ਮਾਨਯ ਨਹੀਂ ਹੋਵੇਗੀ।
ਐਨ । ਆਈ । ਟੀ

| | | | |
|---|---|---|---|
| ਕੰਮ ਦਾ ਨਾਮ | (i) ਫਿਰੋਜਪੁਰ ਮੰਡਲ ਦੇ ਸਾਹਨੇਵਾਲ-ਜਲੰਧਰ ਸਿਟੀ ਸੈਕਸ਼ਨ ਉੱਤੇ ਬਲਾਕ ਕੰਮ ਦੇ ਲਈ ਦੋਹਰੀ ਪਹਿਚਾਨ ਦਾ ਪ੍ਰਾਵਧਾਨ। (ii) ਏਡੀਐਸਟੀਈ/ਫਿਰੋਜਪੁਰ ਦੇ ਅਨੁਭਾਗਾਂ ਦੇ ਲਈ ਇਕ ਸਾਲ ਦੇ ਲਈ ਅਨੁਭਾਗੀ ਸਿਗਨਲ ਰਖਰਖਾਅ ਕਾਂਟਰੈਕਟ (ਐਸਐਸਐਮਸੀ) | | |
| ਟੈਂਡਰ ਬੰਦ ਕਰਨ ਦੀ ਮਿਤੀ ਅਤੇ ਸਮਾਂ | 01.10.2025 12:30 | ਟੈਂਡਰ ਦੀ ਅਪਲੋਡ ਕਰਨ ਦੀ ਮਿਤੀ ਅਤੇ ਸਮਾਂ | 09.09.2025 16:19 |
| ਅੰਦਾਜਨ ਕੀਮਤ | (i) 7617360.54 (ii) 14984554.68 | ਬਿਡਿੰਗ ਸ਼ੁਰੂ ਦੀ ਮਿਤੀ ਆਈ.ਆਰ.ਈ.ਪੀ.ਐਸ | 17.09.2025 |
| ਬਿਆਨਾ ਰਾਸ਼ੀ(ਰੁ) | (i) 152400.00 (ii) 224900.00 | ਕੰਮ ਪੂਰਾ ਕਰਨ ਦਾ ਸਮਾਂ | (i) 6 ਮਹੀਨੇ (ii) 12 ਮਹੀਨੇ |
| ਨੋਟ | ਨਿਵਿਦਾਕਰਤਾ ਰੈਗੂਲਰ ਤੌਰ ਤੇ ਵੈਬਸਾਈਟ ਦੇ ਸੰਪਰਕ ਵਿਚ ਰਹਿ ਕੇ ਨਿਵਿਦਾ ਸੰਸ਼ੋਧਨਾਂ, ਸ਼ੁਧੀਪੱਤਰ ਆਦਿ ਦੇ ਬਾਰੇ ਵਿਚ ਖੁਦ ਨੂੰ ਅਪਡੇਟ ਰਖਣ। | | |

ਨਿਵਿਦਾ ਸੂਚਨਾ ਨੰ. 433-ਸਿਗ- ਟੀ-28-25-26 ਮਿਤੀ 10.09.2025 ਬੰਦ ਹੋਣ ਦੀ ਮਿਤੀ/ਸਮਾਂ: ਨੂੰ 01.10.2025 ਨੂੰ 12:30 ਵਜੇ 2755/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

11 Sep Page 12.qxd 9/10/2025 10:24 PM Page 1



# ਐਬਟਸਫੋਰਡ ਦੇ ਗੁਰਦੁਆਰਾ ਸਾਹਿਬ ਵਿਖੇ ਭਾਈ ਕਰਮ ਸਿੰਘ ਦੌਲਤਪੁਰ ਨਮਿਤ ਸ਼ਹੀਦੀ ਸਮਾਗਮ

**ਜਲੰਧਰ (ਨ ਜ਼ ਸ)**- ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਰਾਜ ਦੇ ਸ਼ਹਿਰ ਐਬਟਸਫੋਰਡ ਦੇ ਹੈਰੀਟੇਜ ਗੁਰਦੁਆਰਾ ਸਾਹਿਬ ਵਿਖੇ ਖ਼ਾਲਸਾ ਦੀਵਾਨ ਸੁਸਾਇਟੀ ਐਬਟਸਫੋਰਡ ਵੱਲੋਂ ਉੱਘੇ ਗ਼ਦਰੀ ਅਤੇ ਬੱਬਰ ਅਕਾਲੀ ਦੇਸ਼ ਭਗਤ ਭਾਈ ਕਰਮ ਸਿੰਘ ਦੌਲਤਪੁਰ ਦੇ ਸ਼ਹੀਦੀ ਦਿਵਸ ਨੂੰ ਸਮਰਪਿਤ ਸਮਾਗਮ 7 ਸਤੰਬਰ ਨੂੰ ਆਯੋਜਨ ਕੀਤਾ ਗਿਆ। ਸਮਾਗਮ ਦੇ ਆਰੰਭ ਵਿੱਚ ਸਹਿਜ ਪਾਠ ਦੇ ਭੋਗ ਉਪਰੰਤ ਭਾਈ ਪ੍ਰੀਤਮ ਸਿੰਘ ਦੇਹਰਾਦੂਨ ਵਾਲਿਆਂ ਦੇ ਜਥੇ ਨੇ ਗੁਰਬਾਣੀ ਦਾ ਮਨੋਹਰ ਕੀਰਤਨ ਕੀਤਾ। ਇਸ ਉਪਰੰਤ ਖ਼ਾਲਸਾ ਦੀਵਾਨ ਸੁਸਾਇਟੀ ਐਬਟਸਫੋਰਡ ਦੇ ਪ੍ਰਧਾਨ ਰਜਿੰਦਰ ਸਿੰਘ ਢਿੱਲੋਂ ਨੇ ਸਮਾਗਮ ਵਿਚ ਪੁੱਜੀਆਂ ਸੰਗਤਾਂ ਨੂੰ ਜੀ ਆਇਆਂ ਨੂੰ ਕਹਿੰਦਿਆਂ ਸ਼ਹੀਦ ਦੇਸ਼ ਭਗਤ ਭਾਈ ਕਰਮ ਸਿੰਘ ਦੌਲਤਪੁਰ ਦੀ ਲਾਸਾਨੀ ਸ਼ਹਾਦਤ ਨੂੰ ਯਾਦ ਕਰਦਿਆਂ ਆਪਣੀ ਸ਼ਰਧਾ ਦੇ ਫੁੱਲ ਭੇਟ ਕੀਤੇ ਅਤੇ ਇਸ ਇਤਿਹਾਸਕ ਦਿਹਾੜੇ ਨੂੰ ਹਰ ਸਾਲ ਪੂਰਨ ਮਾਣ ਮਰਯਾਦਾ ਨਾਲ ਮਨਾਉਣ ਦਾ ਅਹਿਦ ਕੀਤਾ। ਇਸ ਉਪਰੰਤ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਨੁਮਾਇੰਦੇ ਡਾ. ਗੋਪਾਲ ਸਿੰਘ ਬੁੱਟਰ ਨੇ ਸ਼ਹੀਦ ਭਾਈ ਕਰਮ ਸਿੰਘ ਦੌਲਤਪੁਰ ਜਿਨ੍ਹਾਂ ਨੇ ਪਹਿਲਾਂ ਗ਼ਦਰੀ ਸੰਘਰਸ਼ ਲਈ ਮਹੱਤਵਪੂਰਨ ਕਾਰਜ ਕੀਤਾ ਅਤੇ ਬਾਅਦ ਵਿੱਚ ਬੱਬਰ ਅਕਾਲੀ ਲਹਿਰ ਵਿੱਚ ਜੂਝਦਿਆਂ ਆਪਣਾ ਤਨ, ਮਨ ਤੇ ਧਨ ਦੇਸ਼ ਤੋਂ ਨਿਛਾਵਰ ਕਰ ਦਿੱਤਾ ਦੇ ਇਨਕਲਾਬੀ ਜੀਵਨ ਅਤੇ ਯੋਗਦਾਨ ਬਾਰੇ ਜਾਣਕਾਰੀ ਦਿੱਤੀ। ਇਸ ਉਪਰੰਤ ਸੋਸਾਇਟੀ ਦੇ ਸਾਬਕਾ ਜਨਰਲ ਸਕੱਤਰ ਰਜਿੰਦਰ ਸਿੰਘ ਗਰੇਵਾਲ ਨੇ ਦੱਸਿਆ ਕਿ ਭਾਈ ਸਾਹਿਬ ਨੇ 1914 ਵਿੱਚ ਗ਼ਦਰੀ ਸੰਘਰਸ਼ ਵਿੱਚ ਸ਼ਾਮਲ ਹੋਣ ਲਈ ਭਾਰਤ ਵਾਪਸ ਜਾਣ ਲੱਗਿਆਂ ਹੈਰੀਟੇਜ ਗੁਰਦੁਆਰਾ ਸਾਹਿਬ ਦੇ ਸਾਹਮਣੇ ਵਾਲੀ ਆਪਣੀ ਜ਼ਮੀਨ ਗੁਰਦੁਆਰਾ ਸਾਹਿਬ ਨੂੰ ਦਾਨ ਕਰ ਦਿੱਤੀ ਸੀ। ਇਸ ਉਪਰੰਤ ਭਾਈ ਜਰਨੈਲ ਸਿੰਘ ਨੂਰਮਹਿਲ ਵਾਲਿਆਂ ਨੇ ਬੱਬਰ ਅਕਾਲੀ ਲਹਿਰ ਦੇ ਸ਼ਹੀਦਾਂ ਦੀਆਂ ਵਾਰਾਂ ਦਾ ਗਾਇਨ ਪ੍ਰਸਤੁਤ ਕੀਤਾ । ਸਮੁੱਚੇ ਸਮਾਗਮ ਦੇ ਪ੍ਰਬੰਧਾਂ ਦੀ ਜ਼ਿੰਮੇਵਾਰੀ ਉੱਘੇ ਪ੍ਰਵਾਸੀ ਲੇਖਕ ਗੁਰਦੇਵ ਸਿੰਘ ਬਰਾੜ, ਸੋਸਾਇਟੀ ਦੇ ਉਪ ਪ੍ਰਧਾਨ ਮੱਖਣ ਸਿੰਘ ਗਿੱਲ, ਖਜ਼ਾਨਚੀ ਅਮਰ ਸਿੰਘ ਧਾਲੀਵਾਲ, ਬਲਜਿੰਦਰ ਸਿੰਘ ਬੈਂਸ, ਗੁਰਬੀਰ ਸਿੰਘ ਬਰਾੜ, ਬਲਹਾਰ ਸਿੰਘ ਤੱਖਰ, ਅਮਰਜੀਤ ਸਿੰਘ ਨਾਰੰਗ, ਮਨਜਿੰਦਰ ਸਿੰਘ ਔਜਲਾ, ਅਮਰੀਕ ਸਿੰਘ ਵਿਰਕ, ਸੁਰਜੀਤ ਸਿੰਘ ਸਿੱਧੂ, ਮਲਕੀਤ ਸਿੰਘ ਤੂਰ ਅਤੇ ਗੁਰਮੇਲ ਸਿੰਘ ਸੰਧੂ ਨੇ ਬਾਖ਼ੂਬੀ ਨਿਭਾਈ। ਸਮਾਗਮ ਦੌਰਾਨ ਡਾ.ਗੋਪਾਲ ਸਿੰਘ ਬੁੱਟਰ ਨੂੰ ਖ਼ਾਲਸਾ ਦੀਵਾਨ ਸੁਸਾਇਟੀ ਐਬਟਸਫੋਰਡ ਵੱਲੋਂ ਸਨਮਾਨਤ ਕੀਤਾ ਗਿਆ। ਸਮਾਗਮ ਦਾ ਮੰਚ ਕਰਦਿਆਂ ਸੁਸਾਇਟੀ ਦੇ ਜਨਰਲ ਸਕੱਤਰ ਲਖਵਿੰਦਰ ਸਿੰਘ ਬਾਗੀ ਨੇ ਦੱਸਿਆ ਕਿ ਸੁਸਾਇਟੀ ਵੱਲੋਂ ਡਾ. ਬੁੱਟਰ ਨੂੰ ਭਾਈ ਕਰਮ ਸਿੰਘ ਦੌਲਤਪੁਰ ਦੇ ਮਹਾਨ ਜੀਵਨ ਸੰਬੰਧੀ ਖੋਜ ਕਰਨ ਲਈ ਬੇਨਤੀ ਕੀਤੀ ਗਈ ਹੈ ਤਾਂ ਜੋ ਉਸ ਨੂੰ ਪ੍ਰਕਾਸ਼ਿਤ ਕਰਕੇ ਸੰਗਤਾਂ ਤਕ ਪਹੁੰਚਾਇਆ ਜਾਵੇ।ਸਮਾਗਮ ਦੇ ਅੰਤ ਵਿੱਚ ਸਮਾਗਮ ਲਈ ਸੰਗਤਾਂ ਵੱਲੋਂ ਮਿਲੇ ਸਹਿਯੋਗ ਲਈ ਸੁਸਾਇਟੀ ਵੱਲੋਂ ਧੰਨਵਾਦ ਕੀਤਾ ਗਿਆ।



# 50 ਹਜ਼ਾਰ ਰਿਸ਼ਵਤ ਲੈਣ ਵਾਲਾ ਸਹਾਇਕ ਸਬ ਇੰਸਪੈਕਟਰ ਗ੍ਰਿਫ਼ਤਾਰ

**ਕਪੂਰਥਲਾ (ਬਲਵੀਰ ਸ਼ਾਲ੍ਹਪੁਰੀ)**- ਪੰਜਾਬ ਵਿਜੀਲੈਂਸ ਬਿਊਰੋ ਨੇ ਭ੍ਰਿਸ਼ਟਾਚਾਰ ਵਿਰੁੱਧ ਚਲਾਈ ਮੁਹਿੰਮ ਦੌਰਾਨ ਕਪੂਰਥਲਾ ਜ਼ਿਲ੍ਹੇ ਦੇ ਥਾਣਾ ਸਿਟੀ ਕਪੂਰਥਲਾ ਵਿੱਚ ਤਾਇਨਾਤ ਸਹਾਇਕ ਸਬ ਇੰਸਪੈਕਟਰ ਰਾਜਵਿੰਦਰ ਸਿੰਘ (691/ਕਪੂਰਥਲਾ) ਅਤੇ ਸਿਪਾਹੀ ਬਲਤੇਜ ਸਿੰਘ ਨੂੰ 50 ਹਜ਼ਾਰ ਰੁਪਏ ਦੀ ਰਿਸ਼ਵਤ ਮੰਗਣ ਤੇ ਕਬੂਲ ਕਰਨ ਦੇ ਦੋਸ਼ ਤਹਿਤ ਨਾਮਜ਼ਦ ਕੀਤਾ ਹੈ। ਰਾਜਵਿੰਦਰ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਇਸ ਬਾਰੇ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਊਰੋ ਦੇ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਇਹ ਗ੍ਰਿਫ਼ਤਾਰੀਆਂ ਇੱਕ ਇੰਗਲੈਂਡ ਨਿਵਾਸੀ ਐਨ ਆਰ ਆਈ ਮਹਿਲਾ, ਜੋ ਇਸ ਸਮੇਂ ਮੁੰਬਈ ਵਿੱਚ ਰਹਿੰਦੀ ਹੈ, ਵੱਲੋਂ ਮੁੱਖ ਮੰਤਰੀ ਦੀ ਐਂਟੀ-ਕੁਰੱਪਸ਼ਨ ਐਕਸ਼ਨ ਲਾਈਨ 'ਤੇ ਦਿੱਤੀ ਗਈ ਸ਼ਿਕਾਇਤ ਦੀ ਜਾਂਚ ਦੇ ਆਧਾਰ 'ਤੇ ਕੀਤੀਆਂ ਗਈਆਂ।ਬੁਲਾਰੇ ਨੇ ਦੱਸਿਆ ਕਿ ਸ਼ਿਕਾਇਤ ਅਨੁਸਾਰ ਉਕਤ ਏ.ਐਸ.ਆਈ. ਨੇ ਸ਼ਿਕਾਇਤਕਰਤਾ ਦੇ ਐਨ ਆਰ ਆਈ ਦੋਸਤ ਦੀ ਪੁਲਸ ਵੱਲੋਂ ਇੱਕ ਮਾਮਲੇ ਵਿੱਚ ਗ੍ਰਿਫ਼ਤਾਰੀ ਮੌਕੇ ਅਦਾਲਤ ਤੋਂ ਜ਼ਮਾਨਤ ਲੈਣ ਵਿੱਚ ਮਦਦ ਕਰਨ ਬਦਲੇ 50 ਹਜ਼ਾਰ ਰੁਪਏ ਦੀ ਰਿਸ਼ਵਤ ਲਈ ਸੀ। ਰਿਸ਼ਵਤ ਦੀ ਰਕਮ ਪ੍ਰਾਪਤ ਕਰਨ ਲਈ ਇਹਨਾਂ ਪੁਲਸ ਮੁਲਾਜ਼ਮਾਂ ਨੇ ਉਸ ਨੂੰ ਬੈਂਕ ਦੇ ਏ ਟੀ ਐਮ ਤੋਂ ਪੈਸੇ ਕਢਵਾਉਣ ਲਈ ਵੀ ਬਾਹਰ ਭੇਜ ਦਿੱਤਾ ਸੀ। ਇਸ ਤੋਂ ਬਾਅਦ ਉਕਤ ਪੁਲਸ ਮੁਲਾਜ਼ਮਾਂ ਨੇ ਸ਼ਿਕਾਇਤਕਰਤਾ ਤੋਂ ਅਦਾਲਤੀ ਕਾਰਵਾਈ ਵਿੱਚ ਉਸ ਦੇ ਸਾਥੀ ਦੀ ਮਦਦ ਕਰਨ ਬਦਲੇ 5 ਹਜ਼ਾਰ ਰੁਪਏ ਹੋਰ ਮੰਗੇ ਸਨ ਜਿਸ ਦੀ ਉਸ ਨੇ ਰਿਕਾਰਡਿੰਗ ਕਰਕੇ ਆਨਲਾਈਨ ਸ਼ਿਕਾਇਤ ਦਰਜ ਕਰਾ ਦਿੱਤੀ। ਬੁਲਾਰੇ ਨੇ ਦੱਸਿਆ ਕਿ ਜਾਂਚ ਦੌਰਾਨ ਸ਼ਿਕਾਇਤ ਵਿੱਚ ਲਗਾਏ ਦੋਸ਼ ਸੱਚੇ ਪਾਏ ਗਏ। ਇਸ ਤੋਂ ਬਾਅਦ ਉਕਤ ਦੋਵੇਂ ਮੁਲਜ਼ਮਾਂ ਖ਼ਿਲਾਫ਼ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਅਧੀਨ ਬਿਊਰੋ ਦੇ ਥਾਣਾ, ਜਲੰਧਰ ਰੇਂਜ ਵਿੱਚ ਮੁਕੱਦਮਾ ਦਰਜ ਕਰਕੇ ਗ੍ਰਿਫ਼ਤਾਰ ਕਰ ਲਿਆ ਹੈ।



# ਸਤਿਗੁਰੂ ਨਿਰੰਜਨ ਦਾਸ ਡੇਰਾ ਸੱਚਖੰਡ ਬੱਲਾਂ ਨੇ ਸਮਾਗਮ ਦਾ ਪੋਸਟਰ ਕੀਤਾ ਜਾਰੀ



**ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)**- ਡਾਕਟਰ ਕੁਲਵਿੰਦਰ ਸਿੰਘ ਜੰਡੋਲੀ ਪ੍ਰਧਾਨ ਸਤਿਗੁਰੂ ਨਿਰੰਜਨ ਦਾਸ ਜੀ ਮਹਾਰਾਜ ਟਰੱਸਟ, ਕੁਲਦੀਪ ਸਿੰਘ ਪ੍ਰਧਾਨ ਸਤਿਗੁਰੂ ਰਵਿਦਾਸ ਵੈਲਫੇਅਰ ਸੋਸਾਇਟੀ, ਭਗਤ ਹਰਬੰਸ ਲਾਲ ਅਤੇ ਬਲਵੀਰ ਸਿੰਘ ਸਰਪੰਚ ਪਿੰਡ ਜੰਡੋਲੀ ਵੱਲੋਂ ਸਾਂਝੇ ਤੌਰ 'ਤੇ ਪ੍ਰਾਪਤ ਹੋਈ ਜਾਣਕਾਰੀ ਅਨੁਸਾਰ 10ਵਾਂ ਸੰਤ ਸੰਮੇਲਨ 16 ਅਕਤੂਬਰ ਨੂੰ ਪਿੰਡ ਜੰਡੋਲੀ ਵਿਖੇ ਕਰਵਾਇਆ ਜਾ ਰਿਹਾ ਹੈ, ਜਿਸ ਵਿੱਚ ਡੇਰਾ ਸੱਚਖੰਡ ਬੱਲਾਂ ਤੋਂ ਸਤਿਗੁਰੂ ਨਿਰੰਜਨ ਦਾਸ ਮਹਾਰਾਜ ਵਿਸ਼ੇਸ਼ ਤੌਰ 'ਤੇ ਸੰਗਤਾਂ ਨੂੰ ਦਰਸ਼ਨ ਦੇਣਗੇ। ਇਸ ਸਮਾਗਮ ਦਾ ਪੋਸਟਰ ਡੇਰਾ ਬੱਲਾਂ ਵਿਖੇ ਸਤਿਗੁਰੂ ਨਿਰੰਜਨ ਦਾਸ ਮਹਾਰਾਜ ਵੱਲੋਂ ਜਾਰੀ ਕੀਤਾ ਗਿਆ। ਕੁਲਵਿੰਦਰ ਸਿੰਘ ਜੰਡੋਲੀ ਅਤੇ ਸਮਾਗਮ ਦੇ ਬਾਕੀ ਪ੍ਰਬੰਧਕਾਂ ਨੇ ਦੱਸਿਆ ਕਿ ਪਹਿਲਾਂ ਇਹ ਸਮਾਗਮ 15 ਸਤੰਬਰ ਨੂੰ ਕਰਵਾਉਣਾ ਸੀ। ਪਰ ਪਿਛਲੇ ਦਿਨਾਂ ਤੋਂ ਪੰਜਾਬ ਵਿੱਚ ਹੋ ਰਹੀ ਬਾਰਸ਼ ਅਤੇ ਹੜ੍ਹਾਂ ਕਾਰਨ ਸਾਰਾ ਜਨਜੀਵਨ ਪ੍ਰਭਾਵਤ ਹੋਇਆ ਪਿਆ ਹੈ। ਹਾਲਾਤ ਨੂੰ ਮੁੱਖ ਰੱਖਦੇ ਹੋਏ ਹੁਣ ਇਹ ਸਮਾਗਮ 16 ਅਕਤੂਬਰ ਨੂੰ ਰੱਖਿਆ ਗਿਆ ਹੈ।

# ਹੜ੍ਹ ਪ੍ਰਭਾਵਤ ਖੇਤਰਾਂ ਲਈ ਪੀਣ ਵਾਲਾ ਪਾਣੀ ਭੇਜਿਆ



**ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)**- ਡੇਰਾ ਬਾਪੂ ਗੰਗਾ ਦਾਸ ਮਾਹਿਲਪੁਰ ਦੇ ਮੁੱਖ ਸੇਵਾਦਾਰ ਦਾਸ ਮਨਦੀਪ ਸਿੰਘ ਦੀ ਯੋਗ ਅਗਵਾਈ ਹੇਠ ਹੜ੍ਹਾਂ ਨਾਲ ਪ੍ਰਭਾਵਤ ਇਲਾਕੇ ਵਿੱਚ ਪੀਣ ਵਾਲੇ ਪਾਣੀ ਦੀਆਂ ਪੇਟੀਆਂ ਭੇਜੀਆਂ ਗਈਆਂ ਅਤੇ ਲੋੜਵੰਦਾਂ ਨੂੰ ਲੋੜੀਂਦਾ ਘਰੇਲੂ ਸਮਾਨ ਦਿੱਤਾ ਗਿਆ। ਇਸ ਮੌਕੇ ਦਾਸ ਮਨਦੀਪ ਸਿੰਘ ਨੇ ਕਿਹਾ ਕਿ ਪਿਛਲੇ ਸਮੇਂ ਦੌਰਾਨ ਪੰਜਾਬ ਵਿੱਚ ਲਗਾਤਾਰ ਹੋਈ ਬਾਰਸ਼ ਅਤੇ ਹੜ੍ਹਾਂ ਦੇ ਪਾਣੀ ਨੇ ਪੰਜਾਬ ਵਾਸੀਆਂ ਦਾ ਕਾਫੀ ਨੁਕਸਾਨ ਕੀਤਾ। ਇਸ ਦੁੱਖ ਦੀ ਘੜੀ ਵਿੱਚ ਸਾਨੂੰ ਲੋੜਵੰਦਾਂ ਦੀ ਮਦਦ ਲਈ ਅੱਗੇ ਆਉਣਾ ਚਾਹੀਦਾ ਹੈ।ਇਸ ਮੌਕੇ ਚੇਤਨ ਮਹਿਦੂਦ, ਵਿੱਕੀ ਅਗਨੀਹੋਤਰੀ, ਮਨਜੀਤ ਬੈਂਸ, ਹੈਪੀ ਬੈਂਸ, ਬਲਦੇਵ ਸਿੰਘ ਬੈਂਸ, ਅਵਤਾਰ ਸਿੰਘ ਬੈਂਸ, ਜਿਕੀ ਤਨੇਜਾ, ਗੁਰਵਿੰਦਰ ਸਿੰਘ, ਸਤਨਾਮ ਦਾਸ, ਗੋਪੀ ਮਜਾਰਾ, ਇੰਸਪੈਕਟਰ ਪਰਮਜੀਤ ਸਿੰਘ, ਪਰਮਜੀਤ ਬੈਂਸ, ਹਰਵਿੰਦਰ ਰਾਣਾ, ਤਿਲਕ ਰਾਜ ਭਾਰਤਵਾਜ, ਰਵੀ ਖੜੌਦੀ, ਗੋਪੀ ਬਸਰਾ, ਅਨਿਲ ਕੁਮਾਰ ਕਾਲਾ, ਅੱਛਰ ਕੁਮਾਰ ਜੋਸ਼ੀ, ਰਾਜ ਕੁਮਾਰ ਸੀ.ਆਈ.ਡੀ, ਰਵੀ ਠੇਕੇਦਾਰ, ਚੰਨਣ ਰਾਮ ਅਗਨੀਹੋਤਰੀ, ਅਨੁਰਾਗ ਹਾਂਡਾ, ਸਤੀਸ਼ ਕੁਮਾਰ ਜੋਸ਼ੀ, ਜੀਵਨ ਗੌਤਮ, ਜੁਗਿੰਦਰ ਪਾਲ ਪਿੰਕੀ, ਸੀਤਲ ਈਸਪੁਰ, ਬਿਕਰਮਜੀਤ ਰਾਣਾ, ਪਰਮਜੀਤ ਰਾਣਾ ਅਤੇ ਡੇਰੇ ਨਾਲ ਜੁੜੇ ਸ਼ਰਧਾਲੂ ਵੀ ਹਾਜ਼ਰ ਸਨ।

# ਹੜ੍ਹ ਪੀੜਤਾਂ ਦੇ ਮੁੜ-ਵਸੇਬੇ ਲਈ ਤਰਕਸ਼ੀਲ ਸੁਸਾਇਟੀ ਨੇ ਲੋਕਾਂ ਤੋਂ ਸਹਿਯੋਗ ਦੀ ਕੀਤੀ ਮੰਗ

**ਨੰਗਲ (ਸੁਰਜੀਤ ਸਿੰਘ)**- ਹੜ੍ਹਾਂ ਨੇ ਪੰਜਾਬ ਤੇ ਹੋਰਨਾਂ ਸੂਬਿਆਂ ਦਾ ਵੱਡੀ ਪੱਧਰ ਤੇ ਜਾਨੀ ਤੇ ਮਾਲੀ ਨੁਕਸਾਨ ਕੀਤਾ ਹੈ ਜਿਸ ਦੀ ਭਰਪਾਈ ਸੂਬਾਈ ਤੇ ਕੇਂਦਰੀ ਸਰਕਾਰ ਵੱਲੋਂ ਬਿਨਾਂ ਕਿਸੇ ਪੱਖਪਾਤ ਤੋਂ ਕਰਨੀ ਬਣਦੀ ਹੈ ਤੇ ਅਫ਼ਸਰਸ਼ਾਹੀ ਨੂੰ ਵੀ ਪੀੜਤ ਪਰਵਾਰਾਂ ਦੀ ਇਮਾਨਦਾਰੀ ਨਾਲ ਮਦਦ ਕਰਨ ਦੀ ਸਖ਼ਤ ਲੋੜ ਹੈ ਤਾਂ ਕਿ ਰਾਹਤ ਲੋੜਵੰਦਾਂ ਤੱਕ ਪਹੁੰਚ ਸਕੇ। ਇਹ ਵਿਚਾਰ ਜ਼ੋਨ ਮੁਖੀ ਅਜੀਤ ਪ੍ਰਦੇਸੀ ਤੇ ਇਕਾਈ ਮੁਖੀ ਅਸ਼ੋਕ ਕੁਮਾਰ ਨੇ ਇਕਾਈ ਦੀ ਮੀਟਿੰਗ ਦੌਰਾਨ ਸਾਂਝੇ ਕੀਤੇ। ਦੂਜਾ ਪੜਾਅ ਹੜ੍ਹ ਪੀੜਤਾਂ ਦੇ ਮੁੜ-ਵਸੇਬੇ ਦਾ ਹੈ ਜਿਸ ਵਾਸਤੇ ਉਨ੍ਹਾਂ ਨੂੰ ਹੋਰ ਵੀ ਕਈ ਮਹੀਨਿਆਂ ਤੱਕ ਸਹਾਰੇ ਦੀ ਲੋੜ ਰਹਿਣੀ ਹੈ। ਇਸ ਸਬੰਧੀ ਤਰਕਸ਼ੀਲ ਸੁਸਾਇਟੀ ਰੋਪੜ ਨੇ ਫੈਸਲਾ ਕੀਤਾ ਕਿ ਹੜ੍ਹ ਪੀੜਤ ਇਲਾਕਿਆਂ ਦੇ ਪਰਵਾਰਾਂ, ਸਕੂਲ ਮੁਖੀਆਂ, ਪੰਚਾਂ ਸਰਪੰਚਾਂ ਤੇ ਹੋਰਨਾਂ ਸਰੋਤਾਂ ਨਾਲ ਤਾਲਮੇਲ ਕਰਕੇ ਲੋੜਵੰਦ ਵਿਦਿਆਰਥੀਆਂ ਤੇ ਪਰਵਾਰਾਂ ਦੀ ਨਿਸ਼ਾਨਦੇਹੀ ਕਰੇਗੀ ਤੇ ਸੁਸਾਇਟੀ ਆਪਣੀ ਸਮਰੱਥਾ ਅਨੁਸਾਰ ਸਿੱਧੇ ਤੌਰ ਤੇ ਅਜਿਹੇ ਲੋੜਵੰਦਾਂ ਦੀ ਮਦਦ ਕਰੇਗੀ। ਇਸ ਉਦੇਸ਼ ਲਈ ਸੁਸਾਇਟੀ ਨੇ ਸੂਬਾ ਪੱਧਰੀ ਹੜ੍ਹ ਪੀੜਤ ਰਾਹਤ ਫੰਡ ਮੁਹਿੰਮ ਸ਼ੁਰੂ ਕੀਤੀ ਹੋਈ ਹੈ ਤੇ ਹਮਦਰਦ ਲੋਕ ਇਸ ਰਾਹਤ ਫੰਡ ਵਿੱਚ ਸਹਾਇਤਾ ਰਾਸ਼ੀ ਭੇਜ ਵੀ ਰਹੇ ਹਨ। ਸੁਸਾਇਟੀ ਦੀ ਲੋਕਾਂ ਨੂੰ ਸਤਿਕਾਰ ਸਹਿਤ ਅਪੀਲ ਹੈ ਕਿ ਉਹ ਸੁਸਾਇਟੀ ਵੱਲੋਂ ਸ਼ੁਰੂ ਕੀਤੀ ਗਈ ਇਸ ਹੜ੍ਹ ਪੀੜਤ ਰਾਹਤ ਫੰਡ ਵਿੱਚ ਭਰਵਾਂ ਯੋਗਦਾਨ ਪਾਉਣ।



# ਮਜ਼ਦੂਰਾਂ ਦੇ ਘਰਾਂ ਦੀ ਮੁੜ ਉਸਾਰੀ ਲਈ 5 ਲੱਖ ਰੁਪਏ ਹਰ ਘਰ ਨੂੰ ਦਿੱਤਾ ਜਾਵੇ : ਗੁਰਨਾਮ ਚੌਧਰੀ, ਠੇਕੇਦਾਰ ਭਗਵਾਨ

**ਹੁਸ਼ਿਆਰਪੁਰ (ਓ ਪੀ ਰਾਣਾ)**- ਪੰਜਾਬ ਵਿੱਚ ਹੜ੍ਹਾਂ ਦੀ ਮਾਰ ਝੱਲ ਰਹੇ ਪੰਜਾਬ ਵਾਸੀਆਂ, ਪੰਜਾਬ ਦੇ ਕਿਸਾਨਾਂ, ਮਜ਼ਦੂਰਾਂ ਦੇ ਹਿਤਾਂ ਲਈ ਸਰਕਾਰ ਨੂੰ ਵਿਸ਼ੇਸ਼ ਪੈਕੇਜ ਐਲਾਨ ਕਰਨ ਦੀ ਲੋੜ ਹੈ, ਜਿਸ ਨਾਲ ਹੜ੍ਹਾਂ ਨਾਲ ਪ੍ਰਭਾਵਿਤ ਹੋਈ ਜਨਤਾ ਅਤੇ ਕਿਸਾਨਾਂ, ਮਜ਼ਦੂਰਾਂ ਨੂੰ ਵੱਡੀ ਰਾਹਤ ਮਿਲ ਸਕੇ। ਇਨਾਂ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਬਹੁਜਨ ਸਮਾਜ ਪਾਰਟੀ ਪੰਜਾਬ ਦੇ ਕੋਆਰਡੀਨੇਟਰ ਗੁਰਨਾਮ ਚੌਧਰੀ, ਠੇਕੇਦਾਰ ਭਗਵਾਨ ਦਾਸ ਸਿੱਧੂ, ਜਨਰਲ ਸਕੱਤਰ ਪੰਜਾਬ, ਐਡਵੋਕੇਟ ਪਲਵਿੰਦਰ ਮਾਨਾ ਇੰਚਾਰਜ ਹਲਕਾ ਚੱਬੇਵਾਲ ਨੇ ਕਿਹਾ ਕਿਸਾਨਾਂ ਦੇ ਨਾਲ ਨਾਲ ਮਜ਼ਦੂਰ ਵਰਗ ਵੀ ਭਾਰੀ ਮੁਸੀਬਤਾਂ ਦਾ ਸਾਹਮਣਾ ਕਰ ਰਿਹਾ ਹੈ। ਜਿਥੇ ਇਕ ਪਾਸੇ ਜ਼ਮੀਨਾਂ ਵਿੱਚ ਪਾਣੀ ਆਉਣ ਕਾਰਨ ਖੇਤੀ ਦਾ ਕੰਮ ਵੱਡੀ ਪੱਧਰ ਤੇ ਪ੍ਰਭਾਵਿਤ ਹੋਇਆ ਹੈ ਓਥੇ ਖੇਤਾਂ ਅਤੇ ਹੋਰ ਥਾਵਾਂ ਤੇ ਮਜ਼ਦੂਰੀ ਕਰਨ ਵਾਲੇ ਮਜ਼ਦੂਰਾਂ ਦਾ ਕੰਮ ਵੀ ਠੱਪ ਹੋ ਗਿਆ ਹੈ , ਜਿਸ ਕਾਰਨ ਉਨਾਂ ਦੇ ਘਰਾਂ ਦੇ ਚੁੱਲ੍ਹੇ ਵੀ ਠੰਡੇ ਹੋ ਗਏ ਹਨ। ਬਸਪਾ ਆਗੂਆਂ ਨੇ ਕਿਹਾ ਹੜ੍ਹਾਂ ਦੀ ਮਾਰ ਨਾਲ ਪੰਜਾਬ ਅੰਦਰ ਹਜ਼ਾਰਾਂ ਮਜ਼ਦੂਰਾਂ ਦੇ ਘਰ ਢਹਿ ਢੇਰੀ ਹੋ ਗਏ ਹਨ ਜਿਸ ਲਈ ਸਰਕਾਰ ਘਰ ਬਣਾਉਣ ਲਈ ਮਜ਼ਦੂਰਾਂ ਨੂੰ ਹਰ ਘਰ ਲਈ ਘਟੋ ਘੱਟ ਪੰਜ ਲੱਖ ਮੁਆਵਜ਼ਾ ਦੇਵੇ। ਉਨ੍ਹਾਂ ਕਿਹਾ ਪੰਜਾਬ ਸਰਕਾਰ ਮਜ਼ਦੂਰ ਵਰਗ ਦੇ ਕੋਆਪ੍ਰੇਟਿਵ ਸੁਸਾਇਟੀ ਦੇ ਸਾਰੇ ਕਰਜੇ ਮਾਫ਼ ਕਰਕੇ ਉਨਾਂ ਨੂੰ ਰਾਹਿਤ ਦੇਵੇ। ਬਹੁਜਨ ਸਮਾਜ ਪਾਰਟੀ ਵਲੋਂ ਪੰਜਾਬ ਪ੍ਰਧਾਨ ਡਾ.ਅਵਤਾਰ ਸਿੰਘ ਕਰੀਮਪੁਰੀ ਸਾਬਕਾ ਮੈਂਬਰ ਰਾਜ ਸਭਾ ਦੀ ਅਗਵਾਈ ਹੇਠ ਹੜ੍ਹ ਪੀੜਤਾਂ ਲਈ ਸਮਗਰੀ ਭੇਜਣ,ਰਾਹਤ ਕਾਰਜ ਸ਼ਲਾਘਾਯੋਗ ਕਦਮ ਹੈ।



# ਨਗਰ ਕੌਂਸਲ ਵੱਲੋਂ ਬਿਮਾਰੀਆਂ ਤੋਂ ਬਚਾਉਣ ਲਈ ਵੱਖ-ਵੱਖ ਥਾਵਾਂ 'ਤੇ ਕੀਤੀ ਚੈਕਿੰਗ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਗੁਰੂ ਨਗਰੀ ਸ੍ਰੀ ਅਨੰਦਪੁਰ ਸਾਹਿਬ ਨੂੰ ਸਾਫ ਸੁਥਰਾ ਰੱਖਣ ਤੋਂ ਇਲਾਵਾ ਡੇਂਗੂ ਵਰਗੀਆਂ ਭਿਅੰਕਰ ਬਿਮਾਰੀਆਂ ਤੋਂ ਬਚਾਉਣ ਲਈ ਹਰਜੀਤ ਸਿੰਘ ਜੀਤਾ ਪ੍ਰਧਾਨ ਨਗਰ ਕੌਂਸਲ ਦੀ ਅਗਵਾਈ ਵਿੱਚ ਕਾਰਜ ਸਾਧਕ ਅਫਸਰ ਗੁਰਦੀਪ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਨਗਰ ਕੌਂਸਲ ਸ੍ਰੀ ਅਨੰਦਪੁਰ ਸਾਹਿਬ ਦੀ ਸੈਨੀਟੇਸ਼ਨ ਟੀਮ ਵੱਲੋਂ ਸ਼ਹਿਰ ਦੇ ਵੱਖ-ਵੱਖ ਏਰੀਏ ਬੱਸ ਸਟੈਂਡ, ਕੋਰਟ ਕੰਪਲੈਕਸ ਅਤੇ ਸਬਜੀ ਮੰਡੀ ਆਦਿ ਥਾਵਾਂ ਤੇ ਡੇਂਗੂ ਦੇ ਲਾਰਵੇ ਸੰਬੰਧੀ ਚੈਕਿੰਗ ਕੀਤੀ ਅਤੇ ਖੜੇ ਪਾਣੀ ਵਿੱਚ ਲਾਰਵਾ ਸਾਈਡ ਦੀ ਦਵਾਈ ਪਵਾਈ ਗਈ। ਨਗਰ ਕੌਂਸਲ ਸ੍ਰੀ ਅਨੰਦਪੁਰ ਸਾਹਿਬ ਗੁਰੂ ਨਗਰੀ ਨੂੰ ਸਾਫ ਸੁਥਰਾ ਰੱਖਣ ਲਈ ਹਰ ਸੰਭਵ ਯਤਨ ਕਰ ਰਹੀ ਹੈ। ਇਸ ਮੌਕੇ ਨਗਰ ਕੌਂਸਲ ਸ੍ਰੀ ਅਨੰਦਪੁਰ ਸਾਹਿਬ ਦੇ ਸੈਂਨੇਟਰੀ ਇੰਸਪੈਕਟਰ ਮਦਨ ਲਾਲ, ਸੀ ਐਫ ਮਨਦੀਪ ਸਿੰਘ, ਕੈਪਟਨ ਦਲਜੀਤ ਸਿੰਘ, ਸ਼ਲਿੰਦਰ ਕੁਮਾਰ ਆਦਿ ਹਾਜ਼ਰ ਸਨ।



# ਗੁਰਦੁਆਰਾ ਬਾਬਾ ਗਲੀਆ ਜੀ ਦੇ ਅਸਥਾਨ 'ਤੇ ਸ੍ਰੀ ਸੁਖਮਨੀ ਸਾਹਿਬ ਦੇ ਪਾਠਾਂ ਦੀ ਲੜੀ 14 ਤੋਂ 28 ਤੱਕ

**ਕਾਲਾ ਸੰਘਿਆਂ (ਮਨਜੀਤ ਮਾਨ)**- ਪਿੰਡ ਨਿੱਜਰਾਂ ਜ਼ਿਲ੍ਹਾ ਜਲੰਧਰ ਦੇ ਗੁਰਦੁਆਰਾ ਬਾਬਾ ਗਲੀਆ ਜੀ ਦੇ ਅਸਥਾਨ 'ਤੇ ਗੁਰਦੁਆਰਾ ਬਾਬਾ ਗਲੀਆ ਜੀ ਪ੍ਰਬੰਧਕ ਕਮੇਟੀ ਵੱਲੋਂ ਪਿੰਡ, ਇਲਾਕਾ ਤੇ ਐਨ ਆਰ ਆਈਜ਼ ਵੱਲੋਂ ਪਿੰਡ ਤੇ ਵਿਦੇਸ਼ਾਂ ਵਿੱਚ ਵੱਸਦੇ ਵੀਰਾਂ ਦੀ ਚੜ੍ਹਦੀ ਕਲਾ ਵਾਸਤੇ ਸ੍ਰੀ ਸੁਖਮਨੀ ਸਾਹਿਬ ਦੇ ਪਾਠਾਂ ਦੀ ਲੜੀ 14 ਸਤੰਬਰ ਤੋਂ 28 ਸਤੰਬਰ ਤੱਕ ਹੋਵੇਗੀ। ਪ੍ਰਬੰਧਕਾਂ ਵੱਲੋਂ ਮਿਲੀ ਜਾਣਕਾਰੀ ਅਨੁਸਾਰ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠਾਂ ਦੇ ਭੋਗ 28 ਸਤੰਬਰ ਨੂੰ ਗੁਰਦੁਆਰਾ ਬਾਬਾ ਗਲੀਆ ਜੀ ਦੇ ਅਸਥਾਨ 'ਤੇ ਪਾਏ ਜਾਣਗੇ, ਉਪਰੰਤ ਉਪਰੰਤ ਧਾਰਮਿਕ ਦੀਵਾਨ ਸਜਾਏ ਜਾਣਗੇ।

# ਇੰਨੋਸੈਂਟ ਹਾਰਟਸ ਸਕੂਲ ਨੇ ਅੰਤਰਰਾਸ਼ਟਰੀ ਡਾਂਸ ਫੈਸਟੀਵਲ ਵਿੱਚ ਹਾਸਲ ਕੀਤੀ ਸਫ਼ਲਤਾ

**ਜਲੰਧਰ (ਸ਼ੈਲੀ ਐਲਬਰਟ)**- ਇੰਨੋਸੈਂਟ ਹਾਰਟਸ ਸਕੂਲ ਨੂਰਪੁਰ ਜਲੰਧਰ ਦੇ ਵਿਦਿਆਰਥੀ ਏਕਮਜੋਤ ਸਿੰਘ ਅਤੇ ਅਧਿਆਪਕ ਕਮਲਦੀਪ ਸਿੰਘ ਦੋਵਾਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ ਅਤੇ ਮਲੇਸ਼ੀਆ ਵਿੱਚ ਆਯੋਜਿਤ ਅੰਤਰਰਾਸ਼ਟਰੀ ਡਾਂਸ ਫੈਸਟੀਵਲ: ਟ੍ਰਾਂਸਕਲਚਰਲ ਐਥਨਿਕ ਰਿਦਮਜ਼ ਆਫ ਮਲੇਸ਼ੀਆ (ਏਸ਼ੀਆ ਪੱਧਰ) ਵਿੱਚ ਹਿੱਸਾ ਲੈ ਕੇ ਸੰਸਥਾ ਦਾ ਨਾਮ ਰੌਸ਼ਨ ਕੀਤਾ। ਇਸ ਸਮਾਗਮ ਵਿੱਚ ਏਸ਼ੀਆ ਭਰ ਦੇ ਕਈ ਦੇਸ਼ਾਂ ਦੀ ਭਾਗੀਦਾਰੀ ਦੇਖਣ ਨੂੰ ਮਿਲੀ। ਸਰੀਰਕ ਸਿੱਖਿਆ ਵਿਭਾਗ ਦੇ ਮੁਖੀ ਅਤੇ ਭੰਗੜਾ ਕੋਚ ਸ਼੍ਰੀ ਕਮਲਦੀਪ ਸਿੰਘ ਦੀ ਮਾਹਰ ਅਗਵਾਈ ਹੇਠ, ਸਕੂਲ ਦੀ ਟੀਮ ਨੇ ਵਿਸ਼ਵ ਪੱਧਰ 'ਤੇ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ। 10ਵੀਂ ਜਮਾਤ ਦੇ ਵਿਦਿਆਰਥੀ ਏਕਮਜੋਤ ਸਿੰਘ ਨੇ ਬਹੁਤ ਸਮਰਪਣ ਭਾਵਨਾ ਨਾਲ ਸਕੂਲ ਦੀ ਨੁਮਾਇੰਦਗੀ ਕੀਤੀ। ਇਸ ਤੋਂ ਇਲਾਵਾ ਸ਼੍ਰੀ ਕਮਲਦੀਪ ਸਿੰਘ ਨੂੰ ਨਿਰਪੱਖ ਅਤੇ ਨਿਆਂਪੂਰਨ ਫੈਸਲੇ ਲਈ ਜਿਊਰੀ ਦੇ ਮੈਂਬਰ ਬਣਨ ਦਾ ਮੌਕਾ ਮਿਲਿਆ। ਇੰਨੋਸੈਂਟ ਹਾਰਟਸ ਸਕੂਲ ਦੇ ਚੇਅਰਮੈਨ ਡਾ. ਅਨੂਪ ਬੌਰੀ ਨੇ ਸ਼੍ਰੀ ਕਮਲਦੀਪ ਸਿੰਘ ਅਤੇ ਏਕਮਜੋਤ ਸਿੰਘ ਨੂੰ ਉਨ੍ਹਾਂ ਦੇ ਸ਼ਲਾਘਾਯੋਗ ਪ੍ਰਦਰਸ਼ਨ ਲਈ ਵਧਾਈ ਦਿੱਤੀ, ਜਿਸ ਨੇ ਸਕੂਲ ਨੂੰ ਅੰਤਰਰਾਸ਼ਟਰੀ ਪਲੇਟਫਾਰਮ 'ਤੇ ਮਾਣ ਅਤੇ ਮਾਨਤਾ ਦਿੱਤੀ ਹੈ। ਉਨ੍ਹਾਂ ਨੇ ਇਸ ਪ੍ਰਾਪਤੀ ਲਈ ਮਾਣਮੱਤੇ ਮਾਪਿਆਂ ਨੂੰ ਵੀ ਆਪਣੀਆਂ ਦਿਲੋਂ ਸ਼ੁੱਭਕਾਮਨਾਵਾਂ ਦਿੱਤੀਆਂ।



# ਫਾਸ਼ੀਵਾਦੀ ਹਮਲਿਆਂ ਵਿਰੋਧੀ ਫਰੰਟ ਵੱਲੋਂ ਰੋਸ ਮੁਜ਼ਾਹਰਾ

**ਬੰਗਾ (ਅਵਤਾਰ ਕਲੇਰ)**- ਇਜ਼ਰਾਈਲੀ ਵਿੱਤ ਮੰਤਰੀ ਬੇਜਾਜਿਲ ਸਮੋਟ੍ਰਿਚ ਦੀ ਭਾਰਤ ਫੇਰੀ ਦੇ ਵਿਰੋਧ ਵਿੱਚ ਰੋਸ ਮੁਜ਼ਾਹਰਾ ਕੀਤਾ ਗਿਆ।ਇਸ ਤੋਂ ਪਹਿਲਾਂ ਸਥਾਨਕ ਬੱਸ ਅੱਡੇ ਉੱਤੇ ਇਕੱਠ ਨੂੰ ਸੰਬੋਧਨ ਕਰਦਿਆਂ ਆਗੂਆਂ ਕੁਲਵਿੰਦਰ ਸਿੰਘ ਵੜੈਚ, ਜਸਬੀਰ ਦੀਪ, ਹਰਪਾਲ ਸਿੰਘ ਜਗਤਪੁਰ,ਕੁਲਦੀਪ ਸਿੰਘ ਦੌੜਕਾ, ਜਸਵਿੰਦਰ ਸਿੰਘ ਭੰਗਲ,ਜੁਝਾਰ ਸਿੰਘ ਕੁੱਕੜ ਮਜਾਰਾ ਅਤੇ ਹਰੀ ਰਾਮ ਰਸੂਲਪੁਰੀ ਨੇ ਕਿਹਾ ਕਿ ਭਾਰਤ ਸਰਕਾਰ ਨਾਲ ਇੱਕ ਦੁਵੱਲੇ ਨਿਵੇਸ਼ ਸਮਝੌਤੇ 'ਤੇ ਦਸਤਖਤ ਕਰਨ ਲਈ ਬੇਜਾਜਿਲ ਸਮੋਟ੍ਰਿਚ ਨੇ ਇਜ਼ਰਾਈਲੀ ਵਫ਼ਦ ਦੀ ਅਗਵਾਈ ਕੀਤੀ ਹੈ।ਸਮੋਟਰਿਚ ਇੱਕ ਬਹੁਤ ਹੀ ਸੱਜੇ-ਪੱਖੀ ਨਸਲਵਾਦੀ ਪਾਰਟੀ ਨਾਲ ਸਬੰਧਤ ਹੈ ਜੋ ਨੇਤਨਯਾਹੂ ਸਰਕਾਰ ਵਿੱਚ ਫਲਸਤੀਨੀ ਲੋਕਾਂ ਨੂੰ ਜ਼ਬਰਦਸਤੀ ਉਜਾੜ ਕੇ ਗਾਜ਼ਾ ਪੱਟੀ 'ਤੇ ਕਬਜ਼ਾ ਕਰ ਰਹੀ ਹੈ। ਇਜਰਾਇਲੀ ਕਹਿਰ ਦੇ ਵਿਰੋਧ ਵਿੱਚ ਕਈ ਦੇਸ਼ਾਂ ਨੇ ਉਸ ਦੇ ਦਾਖਲੇ ਤੇ ਪਾਬੰਦੀ ਲਗਾ ਦਿੱਤੀ ਹੈ ਅਤੇ ਉਨ੍ਹਾਂ ਵਿੱਚੋਂ ਕੁਝ ਨੇ ਹੋਰ ਪਾਬੰਦੀਆਂ ਵੀ ਲਗਾਈਆਂ ਹਨ। ਇਨ੍ਹਾਂ ਦੇਸ਼ਾਂ ਵਿੱਚ ਯੂਨਾਈਟਿਡ ਕਿੰਗਡਮ, ਕੈਨੇਡਾ, ਆਸਟ੍ਰੇਲੀਆ, ਨਾਰਵੇ, ਨੀਦਰਲੈਂਡ, ਸਲੋਵੇਨੀਆ ਅਤੇ ਨਿਊਜ਼ੀਲੈਂਡ ਸ਼ਾਮਲ ਹਨ। ਆਗੂਆਂ ਨੇ ਕਿਹਾ ਕਿ ਮੋਦੀ ਸਰਕਾਰ ਨੇ ਅਜਿਹੇ ਵਿਅਕਤੀ ਦੀ ਮੇਜ਼ਬਾਨੀ ਕੀਤੀ ਹੈ ਅਤੇ ਇਜ਼ਰਾਈਲੀ ਸਰਕਾਰ ਨਾਲ ਸਮਝੌਤਿਆਂ 'ਤੇ ਦਸਤਖਤ ਕੀਤੇ ਹਨ ਉਹ ਵੀ ਅਜਿਹੇ ਸਮੇਂ ਜਦੋਂ ਗਾਜ਼ਾ ਦੇ ਲੋਕਾਂ ਦਾ ਹਰ ਰੋਜ਼ ਕਤਲੇਆਮ ਹੋ ਰਿਹਾ ਹੈ। ਬੁਲਾਰਿਆਂ ਨੇ ਭਾਰਤ ਸਰਕਾਰ ਇਜ਼ਰਾਈਲ ਨਾਲ ਸਾਰੇ ਫੌਜੀ, ਸੁਰੱਖਿਆ ਅਤੇ ਆਰਥਿਕ ਸਹਿਯੋਗ ਨੂੰ ਰੱਦ ਕਰਨ,ਫਲਸਤੀਨ ਨੂੰ ਮੁਕੰਮਲ ਆਜ਼ਾਦੀ ਦੇਣ, ਇਜ਼ਰਾਈਲ ਵਲੋਂ ਫਲਸਤੀਨੀ ਉੱਤੇ ਫੌਜੀ ਹਮਲੇ ਬੰਦ ਕਰਨ ,ਫਲਸਤੀਨ ਦੀ ਘੇਰਾਬੰਦੀ ਖਤਮ ਕਰਨ ਦੀ ਮੰਗ ਕੀਤੀ।



# ਪੰਜਾਬੀਆਂ ਨੇ ਇਸ ਵਾਰ ਵੀ ਵਿਰਾਸਤ ਨੂੰ ਕਾਇਮ ਰੱਖਿਆ : ਸੰਧੂ

**ਸ਼ਾਹਕੋਟ (ਗਿਆਨ ਸੈਦਪੁਰੀ)**- ਕਿਸਾਨ ਅਤੇ ਮਜ਼ਦੂਰ ਦਾ ਨਹੁੰ ਮਾਸ ਦਾ ਰਿਸ਼ਤਾ ਹੈ। ਕਈ ਸੰਦਰਭਾਂ ਵਿੱਚ ਇਸ ਰਿਸ਼ਤੇ ਦੀ ਪਾਕੀਜ਼ਗੀ ਨੂੰ ਆਂਚ ਆ ਜਾਣ ਦਾ ਕਾਰਨ ਬਣਨ ਵਾਲੀਆਂ ਘਟਨਾਵਾਂ ਵੀ ਵਾਪਰ ਜਾਂਦੀਆਂ ਹਨ। ਇੰਜ ਕਦੇ ਨਹੀਂ ਹੋਣਾ ਚਾਹੀਦਾ। ਉਕਤ ਵਿਚਾਰਾਂ ਦਾ ਪ੍ਰਗਟਾਵਾ ਸੇਵਾ ਮੁਕਤ ਪੀ ਸੀ ਐਸ ਅਧਿਕਾਰੀ ਬਲਜੀਤ ਸਿੰਘ ਸੰਧੂ ਨੇ ਕੀਤਾ। ਉਹ ਨਵਾਂ ਜ਼ਮਾਨਾ ਦੇ ਪੱਤਰਕਾਰ ਨਾਲ ਸਰਕਾਰ ਦੀ 'ਜਿਸ ਦਾ ਖੇਤ ਉਸ ਦੀ ਰੇਤ' ਨੀਤੀ ਦਾ ਸਮਾਂ ਵਧਾਉਣ ਬਾਰੇ ਗੱਲਬਾਤ ਕਰਨ ਮੌਕੇ ਕਿਸਾਨਾਂ ਨੂੰ ਦਿੱਤੀ ਜਾਣ ਵਾਲੀ ਰਾਹਤ ਮੌਕੇ ਮਜ਼ਦੂਰਾਂ ਦਾ ਖਿਆਲ ਰੱਖੇ ਜਾਣ ਦੀਆਂ ਭਾਵਨਾਵਾਂ ਦਾ ਵੀ ਪ੍ਰਗਟਾਵਾ ਕਰ ਰਹੇ ਸਨ। 'ਜਿਸ ਦਾ ਖੇਤ ਉਸ ਦੀ ਰੇਤ' ਨੀਤੀ ਬਾਰੇ ਸੰਧੂ ਨੇ ਕਿਹਾ ਕਿ ਇਸ ਪਾਲਸੀ ਦਾ ਸਵਾਗਤ ਕਰਨਾ ਬਣਦਾ ਹੈ ਪਰ ਇਸ ਕੰਮ ਲਈ ਦਿੱਤਾ ਗਿਆ ਸਮਾਂ ਕਾਫੀ ਨਹੀਂ ਹੈ। ਨੀਤੀ ਦੀ ਸਾਰਥਿਕਤਾ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਇਸ ਦੇ ਲਾਗੂ ਕਰਨ ਦੇ ਅਮਲ ਦਾ ਸਮਾਂ ਵਧਾ ਦਿੱਤਾ ਜਾਵੇ। ਉਹਨਾਂ ਨੇ ਸਮਾਂ ਵਧਾਉਣ ਦੀ ਵਾਜਬੀਅਤ ਦੱਸਦਿਆਂ ਕਿਹਾ ਕਿ ਖੇਤਾਂ ਵਿੱਚ ਖੜੇ ਪਾਣੀ ਨੂੰ ਸੁੱਕਣ ਲਈ ਅਜੇ ਕੁਝ ਸਮਾਂ ਲੱਗਣਾ ਹੈ। ਹੜ੍ਹ ਕਾਰਨ ਬਹੁਤੇ ਰਾਹ ਰਸਤੇ ਖੱਡਿਆਂ ਦਾ ਰੂਪ ਧਾਰਨ ਕਰ ਚੁੱਕੇ ਹਨ। ਇਨਾਂ ਰਾਹਾਂ ਨੂੰ ਠੀਕ ਕਰਨ ਲਈ ਸਮਾਂ ਲੱਗੇਗਾ। ਪੱਧਰੇ ਰਸਤਿਆਂ ਤੇ ਹੀ ਟਰੈਕਟਰ ਟਰਾਲੀਆਂ ਆਰਾਮ ਨਾਲ ਚੱਲ ਸਕਣਗੇ। ਇਹਨਾਂ ਹਾਲਾਤਾਂ ਦੇ ਮੱਦੇ ਨਜ਼ਰ ਸਰਕਾਰ ਨੂੰ ਅਪੀਲ ਹੈ ਕਿ ਉਹ ਇਸ ਕੰਮ ਲਈ ਮਾਰਚ 2026 ਤੱਕ ਸਮਾਂ ਵਧਾ ਦੇਵੇ। ਆਖਿਰ ਵਿੱਚ ਬਲਜੀਤ ਸਿੰਘ ਸੰਧੂ ਨੇ ਕਿਹਾ ਕਿ ਇਹ ਗੱਲ ਤਸੱਲੀ ਵਾਲੀ ਹੈ ਕਿ ਪੰਜਾਬੀਆਂ ਨੇ ਆਪਣੀ ਸੇਵਾ ਭਾਵਨਾ ਵਾਲੀ ਵਿਰਾਸਤ ਨੂੰ ਇਸ ਵਾਰ ਵੀ ਕਾਇਮ ਰੱਖਿਆ ਹੈ।



# ਅਧਿਆਪਕ ਦਿਵਸ ਮਨਾਇਆ

**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)**- ਸਰਕਾਰੀ ਪ੍ਰਾਇਮਰੀ ਸਕੂਲ ਬਹਿਰਾਮ ਸਰਿਸ਼ਤਾ ਵਿਖੇ ਸਕੂਲ ਸਟਾਫ ਅਤੇ ਕੇਨਰਾ ਬੈਂਕ ਦੇ ਸਟਾਫ ਵੱਲੋਂ ਅਧਿਆਪਕ ਦਿਵਸ ਮਨਾਇਆ ਗਿਆ। ਇਸ ਮੌਕੇ ਕੇਨਰਾ ਬੈਂਕ ਦੇ ਸੀਨੀਅਰ ਮੈਨੇਜਰ ਸ੍ਰੀ ਸੁਸ਼ੀਲ ਕੁਮਾਰ ਵੱਲੋਂ ਸਕੂਲ ਮੁਖੀ ਸ੍ਰੀਮਤੀ ਇੰਦਰਪਾਲ ਕੌਰ ਤੇ ਸਟਾਫ ਨੂੰ ਗੁਲਦਸਤਾ ਭੇਟ ਕੀਤਾ ਗਿਆ ਤੇ ਕੇਕ ਕੱਟ ਕੇ ਅਧਿਆਪਕ ਦਿਵਸ ਦੀਆਂ ਵਧਾਈਆਂ ਦਿੱਤੀਆਂ ਗਈਆਂ। ਇਸ ਮੌਕੇ ਸਕੂਲ ਸਟਾਫ ਸੀਨੀਅਰ ਅਧਿਆਪਕ ਰਮਨਦੀਪ ਸਿੰਘ ਵਾਰਿਸ, ਅਧਿਆਪਕਾ ਜਸਵਿੰਦਰ ਕੌਰ, ਅੰਮ੍ਰਿਤ ਪਾਲ ਕੌਰ ਹਾਜ਼ਰ ਸਨ ਤੇ ਕੇਨਰਾ ਬੈਂਕ ਦੇ ਸਟਾਫ ਵੱਲੋਂ ਮੈਨੇਜਰ ਸੁਰਿੰਦਰ ਪਾਲ ਸ਼ਾਮਿਲ ਹੋਏ ।



# ਲਵ ਕੁਸ਼ ਚੌਕ ਦੇ ਉਦਘਾਟਨ 'ਤੇ ਸ਼ਾਨਦਾਰ ਸਮਾਰੋਹ

**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)**- ਫਗਵਾੜਾ ਦੇ ਹਦੀਆਬਾਦ ਵਿਖੇ ਨਵੇਂ ਸੁੰਦਰ ਬਣਾਏ ਗਏ ਲਵ ਕੁਸ਼ ਚੌਕ ਦਾ ਰਸਮੀ ਤੌਰ 'ਤੇ ਉਦਘਾਟਨ ਇੱਕ ਸ਼ਾਨਦਾਰ ਸਮਾਰੋਹ ਵਿੱਚ ਕੀਤਾ ਗਿਆ, ਜਿਸ ਵਿੱਚ ਸਾਬਕਾ ਮੰਤਰੀ ਜੋਗਿੰਦਰ ਸਿੰਘ ਮਾਨ, ਆਪ ਹਲਕਾ ਇੰਚਾਰਜ ਹਰਜੀ ਮਾਨ, ਮੇਅਰ ਰਾਮ ਪਾਲ ਉੱਪਲ ਅਤੇ ਨਗਰ ਨਿਗਮ ਕਮਿਸ਼ਨਰ ਡਾ. ਅਕਸ਼ਿਤਾ ਗੁਪਤਾ (ਆਈ.ਏ.ਐਸ.) ਸ਼ਾਮਲ ਸਨ।2.45 ਲੱਖ ਰੁਪਏ ਦੀ ਲਾਗਤ ਨਾਲ ਪੂਰਾ ਹੋਇਆ ਇਹ ਪ੍ਰੋਜੈਕਟ, ਭਗਵਾਨ ਬਾਲਮੀਕੀ ਦੇ ਪਵਿੱਤਰ ਜਯੰਤੀ ਮੌਕੇ 'ਤੇ ਉਦਘਾਟਨ ਕੀਤੇ ਗਏ ਇਸ ਇਤਿਹਾਸਕ ਸਥਾਨ ਨੂੰ ਇੱਕ ਨਵੀਂ ਅਤੇ ਅਰਥਪੂਰਨ ਪਛਾਣ ਪ੍ਰਦਾਨ ਕਰਦਾ ਹੈ।ਇਸ ਮੌਕੇ ਪਤਵੰਤਿਆਂ ਨੇ ਆਪਣੇ ਵਿਚਾਰ ਸਾਂਝੇ ਕੀਤੇ ਕਿ ਲਵ ਕੁਸ਼ ਚੌਕ ਦਾ ਪੁਨਰ ਸੁਰਜੀਤੀ ਸਿਰਫ਼ ਸੁਹਜ ਦਾ ਮਾਮਲਾ ਨਹੀਂ ਹੈ, ਸਗੋਂ ਸੱਭਿਆਚਾਰਕ ਵਿਰਾਸਤ ਨੂੰ ਸੁਰੱਖਿਅਤ ਰੱਖਣ, ਭਾਈਚਾਰਕ ਮਾਣ ਪੈਦਾ ਕਰਨ ਅਤੇ ਫਗਵਾੜਾ ਦੇ ਸ਼ਹਿਰੀ ਤਰੱਕੀ ਦੇ ਦ੍ਰਿਸ਼ਟੀਕੋਣ ਨੂੰ ਮਜ਼ਬੂਤ ਕਰਨ ਵੱਲ ਇੱਕ ਵਿਸ਼ੇਸ਼ ਕਦਮ ਵੀ ਹੈ।ਇਸ ਸਮਾਗਮ ਵਿੱਚ ਸ਼ਹਿਰ ਵਾਸੀਆਂ ਅਤੇ ਭਾਈਚਾਰਕ ਆਗੂਆਂ ਦੀ ਉਤਸ਼ਾਹੀ ਭਾਗੀਦਾਰੀ ਹੋਈ। ਆਗੂਆਂ ਨੇ ਜਨਤਾ ਨੂੰ ਚੌਕ ਨੂੰ ਸਾਫ਼-ਸੁਥਰਾ ਅਤੇ ਚੰਗੀ ਤਰ੍ਹਾਂ ਸੰਭਾਲ ਕੇ ਰੱਖਣ ਦੀਂ ਅਪੀਲ ਵੀ ਕੀਤੀ ।ਹਾਜ਼ਰ ਲੋਕਾਂ ਵਿੱਚ ਆਪ ਜ਼ਿਲ੍ਹਾ ਪ੍ਰਧਾਨ ਸਰਬਜੀਤ ਸਿੰਘ, ਡਿਪਟੀ ਮੇਅਰ ਵਿਪਨ ਕ੍ਰਿਸ਼ਨ ਸੂਦ, ਡਾ. ਸੰਤੋਸ਼ ਗੋਗੀ, ਗੁਰਦੀਪ ਸਿੰਘ (ਦੀਪਾ), ਕ੍ਰਿਸ਼ਨ ਕੁਮਾਰ (ਹੀਰੋ), ਅੰਕੁਸ਼ ਓਹਰੀ, ਜਸਦੇਵ ਸਿੰਘ (ਪ੍ਰਿੰਸ), ਨਵਨੀਤ ਉੱਪਲ, ਪ੍ਰਗਤੀ ਗੁਪਤਾ, ਸਮੇਤ ਕਈ ਸਥਾਨਕ ਪ੍ਰਤੀਨਿਧੀ ਅਤੇ ਨਿਵਾਸੀ ਸ਼ਾਮਲ ਸਨ।



# ਬਿਜਲੀ ਦੀਆਂ ਤਾਰਾਂ ਦੇ ਰਹੀਆਂ ਹਾਦਸਿਆਂ ਨੂੰ ਸੱਦਾ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਪਿਛਲੇ ਲੰਬੇ ਤੋ ਕਟਾਰੀਆ ਅੱਡੇ ਤੋ ਥੋੜਾ ਅੱਗੇ ਸੜਕ ਦੇ ਕਿਨਾਰੇ ਇਕ ਖੰਭੇ ਦੀਆ ਤਾਰਾਂ ਇੰਨੀਆਂ ਨੀਵੀਂਆਂ ਹਨ ਕਿ ਆਮ ਵਿਅਕਤੀ ਦਾ ਹੱਥੇ ਕਿਸੇ ਵੇਲੇ ਵੀ ਲੱਗ ਸਕਦਾ ਹੈ, ਜਿਸ ਨਾਲ ਸੜਕ ਕਿਨਾਰੇ ਕਿਸੇ ਵੇਲੇ ਵੀ ਕੋਈ ਵਿਅਕਤੀ ਜਾਣੇ ਅਨਜਾਣੇ ਵਿਚ ਇਸ ਦੀ ਲਪੇਟ ਵਿਚ ਆ ਸਕਦਾ ਹੈ । ਇਸੇ ਤਰ੍ਹਾਂ ਪਿੰਡ ਕੋਟਲਾ ਦੀ ਮੁੱਖ ਸੜਕ ਤੇ ਰਾਧਾ ਸੁਆਮੀ ਸਤਿਸੰਗ ਦੇ ਦੂਸਰੇ ਪਾਸੇ ਸੜਕ ਦੇ ਕਿਨਾਰੇ ਖੇਤਾਂ ਵਿਚ ਮੋਟਰਾਂ ਨੂੰ ਜਾਣ ਵਾਲੀ ਲਾਈਨ ਦੀਆਂ ਤਾਰਾਂ , ਖੰਭੇ ਭਾਰੀ ਮੀਂਹ ਪੈਣ ਨਾਲ ਟੁੱਟਣ ਕਰ ਕੇ ਸੜਕ ਕਿਨਾਰੇ ਪਈਆ ਹਨ ਜੋ ਹਾਦਸਿਆਂ ਨੂੰ ਸੱਦਾ ਦੇ ਰਹੀਆਂ ਹਨ । ਇਸ ਤੋ ਅੱਗੇ ਪਿੰਡ ਕੋਟਲਾ ਦੇ ਪਿੰਡ ਵਾਲੇ ਗੇਟ ਤੋ ਥੋੜਾ ਅੱਗੇ ਪੈਟਰੋਲ ਪੰਪ ਨੂੰ ਜਾਣ ਵਾਲੀ ਵੱਡੀ ਕੇਬਲ ਖੇਤਾਂ ਵਿਚ ਡਿੱਗੀ ਹੋਈ ਹੈ, ਜਿਸ ਦੇ ਸਬੰਧ ਵਿਚ ਕੋਈ ਵੀ ਬਿਜਲੀ ਮਹਿਕਮੇ ਦੇ ਅਧਿਕਾਰੀ ਕਰਮਚਾਰੀ ਇਸ ਪਾਸੇ ਗ਼ੌਰ ਕਰਨ ਦੀ ਲੋੜ ਨਹੀ ਸਮਝਦਾ । ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮ ਦੇ ਅਧਿਕਾਰੀਆਂ, ਸਬੰਧਿਤ ਜੇ. ਈ ਤੇ ਸੀ. ਐਚ. ਬੀ. ਠੇਕੇ ਤੇ ਰੱਖੇ ਮੁਲਾਜ਼ਮ ਇਹ ਸਭ ਕੁੱਝ ਵੇਖਦੇ ਹੋਏ ਮੂੰਹ ਦੂਸਰੇ ਪਾਸੇ ਕਰ ਕੇ ਲੰਘਦੇ ਹਨ। ਸਬੰਧਤ ਵਿਭਾਗ ਦੇ ਉੱਚ ਅਧਿਕਾਰੀਆਂ ਨੂੰ ਇਨ੍ਹਾਂ ਡਿੱਗੀਆਂ ਤੇ ਨੀਵੀਂਆਂ ਤਾਰਾਂ ਨੂੰ ਜਲਦੀ ਤੋ ਜਲਦੀ ਠੀਕ ਕਰਨ ਦੀ ਮੰਗ ਕੀਤੀ ਹੈ।



# ਵਿਧਾਇਕ ਇੰਦਰਜੀਤ ਕੌਰ ਮਾਨ ਨੇ ਚਿੱਟੀ ਵੇਈਂ ਨਾਲ ਆਏ ਹੜ੍ਹ ਪ੍ਰਭਾਵਤ ਪਿੰਡਾਂ ਦਾ ਕੀਤਾ ਦੌਰਾ

**ਨਕੋਦਰ (ਬਲਵਿੰਦਰ ਸਿੰਘ ਧਾਲੀਵਾਲ)**- ਵਿਧਾਨ ਸਭਾ ਹਲਕਾ ਨਕੋਦਰ ਦੇ ਵਿਧਾਇਕ ਇੰਦਰਜੀਤ ਕੌਰ ਮਾਨ ਵੱਲੋਂ ਆਪਣੇ ਹਲਕੇ ਦੇ ਪਿੰਡ ਦਿਲਖਾਹ ਪੁਰ ਢੱਡੇ, ਸਰਾਏ ਖਾਮ ਜੋ ਹੜ੍ਹਾਂ ਦੀ ਮਾਰ ਹੇਠ ਆਏ ਸੀ ਉਨ੍ਹਾਂ ਪਿੰਡਾਂ ਦਾ ਦੌਰਾ ਕਰਕੇ ਫਸਲਾਂ ਦੇ ਨੁਕਸਾਨ ਦਾ ਜਾਇਜ਼ਾ ਲਿਆ। ਜਦੋਂ ਉਹ ਪਿੰਡ ਸਰਾਏ ਖਾਮ ਹੜ੍ਹ ਦੇ ਪਾਣੀ ਨਾਲ ਇੱਕ ਸੜਕ ਟੁੱਟ ਗਈ ਸੀ ਉਸ ਦਾ ਜਾਇਜ਼ਾ ਲੈਣ ਆਏ ਸਨ। ਉਹਨਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਹਲਕੇ ਅੰਦਰ ਹਰ ਇੱਕ ਚੀਜ਼ ਜੀ ਭਰਪਾਈ ਕੀਤੀ ਜਾਵੇਗੀ ਜੋ ਹੜ੍ਹਾਂ ਕਾਰਨ ਪ੍ਰਭਾਵਿਤ ਹੋਈ ਹੈ। ਇਸ ਮੌਕੇ ਉਹਨਾਂ ਭਾਰੀ ਬਰਸਾਤ ਕਾਰਨ ਜਿਨ੍ਹਾਂ ਪਰਿਵਾਰਾਂ ਦੇ ਕੱਚੇ ਮਕਾਨਾਂ ਦੀਆਂ ਛੱਤਾਂ ਜਾ ਹੋਰ ਨੁਕਸਾਨ ਹੋਇਆ ਉਹਨਾਂ ਦਾ ਜਾਇਜ਼ਾ ਲਿਆ। ਉਹਨਾਂ ਕਿਹਾ ਕਿ ਮੈਂ ਆਪਣੀ ਟੀਮ ਸਮੇਤ ਜ਼ਮੀਨੀ ਪੱਧਰ 'ਤੇ ਮੌਜੂਦ ਹਾਂ ਅਤੇ ਆਪਣੇ ਲੋਕਾਂ ਦੀ ਹਰ ਸੰਭਵ ਮਦਦ ਕਰ ਰਹੀ ਹਾਂ। ਉਹਨਾਂ ਕਿਹਾ ਕਿ ਵੇਈ ਵਿੱਚ ਪਾਣੀ ਨੱਕੋ-ਨੱਕ ਹੋਣ ਨਾਲ ਸੜਕਾਂ 'ਤੇ ਓਵਰਫਲੋ ਹੋ ਕੇ ਨੀਵੇਂ ਥਾਂ ਵਾਲੀਆਂ ਝੋਨੇ ਦੀਆਂ ਫਸਲਾਂ ਨੂੰ ਤਬਾਹ ਕਰ ਦਿੱਤਾ ਗਿਆ ਹੈ ਤੇਜ਼ ਧਾਰਾਂ ਨਾਲ ਖੇਤਾਂ ਦੇ ਬੰਨ ਟੁੱਟ ਗਏ ਤੇ ਸੜਕਾਂ ਦੇ ਕਿਨਾਰੇ ਵੀ ਖਿਸਕ ਰਹੇ ਹਨ, ਜਿਸ ਨਾਲ ਹਲਕੇ ਵਿੱਚ ਕਾਫੀ ਨੁਕਸਾਨ ਹੋਇਆ ਹੈ। ਇਸ ਮੌਕੇ ਉਹਨਾਂ ਨਾਲ ਜਸਵੀਰ ਸਿੰਘ ਧੰਜਲ, ਬੂਟਾ ਸਿੰਘ ਢੱਡਾ, ਆਤਮਾ ਸਿੰਘ, ਸਵਰਨ ਸਿੰਘ, ਅਮਰੀਕ ਸਿੰਘ, ਅਮਨਦੀਪ ਸਿੰਘ, ਪਰਮਿੰਦਰ ਸਿੰਘ, ਸੁਰਜੀਤ ਸਿੰਘ ਆਦਿ ਹਾਜ਼ਰ ਸਨ।





# ਵਿਧਾਇਕ ਰੰਧਾਵਾ ਨੇ ਜਨਤਾ ਦਰਬਾਰ 'ਚ ਮੌਕੇ 'ਤੇ ਹੀ ਕੀਤਾ ਸਮੱਸਿਆਵਾਂ ਦਾ ਹੱਲ

**ਡੇਰਾਬੱਸੀ (ਵਿਨੈ ਕੁਮਾਰ ਜੈਨ)**- ਵਿਧਾਇਕ ਕੁਲਜੀਤ ਸਿੰਘ ਰੰਧਾਵਾ ਦੇ ਆਮ ਆਦਮੀ ਪਾਰਟੀ ਦੇ ਮੁੱਖ ਦਫਤਰ ਡੇਰਾਬੱਸੀ ਵਿੱਖੇ ਲਗਿਆ ਜਨਤਾ ਦਾ ਦਰਬਾਰ ਜਿਸ ਵਿੱਚ ਆਮ ਆਦਮੀ ਪਾਰਟੀ ਨਾਲ ਸਬੰਧਤ ਲੋਕਾਂ ਦੇ ਹੀ ਨਹੀਂ ਸਗੋਂ ਵਿਰੋਧੀ ਧਿਰਾਂ ਦੇ ਕੰਮ ਨੂੰ ਵੀ ਨਤੀਜਿਆਂ ਦੇ ਆਧਾਰ 'ਤੇ ਪਰਖਿਆ ਜਾਂਦਾ ਹੈ। ਉਨਾਂ ਨੇ ਕਿਹਾ ਕਿ ਮੁੱਖ ਦਫਤਰ ਡੇਰਾਬੱਸੀ ਵਿਖੇ ਹਲਕੇ ਦੇ ਵੱਖ-ਵੱਖ ਪਿੰਡਾਂ ਤੋਂ ਆਏ ਪਰਵਾਰਾਂ ਨਾਲ ਮੁਲਾਕਾਤ ਕੀਤੀ। ਲੋਕਾਂ ਦੀਆਂ ਸਮੱਸਿਆਵਾਂ ਧੀਰਜ ਨਾਲ ਸੁਣੀਆਂ ਅਤੇ ਜਿਨ੍ਹਾਂ ਵੀ ਮਸਲਿਆਂ ਦਾ ਹੱਲ ਤੁਰੰਤ ਸੰਭਵ ਸੀ, ਉਹ ਮੌਕੇ 'ਤੇ ਹੀ ਸਬੰਧਤ ਅਧਿਕਾਰੀਆਂ ਨਾਲ ਗੱਲ ਕਰਕੇ ਕੀਤਾ ਗਿਆ ਤੇ ਬਾਕੀ ਦਾ ਫੋਨ ਤੇ ਗੱਲ ਕਰਕੇ ਜਲਦ ਤੋ ਜਲਦ ਹੱਲ ਕਰਨ ਲਈ ਕਿਹਾ ਤੇ ਲੋਕ ਭਰੋਸੇ ਅਤੇ ਉਮੀਦਾਂ ਨਾਲ ਆਪਣੀਆਂ ਗੱਲਾਂ ਸਾਂਝੀਆਂ ਕਰ ਰਹੇ ਸਨ, ਜਿਸ ਤੋਂ ਸਾਫ਼ ਹੈ ਕਿ ਅਸੀਂ ਮੈਦਾਨ ਵਿੱਚ ਲੋਕਾਂ ਲਈ ਹਮੇਸ਼ਾ ਉਪਲਬਧ ਹਾਂ। ਉਨ੍ਹਾਂ ਦੇ ਸਮਰਪਣ ਨੇ ਵਿਧਾਇਕ ਰੰਧਾਵਾ ਦੀ ਆਪਣੇ ਭਾਈਚਾਰੇ ਦੀ ਸੇਵਾ ਪ੍ਰਤੀ ਵਚਨਬੱਧਤਾ ਨੂੰ ਵੀ ਉਜਾਗਰ ਕੀਤਾ। ਵਿਧਾਇਕ ਰੰਧਾਵਾ ਲੋਕਾਂ ਦੇ ਜੀਵਨ ਵਿੱਚ ਸਕਾਰਾਤਮਕ ਪ੍ਰਭਾਵ ਪਾਉਂਦੇ ਰਹਿਣ ਲਈ ਦ੍ਰਿੜ ਹਨ।

# ਦੀਕਸ਼ਾ ਨੂੰ ਮੈਡੀਕਲ ਅਫ਼ਸਰ ਵਜੋਂ ਚੁਣੇ ਜਾਣ 'ਤੇ ਗ੍ਰਾਮ ਪੰਚਾਇਤ ਵੱਲੋਂ ਮੁਬਾਰਕਬਾਦ

**ਬਲਾਚੌਰ (ਜਸਵਿੰਦਰ ਬੈਂਸ)**- ਵਿਧਾਨ ਸਭਾ ਹਲਕਾ ਬਲਾਚੌਰ ਦੇ ਪਿੰਡ ਭੂਰੀਵਾਲੇ ਮਾਲੇਵਾਲ ਦੀ ਧੀ ਦੀਕਸ਼ਾ ਪੁੱਤਰੀ ਮਾਸਟਰ ਰਾਜ ਕੁਮਾਰ ਨੇ ਆਪਣੀ ਕਾਬਲੀਅਤ ਦਾ ਪਰਚਮ ਲਹਿਰਾਉਂਦੇ ਹੋਏ ਮੈਡੀਕਲ ਅਫ਼ਸਰ ਵਜੋਂ ਚੋਣ ਪ੍ਰਾਪਤ ਕੀਤੀ ਹੈ। ਇਸ ਸਫਲਤਾ ਦੀ ਪੂਰੇ ਖੇਤਰ ਵਿੱਚ ਖੁਸ਼ੀ ਦੀ ਲਹਿਰ ਹੈ। ਪਿੰਡ ਦੇ ਸਰਪੰਚ ਰਾਮ ਸਰੂਪ ਭੂੰਬਲਾ ਤੇ ਸਮੂਹ ਗ੍ਰਾਮ ਪੰਚਾਇਤ ਨੇ ਦੀਕਸ਼ਾ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਇਹ ਸਿਰਫ਼ ਪਰਵਾਰ ਹੀ ਨਹੀਂ ਸਗੋਂ ਪਿੰਡ ਅਤੇ ਪੂਰੇ ਬਲਾਚੌਰ ਹਲਕੇ ਲਈ ਮਾਣ ਦੀ ਗੱਲ ਹੈ। ਸਰਪੰਚ ਨੇ ਕਿਹਾ ਕਿ ਪਿੰਡ ਦੀ ਇਹ ਯੋਗ ਧੀ ਹੋਰ ਨੌਜਵਾਨਾਂ ਲਈ ਪ੍ਰੇਰਨਾ ਦਾ ਸਰੋਤ ਬਣੇਗੀ। ਪਿੰਡ ਵਾਸੀਆਂ ਅਤੇ ਇਲਾਕਾ ਨਿਵਾਸੀਆਂ ਨੇ ਵੀ ਦੀਕਸ਼ਾ ਦੀ ਇਸ ਉਪਲਬਧੀ 'ਤੇ ਖ਼ੁਸ਼ੀ ਜ਼ਾਹਰ ਕਰਦਿਆਂ ਉਸ ਦੇ ਭਵਿੱਖ ਲਈ ਚੜ੍ਹਦੀ ਕਲਾ ਦੀਆਂ ਕਾਮਨਾਵਾਂ ਕੀਤੀਆਂ। ਇਸ ਮੌਕੇ ਧਰਮ ਚੰਦ, ਜਸਪਾਲ, ਬਲਰਾਮ, ਹਰਦੀਪ ਕੁਮਾਰ, ਗੀਤਾ ਦੇਵੀ, ਪੁਸ਼ਪਾ ਦੇਵੀ ਅਤੇ ਮਨਜੀਤ ਦੇਵੀ ਪੰਚ ਅਤੇ ਸਮੂਹ ਪਿੰਡ ਵਾਸੀਆਂ ਵੱਲੋਂ ਦਿਲੋਂ ਮੁਬਾਰਕਬਾਦ ਦਿੱਤੀ ਗਈ।



# 6 ਮਹੀਨੇ ਦੀ ਉਦਯੋਗਿਕ ਸਿਖਲਾਈ, ਉਦਯੋਗਿਕ ਆਟੋਮੇਸ਼ਨ ਤੇ ਸੈਮੀਨਾਰ



**ਜਲੰਧਰ (ਸ਼ੈਲੀ ਐਲਬਰਟ)**- ਪ੍ਰਿੰਸੀਪਲ ਡਾ. ਜਗਰੂਪ ਸਿੰਘ ਅਗਵਾਈ ਹੇਠ ਇਲੈਕਟ੍ਰਿਕਲ ਵਿਭਾਗ ਵੱਲੋਂ ਛੇ ਮਹੀਨੇ ਦੀ ਉਦਯੋਗਿਕ ਸਿਖਲਾਈ ਅਤੇ ਉਦਯੋਗਿਕ ਆਟੋਮੇਸ਼ਨ ਬਾਰੇ ਸੈਮੀਨਾਰ ਆਯੋਜਿਤ ਕੀਤਾ ਗਿਆ। ਇਸ ਸੈਮੀਨਾਰ ਵਿੱਚ ਇੰਜੀਨੀਅਰ ਸ਼ਮਸ਼ੇਰ ਸਿੰਘ (ਨੋਵਨ ਕੰਟਰੋਲਜ਼, ਮੋਹਾਲੀ) ਨੇ ਇਲੈਕਟ੍ਰਿਕਲ ਅਤੇ ਇਲੈਕਟ੍ਰਾਨਿਕਸ ਵਿਭਾਗ ਦੇ ਵਿਦਿਆਰਥੀਆਂ ਨੂੰ ਸੰਬੋਧਨ ਕੀਤਾ। ਉਨ੍ਹਾਂ ਨੇ ਉਦਯੋਗਿਕ ਆਟੋਮੇਸ਼ਨ ਦੀ ਜਾਣਕਾਰੀ ਦਿੱਤੀ ਤੇ ਦੱਸਿਆ ਕਿ ਉਨ੍ਹਾਂ ਦੀ ਕੰਪਨੀ ਛੇ ਮਹੀਨੇ ਦੀ ਟ੍ਰੇਨਿੰਗ ਦੌਰਾਨ ਵਿਦਿਆਰਥੀਆਂ ਨੂੰ ਸਟਾਈਪੈਂਡ ਮੁਹੱਈਆ ਕਰੇਗੀ। ਨਾਲ ਹੀ ਵਧੀਆ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਨੂੰ ਕੰਪਨੀ ਵੱਲੋਂ ਰੋਜ਼ਗਾਰ ਦੇ ਮੌਕੇ ਵੀ ਦਿੱਤੇ ਜਾਣਗੇ।ਇਸ ਮੌਕੇ ਵਿਕਰਮਜੀਤ ਸਿੰਘ ਸੰਘੋਤਰਾ, ਇੰਚਾਰਜ ਇਲੈਕਟ੍ਰਿਕਲ ਵਿਭਾਗ ਨੇ ਇੰਜੀਨੀਅਰ ਸ਼ਮਸ਼ੇਰ ਸਿੰਘ ਦਾ ਵਿਦਿਆਰਥੀਆਂ ਨੂੰ ਕੀਮਤੀ ਜਾਣਕਾਰੀ ਦੇਣ ਲਈ ਧੰਨਵਾਦ ਕੀਤਾ।ਸਟੇਜ ਦੀ ਮੇਜ਼ਬਾਨੀ ਇੰਜੀਨੀਅਰ ਗਗਨਦੀਪ ਨੇ ਕੀਤੀ।ਇਸ ਸਮਾਗਮ ਵਿੱਚ ਗੀਤਾ ਰਾਣੀ ਅਤੇ ਸਿਮਰਤਪਾਲ ਕੌਰ ਹਾਜ਼ਰ ਸਨ ।

# ਜੀਵਨ ਦਾਨ ਸੰਸਥਾ ਦੀ ਮੀਟਿੰਗ

**ਬੰਗਾ (ਅਵਤਾਰ ਕਲੇਰ)**- ਜੀਵਨ ਦਾਨ ਸੰਸਥਾ (ਯੂ.ਐਮ.ਸੀ. ਏ.) ਫਾਊਂਡੇਸ਼ਨ ਦੀ ਇੱਕ ਅਹਿਮ ਮੀਟਿੰਗ ਬੰਗਾ ਵਿਖੇ ਡਾ ਨਵਕਾਂਤ ਭਰੋਮਜਾਰਾ ਅਤੇ ਨਰੇਸ਼ ਕੁਮਾਰ ਦੀ ਅਗਵਾਈ ਵਿੱਚ ਕੀਤੀ ਗਈ। ਪਬਲਿਕ ਨੂੰ ਇਨ੍ਹਾਂ ਲੋਕ ਭਲਾਈ ਸਕੀਮਾਂ ਬਾਰੇ ਜ਼ਿਲ੍ਹਾ ਕੋਆਰਡੀਨੇਟਰ ਕੁਲਵਿੰਦਰ ਸਿੰਘ ਪਨਿਆਲੀ ਕਲਾਂ ਨੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਉਨਾਂ ਦੱਸਿਆ ਕਿ ਜੀਵਨ ਦਾਨ ਸੰਸਥਾ ਦੇ ਅੰਦਰ ਇਕ ਵਾਰ 2100 ਰੁਪਏ ਦੀ ਮੈਂਬਰਸ਼ਿਪ ਲੈ ਕੇ 90 ਦਿਨ ਤੋਂ ਬਾਅਦ 'ਕੰਨਿਆ ਦਾਨ ਯੋਜਨਾ' ਦੌਰਾਨ ਬੇਟੀ ਨੂੰ 2100 ਤੇ ਲੈ ਕੇ 1 ਲੱਖ ਰੁਪਏ ਤੱਕ ਸ਼ਗਨ ਰਾਸ਼ੀ ਮਿਲਦੀ ਹੈ। ਇਸ ਸੰਸਥਾ ਦੇ ਅੰਦਰ ਬੇਟੀ ਨੂੰ ਦੋ ਵਾਰ ਫਾਇਦਾ ਮਿਲਦਾ ਹੈ, ਉਹ ਵੀ 90 ਦਿਨ ਤੋਂ ਬਾਅਦ ਹੀ। ਜਿਵੇਂ ਕਿ ਕਿਸੇ ਵੀ ਪਰਵਾਰ ਦੇ ਮੈਂਬਰ 'ਤੇ ਕੋਈ ਐਮਰਜੈਂਸੀ ਪੈ ਜਾਂਦੀ ਹੈ ਤਾਂ ਉਸ ਮੈਂਬਰ ਨੂੰ 10 ਤੋਂ 15 ਹਜ਼ਾਰ ਰੁਪਏ ਡੋਨੇਸ਼ਨ ਰਾਸ਼ੀ ਵਜੋਂ ਮਿਲਦੇ ਹਨ। ਇਸ ਮੌਕੇ ਜ਼ਿਲ੍ਹਾ ਕੋਆਰਡੀਨੇਟਰ ਕੁਲਵਿੰਦਰ ਸਿੰਘ ਪਨਿਆਲੀ ਕਲਾਂ ਨੇ ਮੈਂਬਰਸ਼ਿਪ ਹਾਸਲ ਕਰ ਚੁੱਕੀ ਲੜਕੀਆਂ ਦੀ ਕੇ ਵਾਈ ਸੀ ਕੀਤੀ ਅਤੇ ਲੜਕੀਆਂ ਨੂੰ ਵੱਧ ਤੋਂ ਵੱਧ ਇਸ ਸਕੀਮ ਨਾਲ ਜੋੜਨ ਦੀ ਪ੍ਰੇਰਨਾ ਦਿੱਤੀ ਤਾਂ ਕਿ ਵੱਧ ਤੋਂ ਵੱਧ ਲੜਕੀਆਂ ਇਸ ਸੰਸਥਾ ਨਾਲ ਜੁੜ ਕੇ ਲਾਭ ਪ੍ਰਾਪਤ ਕਰ ਸਕਣ।ਇਸ ਮੌਕੇ ਨਰੇਸ਼ ਕੁਮਾਰ ਨੇ ਜ਼ਿਲ੍ਹਾ ਕੋਆਰਡੀਨੇਟਰ ਕੁਲਵਿੰਦਰ ਸਿੰਘ ਪਨਿਆਲੀ ਅਤੇ ਹੋਰ ਆਏ ਮੈਂਬਰਾਂ ਦਾ ਧੰਨਵਾਦ ਕੀਤਾ ਅਤੇ ਉਨ੍ਹਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ। ਅੰਤ 'ਚ ਮੈਡਮ ਹਰਜੀਤ ਕੌਰ ਨੇ ਜੀਵਨ ਸੰਸਥਾ ਦੇ ਆਏ ਹੋਏ ਸਾਰੇ ਕੋਆਰਡੀਨੇਟਰ ਅਤੇ ਮੈਂਬਰਾਂ ਦਾ ਧੰਨਵਾਦ ਕੀਤਾ। ਇਸ ਮੌਕੇ ਸੁਮਨ, ਦੀਆ, ਹਰਜੀਤ ਕੌਰ, ਕਿਰਨਾਂ, ਜਸਵੀਰ ਪਠਲਾਵਾ ਆਦਿ ਵੀ ਹਾਜਰ ਸਨ।



# ਸੰਗਤ ਸਾਰਾ ਸਮਾਂ 'ਮਾਹੀ ਵੇ ਤੈਨੂੰ ਮਿਲਿਆਂ ਸਾਡੇ ਦੁੱਖ ਹੋਣਗੇ ਦੂਰ' ਦਾ ਜਾਪ ਕਰਦੀ ਰਹੀ

**ਸ਼ਾਹਕੋਟ (ਗਿਆਨ ਸੈਦਪੁਰੀ)**- ਰਾਧਾ ਸੁਆਮੀ ਸੰਪਰਦਾ ਦੇ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋ ਬੁੱਧਵਾਰ ਨੂੰ ਸਤਸੰਗ ਘਰ ਸ਼ਾਹਕੋਟ ਪਧਾਰੇ। ਪੁਲਸ ਵੱਲੋਂ ਉਨਾਂ ਦੀ ਸੁਰੱਖਿਆ ਲਈ ਸਖਤ ਪ੍ਰਬੰਧ ਕੀਤੇ ਗਏ ਸਨ। ਸਤਸੰਗ ਵਿੱਚ ਸੈਂਕੜਿਆਂ ਦੀ ਗਿਣਤੀ ਵਿੱਚ ਸੰਗਤਾਂ ਜੁੜੀਆਂ ਹੋਈਆਂ ਸਨ। ਬਹੁਤੇ ਲੋਕਾਂ ਨੂੰ ਆਸ ਸੀ ਕਿ ਬਾਬਾ ਜੀ ਸਤਸੰਗ ਵੀ ਕਰਨਗੇ। ਇਸ ਵਾਸਤੇ ਉਹਨਾਂ ਲਈ ਵਿਸ਼ੇਸ਼ ਕਿਸਮ ਦੀ ਸਟੇਜ ਵੀ ਤਿਆਰ ਕੀਤੀ ਗਈ ਸੀ। ਉਹ ਕੁਝ ਮਿੰਟਾਂ ਲਈ ਸੰਗਤ ਵਿੱਚ ਆਏ ਤੇ ਬਿਨਾਂ ਕੁਝ ਬੋਲਿਆ ਵਾਪਸ ਚਲੇ ਗਏ। ਉਹਨਾਂ ਦੇ ਦੀਦਾਰ ਕਰਕੇ ਉਹਨਾਂ ਦੇ ਪੈਰੋਕਾਰ ਬਾਗੋ ਬਾਗ ਹੋਏ ਨਜ਼ਰ ਆਏ। ਸਿਆਸੀ ਆਗੂਆਂ ਵਿੱਚ ਹਲਕਾ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ, ਅਕਾਲੀ ਦਲ (ਬਾਦਲ) ਦੇ ਹਲਕਾ ਇੰਚਾਰਜ ਐਡਵੋਕੇਟ ਬਚਿੱਤਰ ਸਿੰਘ ਕੋਹਾੜ, ਨਗਰ ਪੰਚਾਇਤ ਸ਼ਾਹਕੋਟ ਦੇ ਪ੍ਰਧਾਨ ਗੁਲਜਾਰ ਸਿੰਘ ਥਿੰਦ, ਸ਼ੂਗਰ ਮਿਲ ਨਕੋਦਰ ਦੇ ਚੇਅਰਮੈਨ ਅਸ਼ਵਿੰਦਰ ਪਾਲ ਸਿੰਘ ਖਹਿਰਾ, ਗੁਰਿੰਦਰ ਸਿੰਘ ਬਹੁਗੁਣ, ਸੋਨੂ ਕੰਗ ਪੀਏ, ਬੰਟੀ ਬਠੱਲਾ, ਟਿੰਪੀ ਕੁਮਰਾ, ਅਮਨਦੀਪ ਸੈਦਪੁਰੀ ਆਦਿ ਸਤਸੰਗ ਘਰ ਮੌਜੂਦ ਸਨ। ਐਸਡੀਐਮ ਸ਼ਾਹਕੋਟ ਸ੍ਰੀਮਤੀ ਸ਼ੁਭੀ ਆਂਗਰਾ ਅਤੇ ਡੀਐਸਪੀ ਸ਼ਾਹਕੋਟ ਓਂਕਾਰ ਸਿੰਘ ਬਰਾੜ ਵੀ ਹਾਜ਼ਰ ਸਨ। ਮਾਰਕੀਟ ਕਮੇਟੀ ਸ਼ਾਹਕੋਟ ਦੇ ਚੇਅਰਮੈਨ ਬਲਬੀਰ ਸਿੰਘ ਢੰਡੋਵਾਲ ਜੋ ਰਾਧਾ ਸੁਆਮੀ ਸੰਪਰਦਾ ਨਾਲ ਸੰਬੰਧਿਤ ਹਨ, ਨੇ ਦੱਸਿਆ ਕਿ ਸ਼ਾਹਕੋਟ ਵਾਲੇ ਸਤਸੰਗ ਘਰ ਨੂੰ ਬਣਿਆ 25 ਸਾਲ ਹੋ ਗਏ ਹਨ। ਅੱਜ ਪਹਿਲੀ ਵਾਰ ਸੰਪਰਦਾ ਦੇ ਮੁਖੀ ਇਥੇ ਆਏ ਹਨ। ਇਥੋਂ ਦੀ ਸੰਗਤ ਨੇ ਆਪਣੇ ਹਜ਼ੂਰ ਦਾ ਅਸ਼ੀਰਵਾਦ ਲੈ ਕੇ ਆਪਣੇ ਆਪ ਨੂੰ ਵਡਭਾਗਾ ਸਮਝਿਆ ਹੈ।



# ਨੇਪਾਲ ਵਿੱਚ ਵਾਪਰੀਆਂ ਘਟਨਾਵਾਂ ਕਿਆਸਰਾਈਆਂ ਤੋਂ ਪਰੇ : ਰਘਵੀਰ ਸਿੰਘ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਪ੍ਰਸਿੱਧ ਲੇਖਕ ਰਘਵੀਰ ਸਿੰਘ ਟੇਰਕਿਆਨਾ ਨੇ ਹਾਲ ਹੀ ਵਿੱਚ ਨੇਪਾਲ ਵਿੱਚ ਵਾਪਰੀਆਂ ਤਾਜ਼ਾ ਘਟਨਾਵਾਂ ਬਾਰੇ ਆਪਣਾ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਇਤਿਹਾਸ ਇਸ ਤਰ੍ਹਾਂ ਹੀ ਸਿਰਜੇ ਜਾਂਦੇ ਰਹੇ ਹਨ। ਅਸਲ ਸੱਚ ਇਹ ਹੈ ਕਿ ਲੋਕ ਹੀ ਮਹਾਨ ਹੁੰਦੇ ਹਨ। ਇਹ ਵੱਖਰੀ ਗੱਲ ਹੈ ਕਿ ਲੋਕਾਂ ਦੀ ਜੁੜਵੀ ਤਾਕਤ ਨੂੰ ਹਕੂਮਤਾਂ ਤੋੜ ਮਰੋੜ ਕੇ ਰੱਖਦੀਆਂ ਹਨ। ਪਰ ਜਦੋਂ ਲੋਕ ਜਾਗਦੇ ਹਨ ਜਾਂ ਲੋਕਾਂ ਦੇ ਸਬਰ ਦਾ ਪਿਆਲਾ ਭਰ ਜਾਂਦਾ ਹੈ ਤਾਂ ਫਿਰ ਇਤਿਹਾਸ ਵਿਚ ਅਨੋਖੀਆਂ ਘਟਨਾਵਾਂ ਘਟਦੀਆਂ ਹਨ। ਮਿਸਾਲ ਤੁਹਾਡੇ ਸਾਹਮਣੇ ਹੈ ਤੇ ਇਤਿਹਾਸ ਵਿਚ ਹੋਰ ਵੀ ਮਿਸਾਲਾਂ ਹਨ ਕਿ ਸਤਾਰਵੀਂ ਸਦੀ ਵਿਚ ਕਿਵੇਂ ਫਰਾਂਸ ਦੇ ਲੋਕਾਂ ਦੀ ਜੁੜਵੀ ਤਾਕਤ ਨੇ ਫਰਾਂਸ ਦੇ ਬਾਦਸ਼ਾਹ ਲੋਇਸ ਚੌਦਵੇਂ ਨੂੰ ਢਾਹ ਲਿਆ ਸੀ

